ਖੁਸ਼ਵੰਤ ਸਿੰਘ

ਮੌਤ ਮੇਰੀ ਦਹਿਲੀਜ਼ 'ਤੇ



MAUT MERI DEHLEEZ TE

Punjabi Translation of Khushwant Singh's

Death at my doorstep

by Dr. Gurcharan Singh Aulakh

2008

ਮੁੱਲ : 150/- ਰੁਪਏ

ਪ੍ਰਕਾਸ਼ਕ : ਤੇਜਿੰਦਰ ਬੀਰ ਸਿੰਘ
ਲਾਹੌਰ ਬੁੱਕ ਸ਼ਾਪ, 2-ਲਾਜਪਤ ਰਾਏ ਮਾਰਕਿਟ,
ਨੇੜੇ ਸੁਸਾਇਟੀ ਸਿਨੇਮਾ, ਲੁਧਿਆਣਾ ।
Ph. : 2740738, 5540738
FAX :-91-161-2740738
E-Mail:-lahorebookshop40@Rediffmail.com

Printed in India

ਲੇਜ਼ਰ ਸੈਟਿੰਗ : ਲਿਟਲ ਗ੍ਰਾਫ਼ਿਕਸ, ਕੋਟ ਕਿਸ਼ਨ ਚੰਦ, ਜਲੰਧਰ।

ਛਾਪਕ : ਸਰਤਾਜ ਪ੍ਰਿੰਟਿੰਗ ਪ੍ਰੈਸ, ਜਲੰਧਰ।

ਵਿਸ਼ਾ-ਵਸਤੂ

ਧੰਨਵਾਦ

ਰੋਲੀ ਬੁਕਸ ਦੇ ਪਰਮੋਦ ਕੁਮਾਰ ਨੇ ਸ਼ਰਧਾਂਜਲੀਆਂ ਨੂੰ ਪੁਸਤਕ ਰੂਪ ਦੇਣ ਦਾ ਸੁਝਾਅ ਦਿੱਤਾ। ਮੈਨੂੰ ਇਹ ਬਹੁਤ ਚੰਗਾ ਲੱਗਿਆ ਤੇ ਇਸ ਬਾਰੇ ਕੁਝ ਹੋਰ ਸੋਚ-ਵਿਚਾਰ ਕੇ ਮੈਂ ਇਸ ਦਾ ਨਾਮ "ਮੌਤ ਮੇਰੀ ਦਹਿਲੀਜ਼ 'ਤੇ" ਰੱਖਣ ਦਾ ਫ਼ੈਸਲਾ ਕਰ ਲਿਆ। ਇਸ ਨੇ ਮੈਨੂੰ ਮੌਤ ਬਾਰੇ ਆਪਣੇ ਵਿਚਾਰਾਂ ਨੂੰ ਤਰਤੀਬ ਦੇਣ ਦਾ ਮੌਕਾ ਦਿੱਤਾ। ਮੈਂ ਮਹਿਸੂਸ ਕੀਤਾ ਹੈ ਕਿ ਨੱਬਿਆਂ 'ਚ ਪਹੁੰਚੇ ਆਦਮੀ ਲਈ ਹੋਰਨਾਂ ਆਦਮੀਆਂ ਨੂੰ ਸ਼ਰਧਾਂਜਲੀਆਂ ਦੇਣ ਦਾ ਇਹ ਇਕ ਢੁੱਕਵਾਂ ਮੌਕਾ ਹੈ। ਮੈਂ ਆਪਣਾ ਮ੍ਰਿਤੂ ਲੇਖ ਵੀ ਨਾਲ ਹੀ ਲਿਖ ਲਿਆ।

"ਮੌਤ ਮੇਰੀ ਦਹਿਲੀਜ਼ 'ਤੇ" ਦਾ ਬਹੁਤਾ ਆਰੰਭਿਕ ਕੰਮ ਰੋਲੀ ਬੁਕਸ ਦੀ ਦੀਪਾ ਚੌਧਰੀ ਨੇ ਕੀਤਾ ਹੈ। ਉਸ ਨੇ ਬੜੀ ਮਿਹਨਤ ਨਾਲ "ਇਲਸਟਰੇਟਡ ਵੀਕਲੀ ਆਫ਼ ਇੰਡੀਆ", ਨਿਊ ਦੇਹਲੀ, "ਦੀ ਹਿੰਦੁਸਤਾਨ ਟਾਈਮਜ਼" ਤੇ "ਦੀ ਟ੍ਰਿਬਿਊਨ" ਦੇ ਪਿਛਲੇ ਅੰਕਾਂ 'ਤੇ ਮੇਰੇ ਕਹਾਣੀ-ਸੰਗ੍ਰਹਿ "ਦੀ ਮਾਰਕ ਆਫ਼ ਵਿਸ਼ਨੂੰ" ਤੋਂ ਇਹ ਇਕੱਤਰ ਕੀਤੇ, ਜਿੱਥੇ ਇਹ ਪਹਿਲਾਂ ਛਪੇ ਸਨ। ਉਸ ਨੇ ਆਪਣੀ ਪਸੰਦ ਨਾਲ ਚੋਣ ਕੀਤੀ। ਉਸ ਦੀ ਮਿਹਨਤ ਤੋਂ ਬਿਨਾਂ ਇਹ ਪੁਸਤਕ ਛਪ ਨ ਸਕਦੀ।

ਢੱਲਦਾ ਸੂਰਜ ਤੇ ਰਾਤ ਦਾ ਚੜ੍ਹਦਾ ਤਾਰਾ ਮੇਰੇ ਲਈ ਸਾਫ਼ ਬੁਲਾਵਾ ਹਨ। ਜਦੋਂ ਮੈਂ ਮੌਤ ਦੇ ਸਾਗਰ ਵਿੱਚ ਠਿੱਲ ਪਵਾਂ, ਕੋਈ ਕੁਰਲਾਹਟ ਨਾ ਹੋਵੇ।

ਘੁਸਮੁਸੇ ਤੇ ਸ਼ਾਮ ਵੇਲੇ ਟੱਲੀਆਂ ਦੀਆਂ ਟੁਣਕਾਰਾਂ ਤੇ ਫਿਰ ਸੰਘਣੀ ਹਨ੍ਹੇਰੀ ਪਿੱਛੋਂ ਜਦੋਂ ਮੈਂ ਲੰਬੇ ਸਫ਼ਰ 'ਤੇ ਤੁਰਾਂ ਤਾਂ ਕੋਈ ਉਦਾਸੀ ਜਾਂ ਘਬਰਾਹਟ ਨਾ ਹੋਵੇ।

(ਖੁੱਲ੍ਹਾ ਅਨੁਵਾਦ)

ਅਲਫਰੇਡ ਲਾਰਡ ਟੈਨੀਸਨ

ਮੁੱਖ-ਬੰਧ

ਅਸੀਂ ਮੌਤ ਦਾ ਜ਼ਿਕਰ ਹਲਕੇ ਅੰਦਾਜ਼ ਵਿੱਚ ਨਹੀਂ ਕਰਦੇ। ਇਸ ਤਰ੍ਹਾਂ ਕਰਨਾ ਬੇਸੁਆਦਾ, ਅਸ਼ਿਸ਼ਟ ਤੇ ਗਿਲਾਨੀ ਯੋਗ ਸਮਝਿਆ ਜਾਂਦਾ ਹੈ। ਜ਼ਿੰਦਗੀ ਦੀ ਮਹੱਤਵਪੂਰਨ ਸੱਚਾਈ ਨੂੰ ਵੇਖਣ ਦਾ ਇਹ ਗ਼ਲਤ ਤਰੀਕਾ ਹੈ, ਜਿਸ ਤੋਂ ਕੋਈ ਬਚ ਨਹੀਂ ਸਕਦਾ। ਇਹ ਬਾਦਸ਼ਾਹਾਂ ਨੂੰ ਵੀ ਆਉਂਦੀ ਹੈ ਤੇ ਭਿਖਾਰੀਆਂ ਨੂੰ ਵੀ, ਗ਼ਰੀਬਾਂ ਨੂੰ ਵੀ ਤੇ ਅਮੀਰਾਂ ਨੂੰ ਵੀ, ਸੰਤਾਂ ਨੂੰ ਵੀ ਤੇ ਪਾਪੀਆਂ ਨੂੰ ਵੀ, ਜਵਾਨਾਂ ਨੂੰ ਵੀ ਤੇ ਬੁੱਢਿਆਂ ਨੂੰ ਵੀ। ਤੁਸੀਂ ਇਸ ਵੱਲੋਂ ਅੱਖਾਂ ਬੰਦ ਨਹੀਂ ਕਰ ਸਕਦੇ ਤੇ ਇਹ ਸਮਝਣ ਦੀ ਮੂਰਖਤਾ ਵੀ ਨਹੀਂ ਕਰ ਸਕਦੇ ਕਿ ਮੌਤ ਦੂਸਰਿਆਂ ਨੂੰ ਹੀ ਆਵੇਗੀ ਤੇ ਤੁਸੀਂ ਬਚ ਜਾਵੋਗੇ। ਇਹ ਤੁਹਾਨੂੰ ਨਹੀਂ ਬਖ਼ਸ਼ੇਗੀ। ਇਸ ਲਈ ਆਪਣੇ-ਆਪ ਨੂੰ ਤਿਆਰ ਕਰ ਲੈਣਾ ਸਭ ਤੋਂ ਵਧੀਆ ਗੱਲ ਹੈ। ਜਦੋਂ ਇਹ ਆਉਂਦੀ ਹੈ ਤਾਂ ਇਸ ਦਾ ਸੁਆਗਤ ਬੁੱਲ੍ਹਾਂ 'ਤੇ ਮੁਸਕਰਾਹਟ ਲਿਆ ਕੇ ਕਰਨਾ ਚਾਹੀਦਾ ਹੈ।

ਮੈਂ 90 ਸਾਲ ਤੋਂ ਉੱਪਰ ਦਾ ਹਾਂ ਤੇ ਇਸ ਪੱਖੋਂ ਸੁਚੇਤ ਹਾਂ ਕਿ ਮੌਤ ਨਾਲ ਮੇਰੇ ਮੇਲ ਦੀ ਘੜੀ ਨੇੜੇ ਆ ਰਹੀ ਹੈ। ਮੈਂ ਇਸ ਬਾਰੇ ਬਹੁਤ ਸੋਚ-ਵਿਚਾਰ ਕੀਤੀ ਹੈ। ਇਕ ਤਰਕਵਾਦੀ ਹੋਣ ਕਾਰਨ ਮੈਂ ਜੀਵਨ-ਮ੍ਰਿਤੂ ਤੇ ਪੁਨਰ-ਜਨਮ ਦਾ ਇਹ ਪ੍ਰਵਾਣਿਤ ਸਿਧਾਂਤ ਮੰਨਣ ਲਈ ਤਿਆਰ ਨਹੀਂ ਕਿ ਅਸੀਂ ਨਿਰਵਾਣ ਪ੍ਰਾਪਤ ਕਰਨ ਤੱਕ ਤੇ ਪ੍ਰਮਾਤਮਾ ਨਾਲ ਅਭੇਦ ਹੋਣ ਤੱਕ ਵੱਖ-ਵੱਖ ਹਾਲਤਾਂ ਦੀ ਅਮੁੱਕ ਪ੍ਰਕਿਰਿਆ 'ਚੋਂ ਗੁਜ਼ਰਦੇ ਹਾਂ। ਮੈਂ ਇਹ ਮੱਤ ਪ੍ਰਵਾਨ ਨਹੀਂ ਕਰ ਸਕਦਾ ਕਿ ਸਰੀਰ ਖ਼ਤਮ ਹੋ ਜਾਂਦਾ ਹੈ ਤੇ ਆਤਮਾ ਜੀਵਤ ਰਹਿੰਦੀ ਹੈ। ਮੈਂ ਨਹੀਂ ਜਾਣਦਾ ਕਿ ਆਤਮਾ ਕਿਸ ਤਰ੍ਹਾਂ ਦੀ ਦਿਖਾਈ ਦਿੰਦੀ ਹੈ, ਨਾ ਹੀ ਮੇਰਾ ਖ਼ਿਆਲ ਹੈ ਕਿਸੇ ਹੋਰ ਨੇ ਇਸ ਨੂੰ ਵੇਖਿਆ ਹੈ। ਨਾ ਹੀ ਮੈਂ ਯਹੂਦੀਆਂ, ਈਸਾਈਆਂ ਤੇ ਮੁਸਲਮਾਨਾਂ ਦੇ ਹਸ਼ਰ ਵਾਲੇ ਦਿਨ, ਨਰਕ ਜਾਂ ਸਵਰਗ ਦੇ ਵਿਸ਼ਵਾਸ ਨੂੰ ਮੰਨਦਾ ਹਾਂ। ਮੈਂ ਸ਼ਾਇਰ ਮਿਰਜ਼ਾ ਗ਼ਾਲਿਬ ਦੇ ਇਸ ਖ਼ਿਆਲ ਨੂੰ ਮੰਨਦਾ ਹਾਂ, ਜਿਸ ਵਿੱਚ ਉਸ ਨੇ ਕਿਹਾ ਹੈ :—

ਹਮ ਕੋ ਮਾਲੂਮ ਹੈ ਜੱਨਤ ਕੀ ਹਕੀਕਤ ਲੇਕਿਨ
ਦਿਲ ਕੋ ਖ਼ੁਸ਼ ਰਖਨੇ ਕੋ ਗ਼ਾਲਿਬ, ਯਹ ਖ਼ਿਆਲ ਅੱਛਾ ਹੈ।

ਜਿੱਥੋਂ ਤੱਕ ਮੇਰਾ ਸੰਬੰਧ ਹੈ, ਮੈਂ ਮੌਤ ਨੂੰ ਅੰਤਿਮ ਸੱਚ ਮੰਨਦਾ ਹਾਂ। ਅਸੀਂ ਨਹੀਂ ਜਾਣਦੇ ਕਿ ਮਰਨ ਪਿੱਛੋਂ ਸਾਡੇ ਨਾਲ ਕੀ ਵਾਪਰਦਾ ਹੈ?

ਮੈਂ ਆਪਣੇ ਅਤੇ ਦੂਸਰਿਆਂ ਦੇ ਇਸ ਵਿਸ਼ੇ 'ਤੇ ਵਿਚਾਰ ਪੂਰੀ ਈਮਾਨਦਾਰੀ ਨਾਲ ਪੇਸ਼ ਕੀਤੇ ਹਨ। ਮੈਂ ਜਿਹਨਾਂ ਲੋਕਾਂ ਨੂੰ ਮਿਲਿਆ ਹਾਂ ਉਹਨਾਂ ਵਿੱਚੋਂ ਕੁਝ ਪ੍ਰਸਿੱਧ ਸਨ ਤੇ ਬਾਕੀ ਨਿਮਾਣੇ ਨਾਚੀਜ਼—ਉਹਨਾਂ ਨੂੰ ਦਿੱਤੀਆਂ ਸ਼ਰਧਾਂਜਲੀਆਂ ਵੀ ਨਾਲ ਹੀ ਦੇ

ਦਿੱਤੀਆਂ ਹਨ। ਇਹਨਾਂ ਵਿੱਚੋਂ ਕੁਝ ਇਕੋ ਵਾਰੀ, ਬਹੁਤ ਸਾਰੇ ਦੋ ਕਾਲਮਾਂ ਵਿੱਚ ਕਈ ਸਾਲਾਂ ਤੋਂ ਹਰ ਹਫ਼ਤੇ ਅਖ਼ਬਾਰਾਂ ਵਿੱਚ ਛਾਪੇ ਜਾਂਦੇ ਰਹੇ ਹਨ। "ਦਿੱਸ ਅਬਵ ਆਲ" "ਦੀ ਟ੍ਰਿਬਿਊਨ" ਵਿੱਚ ਛਪਦਾ ਰਿਹਾ ਹੈ ਤੇ "ਵਿਦ ਮੇਲਿਸ ਟੂਵਰਡਜ਼ ਵਨ ਐਂਡ ਆਲ" "ਦੀ ਹਿੰਦੁਸਤਾਨ ਟਾਈਮਜ਼" ਵਿੱਚ ਛਪਦਾ ਰਿਹਾ ਹੈ।

ਮੈਂ ਇਸ ਵਿਸ਼ਵਾਸ ਦਾ ਹਮਾਇਤੀ ਕਦੇ ਵੀ ਨਹੀਂ ਰਿਹਾ ਕਿ ਮਰ ਗਿਆਂ ਬਾਰੇ ਕੁਝ ਬੁਰਾ ਨਾ ਕਿਹਾ ਜਾਵੇ। ਜੇ ਲੋਕ ਜਿਊਂਦੇ ਜੀਅ ਭੈੜੇ ਸਨ, ਮੌਤ ਉਹਨਾਂ ਨੂੰ ਸੰਤ ਨਹੀਂ ਬਣਾ ਸਕਦੀ। ਅਜਿਹੇ ਝੂਠ ਕੁਤਬਿਆਂ 'ਤੇ ਉਕਰੇ ਤਾਂ ਮਾਫ਼ ਕੀਤੇ ਜਾ ਸਕਦੇ ਹਨ, ਪਰ ਸ਼ਰਧਾਂਜਲੀਆਂ ਤਾਂ ਨਿਰਪੱਖ ਤੇ ਸੱਚੀਆਂ ਹੋਣੀਆਂ ਚਾਹੀਦੀਆਂ ਹਨ। ਮੈਂ ਬਹੁਤ ਸਾਰੀਆਂ ਸ਼ਰਧਾਂਜਲੀਆਂ ਉਹਨਾਂ ਲੋਕਾਂ ਬਾਰੇ ਲਿਖੀਆਂ ਹਨ ਜਿਨ੍ਹਾਂ ਨੂੰ ਮੈਂ ਪਿਆਰ ਕਰਦਾ ਸੀ ਤੇ ਜਿਹਨਾਂ ਦੀ ਪ੍ਰਸੰਸਾ ਕਰਦਾ ਸੀ। ਮੈਂ ਉਹਨਾਂ ਬਾਰੇ ਵੀ ਸ਼ਰਧਾਂਜਲੀਆਂ ਲਿਖੀਆਂ ਹਨ ਜਿਹਨਾਂ ਨੂੰ ਮੈਂ ਨਾ-ਪਸੰਦ ਕਰਦਾ ਸੀ ਤੇ ਘਿਰਣਾ ਕਰਦਾ ਸੀ; ਪਰੰਤੂ ਮੈਂ ਸਭ ਬਾਰੇ ਸੰਤੁਲਤ ਰਹਿਣ ਦੀ ਪੂਰੀ ਕੋਸ਼ਿਸ਼ ਕੀਤੀ ਹੈ। ਮੇਰੇ 'ਤੇ ਇਹ ਦੋਸ਼ ਲਾਇਆ ਗਿਆ ਹੈ ਕਿ ਮੈਂ ਉਹਨਾਂ ਲੋਕਾਂ ਨੂੰ ਬਦਨਾਮ ਕੀਤਾ ਹੈ ਜੋ ਮੋੜਵਾਂ ਵਾਰ ਨਹੀਂ ਕਰ ਸਕਦੇ ਤੇ ਮਾਨ-ਹਾਨੀ ਕਰਨ ਬਦਲੇ ਅਦਾਲਤਾਂ ਵਿੱਚ ਘੜੀਸ ਨਹੀਂ ਸਕਦੇ। ਇਹ ਠੀਕ ਹੈ ਕਿ ਸਾਡੇ ਕਾਨੂੰਨ ਵਿੱਚ ਕੋਈ ਐਸੀ ਧਾਰਾ ਨਹੀਂ ਹੈ ਜਿਸ ਅਨੁਸਾਰ ਕਿਸੇ ਮ੍ਰਿਤਕ ਵਿਅਕਤੀ ਦੇ ਦੋਸਤ ਜਾਂ ਮਿੱਤਰ ਮਾਨਹਾਨੀ ਦੇ ਦੋਸ਼ 'ਤੇ ਲੇਖਕ ਨੂੰ ਕਟਹਿਰੇ 'ਚ ਖੜਾ ਕਰ ਸਕਣ ਬਸ਼ਰਤੇ ਕਿ ਇਸ ਤਰ੍ਹਾਂ ਕਰਨ ਨਾਲ, ਦੋਸਤਾਂ ਤੇ ਰਿਸ਼ਤੇਦਾਰਾਂ ਦੀ ਮਾਨਹਾਨੀ ਹੁੰਦੀ ਹੋਵੇ। ਪਰੰਤੂ ਮੈਂ ਰਾਜਾਂ ਦੇ ਰਾਜਪਾਲਾਂ ਸਣੇ ਪ੍ਰਸਿੱਧ ਹਸਤੀਆਂ ਦੇ ਬੜੇ ਕਾਟਵੇਂ ਤੇ ਚੁੱਭਵੇਂ ਰੇਖਾ ਚਿੱਤਰ ਉਲੀਕੇ ਹਨ। ਉਹਨਾਂ 'ਚੋਂ ਦੋ ਨੇ ਤਾਂ ਮੇਰੇ ਅਤੇ ਪ੍ਰੈਸ ਕੌਂਸਲ ਉੱਪਰ ਮੁਕੱਦਮਾ ਵੀ ਦਾਇਰ ਕਰ ਦਿੱਤਾ ਸੀ।

ਦੋਹਾਂ ਮੁਕੱਦਮਿਆਂ ਵਿੱਚ ਗੱਲ ਸਮਝੌਤੇ ਨਾਲ ਨਜਿੱਠ ਲਈ ਗਈ ਸੀ, ਜਿਸ ਵਿੱਚ ਮੈਨੂੰ ਇਹ ਕਹਿਣਾ ਪਿਆ ਕਿ ਮੇਰਾ ਉਹਨਾਂ ਦੀ ਭਾਵਨਾ ਨੂੰ ਠੇਸ ਪਹੁੰਚਾਉਣ ਦਾ ਕੋਈ ਇਰਾਦਾ ਨਹੀਂ ਸੀ, ਜਦੋਂ ਕਿ ਮੈਂ ਅਜਿਹਾ ਹੀ ਕੀਤਾ ਸੀ।

ਮੈਂ ਆਪਣੇ ਬਾਰੇ ਵੀ ਮ੍ਰਿਤੂ ਲੇਖ ਲਿਖਿਆ ਹੈ। ਪਹਿਲਾਂ ਜਿਸ ਦਾ ਸਿਰਲੇਖ ਸੀ "ਮਰਨ-ਉਪ੍ਰੰਤ"। ਇਹ ਉਸ ਸਮੇਂ ਲਿਖਿਆ ਜਦੋਂ ਮੇਰੀ ਉਮਰ ਵੀਹਵਿਆਂ ਵਿੱਚ ਸੀ ਤੇ ਇਹ ਮੇਰੀਆਂ ਛੋਟੀਆਂ ਕਹਾਣੀਆਂ ਦੇ ਸੰਗ੍ਰਹਿ "ਦੀ ਮਾਰਕ ਆਫ਼ ਵਿਸ਼ਨੂੰ" ਵਿੱਚ ਸੈਟਰਨ ਪ੍ਰੈਸ ਲੰਡਨ ਨੇ ਛਾਪਿਆ ਸੀ। ਮੈਂ ਇਸ ਨੂੰ ਇੱਥੇ ਦੁਬਾਰਾ ਦੇਣ ਦੀ ਖੁਲ੍ਹ ਇਹ ਸਿੱਧ ਕਰਨ ਵਾਸਤੇ ਲਈ ਹੈ ਕਿ ਮੌਤ ਰੋਣ ਕੁਰਲਾਉਣ ਵਾਲੀ ਚੀਜ਼ ਨਹੀਂ ਤੇ ਇਹ ਇਕ ਹਾਸੇ ਮਜ਼ਾਕ ਦਾ ਵਿਸ਼ਾ ਵੀ ਹੋ ਸਕਦੀ ਹੈ।

ਮਰਨ-ਉਪਰੰਤ

ਮੈਂ ਬੁਖ਼ਾਰ ਨਾਲ ਬੀਮਾਰ ਬਿਸਤਰੇ 'ਤੇ ਪਿਆ ਹਾਂ। ਚਿੰਤਾ ਵਾਲੀ ਕੋਈ ਗੱਲ ਨਹੀਂ। ਅਸਲੀਅਤ ਤਾਂ ਇਹ ਹੈ ਕਿ ਚਿੰਤਾ ਵਾਲੀ ਉੱਕਾ ਹੀ ਕੋਈ ਗੱਲ ਨਹੀਂ ਕਿਉਂਕਿ ਮੈਂ ਆਪਣੀ ਦੇਖ-ਭਾਲ ਕਰਨ ਲਈ ਆਪ ਇਕੱਲਾ ਹੀ ਹਾਂ। ਮੈਂ ਹੈਰਾਨ ਹੁੰਦਾ ਹਾਂ ਕਿ ਜੇ ਤਾਪਮਾਨ ਅਚਾਨਕ ਬਹੁਤ ਹੋ ਜਾਵੇ ਤਾਂ ਕੀ ਹੋਵੇ? ਸ਼ਾਇਦ ਮੈਂ ਮਰ ਜਾਵਾਂ। ਇਹ ਮੇਰੇ ਮਿੱਤਰਾਂ ਲਈ ਬੜੀ ਭਾਰੀ ਸੱਟ ਹੋਵੇਗੀ। ਮੇਰੇ ਬਹੁਤ ਸਾਰੇ ਮਿੱਤਰ ਹਨ ਤੇ ਮੈਂ ਬਹੁਤ ਹਰਮਨ-ਪਿਆਰਾ ਵੀ ਹਾਂ। ਮੈਂ ਇਹ ਸੋਚਦਾ ਹਾਂ ਕਿ ਅਖ਼ਬਾਰ ਮੇਰੇ ਬਾਰੇ ਕੀ ਲਿਖਣਗੇ? ਉਹ ਮੈਨੂੰ ਉੱਕਾ ਹੀ ਅਣਗੌਲਿਆ ਨਹੀਂ ਕਰ ਸਕਣਗੇ। ਸ਼ਾਇਦ "ਦੀ ਟ੍ਰਿਬਿਊਨ" ਮੁੱਖ ਪੰਨੇ 'ਤੇ ਛੋਟੀ ਜਿਹੀ ਫ਼ੋਟੋ ਨਾਲ ਮੇਰਾ ਜ਼ਿਕਰ ਕਰੇ। ਸੁਰਖੀ ਹੋਵੇਗੀ : "ਸ੍ਰ: ਖ਼ੁਸ਼ਵੰਤ ਸਿੰਘ ਮਰ ਗਿਆ।" ਤੇ ਫਿਰ ਛੋਟੇ ਅੱਖਰਾਂ ਵਿੱਚ ਲਿਖਿਆ ਹੋਵੇਗਾ :

"ਅਸੀਂ ਬੜੇ ਅਫ਼ਸੋਸ ਨਾਲ ਸਰਦਾਰ ਖ਼ੁਸ਼ਵੰਤ ਸਿੰਘ ਦੀ ਪਿਛਲੀ ਸ਼ਾਮ 6 ਵਜੇ ਨੂੰ ਹੋਈ ਮੌਤ ਦੀ ਖ਼ਬਰ ਦੇ ਰਹੇ ਹਾਂ। ਉਹ ਆਪਣੇ ਪਿੱਛੇ ਜੁਆਨ ਵਿਧਵਾ, ਦੋ ਮਾਸੂਮ ਬੱਚੇ ਤੇ ਬਹੁਤ ਸਾਰੇ ਮਿੱਤਰ ਤੇ ਪ੍ਰਸ਼ੰਸਕ ਰੋਂਦੇ-ਕੁਰਲਾਉਂਦੇ ਛੱਡ ਗਿਆ ਹੈ। ਇਹ ਸਭ ਨੂੰ ਯਾਦ ਹੋਵੇਗਾ ਕਿ ਸਰਦਾਰ ਪੰਜ ਸਾਲ ਪਹਿਲਾਂ ਆਪਣੇ ਮੂਲ ਨਿਵਾਸ ਅਸਥਾਨ ਦਿੱਲੀ ਤੋਂ ਲਾਹੌਰ ਵੱਸਣ ਲਈ ਆਇਆ ਸੀ। ਇਹਨਾਂ ਸਾਲਾਂ ਵਿੱਚ ਉਹ ਬਾਰ ਕੌਂਸਲ ਵਿੱਚ ਤੇ ਸਿਆਸਤ ਵਿੱਚ ਉੱਚੇ ਸਥਾਨ 'ਤੇ ਪਹੁੰਚਿਆ। ਉਸ ਦੀ ਮੌਤ ਨਾਲ ਪਏ ਘਾਟੇ ਦਾ ਸਾਰੇ ਪ੍ਰਾਂਤ ਵਿੱਚ ਸੋਗ ਮਨਾਇਆ ਜਾਵੇਗਾ।

ਸਰਦਾਰ ਦੇ ਘਰ ਮਾਤਮ ਪੁਰਸੀ ਲਈ ਚੀਫ਼ ਜਸਟਿਸ ਦਾ ਨਿੱਜੀ ਸਹਾਇਕ, ਕਈ ਮੰਤਰੀ ਤੇ ਹਾਈ ਕੋਰਟ ਦੇ ਜੱਜ ਪਹੁੰਚੇ। ਅਖ਼ਬਾਰਾਂ ਲਈ ਬਿਆਨ ਦਿੰਦਿਆਂ ਸਤਿਕਾਰਯੋਗ ਚੀਫ਼ ਜਸਟਿਸ ਨੇ ਕਿਹਾ, "ਮੈਂ ਮਹਿਸੂਸ ਕਰਦਾ ਹਾਂ ਕਿ ਇਸ ਵਿਅਕਤੀ ਦੇ ਗੁਜ਼ਰ ਜਾਣ ਨਾਲ ਪੰਜਾਬ ਨੂੰ ਬਹੁਤ ਘਾਟਾ ਪਿਆ ਹੈ। ਮੌਤ ਦੇ ਜ਼ਾਲਮ ਪੰਜੇ ਨੇ ਇਕ ਸ਼ਾਨਦਾਰ ਤੇ ਉੱਭਰ ਰਹੇ ਜੀਵਨ ਦਾ ਅੰਤ ਕਰ ਦਿੱਤਾ ਹੈ।"

ਸਫ਼ੇ ਦੇ ਹੇਠਾਂ ਇਹ ਐਲਾਨ ਹੋਵੇਗਾ : "ਅੰਤਮ ਸਸਕਾਰ ਸਵੇਰੇ 10 ਵਜੇ ਹੋਵੇਗਾ।"

ਮੈਨੂੰ ਆਪਣੇ-ਆਪ ਲਈ ਤੇ ਮਿੱਤਰਾਂ ਲਈ ਬੜਾ ਅਫ਼ਸੋਸ ਹੈ। ਮੈਂ ਬੜੀ ਮੁਸ਼ਕਲ ਨਾਲ ਆਪਣੀ ਮੌਤ 'ਤੇ ਸੋਗ ਪ੍ਰਗਟ ਕਰ ਰਹੇ ਹੰਝੂਆਂ ਨੂੰ ਰੋਕਦਾ ਹਾਂ, ਪ੍ਰੰਤੂ ਮੈਂ ਇਸ ਗੱਲ 'ਤੇ ਹੁਲਾਸ ਵੀ ਮਹਿਸੂਸ ਕਰਦਾ ਹਾਂ ਕਿ ਲੋਕ ਮੇਰੀ ਮੌਤ 'ਤੇ ਵਿਰਲਾਪ ਕਰਦੇ ਹਨ।

ਇਸ ਲਈ ਮੈਂ ਮਰਨ ਦਾ ਫ਼ੈਸਲਾ ਕਰਦਾ ਹਾਂ ਸਿਰਫ਼ ਇਸ ਦਾ ਆਨੰਦ ਲੈਣ ਲਈ। ਸ਼ਾਮ ਨੂੰ ਮੈਂ ਅਖ਼ਬਾਰਾਂ ਨੂੰ ਕਾਫ਼ੀ ਸਮਾਂ ਦੇਣ ਲਈ, ਸਰੀਰ ਛੱਡ ਦਿੰਦਾ ਹਾਂ।

ਆਪਣੀ ਲੋਥ 'ਚੋਂ ਬਾਹਰ ਨਿਕਲ ਕੇ ਮੈਂ ਠੰਡੇ ਪੱਥਰ ਦੀਆਂ ਪੌੜੀਆਂ ਕੋਲ ਦਰਵਾਜ਼ੇ ਨੇੜੇ ਮਰਨ ਉਪਰੰਤ ਆਪਣੀ ਪ੍ਰਸਿੱਧੀ ਦਾ ਆਨੰਦ ਮਾਣਦਾ ਹਾਂ।

ਸਵੇਰੇ ਮੈਂ ਆਪਣੀ ਪਤਨੀ ਤੋਂ ਪਹਿਲਾਂ ਹੀ ਅਖ਼ਬਾਰ ਉਠਾ ਲੈਂਦਾ ਹਾਂ। ਝਗੜੇ ਦੀ ਕੋਈ ਸੰਭਾਵਨਾ ਨਹੀਂ ਕਿਉਂਕਿ ਮੈਂ ਤਾਂ ਪਹਿਲਾਂ ਹੀ ਪੌੜੀਆਂ ਕੋਲ ਹਾਂ ਤੇ ਮੇਰੀ ਪਤਨੀ ਤਾਂ ਮੇਰੀ ਲੋਥ ਕੋਲ ਕੁੰਭ ਰੱਖਣ ਵਿੱਚ ਰੁੱਝੀ ਹੋਈ ਹੈ। "ਦੀ ਟ੍ਰਿਬਿਊਨ" ਮੈਨੂੰ ਨੀਵਾਂ ਦਿਖਾਉਂਦਾ ਹੈ। ਤੀਸਰੇ ਪੰਨੇ ਦੇ ਪਹਿਲੇ ਕਾਲਮ ਵਿੱਚ ਮੇਰਾ ਨਾਮ ਛੋਟੇ ਬ੍ਰੈਕਟਾਂ ਵਿੱਚ ਰਿਟਾਇਰ ਹੋਏ ਸਰਕਾਰੀ ਅਫ਼ਸਰਾਂ ਦੇ ਮ੍ਰਿਤੂ ਲੇਖਾਂ ਦੀ ਸੂਚਨਾ ਵਿੱਚ ਦਰਜ ਹੈ ਤੇ ਬੱਸ! ਮੈਨੂੰ ਗੁੱਸਾ ਆਉਂਦਾ ਹੈ। ਇਹ ਜ਼ਰੂਰ ਹੀ ਵਿਸ਼ੇਸ਼ ਪੱਤਰਕਾਰ ਨਿਕੰਮੇ ਸਫੀ ਦਾ ਕੰਮ ਹੋਵੇਗਾ। ਉਹ ਮੈਨੂੰ ਕਦੇ ਵੀ ਪਸੰਦ ਨਹੀਂ ਕਰਦਾ ਸੀ, ਪਰ ਮੈਂ ਇਹ ਕਦੇ ਨਹੀਂ ਸੋਚਿਆ ਸੀ ਕਿ ਉਹ ਇਤਨਾ ਕਮੀਨਾ ਨਿਕਲੇਗਾ ਤੇ ਉਹ ਮੈਨੂੰ ਥੋੜ੍ਹੀ ਜਿਹੀ ਮਹੱਤਤਾ ਵੀ ਨਹੀਂ ਦੇਵੇਗਾ ਤੇ ਮੇਰੀ ਮੌਤ 'ਤੇ ਥੋੜ੍ਹੀ ਜਿਹੀ ਥਾਂ ਦੇਣ ਤੋਂ ਵੀ ਇਨਕਾਰ ਕਰੇਗਾ।

ਪ੍ਰੰਤੂ ਸਾਰੇ ਪ੍ਰਾਂਤ ਤੋਂ ਸੋਗ ਦੀਆਂ ਆ ਰਹੀਆਂ ਲਹਿਰਾਂ ਦੇ ਪਰਵਾਹ ਨੂੰ ਆਪਣੇ ਅਖ਼ਬਾਰ ਵਿੱਚ ਆਉਣ ਤੋਂ ਉਹ ਰੋਕ ਨਹੀਂ ਸਕੇਗਾ। ਮੇਰੇ ਮਿੱਤਰ ਜ਼ਰੂਰ ਇੰਝ ਕਰਨਗੇ।

ਹਾਈ ਕੋਰਟ ਨੇੜੇ ਅਖ਼ਬਾਰ ਬਹੁਤ ਸਵੇਰੇ ਵੰਡਿਆ ਜਾਂਦਾ ਹੈ। ਮੇਰੇ ਵਕੀਲ ਮਿੱਤਰ ਕਾਦਰ ਦੇ ਘਰ ਤਾਂ ਇਹ ਸੁਬਹ ਹੋਣ ਤੋਂ ਬਹੁਤ ਪਹਿਲਾਂ ਹੀ ਪਹੁੰਚ ਜਾਂਦਾ ਹੈ। ਇਹ ਗੱਲ ਤਾਂ ਨਹੀਂ ਕਿ ਕਾਦਰ ਹੁਰੀਂ ਸਵੇਰੇ ਜਾਗਦੇ ਹਨ। ਅਸਲੀਅਤ ਤਾਂ ਇਹ ਹੈ ਕਿ ੯ ਵਜੇ ਤੋਂ ਪਹਿਲਾਂ ਕੋਈ ਹਿਲਦਾ-ਜੁਲਦਾ ਹੀ ਨਹੀਂ, ਪ੍ਰੰਤੂ ਉਹ ਅਸੂਲ ਦਾ ਪੱਕਾ ਹੈ ਤੇ ਇਸ ਗੱਲ 'ਤੇ ਅੜ ਜਾਂਦਾ ਹੈ ਕਿ ਅਖ਼ਬਾਰ ਸਵੇਰੇ-ਸਵੇਰੇ ਹੀ ਮਿਲਣੀ ਚਾਹੀਦੀ ਹੈ ਭਾਵੇਂ ਕੋਈ ਇਸ ਨੂੰ ਪੜ੍ਹੇ ਜਾਂ ਨਾ ਪੜ੍ਹੇ।

ਆਮ ਦਿਨਾਂ ਵਾਂਗ ਕਾਦਰ ਦੰਪਤੀ ੯ ਵਜੇ ਸਵੇਰ ਤੱਕ ਅੱਜ ਵੀ ਸੁੱਤੀ ਹੋਈ ਹੈ। ਕਾਦਰ ਦੇਰ ਰਾਤ ਕੰਮ ਕਰਦਾ ਰਿਹਾ ਹੈ ਤੇ ਸ੍ਰੀਮਤੀ ਕਾਦਰ ਦਾ ਵੈਸੇ ਹੀ ਸੌਣ 'ਚ ਪੱਕਾ ਵਿਸ਼ਵਾਸ ਹੈ। ਅਖ਼ਬਾਰ ਨਿੰਬੂ ਰਸ ਮਿਲੇ ਹੋਏ ਗਰਮ ਪਾਣੀ ਦੇ ਗਲਾਸ ਨਾਲ ਟ੍ਰੇ 'ਚ ਰੱਖ ਕੇ ਲਿਆਂਦਾ ਗਿਆ। ਕਾਦਰ ਸਿਗਰਟ ਦੇ ਕਸ਼ ਲਾਉਂਦਿਆਂ ਵਿੱਚ-ਵਿੱਚ ਗਰਮ ਪਾਣੀ ਦੀਆਂ ਘੁੱਟਾਂ ਭਰਦਾ ਰਹਿੰਦਾ ਹੈ। ਉਹ ਇਸ ਤਰ੍ਹਾਂ ਇਸ ਲਈ ਕਰ ਰਿਹਾ ਹੈ ਤਾਂ ਜੋ ਉਸ ਨੂੰ ਪਾਖ਼ਾਨਾ ਖੁਲ੍ਹ ਕੇ ਆ ਜਾਵੇ। ਬਿਸਤਰੇ 'ਚ ਪਿਆ-ਪਿਆ ਉਹ ਅਖ਼ਬਾਰ 'ਤੇ ਝਾਤੀ ਮਾਰਦਾ ਹੈ। ਅਖ਼ਬਾਰ ਪੂਰੀ ਤਰ੍ਹਾਂ ਤਾਂ ਉਦੋਂ ਪੜ੍ਹਿਆ ਜਾਵੇਗਾ ਜਦੋਂ ਸਿਗਰਟ ਤੇ ਨਿੰਬੂ ਪਾਣੀ ਨੇ ਆਪਣਾ ਅਸਰ ਦਿਖਾਇਆ। ਇਹ ਜਾਣਕਾਰੀ ਕਿ ਕਿਸਮਤ ਨੇ ਮੇਰੇ ਨਾਲ ਕੀ ਕੀਤਾ, ਪਾਖ਼ਾਨੇ 'ਚ ਪਿੱਛੋਂ ਹੀ ਹੋਣੀ ਸੀ।

ਹੌਲੀ-ਹੌਲੀ ਕਾਦਰ ਇਕ ਹੱਥ ਵਿੱਚ ਅਖ਼ਬਾਰ ਲੈ ਕੇ ਇਸ਼ਨਾਨ ਘਰ 'ਚ ਚਲਾ ਗਿਆ। ਉਹਦੇ ਹੇਠਲੇ ਬੁੱਲ੍ਹਾਂ ਨਾਲ ਸਿਗਰਟ ਲਮਕ ਰਹੀ ਸੀ। ਆਰਾਮ ਨਾਲ ਬੈਠ ਕੇ ਉਸ ਨੇ ਅਖ਼ਬਾਰ ਪੂਰੀ ਤਰ੍ਹਾਂ ਵੇਖਣਾ ਸ਼ੁਰੂ ਕਰ ਦਿੱਤਾ ਤੇ ਉਸ ਦੀਆਂ ਅੱਖਾਂ ਅੱਗੋਂ ਘੱਟ

ਮਹੱਤਵਪੂਰਨ ਖ਼ਬਰਾਂ ਲੰਘੀਆਂ। ਜਦੋਂ ਉਹ ਪੰਨਾ 3, ਕਾਲਮ ਇਕ 'ਤੇ ਪੁੱਜਾ, ਉਸ ਨੇ ਇਕ ਪਲ ਲਈ ਸਿਗਰਟ ਪੀਣੀ ਬੰਦ ਕਰ ਦਿੱਤੀ। ਕੀ ਉਹ ਉਸੇ ਵਕਤ ਉੱਠ ਪਵੇ ਤੇ ਚੀਕ ਕੇ ਆਪਣੀ ਪਤਨੀ ਨੂੰ ਦੱਸੇ। ਨਹੀਂ, ਉਸ ਨੇ ਫ਼ੈਸਲਾ ਕੀਤਾ, ਇਹ ਬੇਲੋੜੀ ਵਿਖਾਵੇਬਾਜ਼ੀ ਹੋਵੇਗੀ। ਕਾਦਰ ਤਰਕਸ਼ੀਲ ਸੀ। ਉਹ ਜਜ਼ਬਾਤੀ ਤੇ ਕਰੋਧੀ ਪਤਨੀ ਨਾਲ ਵਿਆਹ ਕਰਾਉਣ ਪਿੱਛੋਂ ਜ਼ਿਆਦਾ ਹੀ ਤਰਕਵਾਦੀ ਹੋ ਗਿਆ ਸੀ। ਉਹ ਤਾਂ ਵਿਚਾਰਾ ਮਰ ਹੀ ਗਿਆ; ਹੁਣ ਹੋ ਹੀ ਕੀ ਸਕਦਾ ਹੈ? ਉਸ ਨੂੰ ਪਤਾ ਸੀ ਕਿ ਜੇ ਉਸ ਨੇ ਆਪਣੀ ਪਤਨੀ ਨੂੰ ਦੱਸ ਦਿੱਤਾ ਤਾਂ ਉਹ ਫੁੱਟ-ਫੁੱਟ ਕੇ ਰੋਣ ਲੱਗ ਪਵੇਗੀ। ਇਕ ਹੋਰ ਵਜ੍ਹਾ ਵੀ ਸੀ ਜਿਸ ਕਾਰਨ ਉਸ ਨੇ ਹਕੀਕਤ ਪਸੰਦ ਬਣਨਾ ਬਿਹਤਰ ਸਮਝਿਆ। ਜੇ ਉਸ ਨੇ ਪਤਨੀ ਨੂੰ ਦੱਸ ਦਿੱਤਾ ਤਾਂ ਇਸ ਤਰ੍ਹਾਂ ਹੋਵੇਗਾ ਜਿਵੇਂ ਉਹ ਇਕ ਹੋਰ ਮੁਕੱਦਮਾ ਹਾਰ ਗਿਆ ਹੋਵੇ।

ਕਾਦਰ ਆਪਣੀ ਪਤਨੀ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਉਸ ਨੇ ਉਸ ਨੂੰ ਸਰਸਰੀ ਜਿਹੇ ਦੱਸਿਆ ਤਾਂ ਉਹ ਫੁੱਟ-ਫੁੱਟ ਕੇ ਰੋ ਪਈ। ਉਹਦੀ ਦਸ-ਸਾਲਾ ਬੇਟੀ ਦੌੜਦੀ ਹੋਈ ਕਮਰੇ ਵਿੱਚ ਆਈ। ਉਸ ਨੇ ਆਪਣੀ ਮਾਂ ਵੱਲ ਥੋੜ੍ਹਾ ਚਿਰ ਵੇਖਿਆ ਤੇ ਫਿਰ ਆਪਣੀ ਮਾਂ ਨਾਲ ਮਿਲ ਕੇ ਰੋਣ ਕੁਰਲਾਉਣ ਲੱਗੀ। ਕਾਦਰ ਨੇ ਕੁਝ ਸਖ਼ਤ ਹੁੰਦਿਆਂ ਕਿਹਾ, "ਤੂੰ ਕਿਉਂ ਇਹ ਸ਼ੋਰ-ਸ਼ਰਾਬਾ ਕੀਤਾ ਹੋਇਆ ਹੈ? ਕੀ ਤੇਰਾ ਖ਼ਿਆਲ ਹੈ ਇਸ ਤਰ੍ਹਾਂ ਉਹ ਜਿਊਂਦਾ ਵਾਪਸ ਆ ਜਾਵੇਗਾ?"

ਕਾਦਰ ਦੀ ਪਤਨੀ ਜਾਣਦੀ ਸੀ ਕਿ ਉਸ ਨਾਲ ਬਹਿਸ ਕਰਨ ਦਾ ਕੋਈ ਲਾਭ ਨਹੀਂ ਸੀ। ਉਹ ਹਰ ਵਾਰ ਹੀ ਬਹਿਸ ਵਿੱਚ ਜਿੱਤ ਜਾਂਦਾ ਸੀ।

"ਮੇਰਾ ਖ਼ਿਆਲ ਹੈ ਸਾਨੂੰ ਤੁਰਤ ਉਸ ਦੇ ਘਰ ਜਾਣਾ ਚਾਹੀਦਾ ਹੈ। ਉਸ ਦੀ ਪਤਨੀ ਬਹੁਤ ਦੁੱਖੀ ਹੋਵੇਗੀ।" ਉਸ ਨੇ ਕਿਹਾ।

ਕਾਦਰ ਨੇ ਮੋਢੇ ਛੰਡਦਿਆਂ ਕਿਹਾ, "ਮੈਨੂੰ ਡਰ ਹੈ ਕਿ ਮੈਂ ਅਜਿਹਾ ਨਹੀਂ ਕਰ ਸਕਾਂਗਾ। ਮੈਂ ਉਹਦੀ ਪਤਨੀ ਭਾਵ ਉਸ ਦੀ ਵਿਧਵਾ ਨਾਲ ਭਾਵੇਂ ਕਿਤਨਾ ਵੀ ਅਫ਼ਸੋਸ ਕਰਨਾ ਚਾਹਾਂ, ਪਰ ਮੇਰਾ ਪਹਿਲਾ ਕਰਤੱਵ ਮੇਰੇ ਸਾਇਲਾਂ ਪ੍ਰਤੀ ਹੈ। ਮੈਨੂੰ ਅੱਧੇ ਘੰਟੇ ਦੇ ਅੰਦਰ ਵਿਸ਼ੇਸ਼ ਅਦਾਲਤ ਵਿੱਚ ਪਹੁੰਚ ਜਾਣਾ ਚਾਹੀਦਾ ਹੈ।"

ਕਾਦਰ ਸਾਰਾ ਦਿਨ ਅਦਾਲਤ ਵਿੱਚ ਰਿਹਾ ਤੇ ਉਹਦਾ ਪਰਿਵਾਰ ਆਪਣੇ ਘਰ।

ਸ਼ਹਿਰ ਦੀ ਵੱਡੀ ਪਾਰਕ ਤੋਂ ਥੋੜ੍ਹੀ ਦੂਰ ਇਕ ਮਿੱਤਰ ਖੋਸਲਾ ਰਹਿੰਦਾ ਹੈ। ਉਹ, ਉਸ ਦੀ ਪਤਨੀ, ਤਿੰਨ ਲੜਕੇ ਤੇ ਇਕ ਲੜਕੀ 'ਤੇ ਆਧਾਰਿਤ ਪਰਿਵਾਰ ਸ਼ਹਿਰ ਦੇ ਅਮੀਰ ਰਿਹਾਇਸ਼ੀ ਖੇਤਰ ਵਿੱਚ ਰਹਿੰਦਾ ਹੈ। ਉਹ ਇਕ ਜੱਜ ਹੈ ਤੇ ਇਕ ਉੱਚੀ ਪਦਵੀ ਦਾ ਅਫ਼ਸਰ ਹੈ।

ਖੋਸਲਾ ਸਵੱਖਤੇ ਉੱਠਣ ਦਾ ਆਦੀ ਹੈ। ਉਸ ਨੂੰ ਤਾਂ ਤੜਕੇ ਉੱਠਣਾ ਪੈਂਦਾ ਹੈ ਕਿਉਂਕਿ ਉਸ ਸਮੇਂ ਹੀ ਉਹ ਆਪਣੇ ਬਾਰੇ ਸੋਚ ਸਕਦਾ ਹੈ। ਦਿਨ ਵੇਲੇ ਉਸ ਨੂੰ ਕਚਹਿਰੀ ਵਿੱਚ ਕੰਮ ਕਰਨਾ ਪੈਂਦਾ ਹੈ। ਸ਼ਾਮ ਵੇਲੇ ਉਹ ਟੈਨਿਸ ਖੇਡਦਾ ਹੈ ਤੇ ਫਿਰ ਉਸ ਨੂੰ ਬੱਚਿਆਂ ਨਾਲ ਸਮਾਂ ਗੁਜ਼ਾਰਨਾ ਪੈਂਦਾ ਹੈ ਤੇ ਫਿਰ ਪਤਨੀ ਨਾਲ ਹੱਲਾ-ਗੁੱਲਾ ਕਰਨਾ

ਹੁੰਦਾ ਹੈ। ਉਸ ਨੂੰ ਮਿਲਣ ਵਾਲਿਆਂ ਦੀ ਗਿਣਤੀ ਵੀ ਕਾਫ਼ੀ ਹੁੰਦੀ ਹੈ ਕਿਉਂਕਿ ਉਹ ਬੜਾ ਲੋਕ-ਪ੍ਰਿਆ ਹੈ, ਪ੍ਰੰਤੂ ਖੋਸਲਾ ਅਭਿਲਾਸ਼ੀ ਵੀ ਹੈ। ਲੜਕਪਣ ਤੋਂ ਹੀ ਉਹ ਆਪਣੇ-ਆਪ ਨੂੰ ਬਹੁਤ ਚੁਸਤ ਸਮਝਦਾ ਹੁੰਦਾ ਸੀ। ਚੜ੍ਹਦੀ ਜਵਾਨੀ ਵਿੱਚ ਗੰਜ ਪੈ ਗਿਆ ਸੀ। ਖੋਸਲਾ ਇਸ ਨੂੰ ਆਪਣੇ ਵਿਚਾਰਾਂ ਦੀ ਕੁਦਰਤ ਵੱਲੋਂ ਪੋਰ੍ਹਤਾ ਸਮਝਦਾ ਸੀ। ਸ਼ਾਇਦ ਉਹ ਪ੍ਰਤਿਭਾਵਾਨ ਸੀ। ਜਿਤਨਾ ਜ਼ਿਆਦਾ ਉਹ ਆਪਣੇ ਸਿਰ ਨੂੰ ਸ਼ੀਸ਼ੇ ਵਿੱਚ ਵੇਖਦਾ, ਉਤਨਾ ਹੀ ਜ਼ਿਆਦਾ ਉਸ ਨੂੰ ਵਿਸ਼ਵਾਸ ਹੋ ਜਾਂਦਾ ਕਿ ਕੁਦਰਤ ਨੇ ਉਸ ਨੂੰ ਵੱਡੇ ਕੰਮ ਲਈ ਰਾਖਵਾਂ ਰਖਿਆ ਹੈ, ਇਸ ਲਈ ਉਹ ਹੋਰ ਜ਼ਿਆਦਾ ਮਿਹਨਤ ਕਰਦਾ। ਉਸ ਨੇ ਵਜ਼ੀਫ਼ਾ ਪ੍ਰਾਪਤ ਕੀਤਾ ਤੇ ਆਪਣੇ ਅਕਾਦਮਿਕ ਜੀਵਨ ਨੂੰ ਸਿਵਲ ਸਰਵਿਸ ਪ੍ਰੀਖਿਆ ਵਿੱਚੋਂ ਪ੍ਰਥਮ ਰਹਿ ਕੇ ਪੂਰਾ ਕਰ ਲਿਆ। ਉਸ ਨੇ ਮੁਲਕ ਵਿੱਚ ਸਭ ਤੋਂ ਔਖੀ ਪ੍ਰੀਖਿਆ ਵਿੱਚ ਪ੍ਰਥਮ ਰਹਿ ਕੇ, ਮਾਨ-ਸਨਮਾਨ ਤੇ ਪ੍ਰਸਿੱਧੀ ਪ੍ਰਾਪਤ ਕਰਕੇ ਆਪਣੇ ਉੱਪਰ ਵਿਸ਼ਵਾਸ ਨੂੰ ਸਹੀ ਸਾਬਤ ਕਰ ਦਿੱਤਾ ਸੀ। ਕੁਝ ਸਾਲ ਤਾਂ ਉਸ ਨੇ ਇਕ ਸੰਤੁਸ਼ਟ ਅਫ਼ਸਰ ਵਾਂਗ ਜੀਵਨ ਗੁਜ਼ਾਰਿਆ। ਸੱਚ ਤਾਂ ਇਹ ਹੈ ਕਿ ਉਸ ਨੂੰ ਤਸੱਲੀ ਸੀ ਕਿ ਲੋਕਾਂ ਦੇ ਕਥਨ ਅਨੁਸਾਰ ਉਸ ਦਾ ਜੀਵਨ ਸਫਲ ਹੈ।

ਕੁਝ ਸਾਲਾਂ ਬਾਅਦ ਇਹ ਸੰਤੁਸ਼ਟਤਾ ਖ਼ਤਮ ਹੋ ਗਈ। ਹਰ ਵਾਰ ਜਦੋਂ ਉਹ ਆਪਣੇ ਸਿਰ ਦੇ ਪਿਛਲੇ ਹਿੱਸੇ ਵਿੱਚ ਵਾਲਾਂ ਦੇ ਗੁੱਛੇ ਨੂੰ ਕੰਘਾ ਕਰਦਾ ਤੇ ਆਪਣੇ ਚੌੜੇ ਮੱਥੇ 'ਤੇ ਹੱਥ ਫੇਰਦਾ ਤਾਂ ਉਹ ਆਪਣੀਆਂ ਅਪੂਰਨ ਤੇ ਅਧੂਰੀਆਂ ਸੱਧਰਾਂ ਪ੍ਰਤੀ ਸੁਚੇਤ ਹੋ ਜਾਂਦਾ। ਉਹਦੇ ਵਰਗੇ ਸੈਂਕੜੇ ਹੀ ਉੱਚ ਅਧਿਕਾਰੀ ਸਨ। ਸਭ ਨੂੰ ਹੀ ਜੀਵਨ ਵਿੱਚ ਕਾਮਯਾਬ ਸਮਝਿਆ ਜਾਂਦਾ ਸੀ, ਪ੍ਰੰਤੂ ਸਿਵਲ ਸਰਵਿਸ ਸਪੱਸ਼ਟ ਰੂਪ ਵਿੱਚ ਕਾਫ਼ੀ ਨਹੀਂ ਸੀ। ਉਸ ਨੂੰ ਹੋਰ ਕੰਮ ਵੀ ਕਰਨਾ ਚਾਹੀਦਾ ਸੀ। ਉਸ ਨੂੰ ਲੇਖਕ ਬਣਨਾ ਚਾਹੀਦਾ ਸੀ। ਉਸ ਨੂੰ ਪਤਾ ਸੀ ਕਿ ਉਹ ਲਿਖ ਸਕਦਾ ਹੈ। ਇਹ ਤਾਂ ਸਭ ਕੁਝ ਉਹਦੇ ਸਿਰ ਦੇ ਆਕਾਰ ਤੋਂ ਹੀ ਪ੍ਰਤੱਖ ਹੈ। ਇਸ ਤਰ੍ਹਾਂ ਖੋਸਲੇ ਨੇ ਲਿਖਣਾ ਸ਼ੁਰੂ ਕੀਤਾ। ਚੰਗੀ ਤਰ੍ਹਾਂ ਲਿਖਣ ਵਾਸਤੇ ਉਸ ਨੇ ਅਧਿਐਨ ਸ਼ੁਰੂ ਕਰ ਦਿੱਤਾ। ਉਸ ਦੀ ਵੱਡੀ ਸਾਰੀ ਲਾਇਬਰੇਰੀ ਬਣ ਗਈ ਤੇ ਨਿਰੰਤਰ ਉਹ ਹਰ ਰੋਜ਼ ਕੰਮ 'ਤੇ ਜਾਣ ਤੋਂ ਪਹਿਲਾਂ ਕਈ ਘੰਟੇ ਉੱਥੇ ਗੁਜ਼ਾਰਦਾ।

ਇਸ ਸਵੇਰ ਖੋਸਲੇ ਦਾ ਰੌਂ ਕੁਝ ਲਿਖਣ ਲਈ ਸੀ। ਉਸ ਨੇ ਆਪਣੇ ਲਈ ਚਾਹ ਦਾ ਕੱਪ ਬਣਾਇਆ ਤੇ ਬੜੇ ਆਰਾਮ ਨਾਲ ਬਾਜ਼ੂ ਵਾਲੀ ਕੁਰਸੀ ਲੈ ਕੇ ਕਮਰਾ ਗਰਮ ਕਰਨ ਵਾਲੇ ਬਿਜਲੀ ਦੇ ਜੰਤਰ ਕੋਲ ਬੈਠ ਗਿਆ। ਉਸ ਨੇ ਪੈਨਸਿਲ ਮੂੰਹ ਵਿੱਚ ਪਾ ਲਈ ਤੇ ਸੋਚ ਵਿਚਾਰ ਵਿੱਚ ਮਸਤ ਹੋ ਗਿਆ। ਉਸ ਨੂੰ ਸਮਝ ਨਾ ਆਵੇ ਕਿ ਕੀ ਲਿਖੇ? ਉਸ ਨੇ ਆਪਣਾ ਰੋਜ਼ਨਾਮਚਾ ਲਿਖਣ ਦਾ ਫ਼ੈਸਲਾ ਕਰ ਲਿਆ। ਪਿਛਲਾ ਸਾਰਾ ਦਿਨ ਉਸ ਨੇ ਇਕ ਮਸ਼ਹੂਰ ਮੁਕੱਦਮੇ ਦੀ ਸੁਣਵਾਈ ਕਰਦਿਆਂ ਲੰਘਾਇਆ। ਇਹ ਮੁਕੱਦਮਾ ਕੁਝ ਦਿਨ ਚਲਦੇ ਰਹਿਣ ਦੀ ਸੰਭਾਵਨਾ ਸੀ। ਅਦਾਲਤ ਦਾ ਕਮਰਾ ਖਚਾਖਚ ਭਰਿਆ ਹੋਇਆ ਸੀ ਤੇ ਸਭ ਦੀਆਂ ਨਜ਼ਰਾਂ ਉਸ ਵੱਲ ਹੀ ਸਨ। ਇਹ ਇਕ ਚੰਗਾ ਵਿਸ਼ਾ ਸੀ। ਸੋ ਉਸ ਨੇ ਲਿਖਣਾ ਸ਼ੁਰੂ ਕਰ ਦਿੱਤਾ।

ਬਹਿਰੇ ਵੱਲੋਂ ਅਖ਼ਬਾਰ ਲਿਆਉਣ ਵੇਲੇ ਦਰਵਾਜ਼ੇ ਨੂੰ ਠਕੋਰਨ ਕਰਕੇ ਖੋਸਲੇ ਦਾ ਧਿਆਨ ਉੱਖੜ ਗਿਆ। ਉਸ ਨੇ ਦੁਨੀਆਵੀ ਜੀਵਨ ਦੀ ਸੱਚਾਈ ਤੋਂ ਜਾਣੂ ਹੋਣ ਲਈ ਅਖ਼ਬਾਰ ਦਾ ਸਫ਼ਾ ਖੋਲ੍ਹਿਆ।

ਖੋਸਲੇ ਦੀ ਦਿਲਚਸਪੀ ਸਮਾਜਿਕ ਕੰਮਾਂ-ਧੰਦਿਆਂ, ਜਨਮ, ਵਿਆਹਾਂ, ਮਰਨੇ-ਪਰਨੇ ਵੱਲ, ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਮਹੱਤਵ ਵਾਲੀਆਂ ਘਟਨਾਵਾਂ ਵੱਲ ਜ਼ਿਆਦਾ ਸੀ। ਉਸ ਨੇ ਸਫ਼ਾ ਤਿਨ 'ਤੇ ਕਾਲਮ ਇਕ ਵੇਖਿਆ। ਉਸ ਨੇ ਉੱਥੇ ਐਲਾਨ ਪੜ੍ਹਿਆ ਤੇ ਸਿੱਧਾ ਬੈਠ ਗਿਆ।

ਉਸ ਨੇ ਆਪਣੀ ਕਾਪੀ ਤੇ ਪੈਨਸਿਲ ਨਾਲ ਨਿਸ਼ਾਨ ਲਾਇਆ ਤੇ ਜਗਾਉਣ ਲਈ ਖੰਗੂਰਾ ਮਾਰ ਕੇ ਆਪਣੀ ਘਰ ਵਾਲੀ ਨੂੰ ਸੂਚਨਾ ਦਿੱਤੀ। ਉਸ ਨੇ ਉਬਾਸੀ ਲਈ ਤੇ ਆਪਣੀਆਂ ਚੌੜੀਆਂ ਸੁਪਨੇ ਲੈਂਦੀਆਂ ਅੱਖਾਂ ਖੋਲ੍ਹੀਆਂ। ਉਸ ਨੇ ਕਿਹਾ, "ਮੇਰਾ ਖ਼ਿਆਲ ਹੈ ਅੱਜ ਤੁਸੀਂ ਹਾਈ ਕੋਰਟ 'ਚ ਛੁੱਟੀ ਕਰ ਦਿਉਗੇ।" "ਮੈਨੂੰ ਡਰ ਹੈ ਕਿ ਹਾਈ ਕੋਰਟ ਵਿੱਚ ਕਿਸੇ ਵੀ ਬਹਾਨੇ ਛੁੱਟੀ ਨਹੀਂ ਕੀਤੀ ਜਾ ਸਕਦੀ। ਮੈਨੂੰ ਜਾਣਾ ਪਵੇਗਾ। ਜੇ ਮੇਰੇ ਕੋਲ ਸਮਾਂ ਹੋਇਆ ਤਾਂ ਮੈਂ ਆਉਂਦਾ ਹੋਇਆ ਹੁੰਦਾ ਆਵਾਂਗਾ ਜਾਂ ਅਸੀਂ ਐਤਵਾਰ ਨੂੰ ਚਲੇ ਜਾਵਾਂਗੇ।"

ਖੋਸਲਾ ਦੰਪਤੀ ਵੀ ਨਾ ਪਹੁੰਚੇ। ਹੋਰ ਬਹੁਤ ਸਾਰੇ ਵੀ ਨਾ ਪਹੁੰਚੇ, ਜਿਹਨਾਂ ਵੱਲੋਂ ਮੇਰੀ ਮੌਤ 'ਤੇ ਦੁੱਖੀ ਹੋਣ ਦਾ ਮੈਨੂੰ ਵੀ ਅਫ਼ਸੋਸ ਹੋਇਆ ਸੀ।

ਦਸ ਵਜੇ ਮੇਰੇ ਘਰ ਦੇ ਹੇਠਾਂ ਖੁੱਲ੍ਹੇ ਅਹਾਤੇ ਵਿੱਚ ਲੋਕਾਂ ਦਾ ਇਕ ਛੋਟਾ ਜਿਹਾ ਇਕੱਠ ਹੋ ਗਿਆ। ਇਹ ਅਜਿਹੇ ਲੋਕਾਂ ਦਾ ਇਕੱਠ ਸੀ ਜਿਨ੍ਹਾਂ ਦੀ ਮੈਨੂੰ ਉਮੀਦ ਨਹੀਂ ਸੀ। ਉਹਨਾਂ ਵਿੱਚ ਕੁਝ ਤਾਂ ਕਚਹਿਰੀ ਵਾਲੇ ਲਿਬਾਸ ਵਿੱਚ ਵਕੀਲ ਸਨ ਤੇ ਬਹੁਤ ਸਾਰੇ ਤਮਾਸ਼ਬੀਨ ਸਨ, ਜੋ ਇਹ ਵੇਖਣ ਲਈ ਆ ਗਏ ਸਨ ਕਿ ਕੀ ਹੋ ਰਿਹਾ ਹੈ? ਮੇਰੇ ਦੋ ਮਿੱਤਰ ਵੀ ਪਹੁੰਚ ਗਏ। ਇਕ ਲੰਮਾ ਪਤਲਾ ਆਦਮੀ ਸੀ ਜੋ ਵੇਖਣ ਵਿੱਚ ਕਲਾਕਾਰ ਲੱਗਦਾ ਸੀ। ਇਕ ਹੱਥ ਨਾਲ ਉਸ ਨੇ ਸਿਗਰਟ ਫੜੀ ਸੀ ਤੇ ਦੂਸਰੇ ਹੱਥ ਨਾਲ ਉਹ ਲਗਾਤਾਰ ਮੱਥੇ ਤੋਂ ਵਾਲ ਪਰੇ ਹਟਾ ਰਿਹਾ ਸੀ। ਉਹ ਇਕ ਲੇਖਕ ਸੀ। ਉਹ ਸਸਕਾਰ ਆਦਿ 'ਤੇ ਜਾਣ ਵਿੱਚ ਯਕੀਨ ਨਹੀਂ ਰੱਖਦਾ ਸੀ, ਪ੍ਰੰਤੂ ਫਿਰ ਵੀ ਥੋੜ੍ਹੇ ਸਮੇਂ ਲਈ ਸਮਾਜਿਕ ਫ਼ਰਜ਼ ਕਾਰਣ ਉਸ ਨੂੰ ਉੱਥੇ ਰੁਕਣਾ ਪਿਆ। ਉਹਦੇ ਲਈ ਇਹ ਬੜਾ ਬੇਸੁਆਦਾ ਕੰਮ ਸੀ। ਲੋਥ ਕੋਲ ਠਹਿਰਨਾ ਹੀ ਛੂਤ ਦੀ ਬਿਮਾਰੀ ਵਰਗਾ ਹੈ। ਇਸ ਲਈ ਉਹ ਲਗਾਤਾਰ ਧੂੰਏਂ ਦੇ ਬੱਦਲ ਜਿਹੇ ਆਪਣੇ ਅਤੇ ਦੂਸਰਿਆਂ ਵਿਚਕਾਰ ਸਿਗਰਟ ਪੀ-ਪੀ ਬਣਾਈ ਜਾਂਦਾ ਰਿਹਾ।

ਇਕ ਹੋਰ ਮਿੱਤਰ ਜੋ ਮਧਰਾ ਤੇ ਪਤਲਾ ਸੀ ਤੇ ਜਿਸ ਦੇ ਵਾਲ ਲਹਿਰਾ ਰਹੇ ਸਨ ਤੇ ਅੱਖਾਂ ਬਾਜ਼ ਵਰਗੀਆਂ ਸਨ, ਉਹ ਇਕ ਕਮਿਊਨਿਸਟ ਸੀ। ਉਸ ਦਾ ਸਰੀਰਕ ਢਾਂਚਾ ਤੇ ਪ੍ਰਭਾਵ ਅਜਿਹਾ ਸੀ ਜਿਸ ਨਾਲ ਉਸ ਦੇ ਅੰਦਰ ਢੱਕਿਆ ਹੋਇਆ ਅੱਗ ਦਾ ਲਾਵਾ ਛੱਡਦਾ ਪਹਾੜ ਗੁੱਝਾ ਨਹੀਂ ਰਹਿ ਸਕਦਾ ਸੀ। ਉਸ ਦੀ ਹਰ ਚੀਜ਼ ਬਾਰੇ ਪਹੁੰਚ ਮਾਰਕਸੀਆਂ ਵਾਂਗ ਠੰਡੀਰ ਸੀ ਤੇ ਜਜ਼ਬਾਤ ਲਈ ਕੋਈ ਸਥਾਨ ਨਹੀਂ ਸੀ। ਉਹਦੇ ਲਈ

ਮੌਤ ਵਰਗੀਆਂ ਘਟਨਾਵਾਂ ਦੀ ਕੋਈ ਮਹੱਤਤਾ ਨਹੀਂ ਸੀ। ਅਸਲੀ ਮਹੱਤਵ ਤਾਂ ਉਦੇਸ਼ ਦਾ ਹੈ। ਉਸ ਨੇ ਲੇਖਕ ਨਾਲ ਹੌਲੀ ਜਿਹੇ ਕੰਨ ਵਿੱਚ ਸਲਾਹ ਕੀਤੀ :

"ਤੁਸੀਂ ਕਿੱਥੇ ਜਾ ਰਹੇ ਹੋ?"

ਦੂਸਰੇ ਨੇ ਉੱਤਰ ਦਿੱਤਾ, "ਮੈਂ ਤਾਂ ਕਾਫ਼ੀ ਹਾਊਸ ਤੱਕ ਜਾਵਾਂਗਾ। ਕੀ ਤੁਸੀਂ ਧੁਰ ਸ਼ਮਸ਼ਾਨ ਤੱਕ ਜਾ ਰਹੇ ਹੋ?"

ਕਮਿਊਨਿਸਟ ਨੇ ਜ਼ੋਰ ਨਾਲ ਕਿਹਾ, "ਨਹੀਂ। ਸ਼ਰਮ ਕਾਹਦੀ। ਅਸਲ ਵਿੱਚ ਮੈਂ ਤਾਂ 10 ਵਜੇ ਮੀਟਿੰਗ 'ਤੇ ਜਾਣਾ ਹੈ, ਮੈਂ ਤਾਂ 9.30 ਵਜੇ ਹੀ ਵਿਹਲੇ ਹੋ ਜਾਣ ਦੀ ਸੋਚ ਰਿਹਾ ਸੀ, ਪਰ ਤੁਸੀਂ ਜਾਣਦੇ ਹੋ ਸਾਡੇ ਲੋਕ ਸਮੇਂ ਦੀ ਕਦਰ ਹੀ ਨਹੀਂ ਕਰਦੇ। ਮੈਂ ਹੁਣ ਤਾਂ ਪਾਰਟੀ ਦਫ਼ਤਰ ਜਾਂਦਾ ਹਾਂ ਤੇ ਫਿਰ ਤੈਨੂੰ 11.30 ਵਜੇ ਕਾਫ਼ੀ ਹਾਊਸ ਵਿੱਚ ਮਿਲਦਾ ਹਾਂ। ਨਾਲ ਹੀ ਜੇ ਤੈਨੂੰ ਮੌਕਾ ਮਿਲੇ ਤਾਂ ਬਬਾਣ ਲਿਜਾਣ ਵਾਲੇ ਨੂੰ ਪੁੱਛ ਲਵੀਂ ਕਿ ਉਹ ਟਾਂਗਾ ਯੂਨੀਅਨ ਦਾ ਮੈਂਬਰ ਹੈ ਕਿ ਨਹੀਂ। ਅੱਛਾ ਚਲਦਾ ਹਾਂ।"

ਥੋੜ੍ਹੇ ਚਿਰ ਪਿੱਛੋਂ ਹੱਡੀਆਂ ਦੀ ਮੁੱਠ ਜਿਹਾ ਆਦਮੀ ਖ਼ਾਲੀ ਘੋੜਾ ਲੈ ਕੇ ਮੇਰੇ ਘਰ ਮੂਹਰੇ ਆ ਕੇ ਰੁੱਕ ਗਿਆ। ਘੋੜਾ ਤੇ ਉਹਦਾ ਮਾਲਕ ਮੌਕੇ ਦੀ ਗੰਭੀਰਤਾ ਤੋਂ ਉੱਕਾ ਹੀ ਅਣਜਾਣ ਸੀ। ਟਾਂਗਾ ਡਰਾਈਵਰ ਤਾਂ ਮਜ਼ੇ ਨਾਲ ਪਾਨ ਚਬਾਂਦਾ ਰਿਹਾ ਤੇ ਇਕੱਠ ਵੱਲ ਵੇਖਦਾ ਰਿਹਾ। ਉਹ ਇਹ ਸੋਚ ਰਿਹਾ ਸੀ ਕਿ ਇਹ ਮਰਨ ਵਾਲਾ ਐਸਾ ਤਾਂ ਨਹੀਂ ਕਿ ਉਸ ਦੇ ਮਰਨ 'ਤੇ ਕੋਈ ਬਖ਼ਸ਼ੀਸ਼ ਵੀ ਮਿਲੇ। ਘੋੜੇ ਨੇ ਪਿਸ਼ਾਬ ਕਰਨਾ ਸ਼ੁਰੂ ਕਰ ਦਿੱਤਾ ਤੇ ਇਕੱਠੇ ਲੋਕਾਂ ਨੇ ਪਿਸ਼ਾਬ ਦੇ ਛਿੱਟਿਆਂ ਤੋਂ ਬਚਣ ਲਈ ਖਿਲਰਨਾ ਸ਼ੁਰੂ ਕਰ ਦਿੱਤਾ। ਘੋੜੇ ਦੇ ਪਿਸ਼ਾਬ ਨਾਲ ਇੱਟਾਂ ਦਾ ਫ਼ਰਸ਼ ਭਰ ਗਿਆ।

ਹਜੂਮ ਨੂੰ ਬਹੁਤੀ ਦੇਰ ਉਡੀਕ ਨਾ ਕਰਨੀ ਪਈ। ਮੇਰੀ ਲੋਥ ਨੂੰ ਚਿੱਟੇ ਕੱਪੜੇ ਵਿੱਚ ਵਲ੍ਹੇਟ ਕੇ ਹੇਠਾਂ ਲਿਆਂਦਾ ਗਿਆ ਤੇ ਫਿਰ ਬਬਾਣ ਵਿੱਚ ਰੱਖ ਦਿੱਤਾ ਗਿਆ। ਕੁਝ ਫੁੱਲ ਵੀ ਰਿਵਾਜ ਅਨੁਸਾਰ ਉੱਪਰ ਰੱਖ ਦਿੱਤੇ ਗਏ। ਹੁਣ ਇਹ ਮਾਤਮੀ ਜਲੂਸ ਤੁਰਨ ਲਈ ਤਿਆਰ ਸੀ।

ਸਾਡੇ ਤੁਰਨ ਤੋਂ ਪਹਿਲਾਂ ਹੀ ਇਕ ਹੋਰ ਮਿੱਤਰ ਸਾਈਕਲ 'ਤੇ ਪਹੁੰਚ ਗਿਆ। ਉਹ ਕੁਝ ਕਾਲਾ ਤੇ ਢਿੱਲੜ ਜਿਹਾ ਸੀ। ਉਸ ਨੇ ਸਾਈਕਲ ਦੇ ਕੈਰੀਅਰ 'ਤੇ ਬਹੁਤ ਸਾਰੀਆਂ ਕਿਤਾਬਾਂ ਰੱਖੀਆਂ ਹੋਈਆਂ ਸਨ ਤੇ ਉਹਦੀ ਸ਼ਕਲ ਗੰਭੀਰ ਵਿਚਾਰਵਾਨ ਪ੍ਰੋਫ਼ੈਸਰ ਦਾ ਪ੍ਰਭਾਵ ਦਿੰਦੀ ਸੀ। ਜਿਉਂ ਹੀ ਉਸ ਨੇ ਬਬਾਨ ਤਿਆਰ ਵੇਖਿਆ, ਉਹ ਸਾਈਕਲ ਤੋਂ ਉਤਰ ਪਿਆ। ਉਹ ਮ੍ਰਿਤਕ ਦਾ ਬੜਾ ਸ਼ਰਧਾਲੂ ਸੀ ਤੇ ਆਪਣੀ ਸ਼ਰਧਾ ਪ੍ਰਗਟਾਉਣ ਦਾ ਇੱਛੁਕ ਸੀ। ਉਸ ਨੇ ਸਾਈਕਲ ਨੂੰ ਹਾਲ ਵਿੱਚ ਰੱਖਿਆ, ਸੰਗਲੀ ਮਾਰੀ ਤੇ ਭੀੜ ਵਿੱਚ ਸ਼ਾਮਲ ਹੋ ਗਿਆ। ਜਦੋਂ ਮੇਰੀ ਪਤਨੀ ਆਖ਼ਰੀ ਵਾਰੀ ਅਲਵਿਦਾ ਕਹਿਣ ਆਈ, ਉਸ ਦੇ ਮਨ 'ਤੇ ਬਹੁਤ ਅਸਰ ਹੋਇਆ। ਉਸ ਨੇ ਆਪਣੀ ਜੇਬ 'ਚੋਂ ਛੋਟੀ ਜਿਹੀ ਕਿਤਾਬ ਕੱਢੀ ਤੇ ਉਸ ਨੇ ਸੋਚ ਕੇ ਕੁਝ ਵਰਕੇ ਉੱਥਲੇ। ਫਿਰ ਉਹ ਲੋਕਾਂ ਵਿੱਚੋਂ ਹੁੰਦਾ ਹੋਇਆ ਮੇਰੀ ਪਤਨੀ ਕੋਲ ਪਹੁੰਚਿਆ। ਹੰਝੂਆਂ ਨਾਲ ਭਰੀਆਂ ਅੱਖਾਂ ਨਾਲ ਉਸ ਨੇ ਉਹ ਕਿਤਾਬ ਮੇਰੀ ਪਤਨੀ ਨੂੰ ਦੇ ਦਿੱਤੀ।

"ਮੈਂ ਤੁਹਾਡੇ ਲਈ 'ਗੀਤਾ' ਦੀ ਪੋਥੀ ਲਿਆਇਆ ਹਾਂ। ਇਹ ਤੁਹਾਨੂੰ ਧਰਵਾਸ

ਦੇਵੇਗੀ।" ਜਜ਼ਬਾਤ ਵਿੱਚ ਗੜੁੱਚ ਉਹ ਅੱਖਾਂ 'ਚੋਂ ਅੱਥਰੂ ਪੂੰਝਦਾ ਪਿਛਾਂਹ ਖਿਸਕ ਗਿਆ। ਉਸ ਨੇ ਹੌਕਾ ਲੈਂਦਿਆਂ ਆਪਣੇ ਆਪ ਨੂੰ ਕਿਹਾ, "ਇਹੋ ਮਨੁੱਖੀ ਜੀਵਨ ਦਾ ਅੰਤ ਹੈ। ਇਹੋ ਸੱਚ ਹੈ।"

ਉਹ ਉਕਤੀਆਂ ਬੋਲਣ ਦਾ ਬਹੁਤ ਸ਼ੌਕੀਨ ਸੀ ਤੇ ਉਸ ਲਈ ਸਾਧਾਰਨ ਉਕਤੀਆਂ ਵੀ ਗੰਭੀਰਤਾ ਵਾਲੀਆਂ ਸਨ ਤੇ ਉਹਦੇ ਲਈ ਉਹਨਾਂ ਵਿੱਚ ਹੀ ਮੌਲਿਕ ਵਿਚਾਰਾਂ ਦੀ ਤਾਜ਼ਗੀ ਤੇ ਸ਼ਕਤੀ ਹੈ। ਉਸ ਨੇ ਕਿਹਾ, "ਬੁਲਬੁਲਿਆਂ ਵਰਗਾ ਹੈ ਜੀਵਨ। ਮਨੁੱਖੀ ਜੀਵਨ ਤਾਂ ਬੁਲਬੁਲਿਆਂ ਵਾਂਗ ਛਿਣ-ਮਾਤ੍ਰ ਹੀ ਹੈ।"

ਪਰ ਆਦਮੀ ਕੇਵਲ ਮਰ ਕੇ ਹੀ ਅਲੋਪ ਨਹੀਂ ਹੋ ਜਾਂਦਾ। ਮਾਦਾ ਖ਼ਤਮ ਨਹੀਂ ਹੁੰਦਾ, ਇਹ ਸ਼ਕਲ ਬਦਲਦਾ ਹੈ। ਗੀਤਾ ਵਿੱਚ ਕਿਤਨੀ ਖ਼ੂਬਸੂਰਤੀ ਨਾਲ ਕਿਹਾ ਗਿਆ ਹੈ : "ਜਿਵੇਂ ਆਦਮੀ ਪੁਰਾਣੇ ਕੱਪੜੇ ਉਤਾਰ ਕੇ ਨਵੇਂ ਪਹਿਨ ਲੈਂਦਾ ਹੈ, ਇਸ ਤਰ੍ਹਾਂ ਹੀ ਆਤਮਾ ਕਰਦੀ ਹੈ, ਆਦਿ ਆਦਿ।"

ਪ੍ਰੋਫ਼ੈਸਰ ਸੋਚਾਂ ਵਿੱਚ ਗੜੂੰਦ ਸੀ। ਉਹ ਸੋਚ ਰਿਹਾ ਸੀ ਕਿ ਉਸ ਦੇ ਮ੍ਰਿਤਕ ਮਿੱਤਰ ਨੂੰ ਕਿਹੜੇ ਨਵੇਂ ਕੱਪੜੇ ਮਿਲੇ ਹੋਣਗੇ?

ਝੱਟ ਹੀ ਉਸ ਦੀਆਂ ਲੱਤਾਂ ਵਿੱਚ ਹੋਈ ਹਿਲਜੁਲ ਨੇ ਉਸ ਦੇ ਖ਼ਿਆਲਾਂ ਦੀ ਲੜੀ ਤੋੜ ਦਿੱਤੀ। ਇਕ ਛੋਟਾ ਜਿਹਾ ਕਤੂਰਾ ਪ੍ਰੋਫ਼ੈਸਰ ਦੀਆਂ ਲੱਤਾਂ ਉਦਾਲੇ ਆ ਕੇ ਉਸ ਦੀ ਪੈਂਟ ਚੱਟਣ ਲੱਗ ਪਿਆ ਤੇ ਉਹਦੇ ਵੱਲ ਵੇਖਣ ਲੱਗਾ। ਪ੍ਰੋਫ਼ੈਸਰ ਭਲਾ ਆਦਮੀ ਸੀ। ਉਹ ਆਪ ਮੁਹਾਰੇ ਹੀ ਝੁਕਿਆ ਤੇ ਕਤੂਰੇ ਨੂੰ ਥਪਕੀ ਦੇਣ ਲੱਗਾ ਤੇ ਉਸ ਨੂੰ ਆਪਣੇ ਹੱਥ ਚੱਟਦੇ ਰਹਿਣ ਦੀ ਖੁੱਲ੍ਹ ਦੇ ਦਿੱਤੀ।

ਪ੍ਰੋਫ਼ੈਸਰ ਦਾ ਮਨ ਇਧਰ-ਉਧਰ ਸੋਚਣ ਲੱਗਾ। ਉਹ ਬੇਚੈਨ ਹੋ ਗਿਆ। ਉਸ ਨੇ ਲੋਥ ਵੱਲ ਤੇ ਫਿਰ ਜੱਤਲ ਕਤੂਰੇ ਵੱਲ ਵੇਖਿਆ ਜੋ ਉਸ ਦੇ ਪੈਰਾਂ ਕੋਲ ਸੀ ਤੇ ਸੋਚਣ ਲੱਗਾ ਕਿ ਉਹ ਵੀ ਪ੍ਰਮਾਤਮਾ ਦੀ ਕਾਇਨਾਤ ਦਾ ਇਕ ਹਿੱਸਾ ਹੈ।

"ਜਿਵੇਂ ਆਦਮੀ ਪੁਰਾਣੇ ਕੱਪੜੇ ਉਤਾਰ ਕੇ ਨਵੇਂ ਪਹਿਨਦਾ ਹੈ, ਇਵੇਂ ਹੀ ਆਤਮਾ ਕਰਦੀ ਹੈ।"

ਨਹੀਂ ਨਹੀਂ, ਇਹ ਨਹੀਂ ਹੋ ਸਕਦਾ। ਉਸ ਨੇ ਆਪਣੇ ਮਨ ਵਿੱਚ ਕਿਹਾ। ਉਸ ਦੇ ਮਨ ਵਿੱਚ ਅਜਿਹੇ ਕਠੋਰ ਵਿਚਾਰ ਨਹੀਂ ਘੁਸੜਨੇ ਚਾਹੀਦੇ, ਪਰ ਉਹ ਮਨ 'ਤੇ ਕਾਬੂ ਨ ਪਾ ਸਕਿਆ। ਇਹ ਅਸੰਭਵ ਵੀ ਨਹੀਂ ਸੀ। ਗੀਤਾ ਵਿੱਚ ਵੀ ਕਿਹਾ ਗਿਆ ਹੈ। ਉਹ ਫਿਰ ਝੁਕਿਆ ਤੇ ਕਤੂਰੇ ਨੂੰ ਵਧੇਰੇ ਪਿਆਰ ਤੇ ਭਰਾਤਰੀ ਭਾਵ ਨਾਲ ਪੁਚਕਾਰਨ ਲੱਗ ਪਿਆ।

ਹੁਣ ਜਲੂਸ ਜਾ ਰਿਹਾ ਸੀ। ਮੈਂ ਸਭ ਤੋਂ ਅੱਗੇ ਸੀ ਤੇ ਸ਼ੀਸ਼ੇ ਦੇ ਬਬਾਣ ਵਿੱਚ ਮੈਂ ਆਰਾਮ ਨਾਲ ਲੇਟਿਆ ਹੋਇਆ ਸੀ। ਅੱਧੀ ਕੁ ਦਰਜਨ ਲੋਕ ਪਿੱਛੇ-ਪਿੱਛੇ ਆ ਰਹੇ ਸਨ। ਇਹ ਮਾਤਮੀ ਜਲੂਸ ਦਰਿਆ ਵੱਲ ਜਾ ਰਿਹਾ ਸੀ।

ਜਦੋਂ ਇਹ ਵੱਡੇ ਬਾਜ਼ਾਰ 'ਚੋਂ ਗੁਜ਼ਰਿਆ, ਮੈਂ ਬੜਾ ਸ਼ਾਂਤ ਮਹਿਸੂਸ ਕੀਤਾ। ਕੁਝ ਵਕੀਲ ਹਾਈਕੋਰਟ ਕੋਲ ਹੀ ਰਹਿ ਗਏ ਸਨ। ਮੇਰਾ ਲੇਖਕ ਮਿੱਤਰ ਸਿਗਰਟ ਪੀਂਦਾ-ਪੀਂਦਾ ਕਾਫ਼ੀ ਹਾਊਸ ਨੂੰ ਟਿਭ ਗਿਆ। ਸਥਾਨਕ ਕਾਲਜ ਦਾ ਪ੍ਰੋਫ਼ੈਸਰ ਮੈਨੂੰ ਆਖ਼ਰੀ ਵਾਰ

ਦੇਰ ਤੱਕ ਉਤਸੁਕਤਾ ਨਾਲ ਵੇਖਦਾ ਰਿਹਾ ਤੇ ਫਿਰ ਜਮਾਤ ਦੇ ਕਮਰੇ ਵੱਲ ਉੱਪਰ ਚੜ੍ਹ ਗਿਆ। ਬਾਕੀ ਅੱਠ ਸੱਤ ਬਚੇ ਹੋਏ ਵੀ ਜ਼ਿਲ੍ਹਾ ਕਚਹਿਰੀਆਂ ਕੋਲ ਜਾ ਕੇ ਅਲੋਪ ਹੋ ਗਏ।

ਮੈਂ ਆਪਣੇ-ਆਪ ਨੂੰ ਬੜਾ ਤੁੱਛ ਜਿਹਾ ਮਹਿਸੂਸ ਕੀਤਾ। ਮੇਰੇ ਨਾਲੋਂ ਤਾਂ ਛੋਟੇ ਆਦਮੀਆਂ ਦੇ ਹੀ ਵੱਡੇ ਮਾਤਮੀ ਜਲੂਸ ਹੁੰਦੇ ਹਨ। ਇਕ ਮਰੇ ਹੋਏ ਭਿਖਾਰੀ ਨੂੰ ਮਿਉਂਸਪਲ ਕਮੇਟੀ ਦੀ ਗੱਡੀ 'ਤੇ ਦੋ ਸਫ਼ਾਈ ਸੇਵਕ ਲੈ ਕੇ ਜਾਂਦੇ ਹਨ। ਮੈਨੂੰ ਲਿਜਾਣ ਵਾਲਾ ਇਕੋ-ਇਕ ਆਦਮੀ ਟਾਂਗਾ ਚਾਲਕ ਸੀ ਤੇ ਉਹ ਵੀ ਮੇਰੀ ਮਹਾਨਤਾ ਤੋਂ ਬੇਖ਼ਬਰ ਸੀ ਜਿਸ ਦੀ ਮ੍ਰਿਤਕ ਦੇਹ ਉਹ ਆਖ਼ਰੀ ਸਫ਼ਰ 'ਤੇ ਲਿਜਾ ਰਿਹਾ ਸੀ। ਜਿੱਥੋਂ ਤੱਕ ਘੋੜੇ ਦਾ ਸੰਬੰਧ ਹੈ, ਉਹ ਤਾਂ ਮੁੱਢੋਂ ਹੀ ਉਜੱਡ ਸੀ।

ਸ਼ਮਸ਼ਾਨ ਘਾਟ ਨੂੰ ਜਾਂਦੇ ਰਾਹ ਵਿੱਚ ਬੇਹਿਸਾਬ ਬਦਬੂ ਆਉਂਦੀ ਹੈ। ਇਸ ਦੀ ਹੱਦ ਤਾਂ ਉਦੋਂ ਹੋ ਗਈ ਜਦੋਂ ਸੜਕ ਸ਼ਮਸ਼ਾਨ ਘਾਟ ਨੂੰ ਇਕ ਤੰਗ ਰਾਹ ਵੱਲ ਪਾਟਦੀ ਹੈ, ਜਿਹੜਾ ਸ਼ਹਿਰ ਦੇ ਇਕੋ-ਇਕ ਗੰਦੇ ਨਾਲੇ ਦੇ ਨਾਲ-ਨਾਲ ਹੈ। ਇਹ ਗੰਦੇ, ਹੌਲੀ-ਹੌਲੀ ਵਗਦੇ ਤਰਲ ਪਦਾਰਥ ਦੀ ਨਦੀ ਹੈ ਜੋ ਹਰ ਸਮੇਂ ਬੁਲਬੁਲੀਆਂ ਛੱਡਦੀ ਰਹਿੰਦੀ ਹੈ।

ਖ਼ੁਸ਼ਕਿਸਮਤੀ ਨਾਲ ਮੈਨੂੰ ਥੋੜ੍ਹਾ ਜਿਹਾ ਸਮਾਂ ਮਰਨ-ਉਪਰੰਤ ਆਪਣੇ ਮਹੱਤਵ ਬਾਰੇ ਲਾਏ ਗ਼ਲਤ ਅੰਦਾਜ਼ੇ ਬਾਰੇ ਸੋਚਣ ਦਾ ਮਿਲ ਗਿਆ। ਚਾਲਕ ਪਿੱਪਲ ਦੇ ਦਰੱਖ਼ਤ ਹੇਠ ਆ ਕੇ ਰੁਕ ਗਿਆ ਜਿੱਥੋਂ ਸੜਕ ਸ਼ਮਸ਼ਾਨ ਘਾਟ ਵੱਲ ਮੁੜਦੀ ਹੈ। ਪਿੱਪਲ ਦੇ ਦਰੱਖ਼ਤ ਹੇਠ ਹੀ ਟਾਂਗਾ ਖੜਾ ਕਰਨ ਵਾਲੀ ਥਾਂ 'ਤੇ ਘੋੜਿਆਂ ਨੂੰ ਪਾਣੀ ਪਿਲਾਉਣ ਲਈ ਚੁਬੱਚਾ ਹੈ। ਘੋੜਾ ਪਾਣੀ ਵੱਲ ਅਹੁਲਿਆ ਤੇ ਘੋੜਾ ਗੱਡੀ ਦਾ ਚਾਲਕ ਆਪਣੀ ਗੱਦੀ ਤੋਂ ਉੱਤਰ ਕੇ ਦੂਸਰੇ ਟਾਂਗਾ ਚਾਲਕਾਂ ਤੋਂ ਸਿਗਰਟ ਸੁਲਗਾਉਣ ਲਈ ਡੱਬੀ ਜਾਂ ਲਾਈਟਰ ਮੰਗਣ ਲੱਗਾ।

ਟਾਂਗੇ ਦੇ ਚਾਲਕ ਬਬਾਣ ਉਦਾਲੇ ਇਕੱਠੇ ਹੋ ਗਏ ਤੇ ਪਾਸਿਆਂ ਤੋਂ ਵੇਖਣ ਲੱਗੇ। ਇਕ ਨੇ ਕਿਹਾ, "ਕੋਈ ਅਮੀਰ ਹੋਣਾ ਹੈ।" ਇਕ ਹੋਰ ਨੇ ਪੁੱਛਿਆ, "ਪਰ ਉਹਦੇ ਨਾਲ ਤਾਂ ਕੋਈ ਨਹੀਂ ਹੈ।" "ਮੇਰਾ ਖ਼ਿਆਲ ਹੈ ਇਹ ਅੰਗਰੇਜ਼ਾਂ ਦਾ ਇਕ ਹੋਰ ਰਿਵਾਜ ਹੋਣਾ ਹੈ, ਜਿਸ ਅਨੁਸਾਰ ਦਾਹ ਸਸਕਾਰ ਵੇਲੇ ਕੋਈ ਨਾਲ ਨਹੀਂ ਜਾਂਦਾ।"

ਹੁਣ ਤਾਂ ਮੈਂ ਪੂਰੀ ਤਰ੍ਹਾਂ ਅੱਕ ਚੁੱਕਿਆ ਸੀ। ਮੇਰੇ ਲਈ ਤਿੰਨ ਰਸਤੇ ਸਨ। ਇਕ ਤਾਂ ਇਹ ਸੀ ਕਿ ਮੈਂ ਵੀ ਸ਼ਮਸ਼ਾਨ ਘਾਟ ਦੇ ਰਾਹ ਦੂਸਰਿਆਂ ਵਾਂਗ ਜਾ ਕੇ ਆਪਣੇ-ਆਪ ਨੂੰ ਬਲ ਰਹੇ ਸ਼ੁਅਲਿਆਂ ਦੇ ਹਵਾਲੇ ਕਰ ਦਿਆਂ ਤੇ ਸ਼ਾਇਦ ਨਵੀਂ ਚੰਗੇਰੀ ਦੁਨੀਆਂ ਵਿੱਚ ਫਿਰ ਜਨਮ ਲੈ ਸਕਾਂ ਪਰ ਵਧੇਰੇ ਸੰਭਵ ਇਹ ਹੈ ਕਿ ਸ਼ੂਨਯ ਵਿੱਚ ਭਸਮ ਹੋ ਕੇ ਰਲ ਜਾਵਾਂ। ਇਕ ਹੋਰ ਸੜਕ ਸੀ ਜੋ ਸਿੱਧੀ ਸ਼ਹਿਰ ਨੂੰ ਜਾਂਦੀ ਸੀ। ਉਸ ਰਾਹ 'ਤੇ ਵੇਸਵਾਵਾਂ ਦੇ ਚਕਲੇ ਸਨ ਤੇ ਹੋਰ ਬਦਨਾਮ ਲੋਕ ਰਹਿੰਦੇ ਸਨ। ਉਹ ਜੂਆ ਖੇਡਦੇ, ਸ਼ਰਾਬ ਪੀਂਦੇ ਤੇ ਬਦਕਾਰੀ ਕਰਦੇ। ਉਹਨਾਂ ਦੀ ਦੁਨੀਆਂ ਹਲਚਲ ਤੇ ਉਤੇਜਨਾ ਭਰਪੂਰ ਸੀ ਤੇ ਉਹਨਾਂ ਦੀ ਜ਼ਿੰਦਗੀ ਵਿੱਚ ਹਰ ਪ੍ਰਕਾਰ ਦੀ ਭਰਮਾਰ ਸੀ ਜੋ ਸਾਡੀਆਂ ਇੰਦਰੀਆਂ ਵੇਖ ਜਾਂ ਚਿੱਤਰ-ਪਟ 'ਤੇ ਦਰਜ ਕਰ ਸਕਦੀਆਂ ਸਨ। ਤੀਸਰਾ ਰਾਹ ਪਿੱਛੇ ਜਾਣ ਦਾ ਸੀ। ਇਸ

ਵੇਲੇ ਪੱਕਾ ਫ਼ੈਸਲਾ ਕਰਨਾ ਔਖਾ ਸੀ। ਅਜਿਹੇ ਸਮੇਂ ਸਿੱਕਾ ਸੁੱਟ ਕੇ ਪਾਸਾ ਮੱਲਣ ਨਾਲ ਸਹਾਇਤਾ ਮਿਲ ਸਕਦੀ ਹੈ। ਸੋ ਮੈਂ ਸਿੱਕਾ ਸੁੱਟ ਕੇ ਫ਼ੈਸਲਾ ਕਰਨ ਬਾਰੇ ਸੋਚਿਆ। ਜੇ ਸਿਰ ਵਾਲਾ ਪਾਸਾ ਆਵੇ ਤਾਂ ਪਿੱਛੇ ਰਹਿ ਗਈ ਦੁਨੀਆਂ 'ਚ ਜਾਣ ਦਾ ਖ਼ਤਰਾ ਲੈਣਾ ਹੋਵੇਗਾ, ਜੇ ਪੂਛ ਵਾਲਾ ਪਾਸਾ ਆਵੇ ਤਾਂ ਮੈਂ ਸ਼ਹਿਰ ਵਿੱਚ ਮਜ਼ੇ ਲੁੱਟਣ ਵਾਲਿਆਂ ਦੀ ਭੀੜ ਵਿੱਚ ਜਾ ਰਲਾਂਗਾ। ਜੇ ਕੁਝ ਵੀ ਨਾ ਹੋਵੇ ਤੇ ਸਿੱਕਾ ਅੱਸੀ ਪਰਨੇ ਖੜਾ ਹੋਵੇ ਤਾਂ ਮੈਂ ਇਸ ਨੀਰਸ ਜੀਵਨ ਤੋਂ ਜਿਸ ਵਿੱਚ ਹੌਸਲੇ ਦੀ ਕੋਈ ਭਾਵਨਾ ਨਹੀਂ ਹੈ ਤੇ ਜੋ ਸੰਭੋਗ ਦੇ ਸੁਆਦਾਂ ਤੋਂ ਮਹਿਰੂਮ ਹੈ, ਉਸ ਪਾਸੇ ਵੱਲੋਂ ਆਪਣੇ ਕਦਮ ਮੋੜ ਲਵਾਂ।

1948 ਵਿੱਚ ਮੈਂ ਭਾਰਤੀ ਉੱਚ ਆਯੁਕਤ ਲੰਡਨ ਦੇ ਪ੍ਰੈਸ ਦਫ਼ਤਰ ਵਿੱਚ ਲੋਕ ਸੰਪਰਕ ਵਿਭਾਗ ਦਾ ਮੁੱਖੀ ਸੀ। ਕ੍ਰਿਸ਼ਨਾ ਮੇਨਨ ਉੱਚ ਆਯੁਕਤ ਸੀ। ਇਕ ਦਿਨ ਸ਼ਾਮ ਦੇ ਅਖ਼ਬਾਰ ਵਿੱਚ ਰਿਆਸਤ ਮੰਡੀ ਦੀ ਰਾਣੀ ਦੀ ਮੌਤ ਦੀ ਖ਼ਬਰ ਫ਼ੋਟੋ ਸਮੇਤ ਛਪੀ। ਸਪੱਸ਼ਟ ਸੀ ਕਿ ਉਹ ਜਵਾਨ ਸੀ ਤੇ ਮਰਨ ਸਮੇਂ ਸੁੰਦਰ ਵੀ ਬਹੁਤ ਸੀ।

ਅਗਲੀ ਸਵੇਰ ਜਦ ਮੈਂ ਦਫ਼ਤਰ ਵਿੱਚ ਸੀ ਤਾਂ ਇਕ ਮੁਲਾਕਾਤੀ ਮੈਨੂੰ ਮਿਲਣ ਆਇਆ। ਉਹ ਉੱਚਾ ਲੰਮਾ ਵਿਅਕਤੀ ਕਾਲੀ ਉੱਚੀ ਟੋਪੀ, ਕਾਲਾ ਕੋਟ ਤੇ ਟਾਈ ਲਾ ਕੇ ਤੇ ਧਾਰੀਦਾਰ ਪੈਂਟ ਪਾ ਕੇ ਆਇਆ। ਉਸ ਨੇ ਜਾਣ-ਪਛਾਣ ਕਰਾਉਂਦਿਆਂ ਕਿਹਾ ਕਿ ਮੈਂ ਮਿਸਟਰ ਕੇਨਿਯੁਉਨ ਹਾਂ ਤੇ "ਕੇਨਿਯੁਉਨ ਤੇ ਕੇਨਿਯੁਉਨ ਠੇਕੇਦਾਰਾਂ" ਦੀ ਫ਼ਰਮ ਦਾ ਮਾਲਕ ਹਾਂ। ਨਿਰਸੰਦੇਹ ਤੁਸੀਂ ਸਾਡੇ ਬਾਰੇ ਸੁਣਿਆ ਹੋਵੇਗਾ।

ਸੱਚਮੁੱਚ ਹੀ ਮੈਂ ਉਹਨਾਂ ਬਾਰੇ ਸੁਣਿਆ ਵੀ ਸੀ ਤੇ ਲੰਡਨ ਦੇ ਵੱਖ-ਵੱਖ ਭਾਗਾਂ ਵਿੱਚ ਉਹਨਾਂ ਦੇ ਦਫ਼ਤਰ ਵੇਖੇ ਸਨ ਜੋ ਬਲੂਤ ਦੀ ਲੱਕੜੀ ਦੇ ਪਾਲਿਸ਼ ਕੀਤੇ ਤਾਬੂਤ ਤੇ ਚਿੱਟੇ ਨਰਗਸੀ ਫੁੱਲਾਂ ਦੇ ਫੂਲਦਾਨ ਆਪਣੀਆਂ ਪ੍ਰਦਰਸ਼ਨ ਖਿੜਕੀਆਂ ਵਿੱਚ ਰੱਖਦੇ ਸਨ। ਤਾਬੂਤ ਦੇ ਠੇਕੇਦਾਰਾਂ ਦੀ, ਉਹਨਾਂ ਦੀ ਫ਼ਰਮ ਇੰਗਲੈਂਡ ਵਿੱਚ ਸਭ ਤੋਂ ਵੱਡੀ ਸੀ। ਮੈਂ ਮਿਸਟਰ ਕੇਨਿਯੁਉਨ ਨੂੰ ਯਕੀਨ ਦੁਆਇਆ ਕਿ ਮੈਂ ਉਹਨਾਂ ਦੀ ਮਹੱਤਤਾ ਤੋਂ ਪੂਰੀ ਤਰ੍ਹਾਂ ਸੁਚੇਤ ਹਾਂ।

ਉਸ ਨੇ ਉੱਤਰ ਵਿੱਚ ਕਿਹਾ, "ਜਨਾਬ, ਆਪ ਦਾ ਸ਼ੁਕਰੀਆ" ਤੇ ਇਹ ਕਹਿੰਦਿਆਂ ਆਪਣੇ ਹੱਥ ਵਿਚਲਾ ਪਾਰਸਲ ਮੇਰੇ ਮੇਜ਼ 'ਤੇ ਰੱਖ ਦਿੱਤਾ। ਉਸ ਨੇ ਫਿਰ ਕਹਿਣਾ ਸ਼ੁਰੂ ਕੀਤਾ, "ਸ਼੍ਰੀਮਾਨ ਜੀ, ਤੁਸੀਂ ਮੰਡੀ ਦੀ ਰਾਣੀ ਦੀ ਮੌਤ ਦੀ ਖ਼ਬਰ ਤਾਂ ਜ਼ਰੂਰ ਪੜ੍ਹੀ ਹੋਵੇਗੀ।"

ਮੈਂ ਉਸ ਨੂੰ ਦੱਸਿਆ ਕਿ ਮੈਂ ਇਹ ਕੱਲ ਸ਼ਾਮ ਦੇ ਅਖ਼ਬਾਰ ਵਿੱਚ ਪੜ੍ਹੀ ਹੈ।

"ਬਹੁਤ ਅਫ਼ਸੋਸ ਹੈ, ਹੈ ਨਾ ?" ਉਸ ਨੇ ਮੂੰਹ ਲਟਕਾਉਂਦਿਆਂ ਹੋਇਆਂ ਕਿਹਾ। ਮੈਂ ਵੀ ਮੂੰਹ ਲਟਕਾਉਂਦਿਆਂ ਉਦਾਸੀ ਨਾਲ ਕਿਹਾ, "ਬਹੁਤ ਹੀ ਅਫ਼ਸੋਸ ਹੈ।"

ਮਿਸਟਰ ਕੇਨਿਯੁਉਨ ਨੇ ਉਹ ਪਾਰਸਲ ਖੋਲ੍ਹਣਾ ਸ਼ੁਰੂ ਕੀਤਾ ਜੋ ਉਹ ਲੈ ਕੇ ਆਇਆ ਸੀ ਤੇ ਫਿਰ ਬੋਲਣਾ ਸ਼ੁਰੂ ਕੀਤਾ :

"ਭਾਵੇਂ ਸਾਨੂੰ ਗੁਜ਼ਰ ਗਏ ਲੋਕਾਂ ਦੇ ਦਫ਼ਨ-ਕਫ਼ਨ ਦਾ ਬਹੁਤ ਤਜਰਬਾ ਹੈ, ਪਰ ਇਹ ਕੰਮ ਸਾਡੇ ਲਈ ਨਵਾਂ ਹੈ।" ਉਸ ਨੇ ਪਾਰਸਲ ਦੀਆਂ ਰੱਸੀਆਂ ਖੋਲ੍ਹੀਆਂ ਤੇ ਉਸ ਨੇ

ਉਸ ਵਿਚੋਂ ਚਮਕਾਂ ਮਾਰਦੀ ਸੰਤਰੀ ਰੰਗ ਦੀ ਰੇਸ਼ਮੀ ਸਾੜੀ ਜਿਸ ਦੀਆਂ ਸੁਨਹਿਰੀ ਕੰਨੀਆਂ ਸਨ, ਬਾਹਰ ਕੱਢੀ। "ਮਹਾਰਾਣੀ ਨੇ ਇਹ ਵਸੀਅਤ ਕੀਤੀ ਹੈ ਕਿ ਉਹਦੇ ਦਾਹ ਸਸਕਾਰ ਵੇਲੇ ਉਸ ਦੀ ਲਾਸ਼ ਨੂੰ ਉਹਦੀ ਮਨ-ਪਸੰਦ ਸਾੜੀ ਵਿੱਚ ਲਪੇਟਿਆ ਜਾਵੇ ਜੋ ਉਸ ਨੇ ਆਪਣੀ ਸ਼ਾਦੀ ਵੇਲੇ ਪਹਿਨੀ ਸੀ। ਬਾਵਜੂਦ ਸਾਡੇ ਲੰਬੇ ਤਜਰਬੇ ਦੇ ਅਸੀਂ ਇਹ ਨਹੀਂ ਜਾਣਦੇ ਕਿ ਭਾਰਤੀ ਇਸਤਰੀਆਂ ਸਾੜੀ ਕਿਵੇਂ ਲਾਉਂਦੀਆਂ ਹਨ? ਮੈਂ ਇਸ ਸੰਬੰਧ ਵਿੱਚ ਆਪ ਦੀ ਸਹਾਇਤਾ ਲੈਣ ਦੀ ਖੁਲ੍ਹ ਲਈ ਹੈ।"

ਇਕ ਪਲ ਰੁਕੇ ਬਗ਼ੈਰ ਮੈਂ ਉੱਤਰ ਦਿੱਤਾ, "ਮਿਸਟਰ ਕੇਨਿਯੂਨ, ਮੈਨੂੰ ਅਫ਼ਸੋਸ ਹੈ ਕਿ ਮੈਨੂੰ ਭਾਵੇਂ ਕੁਝ ਸਾੜੀਆਂ ਉਤਾਰਨ ਦਾ ਅਨੁਭਵ ਤਾਂ ਹੈ, ਪ੍ਰੰਤੂ ਮੈਨੂੰ ਇਹਨਾਂ ਦੇ ਪਹਿਨਣ ਦਾ ਕੋਈ ਤਜਰਬਾ ਨਹੀਂ ਹੈ।"

ਮਿਸਟਰ ਕੇਨਿਯੂਨ ਨੇ ਬਹੁਤ ਗੁੱਸਾ ਕੀਤਾ। ਉਸ ਨੇ ਸਾੜੀ ਪਾਰਸਲ ਵਿੱਚ ਰੱਖ ਲਈ ਤੇ ਆਪਣੇ 6 ਤੋਂ ਕੁਝ ਵੱਧ ਇੰਚ ਲੰਬੇ ਸਰੀਰ ਨਾਲ ਹੰਭਲਾ ਮਾਰ ਕੇ ਉੱਠਿਆ। ਉਸ ਨੇ ਕਾਲਾ ਟੋਪ ਪਹਿਨ ਲਿਆ ਤੇ ਮੇਰੇ ਕਮਰੇ 'ਚੋਂ ਇਹ ਕਹਿੰਦਾ ਬਾਹਰ ਤੁਰ ਗਿਆ, "ਸ੍ਰੀਮਾਨ ਜੀ, ਸ਼ੁਭ ਦਿਨ ਬੀਤੇ।"

ਉਹ ਸਿੱਧਾ ਹਾਈ ਕਮਿਸ਼ਨਰ ਦੇ ਦਫ਼ਤਰ ਤੀਸਰੀ ਮੰਜ਼ਿਲ 'ਤੇ ਜਾ ਪਹੁੰਚਿਆ ਤੇ ਮੇਰੇ ਉਜੱਡਤਾ ਭਰਪੂਰ ਵਤੀਰੇ ਵਿਰੁੱਧ ਸ਼ਿਕਾਇਤ ਕਰ ਦਿੱਤੀ।

ਉਹ ਕੁਝ ਭਾਰਤੀ ਲੜਕੀਆਂ ਦੀ ਟੋਲੀ ਤੋਂ ਜੋ ਉੱਥੇ ਹਾਈ ਕਮਿਸ਼ਨਰ ਦੇ ਦਫ਼ਤਰ ਵਿੱਚ ਟਾਈਪ ਵਿਭਾਗ ਵਿੱਚ ਸਨ, ਤੋਂ ਸਾੜੀ ਪਹਿਨਣ ਦੀਆਂ ਹਿਦਾਇਤਾਂ ਲੈ ਕੇ ਚਲਾ ਗਿਆ। ਉਸ ਦੇ ਜਾਣ ਪਿੱਛੋਂ, ਮੈਨੂੰ ਹਾਈ ਕਮਿਸ਼ਨਰ ਨੇ ਬੁਲਾਇਆ।

"ਸਰਦਾਰ, ਕੀ ਤੁਸੀਂ ਮਖ਼ੌਲ ਕਰਨ ਤੋਂ ਬਾਜ਼ ਨਹੀਂ ਰਹਿ ਸਕਦੇ?" ਤੇ ਫਿਰ ਉਸ ਨੇ ਮੇਰੀ ਵੱਲ ਮੁਸਕਰਾਹਟ ਬਖੇਰ ਦਿੱਤੀ।

ਭਾਗ—I

ਦਲਾਈਲਾਮਾ ਦੇ ਮੌਤ ਬਾਰੇ ਵਿਚਾਰ

ਮੈਂ ਕਿਹਾ, "ਮੈਂ ਨਾ ਤਾਂ ਪੁਨਰ-ਜਨਮ ਵਿੱਚ ਵਿਸ਼ਵਾਸ ਕਰਦਾ ਹਾਂ ਤੇ ਨਾ ਹੀ ਹਸ਼ਰ ਦੇ ਦਿਨ ਵਿੱਚ, ਜਿਸ ਪਿੱਛੋਂ ਵਿਅਕਤੀ ਨੂੰ ਸਵਰਗ ਜਾਂ ਨਰਕ ਵਿੱਚ ਭੇਜਿਆ ਜਾਂਦਾ ਹੈ। ਕਿਸੇ ਬਾਰੇ ਵੀ ਕੋਈ ਵਿਗਿਆਨਿਕ ਪ੍ਰਮਾਣ ਨਹੀਂ ਹੈ। ਮੇਰੇ ਲਈ ਮੌਤ ਅੰਤਿਮ-ਵਿਰਾਮ ਹੈ।

ਤੁਹਾਡਾ ਇਸ ਕਥਨ ਬਾਰੇ ਕੀ ਪ੍ਰਤੀਕਰਮ ਹੈ?"

ਦਲਾਈਲਾਮਾ ਉੱਤਰ ਦੇਣ ਤੋਂ ਪਹਿਲਾਂ ਖੁੱਲ੍ਹ ਕੇ ਹੱਸਿਆ। ਉਸ ਨੇ ਕਿਹਾ, "ਜਿੱਥੋਂ ਤੱਕ ਮੇਰਾ ਸੰਬੰਧ ਹੈ, ਮੇਰੇ ਵਿਚਾਰ ਵਿੱਚ ਇਹ ਤੁਹਾਡੇ ਹੱਥ ਵੱਸ ਹੈ ਕਿ ਤੁਸੀਂ ਉਸ ਨੂੰ ਹੀ, ਜੋ ਤੁਹਾਨੂੰ ਪਸੰਦ ਹੈ, ਉਸ 'ਤੇ ਹੀ ਵਿਸ਼ਵਾਸ ਕਰੋ। ਇਸ ਨੂੰ ਪ੍ਰਵਾਨ ਜਾਂ ਅਪ੍ਰਵਾਨ ਕਰਨਾ ਤੁਹਾਡੀ ਮਰਜ਼ੀ ਹੈ। ਇਹ ਤੁਹਾਡਾ ਮਾਮਲਾ ਹੈ।"

ਮੈਂ ਇਤਰਾਜ਼ ਕਰਦਿਆਂ ਕਿਹਾ, "ਕੀ ਇਹ ਮੰਨ ਲੈਣਾ ਵਧੇਰੇ ਈਮਾਨਦਾਰੀ ਨਹੀਂ ਕਿ ਤੁਸੀਂ ਨਹੀਂ ਜਾਣਦੇ ਕਿ ਮੌਤ ਪਿੱਛੋਂ ਕੀ ਹੁੰਦਾ ਹੈ?"

ਦਲਾਈਲਾਮਾ ਨੇ ਢਿੱਲੇ ਪੈਂਦਿਆਂ ਕਿਹਾ, "ਤੁਹਾਨੂੰ ਇਕ ਚੰਗਾ ਤੇ ਈਮਾਨਦਾਰ ਪੁਰਸ਼ ਬਣਨ ਦੀ ਲੋੜ ਹੈ। ਉਸ ਬਾਰੇ ਦਲੀਲਬਾਜ਼ੀ ਵਿੱਚ ਪੈਣ ਦੀ ਲੋੜ ਨਹੀਂ।"

"ਪ੍ਰੰਤੂ ਮੈਨੂੰ ਮੌਤ ਦਾ ਭੈਅ ਹੈ। ਜੀਵਨ ਅਨੰਦਦਾਇਕ ਵਸਤੂਆਂ ਨਾਲ ਭਰਪੂਰ ਹੈ। ਮੈਂ ਇਹਨਾਂ ਤੋਂ ਵੰਚਿਤ ਨਹੀਂ ਹੋਣਾ ਚਾਹੁੰਦਾ।"

ਉਸ ਨੇ ਮੇਰੇ ਕਥਨ ਨੂੰ ਅੱਗੇ ਤੋਰਦਿਆਂ ਕਿਹਾ, "ਪਰ ਇਹ ਦੁੱਖਾਂ ਨਾਲ ਵੀ ਭਰਪੂਰ ਹੈ।"

"ਹਾਂ।" ਮੈਂ ਮੰਨ ਗਿਆ। "ਪ੍ਰੰਤੂ ਇਹ ਦੁੱਖ ਇਸ ਸਮੇਂ ਮੈਨੂੰ ਨਹੀਂ ਸਤਾਉਂਦੇ। ਜਦੋਂ ਦੁੱਖ ਤੰਗ ਕਰਨਗੇ, ਉਸ ਸਮੇਂ ਸ਼ਾਇਦ ਮੈਂ ਜਿਊਣਾ ਨਾ ਚਾਹਾਂ, ਪ੍ਰੰਤੂ ਇਸ ਸਮੇਂ ਮੈਂ ਮਰਨਾ ਨਹੀਂ ਚਾਹੁੰਦਾ। ਮੈਂ ਮਰਨ ਦੇ ਡਰ ਉੱਪਰ ਕਿਸ ਤਰ੍ਹਾਂ ਵਿਜੇ ਪ੍ਰਾਪਤ ਕਰਾਂ?"

ਮੌਤ ਬਾਰੇ ਅਨੇਕਾਂ ਗੱਲਾਂ ਐਸੀਆਂ ਹਨ, ਜਿਹਨਾਂ ਦਾ ਸਾਨੂੰ ਕੋਈ ਗਿਆਨ ਨਹੀਂ ਹੈ, ਜਿਵੇਂ ਯਾਦ ਸ਼ਕਤੀ ਬਾਰੇ। ਸਰੀਰ ਦੇ ਚਲੇ ਜਾਣ ਨਾਲ ਮਾਨਸਿਕ ਸ਼ਕਤੀਆਂ ਤਾਂ ਚਲੀਆਂ ਜਾਂਦੀਆਂ ਹਨ, ਪਰ ਇਕ ਹੋਰ ਤੱਤ ਹੈ ਜੋ ਦਿਮਾਗ ਦੇ ਕੋਸ਼ਾਣੂਆਂ ਤੋਂ ਪਰ੍ਹੇ ਹੈ। ਪਿਛਲੇ ਸਾਲ ਵਿਗਿਆਨੀਆਂ ਨੇ ਇਕ ਬੋਧੀ ਉੱਪਰ ਪ੍ਰਯੋਗ ਕੀਤਾ ਸੀ। ਉਸ ਨੇ ਇਕਾਗਰਤਾ ਨਾਲ ਪੂਰੇ 40 ਮਿੰਟ ਸਾਹ ਲੈਣ ਦੀ ਪ੍ਰਕਿਰਿਆ ਰੋਕ ਲਈ ਸੀ।

"ਮੈਂ ਯਕੀਨ ਨਾਲ ਨਹੀਂ ਕਹਿ ਸਕਦਾ ਕਿ ਉਸ ਦੇ ਦਿਲ ਦੀ ਧੜਕਣ ਬੰਦ ਹੋ ਗਈ ਸੀ ਜਾਂ ਨਹੀਂ, ਪ੍ਰੰਤੂ ਉਸ ਨੂੰ ਮ੍ਰਿਤਕ ਘੋਸ਼ਿਤ ਨਹੀਂ ਕੀਤਾ ਗਿਆ ਸੀ ਕਿਉਂਕਿ ਉਹ ਫਿਰ ਜੀਵਿਤ ਹੋ ਗਿਆ ਸੀ। ਇਸ ਤੋਂ ਸਿੱਧ ਹੁੰਦਾ ਹੈ ਕਿ ਸੋਚ-ਸ਼ਕਤੀ ਤੋਂ ਵੱਖਰੀ ਵੀ ਕੋਈ ਸ਼ਕਤੀ ਹੈ—ਸ਼ਾਇਦ ਇਹ ਮਨ ਜਾਂ ਜੀਵਨ-ਸ਼ਕਤੀ ਹੋਵੇ। ਦਿਮਾਗ਼ ਕੰਮ ਕਰਨਾ ਬੰਦ ਕਰ ਦਿੰਦਾ ਹੈ, ਪਰ ਮਨ ਐਸਾ ਨਹੀਂ ਕਰਦਾ। ਤੁਸੀਂ ਉਸ ਸ਼ਕਤੀ ਨੂੰ ਸਿਧਾ ਸਕਦੇ ਹੋ, ਅਭਿਆਸ ਦੁਆਰਾ ਸਿਖਲਾਈ ਦੇ ਸਕਦੇ ਹੋ। ਉਸ ਸਿਖਲਾਈ ਨਾਲ ਹੀ ਕੁਝ ਲੋਕਾਂ ਨੂੰ ਆਪਣੇ ਪਿਛਲੇ ਜਨਮਾਂ ਦਾ ਬੋਧ ਹੋ ਜਾਂਦਾ ਹੈ। ਉਸ ਨੇ ਦੋ ਲੜਕੀਆਂ ਦੀ ਮਿਸਾਲ ਦਿੱਤੀ ਜਿਨ੍ਹਾਂ ਨੂੰ ਆਪਣੇ ਪਿਛਲੇ ਜਨਮ ਦਾ ਗਿਆਨ ਸੀ। ਇਕ ਲੜਕੀ ਅੰਬਾਲੇ ਤੋਂ ਸੀ ਤੇ ਦੂਸਰੀ ਕਾਨ੍ਹਪੁਰ ਤੋਂ। ਹੁਣ ਉਹਨਾਂ ਦੇ ਮਾਪਿਆਂ ਦੇ ਚਾਰ-ਚਾਰ ਜੁੱਟ ਹਨ—ਦੋ-ਦੋ ਇਸ ਜਨਮ ਦੇ, ਦੋ-ਦੋ ਪਿਛਲੇ ਜਨਮਾਂ ਦੇ। ਅਜਿਹਾ ਕੁਝ ਵਾਪਰਦਾ ਹੀ ਹੈ। ਮੇਰੀ ਆਪਣੀ ਜੀਵਨ-ਕਹਾਣੀ ਵੀ ਐਸੀ ਹੀ ਹੈ। ਇਸੇ ਕਾਰਨ ਅਸੀਂ ਪੁਨਰ-ਜਨਮ ਵਿੱਚ ਵਿਸ਼ਵਾਸ ਕਰਦੇ ਹਾਂ। ਕਿਉਂਕਿ ਇਸ ਤਰ੍ਹਾਂ ਹੁੰਦਾ ਹੈ, ਇਸ ਲਈ ਅਸੀਂ ਇਸ ਨੂੰ ਵਿਗਿਆਨਕ ਪ੍ਰਮਾਣ ਮੰਨਦੇ ਹਾਂ ਤੇ ਪ੍ਰਵਾਨ ਕਰਦੇ ਹਾਂ। ਵਰਤਮਾਨ ਸਮੇਂ ਵਾਲਾ ਸਾਡਾ ਸਰੀਰ ਪਿਛਲੇ ਜਨਮ ਦੀ ਲਗਾਤਾਰਤਾ ਹੈ, ਪੁਨਰ-ਆਰੰਭ ਹੈ। ਅਣਜੰਮੇ ਬੱਚੇ ਦੇ ਪਿਤਾ ਦੇ ਸ਼ੁਕਰਾਣੂ ਦਾ ਮਾਂ ਦੇ ਅੰਡੇ ਨਾਲ ਮੇਲ ਹੋਣਾ ਤੇ ਗਰਭ ਠਹਿਰਨ ਤੱਕ ਇਕ ਅਣਜੰਮੇ ਬੱਚੇ ਦਾ ਇਕ ਨਵਜਾਤ ਬੱਚੇ ਤੱਕ ਦਾ ਸਫ਼ਰ ਇਕ ਕੜੀ ਹੈ ਜਾਂ ਪੁਨਰ-ਆਰੰਭ ਹੀ ਹੁੰਦਾ ਹੈ। ਸਦਾ ਹੀ ਗਰਭ ਠਹਿਰਨਾ ਸੰਭਵ ਨਹੀਂ ਹੁੰਦਾ। ਇਸ ਦਾ ਇਕ ਤੀਸਰਾ ਕਾਰਕ ਵੀ ਹੁੰਦਾ ਹੈ ਜੋ ਮਨ ਜਾਂ ਚੇਤਨਾ ਹੈ ਤੇ ਜੋ ਨਿਰੰਤਰਤਾ ਪ੍ਰਦਾਨ ਕਰਦਾ ਹੈ।"

ਉਸ ਨੇ ਆਪਣਾ ਨੁਕਤਾ ਸਪੱਸ਼ਟ ਕਰਨ ਲਈ ਇਕ ਗਰਮ ਪਾਣੀ ਨਾਲ ਭਰੀ ਚਾਹਦਾਨੀ ਦੀ ਉਦਾਹਰਣ ਦਿੱਤੀ। ਉਸ ਦੀ ਗਰਮੀ ਜਾਂ ਤਾਪ ਅੱਗ ਦੇ ਪ੍ਰਭਾਵ ਕਾਰਨ ਸੀ। ਇਹ ਠੰਢ ਦੇ ਪ੍ਰਭਾਵ ਕਾਰਨ ਜੰਮ ਵੀ ਜਾਏਗਾ, ਪ੍ਰੰਤੂ ਪਾਣੀ ਦੀ ਨਿਰੰਤਰ ਹੋਂਦ ਤੋਂ ਬਿਨਾਂ ਇਸ ਦਾ ਗਰਮ ਜਾਂ ਠੰਡਾ ਹੋਣਾ ਸੰਭਵ ਨਹੀਂ ਹੈ। ਇਹੋ ਹੀ ਹਾਲਤ ਮਨ ਤੇ ਸਰੀਰ ਦੀ ਹੈ। ਪੂਰਬਲੇ ਮਨ ਤੋਂ ਬਿਨਾਂ ਵਰਤਮਾਨ ਸਮੇਂ ਦੇ ਮਨ ਦੀ ਹੋਂਦ ਸੰਭਵ ਨਹੀਂ ਹੈ।

ਫਿਰ ਮੈਂ ਪੂਰਵ-ਨਿਰਧਾਰਿਤ ਵਿਚਾਰ ਤੋਂ ਬਿਨਾਂ ਆਖ਼ਰੀ ਸੁਆਲ ਕਰ ਦਿੱਤਾ। "ਲੋਕ ਪ੍ਰਾਰਥਨਾ ਕਿਉਂ ਕਰਦੇ ਹਨ? ਕਾਤਲ ਵੀ ਕਤਲ ਕਰਨ ਜਾਣ ਸਮੇਂ ਸਫ਼ਲਤਾ ਲਈ ਪ੍ਰਾਰਥਨਾ ਕਰਦੇ ਹਨ। ਬਹੁਤੇ ਲੋਕ ਧਨ ਜਾਂ ਚੰਗੀ ਸਿਹਤ ਲਈ ਪ੍ਰਾਰਥਨਾ ਕਰਦੇ ਹਨ।"

ਉਸ ਨੇ ਉੱਤਰ ਦਿੱਤਾ, "ਬੁੱਧ ਧਰਮ ਉੱਚਤਮ ਹਸਤੀ ਅੱਗੇ ਅਗਵਾਈ ਲਈ ਬੇਨਤੀ ਕਰਦਾ ਹੈ। ਇਸ ਦਾ ਪ੍ਰਭਾਵ ਸੀਮਤ ਹੁੰਦਾ ਹੈ। ਅੰਤ ਆਦਮੀ ਆਪਣੇ ਕਰਮਾਂ ਦਾ ਜ਼ਿੰਮੇਵਾਰ ਹੀ ਹੁੰਦਾ ਹੈ। ਜੇ ਕੋਈ ਗ਼ਲਤ ਕੰਮ ਕਰਦਾ ਹੈ ਤਾਂ ਉਸ ਨੂੰ ਬੁੱਧ ਵੀ ਬਚਾ ਨਹੀਂ ਸਕਦਾ। ਹਰ ਕੋਈ ਆਪਣਾ ਆਪ ਮਾਲਕ ਹੈ।"

ਫਿਰ ਮੈਂ ਮੌਤ ਤੇ ਜੀਵਨ ਮਗਰੋਂ ਦੀ ਅਵਸਥਾ ਵੱਲ ਮੁੜ ਪਿਆ। ਮੈਂ ਕਿਹਾ, "ਹੇ ਹਜ਼ਰਤ! ਮੈਂ ਇਹ ਜਾਣਦਾ ਹਾਂ ਕਿ ਬੁੱਧ ਧਰਮ ਦੇ ਰੱਬ ਬਾਰੇ ਵਿਚਾਰ ਸਪੱਸ਼ਟ ਹਨ। ਮੈਂ

ਉਹਨਾਂ ਨੂੰ ਹੀ ਸਵੀਕਾਰ ਕਰਦਾ ਹਾਂ, ਪ੍ਰੰਤੂ ਮੈਂ ਤੁਹਾਡੇ ਪੁਨਰ-ਜਨਮ ਵਾਲੇ ਵਿਚਾਰ ਨੂੰ ਪ੍ਰਵਾਨ ਨਹੀਂ ਕਰ ਸਕਦਾ। ਇਸ ਦੀ ਪ੍ਰੌੜ੍ਹਤਾ ਲਈ ਕੋਈ ਵਿਗਿਆਨਕ ਆਧਾਰ ਨਹੀਂ ਹੈ।

ਦਲਾਈਲਾਮਾ ਨੇ ਫਿਰ ਉਹਨਾਂ ਬੱਚਿਆਂ ਦੀਆਂ ਕਹਾਣੀਆਂ ਵਰਣਨ ਕਰਨੀਆਂ ਸ਼ੁਰੂ ਕਰ ਦਿੱਤੀਆਂ, ਜਿਹਨਾਂ ਨੂੰ ਆਪਣੇ ਪੂਰਬਲੇ ਜਨਮਾਂ ਦੀਆਂ ਗੱਲਾਂ, ਉਹਨਾਂ ਮਾਪਿਆਂ ਤੇ ਥਾਵਾਂ ਦੇ ਨਾਮ ਯਾਦ ਸਨ ਜਿੱਥੇ ਉਹ ਪੈਦਾ ਹੋਏ ਸਨ।

ਮੈਂ ਉਸ ਨੂੰ ਟੋਕਿਆ। ਮੈਂ ਕਿਹਾ, "ਹਜ਼ਰਤ! ਇਹ ਉਹਨਾਂ ਬਾਲਕਾਂ ਦੀਆਂ ਕਲਪਨਾਵਾਂ ਹਨ ਜੋ ਹਿੰਦੂ, ਜੈਨ, ਬੋਧੀ ਜਾਂ ਸਿੱਖ ਪਰਿਵਾਰਾਂ ਵਿੱਚ ਪੈਦਾ ਹੋਏ ਹਨ ਜਿੱਥੇ ਉਹ ਵੱਡਿਆਂ ਨੂੰ "ਪਿਛਲੇ ਤੇ ਅਗਲੇ ਜਨਮ" ਬਾਰੇ ਗੱਲਾਂ ਕਰਦੇ ਸੁਣਦੇ ਰਹਿੰਦੇ ਹਨ। ਕੀ ਤੁਸੀਂ ਮੈਨੂੰ ਕਿਸੇ ਮੁਸਲਮਾਨ ਬਾਲਕ ਦੀ ਉਦਾਹਰਣ ਦੇ ਸਕਦੇ ਹੋ ਜੋ ਆਪਣੇ ਪਿਛਲੇ ਜਨਮ ਜਾਂ ਪਿਛਲੀ ਹੋਂਦ ਨੂੰ ਚੇਤੇ ਕਰਦਾ ਹੋਵੇ।"

ਦਲਾਈਲਾਮਾ ਨੇ ਫਿਰ ਹਾਸੇ ਦਾ ਠਹਾਕਾ ਮਾਰਿਆ ਤੇ ਉੱਤਰ ਦਿੱਤਾ, "ਤੁਸੀਂ ਇਸ ਨੁਕਤੇ 'ਤੇ ਜੇਤੂ ਜਾਪਦੇ ਹੋ। ਤੁਹਾਡੀ ਗੱਲ ਵਿੱਚ ਵਜ਼ਨ ਹੈ, ਪ੍ਰੰਤੂ ਜੇ ਮੈਂ ਪੁਨਰ-ਜਨਮ ਵਿੱਚ ਵਿਸ਼ਵਾਸ ਨਾ ਕਰਾਂ ਤਾਂ ਮੇਰਾ ਸਾਰਾ ਕਾਰੋਬਾਰ ਹੀ ਚੌਪੱਟ ਹੋ ਜਾਵੇ।"

ਮੌਤ ਦਾ ਭੈਅ ਤੇ ਆਚਾਰੀਆ ਰਜਨੀਸ਼

ਇਕੋ ਵਾਰ ਹੀ ਜਦ ਮੈਂ ਆਚਾਰੀਆ ਰਜਨੀਸ਼ ਨੂੰ ਮਿਲਿਆ ਤਾਂ ਮੈਂ ਉਸ ਨੂੰ ਮੌਤ ਬਾਰੇ ਪ੍ਰਸ਼ਨ ਕੀਤਾ। ਸਾਡੀ ਗੱਲਬਾਤ ਬਹੁਤੀ ਗੰਭੀਰ ਜਾਂ ਡੂੰਘਿਆਈ ਵਾਲੀ ਨਹੀਂ ਸੀ। ਕਿਉਂ ਇਹ ਉਸ ਸਾਧਾਰਣ ਉਕਤੀ ਦੇ ਪੁਨਰ-ਕਥਨ ਤੋਂ ਅੱਗੇ ਨਹੀਂ ਜਾ ਸਕੀ ਕਿ ਮੌਤ ਅਟੱਲ ਹੈ, ਅਸੀਂ ਇਸ ਤੋਂ ਕਿਉਂ ਡਰਦੇ ਹਾਂ? ਕੀ ਇਸ ਡਰ ਤੋਂ ਮੁਕਤੀ ਪਾਉਣ ਦਾ ਕੋਈ ਰਸਤਾ ਹੈ? ਕੀ ਅਸੀਂ ਜਾਣਦੇ ਹਾਂ ਕਿ ਮੌਤ ਪਿਛੋਂ ਸਾਡੇ ਨਾਲ ਕੀ ਵਾਪਰਦਾ ਹੈ? ਇਤਿਆਦ। ਆਚਾਰੀਆ ਨੇ ਆਪਣੇ ਸਾਰੇ ਵਿਚਾਰ ਆਪਣੀ ਸੌ ਪੰਨਿਆਂ ਦੀ ਛੋਟੀ ਜਿਹੀ ਕਿਤਾਬੜੀ, "ਮੌਤ–ਸਭ ਤੋਂ ਵੱਡਾ ਝੂਠਾ ਬਿਰਤਾਂਤ" ਵਿੱਚ ਇਕੱਠੇ ਕਰ ਦਿੱਤੇ ਹਨ। ਮੈਨੂੰ ਇਕ ਗੰਭੀਰ ਤੇ ਬੇਚੈਨ ਕਰਨ ਵਾਲੇ ਵਿਸ਼ੇ ਬਾਰੇ ਉਸ ਦੇ ਨਿਰੂਪਣ ਤੇ ਵਰਤਾਰੇ ਨੇ ਨਿਰਾਸ਼ ਕੀਤਾ ਹੈ। ਮੌਤ ਕੋਰੀ ਕਲਪਨਾ ਜਾਂ ਝੂਠ ਨਹੀਂ ਹੈ, ਇਹ ਇਕ ਗੰਭੀਰ ਸੱਚਾਈ ਹੈ, ਜ਼ਿੰਦਗੀ ਵਿੱਚ ਕਿਸੇ ਹੋਰ ਚੀਜ਼ ਨਾਲੋਂ ਵਧੇਰੇ ਹਕੀਕੀ।

ਆਚਾਰੀਆ ਕੋਲ ਜ਼ਿੰਦਗੀ ਦੇ ਜਟਿਲ ਤੇ ਸੂਖਮ ਵਿਸ਼ਿਆਂ ਨੂੰ ਸੁਬੋਧ ਬਣਾਉਣ ਤੇ ਅਰਥ-ਭਰਪੂਰ ਕਥਾਵਾਂ ਨਾਲ ਸਪੱਸ਼ਟ ਕਰਨ ਦੀ ਅਦੁੱਤੀ ਸ਼ੈਲੀ ਹੈ। ਜਿਸ ਢੰਗ ਨਾਲ ਉਹ ਬਿਨਾਂ ਉਚੇਚ ਅਤੇ ਤਿਆਰੀ ਦੇ ਪੈਗੰਬਰਾਂ ਤੇ ਦਾਰਸ਼ਨਿਕਾਂ ਦੇ ਦਾਅਵਿਆਂ ਦਾ ਮਖ਼ੌਲ ਉਡਾਉਂਦਾ ਹੈ, ਉਹ ਨਵਾਂ ਹੁਲਾਸ ਦੇਣ ਵਾਲਾ ਹੈ। ਪਰ ਇਸ ਵਾਰ ਉਹ ਕਿਸੇ ਨੂੰ ਕਾਇਲ ਨਹੀਂ ਕਰ ਸਕਿਆ।

ਉਹ ਆਪਣਾ ਪ੍ਰਵਚਨ ਮੌਤ ਦੇ ਆਪਣੇ ਪਹਿਲੇ ਪ੍ਰਭਾਵ ਨਾਲ ਸ਼ੁਰੂ ਕਰਦਾ ਹੈ। ਉਹ ਉਸ ਸਮੇਂ ਸਿਰਫ਼ ਸੱਤ ਸਾਲ ਦਾ ਸੀ। ਉਹ ਆਪਣੇ ਬੀਮਾਰ ਦਾਦੇ ਨੂੰ ਬੈਲ-ਗੱਡੀ 'ਤੇ ਲੈ ਕੇ ਹਸਪਤਾਲ ਲਿਜਾ ਰਿਹਾ ਸੀ। ਉਸ ਦੀ ਦਾਦੀ ਤੇ ਗਾਡੀਵਾਨ ਹੀ ਉਸ ਦੇ ਸਾਥੀ ਸਨ।

ਰਾਹ ਵਿੱਚ ਹੀ ਉਸ ਦਾ ਦਾਦਾ ਜੋ ਮਸਾਂ 50 ਸਾਲ ਦਾ ਸੀ, ਸਰੀਰ ਛੱਡ ਗਿਆ। ਉਸ ਦੇ ਆਖ਼ਰੀ ਸ਼ਬਦ ਸਨ, "ਹੇ ਪ੍ਰਮਾਤਮਾ! ਜੋ ਜ਼ਿੰਦਗੀ ਤੂੰ ਮੈਨੂੰ ਦਿੱਤੀ ਸੀ, ਮੈਂ ਧੰਨਵਾਦ ਸਹਿਤ ਤੇਰੇ ਹਵਾਲੇ ਕਰਦਾ ਹਾਂ।" ਗੱਡੇ ਵਿੱਚ ਬੈਠਿਆਂ 'ਚੋਂ ਕਿਸੇ ਨੇ ਵੀ ਅੱਥਰੂ ਨਾ ਕੇਰੇ। ਜਦੋਂ ਦਾਦੀ ਨੂੰ ਦੱਸਿਆ ਗਿਆ ਕਿ ਉਹਦੇ ਪਤੀ ਨੇ ਸਾਹ ਛੱਡ ਦਿੱਤੇ ਹਨ ਤਾਂ ਉਸ ਨੇ ਰਜਨੀਸ਼ ਨੂੰ ਤਸੱਲੀ ਦਿੰਦਿਆਂ ਕਿਹਾ, "ਸਭ ਠੀਕ ਹੈ, ਉਹ ਕਾਫ਼ੀ ਸਮਾਂ ਜੀ ਚੁੱਕਿਆ ਹੈ, ਹੋਰ ਵਧੇਰੇ ਆਯੂ ਮੰਗਣ ਦੀ ਲੋੜ ਨਹੀਂ।...ਯਾਦ ਰੱਖੋ, ਕੁਝ ਪਲ ਐਸੇ ਹੁੰਦੇ ਹਨ, ਜੋ ਅਭੁੱਲ ਹੁੰਦੇ ਹਨ। ਹੋਰ ਵਧੇਰੇ ਦੀ ਮੰਗ ਨਾ ਕਰੋ। ਜੋ ਹੈ, ਕਾਫ਼ੀ ਹੈ।" ਤੇ ਫਿਰ ਉਹ ਗੀਤ ਗਾਉਣ ਲੱਗ ਪਈ।

ਆਚਾਰੀਆ ਇਹ ਵਿਸ਼ਵਾਸ ਦੁਆਉਂਦਾ ਹੈ ਕਿ ਮੌਤ ਜ਼ਿੰਦਗੀ ਦਾ ਅੰਤ ਨਹੀਂ,

ਸਗੋਂ ਪ੍ਰਮਾਤਮਾ ਕੋਲ ਜਾਣ ਦਾ ਪ੍ਰਵੇਸ਼ ਦੁਆਰ ਹੈ। ਕਿਸੇ ਪ੍ਰਿਯ ਜਨ ਦੀ ਮੌਤ ਨਿਸਚੇ ਹੀ ਸਾਡੇ ਜੀਵਨ ਵਿੱਚ ਖ਼ਲਾਅ ਪੈਦਾ ਕਰਦੀ ਹੈ, ਪਰ ਕਿਉਂਕਿ ਜ਼ਿੰਦਗੀ ਵੀ ਨਿਰਾਰਥਕ ਹੈ, ਇਸ ਲਈ ਰੋਣ-ਕੁਰਲਾਉਣ ਵਾਲੀ ਕੋਈ ਗੱਲ ਨਹੀਂ। ਆਦਮੀ ਨੂੰ ਮੌਤ ਤੋਂ ਭੈਭੀਤ ਨਹੀਂ ਹੋਣਾ ਚਾਹੀਦਾ, ਸਗੋਂ ਇਸ ਨੂੰ ਇਕ ਲੰਬੀ ਨੀਂਦ ਸਮਝਣਾ ਚਾਹੀਦਾ ਹੈ ਜਿਸ ਪਿੱਛੋਂ ਤੁਸੀਂ ਇਕ ਸੋਨ-ਸਵੇਰ ਵਿੱਚ ਜਾਗਦੇ ਹੋ। ਉਹ ਲਿਖਦਾ ਹੈ : "ਜੋ ਲੋਕ ਮੌਤ ਤੋਂ ਡਰਦੇ ਹਨ ਉਹ ਨੀਂਦ ਵਿੱਚ ਵੀ ਆਰਾਮ ਨਹੀਂ ਲੈ ਸਕਦੇ ਕਿਉਂਕਿ ਨੀਂਦ ਵੀ ਅਲਪ-ਕਾਲੀਨ ਮੌਤ ਹੈ ਜੋ ਹਰ ਰੋਜ਼ ਆਉਂਦੀ ਹੈ। ਜੋ ਲੋਕ ਮੌਤ ਤੋਂ ਡਰਦੇ ਹਨ ਉਹ ਪਿਆਰ ਤੋਂ ਵੀ ਭੈਅ ਖਾਂਦੇ ਹਨ ਕਿਉਂਕਿ ਪਿਆਰ ਵੀ ਮੌਤ ਹੈ। ਉਹ ਲੋਕ ਜੋ ਮੌਤ ਤੋਂ ਡਰਦੇ ਹਨ ਉਹ ਸੰਭੋਗ ਦੇ ਅਨੁਭਵ ਤੋਂ ਵੀ ਡਰਦੇ ਹਨ ਕਿਉਂਕਿ ਹਰ ਵਾਰ ਸੰਭੋਗ ਕਰਨ ਨਾਲ ਹਉਂ ਦੀ ਮੌਤ ਹੁੰਦੀ ਹੈ, ਪਰ ਮੈਂ ਦਿਲੋਂ ਸਵੀਕਾਰ ਕਰਦਾ ਹਾਂ ਕਿ ਮੈਨੂੰ ਪਿਆਰ ਤੋਂ ਕੋਈ ਡਰ ਨਹੀਂ ਲੱਗਦਾ। ਮੈਂ ਸੰਭੋਗ ਨੂੰ ਵੀ ਸਰੀਰਕ ਆਨੰਦ ਦੀ ਸਿਖਰ ਮੰਨਦਾ ਹਾਂ। ਫਿਰ ਵੀ ਮੈਂ ਮੌਤ ਤੋਂ ਡਰਦਾ ਨਹੀਂ।

ਆਚਾਰੀਆ ਹੋਰ ਵੀ ਦਾਅਵੇ ਕਰਦਾ ਹੈ ਜੋ ਮੈਨੂੰ ਹੈਰਾਨ ਕਰ ਦਿੰਦੇ ਹਨ। ਉਹ ਦਾਅਵਾ ਕਰਦਾ ਹੈ ਕਿ ਮਰ ਰਿਹਾ ਵਿਅਕਤੀ ਇਕ ਝਲਕਾਰੇ ਵਿੱਚ ਆਪਣੇ ਸਾਰੇ ਜੀਵਨ 'ਤੇ ਝਾਤ ਪਾ ਲੈਂਦਾ ਹੈ, ਪਰ ਜੇ ਉਹਦੀਆਂ ਕੁਝ ਇੱਛਾਵਾਂ ਅਪੂਰਨ ਰਹਿ ਗਈਆਂ ਹੋਣ ਤਾਂ ਉਹਨਾਂ ਅਨੁਸਾਰ ਹੀ ਉਸ ਦੇ ਅਗਲੇ ਜੀਵਨ ਦਾ ਨਿਰਣਾ ਹੁੰਦਾ ਹੈ। ਉਹ ਕਹਿੰਦਾ ਹੈ ਕਿ "ਜੋ ਕੁਝ ਤੁਸੀਂ ਮਰਨ ਸਮੇਂ ਕਰਦੇ ਹੋ ਉਸ ਨੇ ਹੀ ਨਿਰਧਾਰਿਤ ਕਰਨਾ ਹੈ ਕਿ ਤੁਹਾਡਾ ਅਗਲਾ ਜਨਮ ਕੈਸਾ ਹੋਵੇਗਾ?"

ਜਦੋਂ ਰਜਨੀਸ਼ ਕਹਿੰਦਾ ਹੈ ਕਿ ਜ਼ਿੰਦਗੀ ਨੂੰ, ਜਿੱਥੋਂ ਤੱਕ ਸੰਭਵ ਹੋ ਸਕੇ, ਤੀਬਰਤਾ ਨਾਲ ਜੀਵਿਆ ਜਾਵੇ ਤਾਂ ਮੈਂ ਉਸ ਨਾਲ ਸਹਿਮਤ ਹਾਂ (ਭਾਵੇਂ ਉਹ ਇਹ ਕਹਿ ਕੇ ਆਪਣੇ ਪਹਿਲੇ ਕਥਨ ਦਾ ਵਿਰੋਧ ਕਰਦਾ ਹੈ, ਜਿੱਥੇ ਉਸ ਨੇ ਜੀਵਨ ਨੂੰ ਨਿਰਾਰਥਕ ਆਖਿਆ ਹੈ।) ਪ੍ਰੰਤੂ ਮੈਂ ਉਸ ਦਾ ਭਾਵ ਸਮਝ ਸਕਣ ਤੋਂ ਅਸਮਰੱਥ ਹਾਂ ਜਦੋਂ ਉਹ ਕਹਿੰਦਾ ਹੈ, "ਮੇਰੇ ਧਰਮ ਵਿੱਚ ਮੌਤ ਦਾ ਜਸ਼ਨ ਮਨਾਇਆ ਜਾਂਦਾ ਹੈ ਕਿਉਂਕਿ ਮੌਤ ਨਾਮ ਦੀ ਕੋਈ ਚੀਜ਼ ਨਹੀਂ। ਇਹ ਤਾਂ ਕੇਵਲ ਕਿਸੇ ਹੋਰ ਜ਼ਿੰਦਗੀ ਲਈ ਪ੍ਰਵੇਸ਼ ਦਾ ਨਾਮ ਹੈ। ਉਹ ਇਬਰਾਨੀ ਧਰਮਾਂ (ਯਹੂਦੀ, ਈਸਾਈ ਤੇ ਇਸਲਾਮ) ਦੇ ਇਸ ਸਿਧਾਂਤ 'ਚ ਨੁਕਸ ਕੱਢਦਾ ਹੈ ਕਿ ਵਿਅਕਤੀ ਦਾ ਇਕ ਹੀ ਜੀਵਨ ਹੁੰਦਾ ਹੈ। ਉਸ ਅਨੁਸਾਰ ਇਹੋ ਕਾਰਨ ਹੈ ਕਿ ਪੱਛਮੀ ਲੋਕ ਜੋ ਇਹਨਾਂ ਧਰਮਾਂ ਨੂੰ ਮੰਨਦੇ ਹਨ, ਕਾਹਲੀ-ਕਾਹਲੀ ਸਭ ਕੁਝ ਕਰਦੇ ਹਨ ਤੇ ਭਗਤੀ ਦੇ ਸਿਧਾਂਤ ਨੂੰ ਨਹੀਂ ਸਮਝਦੇ।

ਇਸ ਦੇ ਉਲਟ ਭਾਰਤੀ, ਜੋ ਪੁਨਰ-ਜਨਮ ਵਿੱਚ ਵਿਸ਼ਵਾਸ ਕਰਦੇ ਹਨ, ਉਹ ਸਮੇਂ ਦੀ ਤੰਗੀ ਮਹਿਸੂਸ ਨਹੀਂ ਕਰਦੇ। ਉਹ ਜੀਵਨ ਵਿੱਚ ਪ੍ਰਾਪਤੀ ਲਈ ਤੇ ਪੂਰਨਤਾ ਪ੍ਰਾਪਤ ਕਰਨ ਵਿੱਚ ਪਿੱਛੇ ਰਹਿੰਦੇ ਹਨ ਤੇ ਧਿਆਨ-ਮਗਨ ਰਹਿੰਦੇ ਹਨ।

ਆਚਾਰੀਆ ਰਜਨੀਸ਼ ਕਹਿੰਦਾ ਹੈ ਕਿ ਧਰਮ ਦੀ ਉਚਿਤਤਾ ਮੌਤ ਕਰਕੇ ਹੀ ਹੈ। ਜੇ ਮੌਤ ਨਾ ਹੁੰਦੀ ਤਾਂ ਕਿਸੇ ਨੂੰ ਵੀ ਧਰਮ ਦੀ ਪ੍ਰਵਾਹ ਨਾ ਹੁੰਦੀ। ਇੱਥੋਂ ਤੱਕ ਤਾਂ ਉਹ

ਠੀਕ ਹੈ, ਪਰ ਫਿਰ ਧਰਮ ਭਾਰਤ ਵਿੱਚ ਹੀ ਆਪਣੇ ਫ਼ਾਲਤੂ ਪ੍ਰਕਾਸ਼ ਵਿੱਚ ਕਿਉਂ ਪ੍ਰਤੱਖ ਹੈ ਜਿੱਥੇ ਕਿਸੇ ਹੋਰ ਥਾਂ ਨਾਲੋਂ ਬਹੁ-ਗਿਣਤੀ ਪੁਨਰ-ਜਨਮ ਵਿੱਚ ਵਧੇਰੇ ਵਿਸ਼ਵਾਸ ਰੱਖਦੀ ਹੈ? ਉਸ ਕੋਲ ਇਸ ਕਥਨ ਦਾ ਕੀ ਪ੍ਰਮਾਣ ਹੈ ਕਿ ਮੌਤ ਇਕ ਸੁੰਦਰ ਨੀਂਦਰ ਹੈ ਤੇ ਇਕ ਸੁਪਨਹੀਣ ਨੀਂਦ ਦੀ ਸਾਨੂੰ ਚੁੱਪਚਾਪ ਤੇ ਸ਼ਾਂਤੀ ਨਾਲ ਕਿਸੇ ਹੋਰ ਕਾਇਆ ਵਿੱਚ ਦਾਖ਼ਲ ਹੋਣ ਦੀ ਲੋੜ ਹੈ। ਉਹ ਇਹ ਦਾਅਵਾ ਵੀ ਕਰਦਾ ਹੈ ਕਿ ਜੋ ਬੇਸੁਰਤੀ 'ਚ ਮਰ ਜਾਂਦੇ ਹਨ, ਕਿਸੇ ਹੋਰ ਗ੍ਰਹਿ ਵਿੱਚ ਕਿਸੇ ਹੋਰ ਯੋਨੀ ਰਾਹੀਂ ਜਨਮ ਲੈਣਗੇ।

ਆਚਾਰੀਆ ਵੱਲੋਂ ਇਹ ਕਹਿਣਾ ਉੱਚਿਤ ਨਹੀਂ ਕਿ ਅਸੀਂ ਉਹਦੇ 'ਤੇ ਇਤਬਾਰ ਕਰਕੇ ਆਤਮਾ ਦੇ ਪੁਨਰ-ਜਨਮ ਦੇ ਸਿਧਾਂਤ ਨੂੰ ਪ੍ਰਵਾਨ ਕਰ ਲਈਏ। "ਇਹ ਮੇਰਾ ਅਨੁਭਵ ਹੈ...ਜਦੋਂ ਮੈਂ ਕਹਿੰਦਾ ਹਾਂ ਕਿ ਆਤਮਾ ਦਾ ਆਵਾਗਮਨ ਹੁੰਦਾ ਹੈ, ਇਹ ਮੇਰਾ ਅਨੁਭਵ ਹੈ। ਮੈਨੂੰ ਆਪਣੇ ਪਿਛਲੇ ਜਨਮ ਯਾਦ ਹਨ, ਮੈਂ ਦੇਹ-ਅੰਤਰਨ ਕੀਤਾ ਹੈ। ਮੇਰਾ ਇਸ 'ਤੇ ਸ਼ੱਕ ਕਰਨ ਦਾ ਸੁਆਲ ਹੀ ਨਹੀਂ, ਪਰ ਮੈਂ ਤੁਹਾਨੂੰ ਇਸ ਉੱਪਰ ਵਿਸ਼ਵਾਸ ਕਰਨ ਲਈ ਨਹੀਂ ਕਹਿੰਦਾ।" ਉਹ ਪਹਿਲਾਂ ਦੇਖੀ ਹੋਈ ਚੀਜ਼ ਦੀ ਗੱਲ ਕਰਦਾ ਹੈ ਜਿਵੇਂ ਕੁਝ ਲੋਕ ਜਦੋਂ ਕੋਈ ਨਵੀਂ ਥਾਂ 'ਤੇ ਜਾਂਦੇ ਹਨ ਤਾਂ ਕਹਿੰਦੇ ਹਨ ਕਿ ਉਹ ਥਾਂ ਉਹਨਾਂ ਪਹਿਲਾਂ ਵੇਖੀ ਹੈ। ਉਹ ਮਹਿਸੂਸ ਕਰਦੇ ਹਨ ਕਿ ਉਹਨਾਂ ਨੇ ਉਹ ਥਾਂ ਪਹਿਲਾਂ ਵੀ ਵੇਖਿਆ ਹੈ ਕਿਉਂਕਿ ਉਹਨਾਂ ਨੇ ਕਿਸੇ ਪਹਿਲੇ ਜਨਮ ਵਿੱਚ ਉਹ ਸਥਾਨ ਵੇਖਿਆ ਹੁੰਦਾ ਹੈ, ਪ੍ਰੰਤੂ ਕੋਈ ਤਰਕਵਾਦੀ ਜਾਂ ਨਾਸਤਕ ਇਸ ਦਲੀਲ 'ਤੇ ਵਿਸ਼ਵਾਸ ਨਹੀਂ ਕਰੇਗਾ।

ਮੈਂ ਜ਼ਿੰਦਗੀ ਬਾਰੇ ਆਮ ਪਹੁੰਚ ਤੱਕ ਤਾਂ ਉਸ ਨਾਲ ਸਹਿਮਤ ਹਾਂ। ਉਹ ਕਹਿੰਦਾ ਹੈ ਕਿ ਉਸ ਦੇ ਜੀਵਨ ਫ਼ਲਸਫ਼ੇ ਦਾ ਆਧਾਰ ਤਿੰਨ 'ਐਲ' ਹਨ : ਲਾਈਫ਼, ਲਵ, ਲਾਫ਼ਟਰ। ਜ਼ਿੰਦਗੀ (ਲਾਈਫ਼) ਬੀਜ ਹੈ, ਪਿਆਰ (ਲਵ) ਫੁੱਲ ਹੈ, ਹਾਸਾ (ਲਾਫ਼ਟਰ) ਮਹਿਕ ਹੈ।

ਪੈਦਾ ਹੋਣਾ ਹੀ ਕਾਫ਼ੀ ਨਹੀਂ, ਆਦਮੀ ਨੂੰ ਜਿਊਣ ਦੀ ਸ਼ੈਲੀ ਵੀ ਆਉਣੀ ਚਾਹੀਦੀ ਹੈ, ਤੇ ਉਹ ਚਿੰਤਨ ਦਾ ਪਹਿਲਾ ਅੱਖਰ ਹੈ। ਫਿਰ ਆਦਮੀ ਨੂੰ ਪ੍ਰੇਮ ਕਰਨ ਦੀ ਸ਼ੈਲੀ ਤੋਂ ਵੀ ਜਾਣੂ ਹੋਣਾ ਚਾਹੀਦਾ ਹੈ, ਇਹ ਚਿੰਤਨ ਦਾ ਦੂਸਰਾ ਅੱਖਰ ਹੈ ਤੇ ਫਿਰ ਆਦਮੀ ਨੂੰ ਹੱਸਣ ਦਾ ਗੁਣ ਵੀ ਸਿੱਖਣ ਦੀ ਜ਼ਰੂਰਤ ਹੈ, ਇਹ ਚਿੰਤਨ ਦਾ ਤੀਸਰਾ ਅੱਖਰ ਹੈ ਤੇ ਚਿੰਤਨ ਇਹਨਾਂ ਤਿੰਨਾਂ ਅੱਖਰਾਂ ਨਾਲ ਹੀ ਸੰਭਵ ਹੈ।

ਆਚਾਰੀਆ ਦੇ ਮੌਤ ਬਾਰੇ ਵਿਚਾਰ ਪਰਵਾਨ ਕਰ ਲੈਣੇ ਮੁਸ਼ਕਲ ਹਨ। ਉਸ ਨੇ ਆਪਣੇ-ਆਪ ਨੂੰ ਭਗਵਾਨ ਅਖਵਾ ਕੇ ਇਹ ਕਹਿਣ ਦਾ ਹੱਕ ਗੁਆ ਲਿਆ ਹੈ ਕਿ "ਮੈਂ ਨਹੀਂ ਜਾਣਦਾ।" ਕੋਈ ਵੀ, ਭਗਵਾਨ ਰਜਨੀਸ਼ ਵੀ ਨਹੀਂ ਜਾਣਦਾ ਕਿ ਮਰਨ ਪਿੱਛੋਂ ਸਾਡੇ ਨਾਲ ਕੀ ਵਾਪਰਦਾ ਹੈ? ਜਦ ਤੱਕ ਸਾਨੂੰ ਇਸ ਬਾਰੇ ਗਿਆਨ ਨਹੀਂ ਹੁੰਦਾ, ਅਸੀਂ ਮੌਤ ਤੋਂ ਭੈਅ-ਭੀਤ ਹੁੰਦੇ ਰਹਾਂਗੇ।

ਕੀ ਤੁਸੀਂ ਕਦੀ ਮੌਤ ਬਾਰੇ ਸੋਚਿਆ ਹੈ?

ਇਨਕਮ ਟੈਕਸ ਦੇ ਅਵਿਕਾਸ਼ ਪ੍ਰਾਪਤ ਅਫਸਰ ਐਸ. ਪ੍ਰਾਸ਼ਰ, ਜੋ "ਕਸੌਲੀ ਬਚਾਓ ਸਮਾਜ" ਦੀ ਰੂਹ ਹੈ, ਨੂੰ ਅਜਿਹੇ ਸੁਆਲ ਉਛਾਲਣ ਤੇ ਪੁੱਛਣ ਦੀ ਆਦਤ ਹੈ ਜਿਹਨਾਂ ਦਾ ਮੇਰੇ ਕੋਲ ਕੋਈ ਉੱਤਰ ਨਹੀਂ ਹੁੰਦਾ। ਇਹ ਦੂਸਰੀ ਵਾਰ ਸੀ ਜਦੋਂ ਉਸ ਨੇਂ ਪੁੱਛਿਆ, "ਕੀ ਤੁਸੀਂ ਕਦੇ ਮੌਤ ਬਾਰੇ ਸੋਚਿਆ ਹੈ?"

ਮੈਂ ਉੱਤਰ ਦਿੱਤਾ, "ਹਾਂ, ਮੈਂ ਸੱਚਮੁੱਚ ਹੀ ਸੋਚਿਆ ਹੈ। ਮੈਂ ਇਸ ਬਾਰੇ ਜੋ ਕੁਝ ਪੜ੍ਹ ਸਕਦਾ ਹਾਂ, ਪੜ੍ਹਿਆ ਹੈ।" ਮੈਨੂੰ ਕੋਈ ਉੱਤਰ ਨਹੀਂ ਮਿਲਿਆ। ਮੈਂ ਇਸ ਵਿਸ਼ੇ 'ਤੇ ਆਪਣੀ ਮਨਪਸੰਦ ਪੰਕਤੀਆਂ ਕਹੀਆਂ :

ਇਕ ਦਰਵਾਜ਼ਾ ਸੀ ਜਿਸਦੀ ਮੈਨੂੰ ਚਾਬੀ ਨਾ ਮਿਲੀ,
ਇਕ ਪਰਦਾ ਸੀ ਜਿਸ ਪਿੱਛੇ ਮੈਨੂੰ ਕੁਝ ਨਾ ਦਿੱਸਿਆ,
ਜਦ ਤੱਕ ਮੈਂ ਤੇਰੀਆਂ ਗੱਲਾਂ ਕਰਦਾ ਰਿਹਾ, ਮੈਂ ਤਦ ਤੱਕ ਹੀ ਸੀ,
ਉਸ ਪਿੱਛੋਂ ਮੇਰਾ ਤੇਰਾ ਕੁਝ ਨਹੀਂ ਸੀ।

ਉਸ ਨੇ ਵਿਜਈ ਅੰਦਾਜ਼ ਵਿੱਚ ਆਖਿਆ : "ਇਹ ਸਤਰਾਂ ਉਮਰ ਖ਼ਯਾਮ ਦੀਆਂ ਹਨ, ਪ੍ਰੰਤੂ ਸੱਚਮੁੱਚ ਇਸ ਬਾਰੇ ਹੋਰ ਬਹੁਤ ਕੁਝ ਹੈ। ਤੁਹਾਡਾ ਇਹ ਕਹਿ ਦੇਣਾ ਤੇ ਮੰਨ ਲੈਣਾ ਕਿ ਮੈਂ ਕੁਝ ਨਹੀਂ ਜਾਣਦਾ, ਕਾਫ਼ੀ ਨਹੀਂ ਹੈ। ਸਰੀਰ ਚਲਾ ਜਾਂਦਾ ਹੈ ਤੇ ਇਸ ਨਾਲ ਸ਼ਾਇਦ ਮਨ ਵੀ। ਤੁਹਾਡੀ ਯਾਦ ਕੁਝ ਲੋਕਾਂ ਦੇ ਮਨ ਵਿੱਚ ਰਹਿ ਜਾਂਦੀ ਹੈ ਤੇ ਉਹ ਵੀ ਜਦੋਂ ਤੱਕ ਉਹ ਜਿਉਂਦੇ ਰਹਿੰਦੇ ਹਨ। ਉਹਨਾਂ ਪਿੱਛੋਂ ਉਹ ਵੀ ਖ਼ਤਮ ਹੋ ਜਾਂਦੀ ਹੈ। ਤੁਸੀਂ ਆਪਣੇ ਨਾਮ 'ਤੇ "ਖ਼ੈਰੈਤੀ ਟਰੱਸਟ" ਬਣਾ ਸਕਦੇ ਹੋ, ਤੁਸੀਂ ਪੁਸਤਕਾਂ ਲਿਖ ਸਕਦੇ ਹੋ, ਜੋ ਤੁਹਾਡੇ ਮਰਨ ਪਿੱਛੋਂ ਪੜ੍ਹੀਆਂ ਜਾਣ, ਪ੍ਰੰਤੂ ਮੇਰਾ ਭਾਵ ਇਸ ਸਭ ਬਾਰੇ ਨਹੀਂ ਹੈ। ਮੈਂ ਪੁੱਛਦਾ ਹਾਂ ਕਿ ਚੇਤਨਤਾ ਕਿੱਥੇ ਜਾਂਦੀ ਹੈ?" ਉਸ ਨੂੰ ਮੈਂ ਉੱਤਰ ਵਜੋਂ ਕਹਿੰਦਾ ਹਾਂ, "ਕਾਹਦੀ ਚੇਤਨਾ? ਇਹ ਕਿੱਥੇ ਬਚੀ ਰਹਿ ਸਕਦੀ ਹੈ? ਚੇਤਨਾ ਦੀ ਭਾਵਨਾ ਨਾਲੋਂ ਕੁਝ ਸਥੂਲ ਤੇ ਕੁਝ ਵਾਸਤਵਿਕ ਹੋਣਾ ਚਾਹੀਦਾ ਹੈ।"

ਉਸ ਨੇ ਹੋਰ ਵਿਆਖਿਆ ਕਰਨੀ ਸ਼ੁਰੂ ਕਰ ਦਿੱਤੀ। ਉਸ ਦੀ ਬਹੁਤੀ ਵਿਆਖਿਆ ਮੇਰੀ ਸਮਝ ਤੋਂ ਪਰ੍ਹੇ ਸੀ। ਮੈਂ ਉਸ ਨੂੰ ਅਸਲੀਅਤ ਵੱਲ ਲਿਆਉਣ ਦੀ ਕੋਸ਼ਿਸ਼ ਕੀਤੀ। ਬਹੁਤੇ ਵਿਚਾਰਵਾਨ ਤਾਂ ਸ਼ਬਦਾਂ ਦੀ ਜਾਦੂਗਰੀ ਹੀ ਕਰਦੇ ਹਨ, ਕਈ ਉਸ ਨੂੰ ਜ਼ਿੰਦਗੀ ਦਾ ਅਨਿੱਖੜਵਾਂ ਅੰਗ ਮੰਨਦੇ ਹਨ। ਮੈਂ ਇਸ ਨਾਲ ਸਹਿਮਤ ਹਾਂ। ਕਈ ਜ਼ਿੰਦਗੀ ਨੂੰ ਗੱਡੀ 'ਤੇ ਕੀਤਾ ਸਫ਼ਰ ਖ਼ਿਆਲ ਕਰਦੇ ਹਨ; ਕੁਝ ਮੁਸਾਫ਼ਿਰ ਇਕ ਸਟੇਸ਼ਨ ਤੋਂ ਉਤਰ ਜਾਂਦੇ ਹਨ ਤੇ ਕੁਝ ਹੋਰ ਥੋੜ੍ਹੀ ਦੂਰ ਅਗਲੇ ਸਟੇਸ਼ਨਾਂ ਤੱਕ ਜਾਂਦੇ ਹਨ। "ਭੋਲਾ ਨਾਥ ਜੀ" ਆਪਣੀ ਪੁਸਤਕ "ਮੌਤ ਦੇ ਰਹੱਸ" ਵਿੱਚ ਲਿਖਦੇ ਹਨ : "ਕੋਈ ਰੱਬ ਦੀ ਹੋਂਦ ਤੋਂ

ਮੁਨਕਰ ਹੋ ਸਕਦਾ ਹੈ, ਪਰ ਮੌਤ ਦੀ ਹੋਂਦ ਤੋਂ ਨਹੀਂ। ਜ਼ਿੰਦਗੀ ਇਕ ਐਸੀ ਚੀਜ਼ ਹੈ ਜਿਸ ਨੇ ਜਾਣਾ ਹੀ ਜਾਣਾ ਹੈ ਤੇ ਮੌਤ ਹਰ ਹਾਲਤ ਵਿੱਚ ਆਉਣੀ ਹੈ।" ਮੈਂ ਇਸ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ, ਪ੍ਰੰਤੂ ਇਸ ਤੋਂ ਇਹ ਪਤਾ ਤਾਂ ਨਹੀਂ ਲੱਗਦਾ ਕਿ ਅਸੀਂ ਮਰਨ ਪਿੱਛੋਂ ਕਿੱਥੇ ਜਾਂਦੇ ਹਾਂ, ਕੀ ਸਾਡੀ ਕੋਈ ਚੀਜ਼ ਜਿਊਂਦੀ ਵੀ ਰਹਿੰਦੀ ਹੈ?

ਬਹੁਤ ਸਾਰੇ ਲੋਕਾਂ ਨੇ, ਜਿਹਨਾਂ ਨੇ ਮੈਨੂੰ ਮੌਤ ਬਾਰੇ ਲਿਖਿਆ ਹੈ, ਬਹੁਤਿਆਂ ਨੇ ਮੌਤ ਨਾਲੋਂ ਜ਼ਿਆਦਾ ਮੌਤ ਦੇ ਮੁੱਢਲੇ (ਨਿਹਤ) ਡਰ ਬਾਰੇ ਹੀ ਧਿਆਨ ਕੇਂਦ੍ਰਿਤ ਕੀਤਾ ਹੈ। ਉਹਨਾਂ ਨੇ ਝੂਠਾ ਭਰੋਸਾ ਦਿੱਤਾ ਹੈ ਕਿ ਮੌਤ ਕੋਈ ਡਰਾਉਣੀ ਚੀਜ਼ ਨਹੀਂ ਹੈਂ। ਜੌਨ ਡੱਨ (1573—1631) ਅਨੁਸਾਰ ਇਹ ਕੇਵਲ 'ਆਰਾਮ ਤੇ ਨੀਂਦ' ਦਾ ਸਰੂਪ ਹੀ ਹੈ। ਉਹ ਕਹਿੰਦਾ ਹੈ : "ਐ ਮੌਤ! ਤੂੰ ਮਾਨ ਨ ਕਰ। ਭਾਵੇਂ ਕਈਆਂ ਨੇ ਤੈਨੂੰ ਸ਼ਕਤੀਸ਼ਾਲੀ ਤੇ ਭੈਅ-ਭੀਤ ਕਰਨ ਵਾਲੀ ਮੰਨਿਆ ਹੈ, ਪਰ ਤੂੰ ਐਸੀ ਵੀ ਨਹੀਂ ਹੈਂ। ਜਿਹਨਾਂ ਬਾਰੇ ਤੇਰਾ ਖ਼ਿਆਲ ਹੈ ਕਿ ਤੂੰ ਉਹਨਾਂ ਨੂੰ ਪਟਕਾ ਮਾਰਿਆ ਹੈ, ਐ ਭੋਲੀਏ ਮੌਤੇ! ਉਹ ਮਰਦੇ ਨਹੀਂ। ਤੂੰ ਹੁਣ ਮੈਨੂੰ ਵੀ ਨਹੀਂ ਮਾਰ ਸਕਦੀ!"

ਡੱਨ ਅਨੁਸਾਰ ਇਕ ਛੋਟੀ ਜਿਹੀ ਨੀਂਦਰ ਪਿੱਛੋਂ ਅਸੀਂ ਸਦਾ ਲਈ ਜਾਗ ਪੈਂਦੇ ਹਾਂ। ਤੇ ਫਿਰ ਮੌਤ ਕਦੇ ਨਹੀਂ ਆਉਂਦੀ। ਮੌਤੇ ਤੂੰ ਹੀ ਮਰਨਾ ਹੈ। ਇਹ ਉਸ ਆਦਮੀ ਦੇ ਸ਼ਬਦਾਂ ਵਾਂਗ ਲੱਗਦੇ ਹਨ ਜੋ ਭੂਤਾਂ ਤੋਂ ਡਰਦਾ ਹਨ੍ਹੇਰੇ ਵਿੱਚ ਉੱਚੀ-ਉੱਚੀ ਲਲਕਾਰੇ ਮਾਰਦਾ ਹੋਵੇ। ਜੌਨ ਕੀਟਸ (1795—1822) 26 ਸਾਲ ਦੀ ਜਵਾਨ ਉਮਰੇ ਹੀ ਮਰ ਗਿਆ ਸੀ, ਉਸ ਨੂੰ ਮਰਨ ਪਿੱਛੋਂ ਕਿਸੇ ਚੀਜ਼ ਦੇ ਜਿਊਂਦੇ ਰਹਿਣ ਬਾਰੇ ਕੋਈ ਭਰਮ-ਭੁਲੇਖਾ ਨਹੀਂ ਸੀ। ਉਹ ਜਾਣਦਾ ਸੀ ਕਿ ਉਸ ਨੇ ਅਜੇ ਬਹੁਤ ਕੁਝ ਕਰਨਾ ਸੀ ਤੇ ਸਮਾਜ ਨੂੰ ਦੇਣਾ ਸੀ, ਪ੍ਰੰਤੂ ਉਸ ਨੂੰ ਅਨੁਭਵ ਹੁੰਦਾ ਸੀ ਕਿ ਉਸ ਦੀ ਸੁੰਦਰ ਜ਼ਿੰਦਗੀ ਪਲ ਭਰ ਦੀ ਪ੍ਰਾਹੁਣੀ ਹੈ। ਉਸ ਪਿੱਛੋਂ ਪ੍ਰੇਮ ਤੇ ਸ਼ੁਹਰਤ ਅੰਧਕਾਰ ਵਿੱਚ ਗੁੰਮ ਹੋ ਜਾਣਗੇ। ਮੈਂ ਪ੍ਰਾਸ਼ਰ ਨੂੰ ਸਮਝਾਉਂਦਾ ਹਾਂ ਕਿ ਮੁੱਢਲੀ ਗੱਲ ਜਾਂ ਮੁੱਖ ਸ਼ਬਦ ਹੈ : "ਸ਼ੂਨਤਾ"। ਮੌਤ ਨਾਲ ਹੀ ਸਾਡੇ ਸਰੀਰ ਖ਼ਤਮ ਹੋ ਜਾਂਦੇ ਹਨ; ਮਨ, ਬੁੱਧੀ ਤੇ ਉਹ ਸਾਰੀਆਂ ਚੀਜ਼ਾਂ ਜੋ ਸਾਡੀ ਬੁੱਧੀ ਤੇ ਸਰੀਰਾਂ ਨੇ ਪ੍ਰਾਪਤ ਕੀਤੀਆਂ ਹੁੰਦੀਆਂ ਹਨ, ਸਮਾਪਤ ਹੋ ਜਾਂਦੀਆਂ ਹਨ। ਪ੍ਰਾਸ਼ਰ ਦੀ ਮੇਰੇ ਉੱਤਰਾਂ ਨਾਲ ਤਸੱਲੀ ਨਹੀਂ ਹੁੰਦੀ, ਪ੍ਰੰਤੂ ਉਸ ਕੋਲ ਬਿਨਾਂ ਇਹ ਅਨੁਮਾਨ ਲਾਉਣ ਦੇ ਕੋਈ ਉੱਤਰ ਨਹੀਂ ਕਿ ਚੇਤਨਤਾ ਬਚੀ ਰਹਿੰਦੀ ਹੈ। ਮੈਂ ਪੁੱਛਦਾ ਹਾਂ, "ਕਿੱਥੇ ਬਚੀ ਰਹਿੰਦੀ ਹੈ—ਹਵਾ ਵਿੱਚ ਜਾਂ ਖ਼ਲਾਅ ਵਿੱਚ?" ਉਹ ਮੈਨੂੰ ਹੋਰ ਗੰਭੀਰਤਾ ਨਾਲ ਸੋਚਣ ਦੀ ਨਸੀਹਤ ਕਰਦਾ ਹੈ। ਮੈਂ ਪੂਰੀ ਤਰ੍ਹਾਂ ਅਸਲੀਅਤ ਜਾਣਦਾ ਹੋਇਆ ਵੀ ਕਿ ਮੈਨੂੰ ਕੋਈ ਉੱਤਰ ਮਿਲਣ ਵਾਲਾ ਨਹੀਂ ਹੈ, ਉਸ ਨਾਲ ਇਕਰਾਰ ਕਰ ਲੈਂਦਾ ਹਾਂ।

ਸਦਾ ਤਿਆਰ ਰਹੋ

ਬਹੁਤ ਘੱਟ ਲੋਕਾਂ ਦਾ, ਬਿਨਾਂ ਉਹਨਾਂ ਦੇ ਜੋ ਆਤਮਘਾਤ ਕਰਦੇ ਹਨ ਜਾਂ ਜਿਨ੍ਹਾਂ ਨੂੰ ਕਚਹਿਰੀਆਂ ਵੱਲੋਂ ਮੌਤ ਦੀ ਸਜ਼ਾ ਦਿੱਤੀ ਜਾਂਦੀ ਹੈ, ਮੌਤ ਦਾ ਦਿਨ ਨਿਸ਼ਚਿਤ ਹੁੰਦਾ ਹੈ। ਬੁੱਢੇ ਜਾਂ ਬੀਮਾਰਾਂ ਨੂੰ ਭਾਵੇਂ ਇਹ ਗਿਆਨ ਹੋ ਜਾਂਦਾ ਹੈ ਕਿ ਉਹਨਾਂ ਦਾ ਅੰਤ ਸਮਾਂ ਨੇੜੇ ਆ ਗਿਆ ਹੈ, ਪਰ ਉਹਨਾਂ ਨੂੰ ਦਿਨ ਜਾਂ ਸਮੇਂ ਦੀ ਪੂਰਨ ਸਹੀ ਜਾਣਕਾਰੀ ਨਹੀਂ ਹੁੰਦੀ। ਸਾਡੇ ਵਿੱਚੋਂ ਬਹੁਤ ਸਾਰਿਆਂ ਨੂੰ ਮੌਤ ਦਾ ਬੜਾ ਨੇੜਲਾ ਅਨੁਭਵ ਉਦੋਂ ਹੁੰਦਾ ਹੈ ਜਦ ਅਸੀਂ ਉਹਨਾਂ ਬੱਸਾਂ, ਗੱਡੀਆਂ ਜਾਂ ਜਹਾਜ਼ਾਂ ਵਿੱਚ ਸਫ਼ਰ ਕਰਦੇ ਹਾਂ ਜੋ ਮਗਰੋਂ ਤਬਾਹ ਹੋ ਜਾਂਦੇ ਹਨ। ਮੈਂ ਆਪਣੇ ਕੁਝ ਅਨੁਭਵਾਂ ਬਾਰੇ ਲਿਖਿਆ ਹੈ ਜਦੋਂ ਕਿ ਅਚਾਨਕ ਹਨ੍ਹੇਰੀ ਆਉਣ ਨਾਲ ਇਕ ਦਰੱਖ਼ਤ ਦਾ ਵੱਡਾ ਟਾਹਣਾ, ਜਿਥੇ ਗੱਡੀ ਚਲਾਉਂਦਿਆਂ ਮੈਂ ਆ ਕੇ ਖੜੀ ਕੀਤੀ ਸੀ, ਮੇਰੇ ਉੱਥੋਂ ਗੱਡੀ ਚਲਾ ਕੇ ਚਲੇ ਜਾਣ ਪਿੱਛੋਂ ਕੁਝ ਛਿਣਾਂ ਵਿੱਚ ਹੀ ਟਾਹਣਾ ਟੁੱਟ ਕੇ ਡਿੱਗ ਪਿਆ। ਮੈਂ ਅਗਿਆਤ ਖ਼ਾਲਿਸਤਾਨੀ ਆਤੰਕਵਾਦੀਆਂ ਵੱਲੋਂ ਮਾਰੇ ਜਾਣ ਵਾਲਿਆਂ ਦੀ ਸੂਚੀ ਵਿੱਚ ਵੀ ਸੀ। ਇਕ ਤਾਂ ਮੇਰੀ ਰਿਹਾਇਸ਼ ਵੀ ਵੇਖ ਗਿਆ ਸੀ ਤੇ ਕਸੌਲੀ ਤੱਕ ਮੇਰੇ ਪਿੱਛੇ ਲੱਗਾ ਰਿਹਾ, ਜਿੱਥੇ ਉਸ ਨੂੰ ਪਤਾ ਲੱਗ ਗਿਆ ਕਿ ਪੁਲਿਸ ਮੇਰੀ ਸੁਰੱਖਿਆ ਲਈ ਨਾਲ-ਨਾਲ ਫਿਰ ਰਹੀ ਹੈ। ਉਸ ਨੂੰ ਦਿੱਲੀ ਮੁੜਨ 'ਤੇ ਪੁਲਿਸ ਨੇ ਦਬੋਚ ਲਿਆ ਤੇ ਪਿੱਛੋਂ ਉਸ ਨੂੰ ਪਹਿਲਾਂ ਕੀਤੇ ਹੋਏ ਕਤਲ ਕਾਰਨ ਪੂਨੇ ਵਿੱਚ ਫਾਂਸੀ 'ਤੇ ਲਟਕਾ ਦਿੱਤਾ ਗਿਆ।

ਸਾਨੂੰ ਇਹ ਗੱਲ ਸਦਾ ਯਾਦ ਰੱਖਣੀ ਚਾਹੀਦੀ ਹੈ ਕਿ ਮੌਤ ਅਟੱਲ ਹੈ। ਮੌਤ ਨੂੰ ਸਦਾ ਯਾਦ ਰੱਖੋ। ਇਸ ਦੀ ਚਿੰਤਾ ਕਰਨ ਦੀ ਥਾਂ 'ਤੇ ਇਸ ਦੇ ਸੁਆਗਤ ਲਈ ਤਿਆਰ ਰਹੋ। ਸ਼ਾਇਰ ਅਸਦੁੱਲਾ ਖ਼ਾਂ ਗ਼ਾਲਿਬ ਨੇ ਕਿਤਨੇ ਖ਼ੂਬਸੂਰਤ ਸ਼ਬਦਾਂ ਵਿੱਚ ਕਿਹਾ ਹੈ :

ਰੌ ਮੇਂ ਹੈ ਨਕਸ਼-ਇ-ਉਮਰ ਕਹਾਂ ਦੇਖੀਏ ਥਾਮੀਏ?
ਨਾ ਹਾਥ ਬਾਗ਼ ਪਰ ਹੈ ਨਾ ਪਾ ਹੈ ਰਕਾਬ ਪਰ।

ਪਿਛਲੇਰੇ ਸਾਲ ਤੋਂ ਪਹਿਲਾਂ ਮੈਨੂੰ ਕਸੌਲੀ ਵਿੱਚ ਮੌਤ ਦਾ ਬੜਾ ਨੇੜਿਉਂ ਅਨੁਭਵ ਹੋਇਆ। ਮੈਂ 88 ਸਾਲ ਦਾ ਸੀ ਤੇ ਆਪਣੀ ਉਮਰ ਦੇ ਹਿਸਾਬ ਨਾਲ ਮੁਕਾਬਲਤਨ ਬੜੀ ਚੰਗੀ ਦਸ਼ਾ ਵਿੱਚ ਸੀ। ਮੈਂ ਬੁਢਾਪੇ ਵਿੱਚ ਆਉਣ ਵਾਲੀਆਂ ਬਿਮਾਰੀਆਂ—ਲਹੂ ਦੇ ਵਧਦੇ ਘਟਦੇ ਦਬਾਅ, ਗਦੂਦਾਂ ਦੇ ਰੋਗ ਤੇ ਜਿਗਰ ਦੇ ਘੱਟ ਕੰਮ ਕਰਨ ਆਦਿ ਦਾ ਟਾਕਰਾ ਕਰਨ ਲਈ ਸਵੇਰ-ਸ਼ਾਮ ਗੋਲੀਆਂ ਲੈਂਦਾ ਸੀ। ਮੌਨਸੂਨ ਦਾ ਅੰਤਲਾ ਸਮਾਂ ਸੀ ਤੇ ਹਵਾ ਵਿੱਚ ਸਿਲ੍ਹ ਸੀ। ਮੈਨੂੰ ਇਹ ਪਤਾ ਨਹੀਂ ਸੀ ਕਿ ਗੋਲੀਆਂ ਨੂੰ ਉੱਲੀ ਲੱਗ ਗਈ ਹੈ ਤੇ ਉਹ ਹੁਣ ਬੇਅਸਰ ਹੋ ਗਈਆਂ ਹਨ।

ਇਕ ਸ਼ਾਮ ਦੁਪਹਿਰੇ ਵੇਲੇ ਆਰਾਮ ਕਰਨ ਪਿੱਛੋਂ ਮੈਂ ਉੱਠਿਆ, ਸ਼ਾਲ ਇਕੱਠਾ ਕੀਤਾ, ਲਿਖਣ ਲਈ ਗੱਤਾ ਲਿਆ ਤੇ ਉਸ ਵਰਾਂਡੇ ਵੱਲ ਤੁਰ ਪਿਆ ਜਿਸ ਦਾ ਮੂੰਹ

ਬਗੀਚੇ ਵੱਲ ਸੀ ਜਿੱਥੇ ਆਮ ਕਰਕੇ ਮੈਂ ਸੂਰਜ ਛਿਪਣ ਤੱਕ ਬੈਠਿਆ ਕਰਦਾ ਸੀ। ਮੈਨੂੰ ਮਹਿਸੂਸ ਹੋਇਆ ਕਿ ਛੱਤ ਮੇਰੇ ਸਿਰ 'ਤੇ ਡਿੱਗ ਪਈ ਹੈ ਤੇ ਕਿਤਾਬਾਂ ਵਾਲੀ ਅਲਮਾਰੀ 'ਚੋਂ ਕਿਤਾਬਾਂ ਮੇਰੇ ਉੱਪਰ ਡਿੱਗ ਰਹੀਆਂ ਹਨ। ਮੈਂ ਮੂੰਹ ਭਾਰ ਸਿੱਧਾ ਫ਼ਰਸ਼ 'ਤੇ ਡਿੱਗ ਗਿਆ, ਮੇਰਾ ਮੱਥਾ ਤੇ ਨੱਕ ਵੀ ਫ਼ਰਸ਼ ਨਾਲ ਵੱਜਣ ਕਰਕੇ ਛਿੱਲੇ ਗਏ। ਕੁਝ ਸਮੇਂ ਲਈ ਮੈਂ ਫ਼ਰਸ਼ 'ਤੇ ਚੌਂਫਾਲ ਪਿਆ ਰਿਹਾ। ਉਸ ਸਮੇਂ ਆਲੇ-ਦੁਆਲੇ ਵੀ ਕੋਈ ਨਹੀਂ ਸੀ ਜਿਸ ਨੂੰ ਮੈਂ ਸਹਾਇਤਾ ਲਈ ਬੁਲਾ ਸਕਦਾ। ਮੈਂ ਉੱਠ ਵੀ ਨਹੀਂ ਸਕਦਾ ਸੀ। ਮੈਂ ਕੇਂਕੜੇ ਵਾਂਗ ਫ਼ਰਸ਼ 'ਤੇ ਰੀਂਗਣ ਲੱਗ ਪਿਆ ਤਾਂ ਜੋ ਮੇਰਾ ਹੱਥ ਕਿਸੇ ਪੱਥਰ ਜਾਂ ਕੁਰਸੀ ਮੇਜ਼ ਨੂੰ ਪੈ ਜਾਏ ਤੇ ਮੈਂ ਉਸ ਦੇ ਆਸਰੇ, ਉਸ ਨੂੰ ਫੜ ਕੇ ਖੜਾ ਹੋ ਸਕਾਂ। ਮੈਨੂੰ ਜਾਪਿਆ ਕਿ ਮੇਰਾ ਅੰਤ ਆ ਗਿਆ ਹੈ। ਫਿਰ ਮੈਨੂੰ ਮੇਰੇ ਪ੍ਰਕਾਸ਼ਕਾਂ ਤੇ ਸੰਪਾਦਕਾਂ ਵੱਲੋਂ ਸੌਂਪੇ ਗਏ ਕੰਮਾਂ ਦਾ ਚੇਤਾ ਆ ਗਿਆ ਜੋ ਮੈਂ ਮੁਕੰਮਲ ਕਰਨੇ ਸਨ। ਮੈਂ ਉਹਨਾਂ ਪ੍ਰਕਾਸ਼ਕਾਂ ਤੇ ਅਖ਼ਬਾਰਾਂ ਦੇ ਸੰਪਾਦਕਾਂ ਨੂੰ ਨਿਰਾਸ਼ ਕਰ ਰਿਹਾ ਹੋਵਾਂਗਾ ਜਿਨ੍ਹਾਂ ਵਾਸਤੇ ਮੈਂ ਪਿਛਲੇ 60 ਸਾਲਾਂ ਤੋਂ ਵਕਤ ਖੁੰਝਾਏ ਬਿਨਾਂ ਐਨ ਸਮੇਂ 'ਤੇ ਲਿਖਦਾ ਆ ਰਿਹਾ ਸੀ। ਮੈਂ ਥੋੜ੍ਹੇ ਜਿਹੇ ਸਮੇਂ ਲਈ ਵੀ ਪ੍ਰਾਰਥਨਾ ਨ ਕੀਤੀ। ਮੈਨੂੰ ਅਲਾਮਾ ਇਕਬਾਲ ਦੀ ਪ੍ਰੇਰਨਾਦਾਇਕ ਪੰਕਤੀਆਂ ਯਾਦ ਆਈਆਂ :

ਬਾਗ਼ਿ-ਬਹਿਸ਼ਤ ਸੇ ਮੁਝੇ ਹੁਕਮ-ਇ-ਸਫ਼ਰ ਦੀਆ ਥਾ ਕਿਉਂ?
ਕਾਰਿ-ਜਹਾਂ ਦਰਾਜ਼ ਹੈ, ਅੱਬ ਮੇਰਾ ਇੰਤਜ਼ਾਰ ਕਰ।

ਮੈਂ ਬੱਦਲਾਂ ਵਿੱਚ ਬੈਠੇ ਅੱਲਾ ਮੀਆਂ ਨੂੰ (ਮਾਲਕ) ਨੂੰ ਕਿਹਾ ਕਿ ਮੇਰੇ ਕੋਲ ਉਸ ਪਾਸ ਆਉਣ ਦੀ ਵਿਹਲ ਨਹੀਂ, ਇਸ ਲਈ ਉਸ ਨੂੰ ਮੇਰੇ ਆਉਣ ਦੀ ਉਡੀਕ ਕਰਨੀ ਪਵੇਗੀ।

ਮੈਂ ਆਪਣੇ ਮੰਜੇ ਦੇ ਇਕ ਪਾਵੇ ਨੂੰ ਹੱਥ ਪਾ ਲਿਆ ਤੇ ਉੱਠ ਖੜਾ ਹੋਇਆ। ਮੈਂ ਡਾਕਟਰ ਕਿੱਟੀ ਨੂੰ ਇਹ ਪੁੱਛਣ ਲਈ ਬੁਲਾਇਆ ਕਿ ਕੀ ਗੜਬੜ ਹੋਈ ਹੈ? ਉਸ ਨੇ ਮੇਰੇ ਖ਼ੂਨ ਦਾ ਦਬਾਉ ਦੇਖਿਆ ਜੋ ਖ਼ਤਰੇ ਦੀ ਹੱਦ ਤੱਕ ਘੱਟ ਸੀ। ਉਸ ਨੇ ਉਹ ਗੋਲੀਆਂ ਵੇਖੀਆਂ ਜੋ ਮੈਂ ਲੈ ਰਿਹਾ ਸੀ ਤੇ ਵੇਖਦਿਆਂ ਹੀ ਕਹਿ ਦਿੱਤਾ ਕਿ ਇਹਨਾਂ ਦਾ ਕੋਈ ਲਾਭ ਨਹੀਂ। ਉਸ ਨੇ ਮੈਨੂੰ ਖੰਡ ਤੇ ਲੂਣ ਦਾ ਘੋਲ ਪਿਲਾਇਆ। ਤੇ ਮੈਂ ਆਪਣੀ ਕਹਾਣੀ ਦੱਸਣ ਲਈ ਜਿਊਂਦਾ ਰਹਿ ਗਿਆ।

ਹਰ ਇਕ ਨੂੰ ਅਟੱਲ ਅੰਤ ਲਈ ਤਿਆਰ-ਬਰ-ਤਿਆਰ ਰਹਿਣਾ ਚਾਹੀਦਾ ਹੈ। ਜਿਤਨੀ ਵੀ ਇਹਨਾਂ ਦੀ ਮਹੱਤਤਾ ਹੋਵੇ। ਮੈਂ ਕੁਝ ਸੁਝਾਅ ਪੇਸ਼ ਕਰਦਾ ਹਾਂ ਜਿਨ੍ਹਾਂ ਨਾਲ ਸ਼ਾਇਦ ਕਿਸੇ ਵਿਅਕਤੀ ਨੂੰ ਆਪਣੇ-ਆਪ ਤੇ ਦੁਨੀਆਂ ਨਾਲ ਆਰਾਮ ਚੈਨ ਨਾਲ ਰਹਿਣ ਵਿੱਚ ਸਹਾਇਤਾ ਮਿਲ ਸਕੇ। ਜੇ ਤੁਸੀਂ ਅਮੀਰ ਹੋ, ਜਾਇਦਾਦ ਦੇ ਮਾਲਕ ਹੋ ਤਾਂ ਸਰੀਰਕ ਤੇ ਮਾਨਸਿਕ ਤੰਦਰੁਸਤੀ ਦੇ ਹੁੰਦਿਆਂ ਵਸੀਅਤ ਕਰਨ ਤੋਂ ਬੇਧਿਆਨ ਨਾ ਹੋਵੋ। ਜੇ ਤੁਸੀਂ ਨੌਕਰੀ ਕਰਦੇ ਹੋ ਤਾਂ ਰਿਟਾਇਰ ਹੋਣ 'ਤੇ ਵਸੀਅਤ ਕਰਨਾ ਬਹੁਤ ਵਧੀਆ ਕਾਰਜ ਹੈ। ਤੁਸੀਂ ਆਪਣੀ ਵਸੀਅਤ ਆਪਣੇ ਲਾਭ-ਪਾਤਰਾਂ ਨੂੰ ਵਿਖਾ ਲਵੋ ਤੇ ਜਿਊਂਦਿਆਂ ਹੀ ਉਹਨਾਂ ਦੀ ਸੰਮਤੀ ਤੇ ਸਹਿਮਤੀ ਲੈ ਲਵੋ ਤਾਂ ਜੋ ਉਹ ਤੁਹਾਡੀ ਮੌਤ ਪਿੱਛੋਂ ਆਪਸ ਵਿੱਚ ਝਗੜਾ ਨਾ ਕਰਦੇ ਫਿਰਨ। ਜੇ ਤੁਸੀਂ ਆਪਣੇ ਨੌਕਰਾਂ, ਅਮਲੇ ਜਾਂ ਮਿੱਤਰਾਂ ਲਈ ਕੁਝ ਰੁਪਿਆ ਰੱਖਣਾ ਹੈ ਜਾਂ ਦਾਨ ਦੇਣਾ ਹੈ ਤਾਂ ਇਹ ਜਿਊਂਦੇ ਜੀਅ

ਕਰਨਾ ਹੀ ਬਿਹਤਰ ਹੈ। ਇਹ ਵਸੀਅਤ ਦੇ ਲਾਭ-ਪਾਤਰਾਂ 'ਤੇ ਛੱਡਣਾ ਠੀਕ ਨਹੀਂ ਕਿ ਉਹ ਤੁਹਾਡੇ ਵਚਨਾਂ ਦਾ ਸਤਿਕਾਰ ਕਰਕੇ ਪੂਰਾ ਕਰਨ ਕਿਉਂਕਿ ਬਹੁਤੀ ਵਾਰ ਉਹ ਅਣਗਹਿਲੀ ਕਰ ਜਾਂਦੇ ਹਨ।

ਆਪਣੀ ਜਾਇਦਾਦ ਤੋਂ ਛੁਟਕਾਰਾ ਪਾਉਣਾ ਸ਼ੁਰੂ ਕਰ ਦਿਉ। ਆਪਣੇ ਬੈਂਕ ਖਾਤੇ ਵਿੱਚ ਉਤਨੇ ਪੈਸੇ ਹੀ ਰੱਖੋ ਜਿਤਨੇ ਤੁਹਾਨੂੰ ਮਹੀਨੇ ਦੇ ਖ਼ਰਚ ਲਈ ਚਾਹੀਦੇ ਹਨ ਤੇ ਕੁਝ ਡਾਕਟਰਾਂ ਦੀ ਫ਼ੀਸ, ਦੁਆਈਆਂ, ਹਸਪਤਾਲ ਦੇ ਬਿੱਲਾਂ ਲਈ ਵੀ ਮੁਸ਼ਕਲ ਸਮੇਂ ਲਈ ਰਾਖਵੇਂ ਰੱਖ ਲਉ। ਸਭ ਕਰਜ਼ਾ ਉਤਾਰ ਦਿਉ। ਮਰਨ ਸਮੇਂ ਤੁਸੀਂ ਕਿਸੇ ਦੇ ਦੇਣਦਾਰ ਨਹੀਂ ਹੋਣੇ ਚਾਹੀਦੇ। ਤੁਹਾਡੀ ਮਾਇਕ ਸਥਿਤੀ ਇਤਨੀ ਸਾਫ਼ ਹੋਣੀ ਚਾਹੀਦੀ ਹੈ ਕਿ ਤੁਹਾਡੇ ਸਿਰ ਕੁਝ ਨਾ ਹੋਵੇ ਤੇ ਬਹੁਤ ਥੋੜ੍ਹੀ ਲੈਣਦਾਰੀ ਹੋਵੇ।

ਤੁਹਾਡੀਆਂ ਨਿੱਜੀ ਵਸਤੂਆਂ ਜਿਵੇਂ—ਘੜੀਆਂ, ਕਲਮਾਂ, ਰੇਡੀਓ, ਟੀ.ਵੀ., ਵਾਧੂ ਸੂਟਾਂ, ਟਾਈਆਂ, ਦਸਤਾਰਾਂ, ਕਮੀਜ਼ਾਂ ਆਦਿ ਉੱਪਰ ਇਹ ਨਿਯਮ ਲਾਗੂ ਹੁੰਦਾ ਹੈ। ਆਪਣੇ ਪਾਸ ਉਹੋ ਕੁਝ ਰੱਖੋ ਜੋ ਤੁਹਾਡੇ ਰੁਝੇਵਿਆਂ ਲਈ ਅਤਿ ਜ਼ਰੂਰੀ ਹੈ। ਇਹ ਚੇਤੇ ਕਰਦੇ ਰਹੋ ਕਿ ਤੁਸੀਂ ਕੋਈ ਵੀ ਵਸਤੂ ਆਪਣੇ ਨਾਲ ਲਿਜਾ ਨਹੀਂ ਸਕਦੇ।

ਆਪਣੇ ਸਮਾਜਿਕ ਰੁਝੇਵੇਂ ਵੀ ਘੱਟ ਤੋਂ ਘੱਟ ਕਰ ਲਵੋ। ਪਾਰਟੀਆਂ 'ਤੇ ਜਾਣਾ ਜੁਆਨਾਂ ਦਾ ਕੰਮ ਹੈ, ਜਿਨ੍ਹਾਂ ਕੋਲ ਸ਼ਰਾਬ ਪੀਣ ਤੇ ਫ਼ਜ਼ੂਲ ਗੱਪਾਂ ਮਾਰਨ ਲਈ ਫ਼ਾਲਤੂ ਸਮਾਂ ਹੈ। ਤੁਹਾਡੇ ਕੋਲ ਗੁਆਉਣ ਲਈ ਸਮਾਂ ਹੀ ਕਿੱਥੇ ਹੈ? ਆਪਣੇ ਘਰ ਵਿੱਚ ਹੀ ਸਿਰਜਣਾਤਮਕ ਸੁੱਖ ਚੈਨ ਨਾਲ, ਸੰਨਿਆਸ ਲੈ ਲਵੋ। ਸੌਖਾ ਪਚਣ ਵਾਲਾ ਭੋਜਨ ਹੀ ਖਾਓ, ਸਿਰਫ਼ ਚੰਗੀ ਸ਼ਰਾਬ ਤੇ ਸਕਾਚ ਹੀ ਪੀਓ। ਜਿਨ੍ਹਾਂ ਨੂੰ ਤੁਸੀਂ ਚਾਹੁੰਦੇ ਹੋ ਤੇ ਪ੍ਰੇਮ ਕਰਦੇ ਹੋ, ਉਹਨਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਏ ਬਿਨਾਂ ਹੀ ਉਹਨਾਂ ਤੋਂ ਕਿਨਾਰਾ ਕਰਦੇ ਜਾਓ। ਇਹ ਯਾਦ ਰੱਖੋ ਕਿ ਅਗਿਆਤ ਸੰਸਾਰ ਵਿੱਚ ਤੁਹਾਡੇ ਆਖ਼ਰੀ ਸਫ਼ਰ 'ਤੇ ਤੁਹਾਡੇ ਨਾਲ ਕਿਸੇ ਨਹੀਂ ਹੋਣਾ।

ਇਕੱਲੇ ਰਹਿਣ ਦੀ ਆਦਤ ਪਾਉ। ਇਕਾਂਤ ਵਿੱਚ ਹੀ ਸੁੱਖ ਹੈ। ਜੇ ਤੁਹਾਨੂੰ ਬਾਗ਼ਬਾਨੀ, ਬੋਨਸਾਈ ਉਗਾਉਣ, ਪੁਸਤਕਾਂ ਪੜ੍ਹਨ, ਪੰਛੀਆਂ ਨੂੰ ਵੇਖਣ ਤੇ ਬਦਲਦੇ ਮੌਸਮਾਂ ਵਿੱਚ ਰੁੱਖਾਂ ਨੂੰ ਨਿਹਾਰਨ ਦਾ ਸ਼ੌਕ ਹੋਵੇ ਤਾਂ ਤੁਹਾਨੂੰ ਪਤਾ ਲੱਗੇਗਾ ਕਿ ਤੁਸੀਂ ਇਕਲਾਪਾ ਮਹਿਸੂਸ ਕੀਤੇ ਬਿਨਾਂ ਵੀ ਇਕੱਲੇ ਰਹਿ ਸਕਦੇ ਹੋ।

ਸਭ ਤੋਂ ਵਿਸ਼ੇਸ਼ ਤਾਂ ਇਹ ਹੈ ਕਿ ਜਦ ਤੁਰ ਜਾਣ ਦੀ ਘੜੀ ਆਵੇ ਤਾਂ ਬਿਨਾਂ ਪਛਤਾਵੇ ਦੇ ਕਿਸੇ ਵਿਰੁੱਧ ਬਿਨਾਂ ਕਿਸੇ ਸ਼ਿਕਾਇਤ-ਉਲਾਮੇ ਦੇ ਏਥੋਂ ਤੁਰੋ। ਅਲਾਮਾ ਇਕਬਾਲ ਨੇ ਫ਼ਾਰਸੀ ਦੇ ਇਕ ਦੋਹੇ ਵਿੱਚ ਇਸ ਨੂੰ ਬੜੀ ਖ਼ੂਬਸੂਰਤੀ ਨਾਲ ਬਿਆਨ ਕੀਤਾ ਹੈ :

ਨਿਸ਼ਾਨਿ ਮਰਦਿ ਮੋਮਨ ਬਾ ਤੂੰ ਗੋਯਮ?
ਚੂੰ ਮਰਗ ਆਯਦ, ਤਬੱਸੁਮ ਬਰ ਲਬਿ-ਓਸਤ।

(ਤੁਸੀਂ ਮੈਨੂੰ ਧਰਮੀ ਆਦਮੀ ਦੀ ਨਿਸ਼ਾਨੀ ਪੁੱਛਦੇ ਹੋ? ਉਹ ਐਸਾ ਵਿਅਕਤੀ ਹੈ, ਮੌਤ ਆਉਣ ਤੇ ਜਿਸ ਦੇ ਬੁਲ੍ਹਾਂ 'ਤੇ ਮੁਸਕਰਾਹਟ ਹੁੰਦੀ ਹੈ।)

ਮਾਰ ਵਾਲੀ ਸੂਚੀ 'ਤੇ

ਪਿਛਲੇ ਹਫ਼ਤੇ ਇਕ ਦਿਨ ਮੈਨੂੰ ਡਾਕ ਵਿੱਚ ਛਪੀ ਹੋਈ ਦੁਪੱਤਰੀ ਪ੍ਰਾਪਤ ਹੋਈ ਜਿਸ ਵਿੱਚ ਲਿਖਿਆ ਹੋਇਆ ਸੀ ਕਿ "ਪ੍ਰਾਪਤ ਕਰਤਾ" ਤੇ ਉਹਨਾਂ ਦੇ ਪਰਿਵਾਰ ਦੇ ਸਾਰੇ ਜੀਆਂ (ਸਦੱਸਵੀਆਂ) ਨੂੰ ਦਸਾਂ ਦਿਨਾਂ ਦੇ ਅੰਦਰ-ਅੰਦਰ ਖ਼ਤਮ ਕਰ ਦਿੱਤਾ ਜਾਵੇਗਾ ਕਿਉਂਕਿ ਸਾਨੂੰ ਖ਼ਾਲਿਸਤਾਨ ਦੇ ਦੁਸ਼ਮਣ ਘੋਸ਼ਿਤ ਕੀਤਾ ਜਾ ਚੁੱਕਿਆ ਸੀ। ਪਿਛਲੇ ਚਾਰ ਸਾਲਾਂ ਵਿੱਚ ਮੈਨੂੰ ਲਿਖਤੀ ਤੌਰ 'ਤੇ ਵੀ ਅਤੇ ਫ਼ੋਨ 'ਤੇ ਵੀ ਕਈ ਧਮਕੀਆਂ ਮਿਲ ਚੁੱਕੀਆਂ ਸਨ। ਇਹ ਲਿਖਤੀ ਤੌਰ 'ਤੇ ਪਹਿਲੀ ਧਮਕੀ ਸੀ ਤੇ ਮੇਰੀ ਜ਼ਿੰਦਗੀ ਦੀ ਸੀਮਾ ਮਿੱਥਣ ਵਾਲੀ ਵੀ ਪਹਿਲੀ ਧਮਕੀ ਸੀ। ਪਹਿਲਾਂ ਮਿਲੀਆਂ ਧਮਕੀਆਂ ਵਧੇਰੇ ਕਰਕੇ ਅਸ਼ਲੀਲ ਭਾਸ਼ਾ ਵਿੱਚ ਹੁੰਦੀਆਂ ਸਨ ਤੇ ਮੈਨੂੰ ਤਾੜਨਾ ਕੀਤੀ ਜਾਂਦੀ ਸੀ ਕਿ "ਤੂੰ ਬੋਰੀ ਬਿਸਤਰਾ ਗੋਲ ਕਰ ਲੈ ਜਾਂ ਤੈਨੂੰ ਸੋਧ ਦਿਆਂਗੇ।"

ਮੈਂ ਆਪਣੀ ਨੀਂਦ ਹਰਾਮ ਕੀਤੇ ਬਿਨਾਂ ਅਜਿਹੀਆਂ ਧਮਕੀਆਂ ਨਾਲ ਨਜਿੱਠਣ ਦੀ ਜਾਚ ਸਿੱਖ ਲਈ ਹੈ। ਜਿਸ ਉਮਰ ਦੀ ਪੌੜੀ 'ਤੇ ਮੈਂ ਹਾਂ, ਮੈਂ ਕਿਸੇ ਹਸਪਤਾਲ ਵਿੱਚ ਆਪਣੇ ਚਿੱਤੜਾਂ ਹੇਠ ਕਈ ਮਹੀਨੇ ਬਰਬਾਦ ਕਰਨ ਤੇ ਟੱਟੀ ਪਿਸ਼ਾਬ ਵਾਲਾ ਭਾਂਡਾ ਰੱਖਣ ਦੀ ਖ਼ਜਾਲਤ ਤੇ ਅਨਾਦਰ ਨਾਲੋਂ ਤਾਂ ਤੱਤ ਫੱਟ ਮੌਤ ਨੂੰ ਤਰਜੀਹ ਦਿਆਂਗਾ ਤੇ ਮੁਫ਼ਤ ਵਿੱਚ ਸ਼ਹੀਦ ਹੋਣ ਦਾ ਜੱਸ ਵੀ ਪ੍ਰਾਪਤ ਕਰ ਲਵਾਂਗਾ।

ਮੈਂ ਕੋਈ ਸੂਰਮਤਾਈ ਦੇ ਵਿਖਾਵੇ ਦਾ ਸ਼ੌਕ ਪੂਰਾ ਕਰਨ ਦਾ ਲਾਡ ਨਹੀਂ ਕਰ ਰਿਹਾ। ਭਾਵੇਂ ਮੈਂ ਇਕ ਸਿੱਖ ਹਾਂ ਪਰ ਮੈਂ ਕੁਝ ਹੱਦ ਤੱਕ ਬੁਜ਼ਦਿਲ ਹਾਂ। ਮੈਂ ਜਾਣਦਾ ਹਾਂ, ਜਿਵੇਂ ਕਿ ਮੈਨੂੰ ਮਾਰਨ ਵਾਲੇ ਹਤਿਆਰੇ ਵੀ ਜਾਣਦੇ ਹਨ, ਕਿ ਗੋਲੀ ਉਹਨਾਂ ਲੋਕਾਂ ਦੀ ਆਖ਼ਰੀ ਦਲੀਲ ਹੁੰਦੀ ਹੈ ਜੋ ਤਰਕ ਤੇ ਦਲੀਲ ਵਿੱਚੋਂ ਹਾਰ ਜਾਂਦੇ ਹਨ। ਮੈਂ ਉਹਨਾਂ ਨੂੰ ਯਕੀਨ ਕਰਾ ਦੇਣਾ ਚਾਹੁੰਦਾ ਹਾਂ ਕਿ ਜੇ ਉਹ ਕਿਸੇ ਭੁਲੇਖੇ ਵਿੱਚ ਹਨ ਕਿ ਉਹ ਧਮਕੀਆਂ ਨਾਲ ਮੈਨੂੰ ਡਰਾ ਲੈਣਗੇ ਤੇ ਮੈਨੂੰ ਖ਼ਾਲਿਸਤਾਨ, ਜੋ ਖ਼ਾਲਸਾ ਪੰਥ ਲਈ ਇਕ ਆਤਮ-ਘਾਤ ਹੈ, ਦੇ ਵਿਰੁੱਧ ਲਿਖਣ ਤੋਂ ਰੋਕ ਲੈਣਗੇ ਤਾਂ ਉਹ ਬਹੁਤ ਵੱਡੇ ਭੁਲੇਖੇ ਵਿੱਚ ਹਨ। ਜੇ ਮੈਨੂੰ ਲੋੜ ਪਈ ਤਾਂ ਮੈਂ ਸਿੱਧ ਕਰ ਦਿਆਂਗਾ ਕਿ ਕਲਮ ਅਜੇ ਵੀ ਤਲਵਾਰ, ਕਾਲਾਸ਼ਨੀਕੋਵ ਜਾਂ ਸ੍ਵੈ-ਚਾਲਕ ਰਾਈਫ਼ਲ ਨਾਲੋਂ ਤਾਕਤਵਰ ਹੈ।

ਪ੍ਰੰਤੂ ਛਪੇ ਹੋਏ ਦੁਪੱਤਰੀ ਦੇ ਕੁਝ ਅੰਸ਼ਾਂ ਤੋਂ ਮੇਰਾ ਮਨ ਦੁੱਖੀ ਵੀ ਹੋਇਆ ਤੇ ਉਦਾਸ ਵੀ। ਉਹਨਾਂ ਨੇ ਕੇਵਲ ਮੇਰੇ ਲਈ ਹੀ ਦੁਪੱਤਰੀ ਨਹੀਂ ਛਾਪੀ ਹੋਵੇਗੀ, ਸ਼ਾਇਦ ਸੈਂਕੜਿਆਂ ਤੇ ਹਜ਼ਾਰਾਂ ਲੋਕਾਂ ਨੂੰ ਇਹ ਦੁਪੱਤਰੀਆਂ ਮਿਲੀਆਂ ਹੋਣਗੀਆਂ। ਮੇਰਾ ਨਾਮ ਸ਼ਾਇਦ ਉਹਨਾਂ ਦੀ ਮਾਰ ਸੂਚੀ ਵਿੱਚ ਕਾਫ਼ੀ ਥੱਲੇ ਹੋਵੇ। ਉਹ ਮੇਰੇ ਤੱਕ ਉਸ ਸਮੇਂ ਹੀ ਆਉਣਗੇ ਜਦੋਂ ਮੇਰੇ ਨਾਲੋਂ ਕੋਈ ਮਸ਼ਹੂਰ ਤੇ ਉੱਘਾ ਵਿਅਕਤੀ ਉਹਨਾਂ ਦੇ ਹੱਥ ਨਾ ਆਇਆ। ਇਹ ਮੇਰੇ ਸ੍ਵੈ-ਅਭਿਮਾਨ ਤੇ ਸੱਟ ਮਾਰਨ ਵਾਲੀ ਗੱਲ ਹੈ। ਜੇ ਮੇਰਾ ਨਾਮ ਉਹਨਾਂ ਦੀ "ਮਾਰ ਵਾਲੀ ਸੂਚੀ" ਵਿੱਚ ਹੀ ਹੋਣਾ ਹੈ ਤਾਂ ਇਹ ਸਭ ਤੋਂ ਸਿਖਰ 'ਤੇ ਹੋਣਾ ਚਾਹੀਦਾ ਹੈ। ਸ਼ਾਇਦ ਮੇਰੇ ਹੋਣ ਵਾਲੇ ਕਾਤਲ ਮੇਰੇ 'ਤੇ ਇਹ ਕ੍ਰਿਪਾ ਕਰਕੇ ਮਾਨ ਬਖ਼ਸ਼ ਦੇਣਗੇ।

ਮੌਤ ਦੇ ਨੇੜੇ-ਤੇੜੇ ਬੁਢਾਪਾ (ਬਿਰਧ ਅਵਸਥਾ)

ਮੈਨੂੰ ਆਉਣ ਵਾਲੀ ਡਾਕ ਵਿੱਚ ਇਕ ਵੱਡਾ ਭਾਗ ਉਹਨਾਂ ਲੋਕਾਂ ਦੇ ਖ਼ਤਾਂ-ਪੱਤਰਾਂ ਦਾ ਹੁੰਦਾ ਹੈ ਜੋ ਆਪਣੇ-ਆਪ ਨੂੰ ਬਿਰਧਜਨ ਤੇ ਪੈਨਸ਼ਨਰ ਵਰਣਨ ਕਰਦੇ ਹਨ। ਉਹਨਾਂ ਖ਼ਤਾਂ ਦੀ ਪ੍ਰਧਾਨ ਸੁਰ ਇਹੋ ਹੁੰਦੀ ਹੈ ਕਿ ਸਾਡੇ ਮੁਲਕ ਵਿੱਚ ਉਹਨਾਂ ਲੋਕਾਂ ਲਈ ਕੁਝ ਵੀ ਨਹੀਂ ਕੀਤਾ ਜਾ ਰਿਹਾ ਜੋ ਆਪਣੇ ਬੁਢਾਪੇ ਲਈ ਬਚਾ ਕੇ ਰੱਖਣ ਅਤੇ ਆਪਣੀ ਸਾਂਭ-ਸੰਭਾਲ ਕਰਨ ਦੇ ਯੋਗ ਨਹੀਂ ਹੁੰਦੇ। ਉਹਨਾਂ ਵਿੱਚੋਂ ਵਧੇਰੇ ਸੱਠਵਿਆਂ ਤੇ ਸੱਤਰਵਿਆਂ ਦੇ ਆਖ਼ਰੀ ਸਾਲਾਂ 'ਚ ਹੁੰਦੇ ਹਨ ਤੇ ਟਾਂਵੇਂ-ਟਾਂਵੇਂ ਅੱਸੀਵਿਆਂ ਵਿੱਚ ਵੀ। ਮੈਂ ਕੋਈ ਹਮਦਰਦੀ ਦੇ ਭਾਵ ਪ੍ਰਗਟ ਕੀਤੇ ਬਿਨਾਂ ਹੀ ਜਾਂ ਉਹਨਾਂ ਦੇ ਵਿਚਾਰਾਂ ਦੀ ਪੁੌੜ੍ਹਤਾ ਕੀਤੇ ਬਿਨਾਂ ਉੱਤਰ ਦੇ ਦਿੰਦਾ ਹਾਂ। ਮੈਂ, ਜੇ ਉਹਨਾਂ ਤੋਂ ਬਿਰਧ ਨਹੀਂ ਤਾਂ ਉਹਨਾਂ ਵਿੱਚੋਂ ਬਹੁਤਿਆਂ ਦਾ ਹਮ-ਉਮਰ ਤਾਂ ਹਾਂ ਹੀ। ਮੈਂ ਆਪਣੀ ਉਮਰ ਦੇ ਸੱਤਰਵਿਆਂ ਵਿੱਚ ਆਪਣੀ ਆਯੂ ਦੇ ਚਾਲੀਵਿਆਂ ਦੇ ਟਾਕਰੇ 'ਤੇ ਜ਼ਿਆਦਾ ਸਖ਼ਤ ਕੰਮ ਕਰਦਾ ਹਾਂ ਅਤੇ ਪਹਿਲਾਂ ਦੇ ਮੁਕਾਬਲੇ ਕਿਤੇ ਜ਼ਿਆਦਾ ਕਮਾਈ ਕਰ ਰਿਹਾ ਹਾਂ। ਮੈਂ ਮੰਦਰ ਵਿੱਚ ਜਾ ਕੇ ਪ੍ਰਾਰਥਨਾ ਕਰਨ ਵਿੱਚ ਸਮਾਂ ਨਸ਼ਟ ਨਹੀਂ ਕਰਦਾ, ਨਾ ਹੀ ਮੈਂ ਪੋਤਰਿਆਂ-ਪੋਤਰੀਆਂ ਜਾਂ ਦੋਹਤੇ-ਦੋਹਤਰੀਆਂ ਦੀ ਸਾਂਭ-ਸੰਭਾਲ ਦੇ ਜੰਜਾਲ ਵਿੱਚ ਪੈਂਦਾ ਹਾਂ ਤੇ ਨਾ ਹੀ ਮੈਂ ਬੈਂਤ ਜਾਂ ਡੰਗੋਰੀ ਲੈ ਕੇ ਹਵਾਖ਼ੋਰੀ ਲਈ ਕਿਸੇ ਪਾਰਕ ਜਾਂ ਘਾਹ ਦੇ ਮੈਦਾਨ ਵਿੱਚ ਜਾਂਦਾ ਹਾਂ।

ਮੈਂ ਇਹ ਮੰਨ ਸਕਦਾ ਹਾਂ ਕਿ ਸਹੀ ਤੌਰ 'ਤੇ ਬੁੱਢਿਆਂ (ਤੇ ਬੁਢਾਪੇ ਦੀ ਘੱਟੋ-ਘੱਟ ਸਹੀ ਉਮਰ 80 ਸਾਲ ਹੈ) ਜਿਨ੍ਹਾਂ ਦੀ ਕੋਈ ਦੇਖ-ਭਾਲ ਕਰਨ ਵਾਲਾ ਨਹੀਂ ਹੁੰਦਾ ਜਾਂ ਜੋ ਬੀਮਾਰ ਜਾਂ ਜਰਾਗਰਸਤ ਹੁੰਦੇ ਹਨ, ਉਹਨਾਂ ਲਈ ਬਿਰਧ ਘਰਾਂ ਵਿੱਚ ਨਿਵਾਸ ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ। ਪ੍ਰੰਤੂ ਦੂਸਰਿਆਂ ਦਾ ਕੋਈ ਹੱਕ ਨਹੀਂ ਕਿ ਉਹ ਟੈਲੀਵਿਜ਼ਨ ਵੇਖਣ ਤੋਂ ਬਿਨਾਂ ਕੁਝ ਵੀ ਨਾ ਕਰਨ ਜਾਂ ਮਿੱਤਰਾਂ ਨੂੰ ਆਪਣੇ ਬੀਤੇ ਕਾਲ ਦੀਆਂ ਕਹਾਣੀਆਂ ਸੁਣਾ-ਸੁਣਾ ਕੇ ਅਕਾਉਣ। ਇਹ ਕਥਾਕਾਰੀ ਤੇ ਗੱਪਬਾਜ਼ੀ ਮੁਆਫ਼ ਕੀਤੇ ਜਾਣ ਯੋਗ ਨਹੀਂ।

ਇਸ ਕਿਸਮ ਦਾ ਨਿਰਾਸ਼ਾਵਾਦ ਸ਼ਾਇਰਾਂ ਲਈ ਛੱਡ ਦੇਣਾ ਹੀ ਵਧੇਰੇ ਉੱਚਿਤ ਹੈ :

ਨਾ ਪੂਛ ਕੌਨ ਹੈਂ
ਕਿਉਂ ਰਾਹ ਮੇਂ ਲਾਚਾਰ ਬੈਠੇ ਹੈਂ।
ਮੁਸਾਫ਼ਰ ਹੈਂ, ਸਫ਼ਰ ਕਰਨੇ ਕੀ
ਤਮੱਨਾ ਹਾਰ ਬੈਠੇ ਹੈਂ।

ਆਪਣੀ ਜਵਾਨੀ ਦੇ ਦਿਨਾਂ ਨੂੰ ਯਾਦ ਕਰਕੇ ਟਾਹਰਾਂ ਨਾ ਮਾਰੋ। ਜੋ ਕੁਝ ਤੁਸਾਂ

ਜਵਾਨੀ ਦੇ ਦਿਨਾਂ ਵਿੱਚ ਕੀਤਾ ਹੈ, ਤੁਸੀਂ ਉਸ ਨੂੰ ਮੁੜ ਨਹੀਂ ਕਰ ਸਕਦੇ। ਇਸ ਤਰ੍ਹਾਂ ਨਾਲ ਨਿਰਾਸਤਾ ਹੀ ਹੱਥ ਲੱਗੇਗੀ।

ਜਵਾਨੀ ਜਾਤੀ ਰਹੀ ਔਰ ਹਮੇਂ ਪਤਾ ਨਾ ਚਲਾ।
ਇਸੀ ਕੋ ਢੂੰਡ ਰਹੇ ਹੈਂ, ਕਮਰ ਝੁਕਾਏ ਹੁਏ।

"ਹਿੰਦੁਸਤਾਨ ਟਾਈਮਜ਼" ਦੇ ਸੰਪਾਦਕ ਵਜੋਂ ਮੇਰਾ ਤੀਸਰਾ ਸਾਲ ਸੀ ਤੇ ਉਦੋਂ ਮੇਰੀ ਮੁਲਾਜ਼ਮਤ ਦੇ ਇਕਰਾਰਨਾਮੇ ਦੇ ਨਵਿਆਉਣ ਦਾ ਮੌਕਾ ਸੀ। ਉਸ ਸਮੇਂ ਮੇਰੇ ਅੰਨਦਾਤਾ ਕੇ.ਕੇ. ਬਿਰਲਾ ਨੇ ਮੈਨੂੰ ਪੁੱਛਿਆ, "ਸਰਦਾਰ ਸਾਹਿਬ, ਆਪ ਕਾ ਰਿਟਾਇਰ ਹੋਨੇ ਕਾ ਵਿਚਾਰ ਨਹੀਂ?" ਉਸ ਸਮੇਂ ਮੇਰੀ ਉਮਰ 69 ਸਾਲ ਦੀ ਸੀ। ਮੈਂ ਉੱਤਰ ਦਿੱਤਾ, "ਬਿਰਲਾ ਜੀ, ਰਿਟਾਇਰ ਤੋ ਮੈਂ ਨਿਗਮਬੋਧ ਘਾਟ ਮੇਂ ਹੀ ਹੂੰਗਾ।"

ਅਸਲ ਵਿੱਚ ਮੇਰੀ ਯੋਜਨਾ ਹੈ ਕਿ ਮੈਨੂੰ ਮਿੱਟੀ ਵਿੱਚ ਦਬਾਇਆ ਜਾਏ ਤਾਂ ਜੋ ਮੇਰਾ ਹੀਆ ਮੇਰੀ ਮਾਤਰਭੂਮੀ ਦੀ ਮਿੱਟੀ ਨੂੰ ਮੇਰੇ ਮਰਨ ਪਿੱਛੋਂ ਜ਼ਰਖ਼ੇਜ਼ ਤੇ ਉਪਜਾਊ ਬਣਾਵੇ।

ਮੌਤ ਘਰ ਦੀ ਮਹਿਮਾਨ

ਉਸ ਨੇ ਉਦਾਸ ਮੁਸਕਰਾਹਟ ਨਾਲ ਕਿਹਾ, "ਮੈਂ ਨੌਂ ਸਾਲਾਂ ਤੋਂ ਮੌਤ ਦੇ ਅੰਗ-ਸੰਗ ਰਹਿ ਰਿਹਾ ਹਾਂ।" ਇਹ ਭੂਤਪੂਰਵ ਪ੍ਰਧਾਨ ਮੰਤਰੀ ਵਿਸ਼ਵਨਾਥ ਪ੍ਰਤਾਪ ਸਿੰਘ ਸਨ। ਅਸੀਂ ਆਪਣੇ ਪਿਛਵਾੜੇ ਦੇ ਬਗੀਚੇ ਵਿੱਚ ਬੈਠੇ ਸਾਂ। ਚਮਕੀਲੀ ਧੁੱਪ ਸੀ, ਪੱਕ ਰਹੇ ਅੰਗੂਰਾਂ ਦੀ ਖੁਸ਼ਬੂ ਖ਼ਿਜ਼ਾਂ ਰੁੱਤ ਦੀ ਹਵਾ ਦੀ ਸੁਗੰਧੀ ਵਿੱਚ ਘੁਲ-ਮਿਲ ਰਹੀ ਸੀ, ਬਸੰਤਾ ਪੰਛੀ ਬੋਲ ਰਿਹਾ ਸੀ, ਤਿੰਨ ਬਲੂੰਗੜੇ ਝੂਠੀ-ਮੂਠੀ ਲੜਾਈ ਲੜਦੇ ਇਕ-ਦੂਸਰੇ ਦੀ ਪੂਛ 'ਤੇ ਝਪਟਾਂ ਮਾਰ ਰਹੇ ਸਨ। ਪ੍ਰਮਾਤਮਾ ਸਵਰਗ ਵਿੱਚ ਸੀ ਤੇ ਦੁਨੀਆਂ ਵਿਚ ਸਭ ਖ਼ੈਰ-ਸੁੱਖ ਸੀ।

ਮੈਂ ਉਸ ਨੂੰ ਪੁੱਛਿਆ, "ਕੀ ਤੁਸੀਂ ਪ੍ਰਮਾਤਮਾ ਵਿੱਚ ਵਿਸ਼ਵਾਸ ਰੱਖਦੇ ਹੋ?" ਉਸ ਨੇ ਸਾਫ਼-ਸਾਫ਼ ਉੱਤਰ ਦਿੱਤਾ, "ਨਹੀਂ। ਮੈਂ ਲੋਕਤੰਤਰੀ ਸਮਾਜ ਵਿੱਚ ਸਰਵ-ਸ਼ਕਤੀਮਾਨ ਦਾ ਸੰਕਲਪ ਨਾ ਮੰਨਣਯੋਗ ਸਮਝਦਾ ਹਾਂ। ਕੋਈ ਵੀ ਦੂਸਰੇ ਨਾਲੋਂ ਸ਼ਕਤੀਸ਼ਾਲੀ ਨਹੀਂ ਹੈ। ਸਭ ਇਕ ਸਮਾਨ ਹਨ।"

ਵੀ.ਪੀ. ਸਿੰਘ ਨੂੰ ਪਿਛਲੇ 9 ਸਾਲਾਂ ਤੋਂ ਗੁੱਦੇ ਵਾਲੀ ਨਲੀ ਦਾ ਤੇ ਲਹੂ ਦੇ ਕੈਂਸਰ ਦਾ ਰੋਗ ਹੈ। ਉਸ ਦੇ ਗੁਰਦੇ ਨਾਕਾਰਾ ਹੋ ਚੁੱਕੇ ਹਨ। ਉਸ ਨੂੰ ਹਰ ਹਫ਼ਤੇ ਖ਼ੂਨ ਚੜ੍ਹਾਉਣਾ ਪੈਂਦਾ ਹੈ। ਉਸ ਨੇ ਇਕ ਕਵਿਤਾ ਸੁਣਾਈ :

ਮੈਂ ਹਰ ਹਫ਼ਤੇ ਮੌਤ ਨੂੰ ਪੁੱਛਦਾ ਹਾਂ ਕਿ "ਕੀ ਤੇਰੇ ਨਾਲ ਜਾਣ ਦਾ ਮੇਰਾ ਸਮਾਂ ਆ ਪਹੁੰਚਿਆ ਹੈ?" ਉਹ ਉੱਤਰ ਵਿੱਚ ਕਹਿੰਦੀ ਹੈ, "ਨਹੀਂ, ਅਜੇ ਨਹੀਂ।"

ਇਸ ਦੇ ਟਾਕਰੇ 'ਤੇ ਮੈਂ ਅਲਾਮਾ ਇਕਬਾਲ ਦਾ ਉਤਕਥਨ ਹਵਾਲੇ ਵਜੋਂ ਪੜ੍ਹਿਆ :

ਬਾਗ਼ਿ-ਬਹਿਸ਼ਤ ਸੇ ਮੁਝੇ ਹੁਕਮਿ-ਸਫ਼ਰ ਦੀਆ ਥਾ ਕਿਉਂ?
ਕਾਰਿ-ਜਹਾਂ ਦਰਾਜ਼ ਹੈ, ਅੱਬ ਮੇਰਾ ਇੰਤਜ਼ਾਰ ਕਰ।

ਵੀ.ਪੀ. ਸਿੰਘ ਨੇ 'ਵਾਹ, ਵਾਹ' ਕਹਿ ਕੇ ਉੱਤਰ ਦਿੱਤਾ। ਮੈਂ ਆਪਣਾ ਕਥਨ ਜਾਰੀ ਰੱਖਦਿਆਂ ਕਿਹਾ, "ਜਦੋਂ ਮੈਂ ਅਨੁਭਵ ਕਰਦਾ ਹਾਂ ਕਿ ਮੇਰੀ ਮੌਤ ਆਉਣ ਵਾਲੀ ਹੈ ਤਾਂ ਮੈਂ ਬੱਦਲਾਂ ਤੋਂ ਉੱਪਰ ਭਾਵ ਆਕਾਸ਼ ਵਿੱਚ ਬੈਠੇ "ਅੱਲਾ ਮੀਆਂ" ਨੂੰ ਆਖਦਾ ਹਾਂ, "ਮੀਆਂ ਸਾਹਿਬ! ਮੈਂ ਤੁਹਾਡੇ ਕੋਲ ਉਦੋਂ ਹੀ ਆਵਾਂਗਾ, ਜਦੋਂ ਮੈਨੂੰ ਵਿਹਲ ਮਿਲੀ।" ਵੀ.ਪੀ. ਸਿੰਘ ਨੇ ਸਹਿਮਤੀ ਵਜੋਂ ਸਿਰ ਹਿਲਾਇਆ।

ਮੈਂ ਉਸ ਨੂੰ ਪੁੱਛਿਆ, "ਕੀ ਤੁਸੀਂ ਅਰਦਾਸ ਕਰਦੇ ਹੋ?" ਉਸ ਨੇ ਜ਼ੋਰਦਾਰ ਸ਼ਬਦਾਂ ਵਿੱਚ ਕਿਹਾ, "ਕਦੇ ਵੀ ਨਹੀਂ।" ਫਿਰ ਉਸ ਨੇ ਆਪਣੇ-ਆਪ ਨੂੰ ਸੋਧਦਿਆਂ ਕਿਹਾ, "ਮੈਂ ਇਕ ਵਾਰ ਅਰਦਾਸ ਕੀਤੀ ਸੀ ਜਦੋਂ ਮੇਰੀ ਮਾਂ ਮਰਨ ਵਾਲੀ ਹੀ ਸੀ। ਮੈਂ ਪ੍ਰਮਾਤਮਾ ਅੱਗੇ ਬੇਨਤੀ ਕੀਤੀ ਕਿ 'ਰੱਬਾ ਉਸ ਦੀ ਜਾਨ ਬਖ਼ਸ਼ ਦੇ।' ਉਸ ਦੀ ਹਾਲਤ ਵਿੱਚ ਸੁਧਾਰ

ਹੋ ਗਿਆ, ਜਾਨ ਬਚ ਗਈ ਤੇ ਉਹ ਹੋਰ ਦੋ ਸਾਲ ਜਿਊਂਦੀ ਰਹੀ, ਪਰ ਮੈਂ ਆਪਣੀ ਖ਼ਾਤਰ ਕਦੇ ਅਰਦਾਸ (ਪ੍ਰਾਰਥਨਾ) ਨਹੀਂ ਕੀਤੀ। ਮੈਨੂੰ ਤਾਂ ਇਹ ਸੌਦੇਬਾਜ਼ੀ ਲੱਗਦੀ ਹੈ ਕਿ ਜੇ ਤੂੰ ਮੈਨੂੰ ਪੈਸਾ, ਸਫਲਤਾ ਤੇ ਚੰਗੀ ਸਿਹਤ ਬਖ਼ਸ਼ੇਂ ਤਾਂ ਮੈਂ ਤੇਰੀ ਉਸਤਿਤ ਕਰਾਂਗਾ।"

ਮੈਂ ਉਸ ਦੀ ਉਂਗਲੀ ਵਿੱਚ ਲਾਜਵਰਦੀ ਰੰਗ ਦੇ ਕੀਮਤੀ ਪੱਥਰ ਵਾਲੀ ਅੰਗੂਠੀ ਵੇਖੀ। ਮੈਂ ਸੁਆਲ ਕੀਤਾ, "ਤੁਸੀਂ ਇਹ ਸ਼ੁਭ ਕਿਸਮਤ ਦੇ ਮੰਤਰ ਵਾਲੀ ਅੰਗੂਠੀ ਕਿਉਂ ਪਾਈ ਹੋਈ ਹੈ?" ਉਸ ਨੇ ਇਸ ਨੂੰ ਲਾਹ ਲਿਆ ਤੇ ਉੱਤਰ ਦਿੱਤਾ, "ਇਹ ਮੇਰੇ ਬੇਟੇ ਨੇ ਮੈਨੂੰ ਦਿੱਤੀ ਸੀ। ਜਦੋਂ ਉਹ ਮੇਰੇ ਕੋਲ ਹੁੰਦਾ ਹੈ, ਮੈਂ ਪਹਿਨ ਲੈਂਦਾ ਹਾਂ।" ਉਸ ਨੇ ਕਮੀਜ਼ ਖੋਲ੍ਹਿਉਂ ਇਕ ਹਾਰ ਬਾਹਰ ਕੱਢਿਆ। ਇਸ ਦੇ ਵਿੱਚ ਇਕ ਸੋਨੇ ਦੀ ਅੰਗੂਠੀ ਵਿੱਚ ਰੁਦਰਾਖਸ਼ ਦਾ ਮਣਕਾ ਮੜ੍ਹਿਆ ਹੋਇਆ ਸੀ। "ਮੈਂ ਇਹ ਇਸ ਲਈ ਪਹਿਨਦਾ ਹਾਂ ਕਿਉਂਕਿ ਅਜੀਤ ਨੇ ਬੁਰਾਈ ਨੂੰ ਮੈਥੋਂ ਦੂਰ ਰੱਖਣ ਲਈ (ਦੁਸ਼ਟ ਗ੍ਰਹਿ ਟਾਲਣ ਲਈ) ਮੇਰੇ ਵਾਸਤੇ ਇਸ ਨੂੰ ਬਣਵਾਇਆ।" ਅਜੀਤ ਕੌਰ, ਜੋ ਉਸ ਦੇ ਨਾਲ ਹੀ ਆਈ ਸੀ, ਉਸ ਨੇ ਮੁਸਕਰਾਹਟ ਬਿਖੇਰੀ। ਮੌਤ ਬਾਰੇ ਸਾਡੀ ਗੱਲਬਾਤ ਸਮਾਪਤ ਹੋ ਗਈ।

ਮੌਤ ਦਾ ਅਨੁਭਵ

ਕਾਫ਼ੀ ਸਾਰਾ ਸਾਹਿੱਤ ਉਹਨਾਂ ਲੋਕਾਂ ਦੇ ਅਨੁਭਵਾਂ ਬਾਰੇ ਹੈ ਜਿਨ੍ਹਾਂ ਨੂੰ ਡਾਕਟਰੀ ਤੌਰ 'ਤੇ ਮ੍ਰਿਤਕ ਐਲਾਨ ਕਰ ਦਿੱਤਾ ਗਿਆ, ਭਾਵ ਉਹਨਾਂ ਦੇ ਦਿਲਾਂ ਨੇ ਕੰਮ ਕਰਨਾ ਬੰਦ ਕਰ ਦਿੱਤਾ, ਪ੍ਰੰਤੂ ਕੁਝ ਮਿੰਟਾਂ ਵਿੱਚ ਉਹ ਫਿਰ ਜੀ ਉੱਠੇ। ਬਹੁਤ ਸਾਰੇ ਇਹ ਗੱਲਾਂ ਕਰਦੇ ਹਨ ਕਿ ਉਹਨਾਂ ਨੇ ਆਪਣੇ ਰਿਸ਼ਤੇਦਾਰਾਂ ਨੂੰ ਉਹਨਾਂ ਦੀ ਮੌਤ ਬਾਰੇ ਰੋਂਦੇ ਕੁਰਲਾਂਦੇ ਸੁਣਿਆ, ਚੁੰਧਿਆ ਦੇਣ ਵਾਲੀਆਂ ਰੌਸ਼ਨੀਆਂ ਵੇਖੀਆਂ ਤੇ ਉਹਨਾਂ ਨੂੰ ਭਿਨਾ-ਭਿਨਾ ਸੰਗੀਤ ਸੁਣਾਈ ਦਿੱਤਾ। ਨਾਸਤਕ ਇਹਨਾਂ ਅਨੁਭਵਾਂ ਨੂੰ ਪਹਿਲਾਂ ਤੋਂ ਪਏ ਹੋਏ ਉਹਨਾਂ ਵਿਚਾਰਾਂ ਦਾ ਅਸਰ ਮੰਨਦੇ ਹਨ ਜੋ ਆਮ ਲੋਕਾਂ ਵਿੱਚ ਰੱਬ, ਸਵਰਗ, ਨਰਕ ਤੇ ਮਰਨ ਉਪਰੰਤ ਜ਼ਿੰਦਗੀ ਵਿੱਚ ਵਿਸ਼ਵਾਸ ਰੱਖਣ ਕਰਕੇ ਪੈਂਦੇ ਹਨ। ਇਸ ਲਈ ਉਹ ਇਹਨਾਂ ਨੂੰ ਰੱਦ ਕਰ ਦਿੰਦੇ ਹਨ। ਪ੍ਰੰਤੂ ਇਹਨਾਂ ਵਿੱਚੋਂ ਕੋਈ ਵਿਸ਼ਵਾਸ ਵੀ ਪ੍ਰੋਫ਼ੈਸਰ ਏ. ਜੇ. ਅੱਜਰ 'ਤੇ ਲਾਗੂ ਨਹੀਂ ਹੁੰਦਾ, ਜਿਸ ਨੂੰ ਮ੍ਰਿਤਕ ਘੋਸ਼ਿਤ ਕਰ ਦਿੱਤਾ ਗਿਆ ਸੀ ਤੇ ਉਹਦਾ ਦਿਲ ਚਾਰ ਮਿੰਟਾਂ ਪਿੱਛੋਂ ਦੁਬਾਰਾ ਹਰਕਤ ਕਰਨ ਲੱਗਾ ਸੀ। ਉਸ ਨੇ ਆਪਣੇ ਮੌਤ ਉਪਰੰਤ ਅਨੁਭਵਾਂ ਨੂੰ ਇਕ ਲੇਖ-ਲੜੀ ਵਿੱਚ ਪ੍ਰਕਾਸ਼ਿਤ ਕਰਵਾਇਆ ਸੀ।

ਆਓ, ਪਹਿਲਾਂ ਮੈਂ ਅੱਜਰ ਨਾਲ ਤੁਹਾਡੀ ਜਾਣ-ਪਹਿਚਾਣ ਕਰਵਾਵਾਂ ਜਿਸ ਨੇ 30 ਸਾਲ ਪਹਿਲਾਂ ਮੇਰੇ ਘਰ ਖਾਣਾ ਖਾ ਕੇ ਮੈਨੂੰ ਮਾਨ ਬਖ਼ਸ਼ਿਆ ਸੀ। ਸਰ ਅਲਫਰੇਡ ਜੂਲੀਅਸ ਦਾ ਜਨਮ 1910 ਵਿੱਚ ਹੋਇਆ ਸੀ। ਉਸ ਨੇ ਐਟਨ ਤੇ ਕਰਾਈਸਟ ਚਰਚ ਕਾਲਜ ਔਕਸਫ਼ੋਰਡ ਵਿੱਚ ਪੜ੍ਹਾਈ ਕੀਤੀ। ਉਹ ਨਿਆਇ ਸ਼ਾਸਤਰ ਦਾ ਪ੍ਰੋਫ਼ੈਸਰ ਬਣਿਆ ਤੇ ਉਸ ਨੇ ਆਪਣੀ ਮਾਤਰੀ ਸੰਸਥਾ ਸਣੇ ਕਈ ਪ੍ਰਤਿਸ਼ਠਾਵਾਨ ਯੂਨੀਵਰਸਿਟੀਆਂ ਵਿੱਚ ਪੜ੍ਹਾਇਆ। ਉਹ 1936 ਵਿੱਚ "ਭਾਸ਼ਾ, ਸੱਚ ਤੇ ਤਰਕ" ਦੇ ਛਪਣ ਨਾਲ, ਜੋ ਉਸ ਦੀ ਤਰਕਮਈ ਪ੍ਰਮਾਣਵਾਦ ਦੀ ਵਿਆਖਿਆ ਸੀ, ਪ੍ਰਸਿੱਧ ਹੋ ਗਿਆ। ਉਸ ਦੀਆਂ ਹੋਰ ਰਚਨਾਵਾਂ ਵੀ ਛਪੀਆਂ ਜਿਨ੍ਹਾਂ ਵਿੱਚ 'ਪ੍ਰਯੋਗਵਾਦੀ ਗਿਆਨ ਦਾ ਸਿਧਾਂਤ' (1940) ਤੇ 'ਗਿਆਨ ਦੀ ਗੁੰਝਲ' (1956) ਸ਼ਾਮਿਲ ਹਨ। ਅੱਜਰ ਨੂੰ ਇੰਗਲੈਂਡ ਦਾ ਪ੍ਰਮੁੱਖ ਸ਼ੰਕਾਵਾਦੀ ਤੇ ਸੁਤੰਤਰ ਚਿੰਤਕ ਮੰਨਿਆ ਗਿਆ ਹੈ।

ਜਦ ਉਹ ਦੋ ਮਹੀਨੇ ਪਹਿਲਾਂ ਮਰ ਗਿਆ ਤੇ ਫਿਰ ਚਾਰ ਮਿੰਟਾਂ ਪਿੱਛੋਂ ਜਿਉਂਦਾ ਹੋ ਗਿਆ ਤਾਂ ਉਸ ਨੇ ਆਪਣੇ ਅਨੁਭਵ ਦਾ ਉਲੇਖ ਇਕ "ਅਣਖੋਜੇ ਮੁਲਕ" ਨਾਮ ਦੇ ਨਿਬੰਧ ਵਿੱਚ ਕੀਤਾ। ਉਸ ਨੇ ਇਹ ਮੰਨਿਆ ਕਿ ਮੇਰੇ ਤਾਜ਼ਾ ਅਨੁਭਵ ਨੇ ਮੇਰੇ ਇਸ ਵਿਸ਼ਵਾਸ ਨੂੰ ਕਮਜ਼ੋਰ ਬਣਾ ਦਿੱਤਾ ਹੈ ਕਿ ਮੇਰੀ ਅਸਲੀ ਮੌਤ ਮੇਰਾ ਅੰਤ ਹੋਵੇਗੀ। ਇਕ ਅਗਲੇ ਲੇਖ ਵਿੱਚ ਉਸ ਨੇ ਮੌਤ ਬਾਰੇ ਅੰਤਿਮ ਵਿਰਾਮ ਦੇ ਸਿਧਾਂਤ ਨੂੰ ਇਹ ਕਹਿ ਕੇ ਕੁਝ ਹੱਦ ਤੱਕ ਬਲ ਦਿੱਤਾ ਹੈ ਕਿ ਮੇਰੇ ਅਨੁਭਵ ਨੇ ਇਸ ਵਿਸ਼ਵਾਸ ਨੂੰ ਕਮਜ਼ੋਰ ਨਹੀਂ

ਬਣਾਇਆ ਕਿ ਮੌਤ ਪਿੱਛੋਂ ਕੋਈ ਜੀਵਨ ਨਹੀਂ ਹੈ, ਸਗੋਂ ਮੇਰੇ ਇਸ ਵਿਸ਼ਵਾਸ ਬਾਰੇ ਅਮੋੜ ਦ੍ਰਿਸ਼ਟੀਕੋਣ ਨੂੰ ਕਮਜ਼ੋਰ ਕੀਤਾ ਹੈ।

ਕੀ ਅੱਯਰ 'ਸੱਚਮੁੱਚ' ਹੀ ਮਰ ਗਿਆ ਸੀ ਤੇ ਦੂਸਰੇ ਸੰਸਾਰ ਵਿੱਚ ਚਲਾ ਗਿਆ ਸੀ? ਉਹਦਾ ਇਲਾਜ ਕਰ ਰਹੇ ਡਾਕਟਰਾਂ ਦਾ ਵਿਚਾਰ ਹੈ ਕਿ ਭਾਵੇਂ ਉਹਦੇ ਦਿਲ ਦੀ ਧੜਕਣ ਬੰਦ ਹੋ ਗਈ ਸੀ, ਪਰ ਉਹਦਾ ਦਿਮਾਗ਼ ਉਵੇਂ ਹੀ ਕੰਮ ਕਰਦਾ ਰਿਹਾ। ਨਾਲ ਹੀ ਇਹ ਵੀ ਕਿਹਾ ਕਿ ਜਦੋਂ ਦਿਲ ਦੀ ਹਰਕਤ ਬੰਦ ਹੋ ਜਾਂਦੀ ਹੈ ਤਾਂ ਦਿਮਾਗ਼ ਦੇ ਕੰਮ ਕਰਨ ਦੀ ਗਤੀ ਵੀ ਘੱਟ ਜਾਂਦੀ ਹੈ ਤੇ ਚਾਰ ਮਿੰਟਾਂ ਦੇ ਅੰਦਰ ਦਿਮਾਗ਼ ਵੀ ਕੰਮ ਕਰਨਾ ਬੰਦ ਕਰ ਦਿੰਦਾ ਹੈ। ਅੱਯਰ ਦੇ ਮੌਤ ਉਪਰੰਤ ਦੇ ਅਨੁਭਵ ਵੱਧ ਤੋਂ ਵੱਧ ਨਕਾਰਾ ਦਿਮਾਗ਼ ਦੀ ਯਾਦਦਾਸ਼ਤ ਹੀ ਸਨ।

ਅੱਯਰ ਮੁੱਢੋਂ ਹੀ ਯਹੂਦੀਆਂ, ਈਸਾਈਆਂ ਤੇ ਮੁਸਲਮਾਨਾਂ ਦੇ ਇਸ ਵਿਸ਼ਵਾਸ ਨੂੰ ਰੱਦ ਕਰ ਦਿੰਦਾ ਰਿਹਾ ਹੈ ਕਿ ਹਸ਼ਰ ਦੇ ਦਿਨ ਮੁਰਦੇ ਉੱਠ ਪੈਣਗੇ। ਸਾਨੂੰ ਕੋਈ ਇਹ ਨਹੀਂ ਦੱਸਦਾ ਕਿ ਮੁਰਦੇ ਕਿਸ ਸ਼ਕਲ ਵਿੱਚ ਉੱਠਣਗੇ, ਜਿਵੇਂ ਉਹ ਮਰਨ ਵੇਲੇ ਸੀ ਜਾਂ ਜਦੋਂ ਉਹ ਜਵਾਨ ਸਨ ਤੇ ਚੰਗੀ ਸਿਹਤ ਵਿੱਚ ਸਨ। ਫਿਰ ਉਹਨਾਂ ਦਾ ਕੀ ਬਣੇਗਾ ਜੋ ਬਚਪਨ 'ਚ ਮਰ ਗਏ ਜਾਂ ਅਪਾਹਜ ਸਨ ਜਾਂ ਦਿਮਾਗ਼ੀ ਤੌਰ 'ਤੇ ਮੰਦ-ਬੁੱਧੀ ਸਨ? ਕੀ ਅਸੀਂ ਉਸੇ ਹੀ ਲਿੰਗ ਵਿੱਚ ਜਨਮ ਲਵਾਂਗੇ? ਕੀ ਅਸੀਂ ਆਪਣੇ ਇਸ ਜਨਮ ਦੀਆਂ ਯਾਦਾਂ ਭਵਿੱਖ ਜੀਵਨ ਵਿੱਚ ਵੀ ਨਾਲ ਲੈ ਜਾਵਾਂਗੇ?

ਅੱਯਰ ਹਿੰਦੂਆਂ, ਜੈਨੀਆਂ, ਬੋਧੀਆਂ ਤੇ ਸਿੱਖਾਂ ਦੇ ਪੁਨਰ-ਜਨਮ ਦੇ ਸਿਧਾਂਤ ਨੂੰ ਰੱਦ ਕਰਦਾ ਹੈ, ਪ੍ਰੰਤੂ ਉਹ ਇਹ ਜ਼ਰੂਰ ਮੰਨਦਾ ਹੈ ਕਿ ਜੇ ਕਦੀ ਅਜਿਹਾ ਮੌਕਾ ਆਇਆ ਜਦੋਂ ਭਾਰੀ ਗਿਣਤੀ ਵਿੱਚ ਲੋਕਾਂ ਨੂੰ ਆਪਣੇ ਪਿਛਲੇ ਜਨਮ ਦੇ ਅਨੁਭਵ ਯਾਦ ਹੋਣਗੇ ਤਾਂ ਫਿਰ ਪੁਨਰ-ਜਨਮ ਦੇ ਸਿਧਾਂਤ ਨੂੰ ਕੁਝ ਹਾਲਤ ਤੱਕ ਅਨੁਮਤੀ ਦਿੱਤੀ ਜਾ ਸਕਣ ਦੀ ਸੰਭਾਵਨਾ ਹੈ। ਅਜੇ ਤੱਕ ਤਾਂ ਇਸ ਨੂੰ ਵਿਗਿਆਨਕ ਗਲਪ ਹੀ ਕਹਿਣਾ ਚਾਹੀਦਾ ਹੈ।

ਮੁਰਦਿਆਂ ਤੋਂ ਸਿੱਖਿਆ

ਕਬਰਸਤਾਨ ਮੇਰੇ ਮਨ-ਪ੍ਰਚਾਵੇ ਲਈ ਮਨ-ਪਸੰਦ ਥਾਵਾਂ ਹਨ। ਮੈਂ ਰਾਤ ਨੂੰ ਮੁਰਦਿਆਂ ਵਿਚ ਜਾਣਾ ਨਹੀਂ ਚਾਹੁੰਦਾ ਕਿਉਂਕਿ ਮੈਨੂੰ ਪ੍ਰੇਤਾਂ ਤੋਂ ਡਰ ਲੱਗਦਾ ਹੈ, ਪ੍ਰੰਤੂ ਧੁਪਿਆਲੇ ਚਮਕਦੇ ਦਿਨ ਵਿੱਚ ਮੈਂ ਪਾਰਕ ਜਾਂ ਬਾਗ ਨਾਲੋਂ ਕਬਰਸਤਾਨ ਵਿੱਚ ਸੈਰ ਕਰਨੀ ਵਧੇਰੇ ਪਸੰਦ ਕਰਦਾ ਹਾਂ। ਇਸ ਦਾ ਇਕ ਕਾਰਨ ਤਾਂ ਇਹ ਹੈ ਕਿ ਜੀਵਤ ਲੋਕਾਂ ਵਿੱਚੋਂ ਬਹੁਤੇ ਮੇਰੇ ਇਸ ਚਾਅ ਵਿੱਚ ਮੇਰੇ ਨਾਲ ਨਹੀਂ ਹੋਣਗੇ। ਦੂਸਰਾ ਕਾਰਨ ਇਹ ਵੀ ਹੈ ਕਿ ਸੈਂਕੜੇ ਲੋਕਾਂ ਨੂੰ ਆਪਣੇ ਪੈਰਾਂ ਹੇਠ ਪਏ ਹੋਣ ਤੇ ਮੇਰਾ ਜਿਊਂਦੇ ਹੋਣਾ ਮੈਨੂੰ ਉਹਨਾਂ ਉੱਪਰ ਜੇਤੂ ਹੋਣ ਦਾ ਅਹਿਸਾਸ ਦਿੰਦਾ ਹੈ। ਮੈਂ ਉਹਨਾਂ ਦੀ ਕਬਰ ਦਾ ਕੁਤਬਾ ਪੜ੍ਹਦਾ ਹਾਂ ਤੇ ਮੂੰਹ ਵਿੱਚ ਗੁਣਗੁਣਾਂਦਾ ਹਾਂ : "ਵਿਚਾਰੇ ਮਿੱਟੀ ਦੀ ਢੇਰੀ—ਮੈਥੋਂ ਮਗਰੋਂ ਜੰਮੇ, ਪਰ ਪਹਿਲਾਂ ਮਰ ਗਏ।" ਤੇ ਫਿਰ ਮੈਂ ਅਗਲੀ ਕਬਰ ਦਾ ਲੇਖ ਪੜ੍ਹਦਾ ਹਾਂ।

ਮੈਂ ਖ਼ੁਸ਼ਨਸੀਬ ਸਾਂ ਕਿ ਵਾਸ਼ਿੰਗਟਨ ਵਿੱਚ ਮੈਨੂੰ ਰਿਹਾਇਸ਼ ਲਈ ਘਰ ਅਰਲਿੰਗਟਨ ਦੇ ਕਬਰਸਤਾਨ ਦੇ ਨੇੜੇ ਹੀ ਮਿਲ ਗਿਆ ਜੋ ਹਰੀ-ਭਰੀ ਪਰਬਤ ਵੱਖੀ ਵਿੱਚ ਪੋਟੋਮੈਕ ਦਰਿਆ ਨਾਲ ਲੱਗਦਾ ਮੀਲਾਂ ਵਿੱਚ ਫੈਲਿਆ ਮੁਲਕ ਦਾ ਸਭ ਤੋਂ ਵੱਡਾ ਕਬਰਸਤਾਨ ਸੀ। ਹਰ ਐਤਵਾਰ ਦੀ ਸਵੇਰ ਨੂੰ ਭਾਵੇਂ ਗੜੇ ਪੈਣ, ਮੀਂਹ ਪੈਂਦਾ ਹੋਵੇ ਜਾਂ ਬਰਫ਼, ਮੈਂ ਫਰਲਾਂਗਾਂ ਵਿੱਚ ਫੈਲੇ ਕਬਰਾਂ ਦੇ ਕੁਤਬਿਆਂ ਵਿੱਚ ਟਹਿਲਦਾ ਰਹਿੰਦਾ ਸੀ, ਕਿਉਂਕਿ ਅਰਲਿੰਗਟਨ ਦੇ ਕਬਰਸਤਾਨ ਵਿੱਚ ਕੇਵਲ ਉਹਨਾਂ ਲੋਕਾਂ ਦੀਆਂ ਦੇਹਾਂ ਜਾਂ ਯਾਦਾਂ ਹੀ ਦਫ਼ਨਾਈਆਂ ਜਾਂਦੀਆਂ ਹਨ ਜੋ ਜੰਗ ਵਿੱਚ ਸ਼ਹੀਦ ਹੁੰਦੇ ਹਨ ਜਾਂ ਫਿਰ ਉਹਨਾਂ ਦੀਆਂ ਪਤਨੀਆਂ ਦੀਆਂ ਦੇਹਾਂ ਨੂੰ ਦਫ਼ਨਾਇਆ ਜਾਂਦਾ ਹੈ, ਇਸ ਲਈ ਬਹੁਤੀਆਂ ਕਬਰਾਂ ਵਿੱਚ ਦਫ਼ਨ ਲੋਕਾਂ ਦੇ ਨਾਮ ਤੇ ਜਨਮ-ਮਿਤੀਆਂ ਹੀ ਹੁੰਦੀਆਂ ਹਨ।

ਅਰਲਿੰਗਟਨ ਵਿੱਚ ਸੰਯੁਕਤ ਰਾਜ ਅਮਰੀਕਾ ਦੇ ਥੋੜ੍ਹੇ ਜਿਹੇ ਰਾਸ਼ਟਰਪਤੀਆਂ ਨੂੰ ਵੀ ਦਫ਼ਨ ਕੀਤਾ ਹੋਇਆ ਹੈ। ਮੈਨੂੰ ਇਹ ਜਾਣ ਕੇ ਹੈਰਾਨੀ ਹੋਈ ਕਿ ਉਹਨਾਂ ਵਿੱਚੋਂ ਬਹੁਤ ਸਾਰਿਆਂ ਦਾ ਅੰਤ ਹਿੰਸਕ ਢੰਗ ਨਾਲ ਹੋਇਆ ਸੀ। ਉਹਨਾਂ ਵਿੱਚੋਂ ਸਭ ਤੋਂ ਪ੍ਰਸਿੱਧ ਜਾਨ ਫ਼ਿਟਜ਼ਰਗਲਡ ਕੈਨੇਡੀ ਸੀ, ਜਿਸ ਦੀ ਕਬਰ ਪਹਾੜੀ ਦੀ ਚੋਟੀ 'ਤੇ ਵਿਸ਼ੇਸ਼ ਆਕਰਸ਼ਣ ਸੀ।

ਸੈਲਾਨੀ ਵਿਸ਼ਵ ਦੇ ਹਰ ਭਾਗ 'ਚੋਂ ਬੱਸਾਂ ਭਰ ਕੇ ਚੌਵੀ ਘੰਟੇ ਬਲ ਰਹੀ ਜੋਤ ਦੇ ਨੇੜੇ ਫ਼ੋਟੋ ਖਿਚਾਉਣ ਆਉਂਦੇ ਹਨ ਤੇ ਉਸ ਦੇ ਦਿੱਤੇ ਭਾਸ਼ਣਾਂ 'ਚੋਂ ਪ੍ਰੇਰਨਾਦਾਇਕ ਪੈਰ੍ਹੇ ਪੜ੍ਹਦੇ ਹਨ ਜੋ ਗੋਲ ਆਕਾਰ ਦੀ ਰੰਗਸ਼ਾਲਾ 'ਤੇ ਉੱਕਰੇ ਹੋਏ ਹਨ। ਇਸ ਸਥਾਨ ਨੂੰ ਪਵਿੱਤਰ ਬਣਾਉਂਦਾ, ਕੈਨੇਡੀ ਦੇ ਰਹੱਸ ਤੋਂ ਬਿਨਾਂ ਉਸ ਸਥਾਨ ਦਾ ਮਨਮੋਹਕ ਦ੍ਰਿਸ਼ ਵੀ ਭੀੜ ਨੂੰ ਆਪਣੇ ਵੱਲ ਆਕਰਸ਼ਿਤ ਕਰਦਾ ਹੈ। ਤੁਸੀਂ ਉੱਤਰੀ ਦੁਮੇਲ ਤੋਂ ਦੱਖਣੀ ਦੁਮੇਲ

ਤੱਕ ਬਿਨਾਂ ਕਿਸੇ ਰੁਕਾਵਟ ਦੇ ਪੋਟੋਮੇਕ ਦਰਿਆ 'ਤੇ ਕੈਨੇਡੀ ਕੇਂਦਰ, ਲਿੰਕਨ ਤੇ ਵਾਸ਼ਿੰਗਟਨ ਦੀਆਂ "ਕੈਪੀਟਲ ਹਿੱਲ" (ਰਾਸ਼ਟਰਪਤੀ ਭਵਨ) ਤੱਕ ਫੈਲੀਆਂ ਯਾਦਗਾਰਾਂ ਦੇ, ਕਿਸੇ ਸਾਫ਼ ਦਿਨ ਸਮੇਂ ਸ਼ਾਨਦਾਰ ਨਜ਼ਾਰੇ ਵੇਖ ਸਕਦੇ ਹੋ।

ਅਮਰੀਕਨ ਭਾਵੇਂ ਉਹ ਵੱਡੇ-ਵੱਡੇ ਝੰਡੇ ਲਹਿਰਾਉਂਦੇ ਹਨ (ਬਹੁਤ ਸਾਰੀਆਂ ਇਮਾਰਤਾਂ 'ਤੇ ਤਾਰਿਆਂ ਤੇ ਚੌੜੀਆਂ ਪੱਟੀਆਂ ਵਾਲੇ ਝੰਡੇ ਝੁਲਾਉਂਦੇ ਹਨ) ਪ੍ਰੰਤੂ ਸਾਡੇ ਵਾਂਗ ਨਾਇਕ-ਪੂਜਕ ਨਹੀਂ ਹਨ। ਇਸ ਦੇ ਉਲਟ ਆਪਣੇ ਰਾਜਸੀ ਨੇਤਾਵਾਂ, ਉਦਯੋਗਪਤੀਆਂ ਤੇ ਪ੍ਰਸਿੱਧ ਹਸਤੀਆਂ ਦੇ ਭੈੜੇ ਪੱਖਾਂ ਦੇ ਬਖ਼ੀਏ ਉਧੇੜਨੇ ਤੇ ਖੋਜ ਕਰਨੀ ਉਹਨਾਂ ਦਾ ਰਾਸ਼ਟਰੀ ਸ਼ੁਗਲ ਹੈ। ਬਹੁਤੀ ਵਾਰ ਜਦ ਸਵੇਰ ਵੇਲੇ ਮੈਂ ਕੈਨੇਡੀ ਦੀ ਕਬਰ 'ਤੇ ਹੁੰਦਾ ਸੀ, ਮੈਂ ਕਦੇ ਹੀ ਕਿਸੇ ਅਮਰੀਕੀ ਨੂੰ ਵੇਖਿਆ ਸੀ ਜਦੋਂ ਕਿ ਰੂਸੀ, ਚੀਨੀ, ਜਾਪਾਨੀ ਤੇ ਭਾਰਤੀਆਂ ਨਾਲ ਬੱਸਾਂ ਭਰੀਆਂ ਆਉਂਦੀਆਂ ਸਨ।

ਅਰਲਿੰਗਟਨ ਕਬਰਸਤਾਨ ਦੀ ਚੋਟੀ ਬਹੁਤ ਪੁਰਾਣੀ ਹੈ ਤੇ ਕਬਰਾਂ ਫ਼ਰਿਸ਼ਤਿਆਂ ਦੇ ਆਮ ਲਾਮ-ਲਸ਼ਕਰ, ਬਾਈਬਲ 'ਚੋਂ ਉਤਕਥਨਾਂ 'ਤੇ ਮਰ ਚੁੱਕਿਆਂ ਦੀ ਉਸਤਤੀ ਨਾਲ ਸਜਾਈਆਂ ਹੋਈਆਂ ਹਨ। ਬਹੁਤ ਸਾਰੀਆਂ ਕਬਰਾਂ 'ਤੇ ਘੋੜਿਆਂ 'ਤੇ ਅਸਵਾਰ ਬੁੱਤ ਵੀ ਹਨ।

ਸੋਵੀਅਤ ਸਿਫ਼ਾਰਤਖ਼ਾਨੇ 'ਚ ਕੰਮ ਕਰਦੇ ਮੇਰੇ ਮਿੱਤਰ ਓਰੀਕੋਫ਼ ਨੇ ਇਸ਼ਾਰਾ ਕਰਕੇ ਮੈਨੂੰ ਪੁੱਛਿਆ "ਕੀ ਤੁਹਾਨੂੰ ਪਤਾ ਹੈ ਕਿ ਜਦੋਂ ਘੋੜੇ ਦੀ ਇਕ ਲੱਤ ਉੱਪਰ ਚੁੱਕੀ ਦਿਖਾਈ ਗਈ ਹੋਵੇ ਤਾਂ ਇਸ ਦਾ ਭਾਵ ਹੈ ਕਿ ਉਹ ਰਣ-ਭੂਮੀ ਵਿੱਚ ਮਰਿਆ ਸੀ?"

ਮੈਂ ਕਿਹਾ, "ਘੋੜਾ ਕਿ ਅਸਵਾਰ ?"

ਉਸ ਨੇ ਕਿਹਾ, "ਘੋੜਾ ਨਹੀਂ, ਉਸ ਉੱਪਰ ਸਵਾਰ ਆਦਮੀ। ਇਹ ਨਿਯਮਿਤ ਕਾਨੂੰਨੀ ਰਵਾਇਤ ਹੈ ਜਿਸ ਦੀ ਯੂਰਪ ਤੇ ਉੱਤਰ ਅਮਰੀਕਾ ਵਿੱਚ ਪਾਲਣਾ ਕੀਤੀ ਜਾਂਦੀ ਹੈ।"

ਮੈਂ ਸ਼ਰਤ ਲਗਾਉਂਦਾ ਹਾਂ ਕਿ ਤੁਸੀਂ ਵੀ ਇਸ ਬਾਰੇ ਨਹੀਂ ਜਾਣਦੇ। ਇਸ ਰਵਾਇਤ ਦੀ ਅਸੀਂ ਪਾਲਣਾ ਨਹੀਂ ਕਰਦੇ। ਸ਼ਿਵਾ ਜੀ ਦੇ ਬਹੁਤ ਸਾਰੇ ਬੁੱਤਾਂ ਵਿੱਚ ਘੋੜੇ ਨੇ ਅਗਲੀ ਲੱਤ ਉੱਪਰ ਚੁੱਕੀ ਹੋਈ ਹੈ, ਪਰ ਸ਼ਿਵਾ ਜੀ ਜੰਗ ਵਿੱਚ ਨਹੀਂ ਮਰਿਆ ਸੀ। ਇਸ ਦੇ ਵਧੇਰੇ ਯੋਗ ਤਾਂ ਟੀਪੂ ਸੁਲਤਾਨ ਜਾਂ ਝਾਂਸੀ ਦੀ ਰਾਣੀ ਲਕਸ਼ਮੀ ਬਾਈ ਹਨ।

ਮੌਤ ਪਿੱਛੋਂ ਜੀਵਨ

ਯੂਰਪ ਅਤੇ ਅਮਰੀਕਾ ਤੋਂ ਭਾਸ਼ਣ ਕਰਕੇ ਦੌਰੇ ਤੋਂ ਮੁੜੇ ਦਿੱਲੀ ਯੂਨੀਵਰਸਿਟੀ ਵਿੱਚ ਸੰਸਕ੍ਰਿਤ ਦੇ ਪ੍ਰੋਫ਼ੈਸਰ, ਡਾਕਟਰ ਸਤਯਵ੍ਰਤ ਸ਼ਾਸਤਰੀ ਨੇ ਸੁਣਿਆ ਕਿ ਉੱਤਰ ਪਰਦੇਸ਼ ਦੀ ਸੰਸਕ੍ਰਿਤ ਅਕਾਦਮੀ ਨੇ 25000 ਰੁਪਏ ਦੇ ਇਨਾਮ ਦਾ ਐਲਾਨ ਕੀਤਾ ਹੈ।

ਜਿਨ੍ਹਾਂ ਅਨੇਕ ਵਿਸ਼ਿਆਂ 'ਤੇ ਭਾਸ਼ਣ ਦਿੱਤੇ ਗਏ ਸਨ, ਉਹਨਾਂ ਵਿੱਚੋਂ ਇਕ ਸੀ "ਉਪਨਿਸ਼ਦਾਂ ਵਿੱਚ ਮੌਤ ਦਾ ਸੰਕਲਪ।" ਉਹ ਸਾਨੂੰ ਦੱਸਦਾ ਹੈ ਕਿ ਇਟਲੀ ਵਿੱਚ ਉਹਦਾ ਭਾਸ਼ਣ ਸੁਣਨ ਵਾਲੇ ਸਰੋਤਿਆਂ ਵਿੱਚ ਡਾਕਟਰ ਤੇ ਵਿਗਿਆਨੀ ਵੀ ਸਨ। ਜੋ ਉਸ ਨੇ ਕਿਹਾ ਉਹ ਲੋਕ ਸੁਣ ਕੇ ਬਹੁਤ ਪ੍ਰਭਾਵਿਤ ਹੋਏ। ਮੈਂ ਸਮਝਦਾ ਹਾਂ ਇਹ ਇਸ ਕਰਕੇ ਸੀ ਕਿ ਪੱਛਮ ਦੇ ਬੁੱਧੀਜੀਵੀਆਂ ਨੂੰ ਯਹੂਦੀ, ਈਸਾਈ ਤੇ ਇਸਲਾਮ ਦੇ ਹਸ਼ਰ ਦੇ ਦਿਨ, ਸਵਰਗ-ਨਰਕ ਦੇ ਸਿਧਾਂਤਾਂ ਨਾਲੋਂ ਹਿੰਦੂ-ਜੈਨ-ਬੋਧੀ ਤੇ ਸਿੱਖ ਦਾ ਜਨਮ, ਮੌਤ ਤੇ ਪੁਨਰ-ਜਨਮ ਦਾ ਸੰਕਲਪ ਵਧੇਰੇ ਸੂਝ ਭਰਿਆ ਤੇ ਵਿਵੇਕਸ਼ੀਲ ਲੱਗਦਾ ਹੈ।

ਪ੍ਰੰਤੂ ਇਸ ਪ੍ਰਸ਼ਨ ਦਾ ਉੱਤਰ ਅਜੇ ਵੀ ਨਹੀਂ ਮਿਲਦਾ ਕਿ ਇਸ ਵਿਸ਼ਵਾਸ ਦਾ ਕੋਈ ਤਰਕਮਈ ਆਧਾਰ ਹੈ ਕਿ ਮੌਤ ਪਿੱਛੋਂ ਵੀ ਜੀਵਨ ਹੁੰਦਾ ਹੈ? ਸਾਡੇ ਧਰਮ-ਗ੍ਰੰਥ—ਹਿੰਦੂਆਂ, ਜੈਨੀਆਂ, ਬੋਧੀਆਂ ਤੇ ਸਿੱਖਾਂ ਦੇ—ਸਾਫ਼ ਮੰਨਦੇ ਹਨ ਕਿ ਐਸਾ ਹੈ। ਇਹ ਵਿਸ਼ਵਾਸ ਉਪਨਿਸ਼ਦਾਂ ਵਿੱਚੋਂ ਲਿਆ ਗਿਆ ਹੈ ਤੇ ਗੀਤਾ ਵਿੱਚ ਵੀ ਇਸ ਦਾ 'ਸਾਰ' ਦਿੱਤਾ ਗਿਆ ਹੈ। ਇਹ ਦਾਅਵਾ ਕੀਤਾ ਜਾਂਦਾ ਹੈ ਕਿ ਸਰੀਰ ਤਾਂ ਨਸ਼ਟ ਹੋ ਜਾਂਦਾ ਹੈ, ਪਰ ਆਤਮਾ ਅਮਰ ਰਹਿੰਦੀ ਹੈ। ਆਤਮਾ ਉਵੇਂ ਹੀ ਸਰੀਰ ਬਦਲਦੀ ਹੈ ਜਿਵੇਂ ਅਸੀਂ ਆਪਣੇ ਕੱਪੜੇ ਬਦਲਦੇ ਹਾਂ। ਕਠੋਉਪਨਿਸ਼ਦ ਇਹ ਦ੍ਰਿੜ੍ਹਤਾ ਨਾਲ ਕਹਿੰਦਾ ਹੈ ਕਿ ਭੌਤਿਕ ਵਸਤੂ ਦੀ ਹੀ ਮੌਤ ਹੁੰਦੀ ਹੈ, ਪ੍ਰੰਤੂ ਸਰੀਰ ਤੋਂ ਬਿਨਾਂ ਵੀ ਕੁਝ ਹੈ ਜਿਸ ਦਾ ਵਿਨਾਸ਼ ਨਹੀਂ ਹੁੰਦਾ। ਇਹ ਦਿਲ ਅੰਦਰ ਛੁਪੀ ਹੋਈ ਆਤਮਾ ਹੁੰਦੀ ਹੈ।

ਹਰ ਸੱਤਵੇਂ ਸਾਲ ਸਰੀਰ ਦੇ ਸਾਰੇ 'ਅਣੂ' ਬਦਲਦੇ ਹਨ ਤੇ ਨਵੇਂ ਬਣਦੇ ਹਨ, ਪਰ ਵਿਅਕਤੀ ਉਹੋ ਹੀ ਰਹਿੰਦਾ ਹੈ, ਉਸ ਦੀ 'ਪਛਾਣ' 'ਚ ਕੋਈ ਤਬਦੀਲੀ ਨਹੀਂ ਹੁੰਦੀ। ਪ੍ਰਸ਼ਨ ਇਹ ਹੈ ਕਿ ਇਸ ਪਛਾਣ ਦਾ ਆਧਾਰ ਕੀ ਹੈ? ਸ਼ਾਸਤਰੀ ਜੀ ਉੱਤਰ ਦਿੰਦੇ ਹਨ : ਵਿਅਕਤੀ ਦੇ ਅੰਦਰ ਜੋ ਅਬਦਲ ਹੈ ਉਹ ਹੀ ਬੁੱਧੀ ਦਾ ਤੇ ਹੋਂਦ ਦਾ ਆਧਾਰ ਹੈ ਤੇ ਉਹਦੇ ਉੱਪਰ ਹੀ ਸਾਡੀ ਹੋਂਦ ਨਿਰਭਰ ਕਰਦੀ ਹੈ। ਆਤਮਾ ਜਾਂ ਸਥਾਈ ਪਹਿਚਾਣ ਜਨਮ-ਮਰਨ ਤੋਂ ਰਹਿਤ ਹੈ।

ਪ੍ਰੰਤੂ ਆਤਮਾ ਕੀ ਹੈ? ਇਹ ਅਜੇ ਵੀ ਇਕ ਰਹੱਸ ਹੈ ਤੇ ਇਸ ਦਾ ਉੱਤਰ ਨਿਖੇਧਾਤਮਕ ਹੀ ਦਿੱਤਾ ਜਾਂਦਾ ਹੈ ਕਿ ਇਹ ਨਹੀਂ ਹੈ, ਉਹ ਨਹੀਂ ਹੈ। ਇਹ ਸਰਵ-ਵਿਆਪਕ ਪਰਮਾਤਮਾ ਤੇ ਵਿਅਕਤੀ ਵਿਸ਼ੇਸ਼ ਦੀ ਆਤਮਾ ਭਾਵ ਜੀਵਾਤਮਾ ਹੈ। ਜਦੋਂ

ਜੀਵਾਤਮਾ ਪ੍ਰਮਾਤਮਾ ਵਿੱਚ ਅਭੇਦ ਹੋ ਜਾਂਦੀ ਹੈ—ਜੋਤਿ ਜੋਤ ਮਿਲੈ (ਆਦਿ ਗ੍ਰੰਥ) ਤੇ ਆਦਮੀ ਮੋਖਸ਼ ਪ੍ਰਾਪਤ ਕਰ ਲੈਂਦਾ ਹੈ ਤੇ ਜਨਮ-ਮਰਨ ਤੇ ਪੁਨਰ-ਜਨਮ ਦੇ ਚੱਕਰ 'ਚੋਂ ਮੁਕਤ ਹੋ ਜਾਂਦਾ ਹੈ।

ਇਸ ਦੇ ਨਾਲ ਹੀ ਹਿੰਦੂ ਧਰਮ ਸ਼ਾਸਤਰ ਆਤਮਾ ਦੇ ਆਵਾਗਮਨ ਦੇ ਸਿਧਾਂਤ ਰਾਹੀਂ ਕਰਮਾਂ ਦੇ ਫਲ (ਸਜ਼ਾ ਤੇ ਇਨਾਮ) ਦੀ ਉਪਸਥਿਤੀ ਕਰਦਾ ਹੈ ਤੇ ਉਸ ਨਰਕੀ ਅਵਸਥਾ ਦਾ ਜ਼ਿਕਰ ਵੀ ਕਰਦਾ ਹੈ ਜਿੱਥੇ ਆਤਮਾ ਇਸ ਫ਼ੈਸਲੇ ਦਾ ਇੰਤਜ਼ਾਰ ਕਰਦੀ ਰਹਿੰਦੀ ਹੈ ਕਿ ਉਸ ਨੇ ਚੰਗੇ ਕਰਮਾਂ ਕਰਕੇ ਇਕ ਚੰਗੇ ਇਨਸਾਨ ਵਜੋਂ ਮੁੜ ਜਨਮ ਲੈਣਾ ਹੈ ਜਾਂ ਉਸ ਨੇ ਪਿਛਲੇ ਜਨਮਾਂ ਦੇ ਭੈੜੇ ਕੰਮਾਂ ਕਰਕੇ ਸਜ਼ਾ ਵਜੋਂ ਦੁਸ਼ਟ ਕੀਟ ਜਾਂ ਦੁਰਜਨ ਬਣਨਾ ਹੈ।

"ਕੋਈ ਤਰਕ ਜਾਂ ਦਲੀਲ ਰਾਹੀਂ ਦੱਸ ਨਹੀਂ ਸਕਦਾ ਕਿ ਮੌਤ ਪਿੱਛੋਂ ਕੀ ਰਹਿੰਦਾ ਹੈ" ਇਹ ਗੱਲ ਡਾ. ਸ਼ਾਸਤਰੀ ਪ੍ਰਵਾਨ ਕਰਦੇ ਹਨ। 'ਇਸ ਦਾ ਕੋਈ ਵਿਗਿਆਨਕ ਪ੍ਰਮਾਣ ਨਹੀਂ ਹੈ ਕਿ ਮੌਤ ਪਿੱਛੋਂ ਆਤਮਾ ਰਹਿੰਦੀ ਹੈ, ਇਹ ਇਸ ਕਰਕੇ ਹੀ ਸਦੈਵ ਹੈ ਕਿ ਇਸ ਦੀ ਖੋਜ-ਪੜਤਾਲ ਨਹੀਂ ਕੀਤੀ ਜਾ ਸਕਦੀ।'

ਤੇ ਫਿਰ ਕਿਉਂ ਮਗਜ਼ ਖਪਾਈ ਕਰਨੀ ਹੈ? ਜੋ ਇਸ ਦੀ ਹੋਂਦ ਵਿੱਚ ਯਕੀਨ ਕਰਦੇ ਹਨ ਉਹ ਕਰਦੇ ਰਹਿਣਗੇ ਤੇ ਜਿਨ੍ਹਾਂ ਦਾ ਵਿਸ਼ਵਾਸ ਨਹੀਂ ਹੈ, ਉਹ ਸੁੰਦਰ ਵਾਕੰਸ਼ਾਂ ਦੇ ਜਾਦੂ ਨਾਲ ਕਦੇ ਕਾਇਲ ਨਹੀਂ ਹੋਣਗੇ। ਜਿੱਥੋਂ ਤੱਕ ਮੇਰਾ ਸੰਬੰਧ ਹੈ, ਮੇਰੇ ਲਈ ਮੌਤ ਆਖ਼ਰੀ ਵਿਰਾਮ ਹੈ। ਪ੍ਰੰਤੂ ਮੈਂ ਇਸ ਰਹੱਸ ਨੂੰ ਜਾਣਨ ਦਾ ਬਹੁਤ ਚਾਹਵਾਨ ਹਾਂ ਤੇ ਸ਼ਰਧਕ ਲੋਕਾਂ ਨਾਲ ਇਹ ਪ੍ਰਾਰਥਨਾ ਕਰਨ ਲਈ ਉਤਸੁਕ ਹਾਂ :

"ਪ੍ਰਮਾਤਮਾ ਮੈਨੂੰ ਅਸੱਤ ਤੋਂ ਸਤਯ ਵੱਲ ਦਾ ਮਾਰਗ ਦੱਸ,
ਹਨ੍ਹੇਰੇ ਤੋਂ ਰੌਸ਼ਨੀ ਵੱਲ ਅਗਵਾਈ ਦੇਵੀਂ,
ਮੈਨੂੰ ਮੌਤ ਦੇ ਚੱਕਰ 'ਚੋਂ ਕੱਢ ਕੇ ਅਮਰ ਬਣਾ ਦੇ।"

ਬਹੁਤ ਪਿਆਰੇ ਦੀ ਮੌਤ 'ਚੋਂ ਉਭਰਨਾ

ਇਸ ਵਿਸ਼ੇ 'ਤੇ ਪੂਰਬ ਤੇ ਪੱਛਮ ਦੀਆਂ ਦੋ ਵਿਚਾਰਧਾਰਾਵਾਂ ਹਨ। ਪੂਰਬੀ ਦੇਸ਼ਾਂ ਦੇ ਲੋਕਾਂ ਦਾ ਵਿਸ਼ਵਾਸ ਹੈ ਕਿ ਆਪਣੇ ਪ੍ਰਿਆਜਨ ਜਿਵੇਂ ਮਾਤਾ-ਪਿਤਾ, ਪਤੀ-ਪਤਨੀ ਜਾਂ ਬੱਚੇ-ਬੱਚੀ ਦੀ ਮੌਤ ਤੋਂ ਉਭਰਨ ਦਾ ਸਭ ਤੋਂ ਵਧੀਆ ਤਰੀਕਾ ਇਹ ਹੈ ਕਿ ਉਦੋਂ ਤੱਕ ਰੋ-ਰੋ ਕੇ ਦਿਲ ਹੌਲਾ ਕਰ ਲਵੋ ਜਦ ਤੱਕ ਅੱਖਾਂ ਵਿੱਚ ਇਕ ਵੀ ਅੱਥਰੂ ਨਾ ਰਹੇ। ਵੈਣ ਪਾਉਣ ਦਾ ਤੇ ਛਾਤੀ ਪਿੱਟ-ਪਿੱਟ ਕੇ ਰੋਣ ਦੇ ਰਿਵਾਜ ਨਾਲ ਗ਼ਮ ਦਾ ਵਿਰੇਚਨ ਹੁੰਦਾ ਹੈ। ਇਸ ਮਗਰੋਂ ਵਿਛੜੀ ਆਤਮਾ ਦੀ ਯਾਦ ਵਿੱਚ ਚੌਥਾ, ਚਾਲੀਸਵਾਂ ਭੋਗ, ਅੰਤਿਮ ਅਰਦਾਸ ਜਾਂ ਪ੍ਰਾਰਥਨਾ ਕੀਤੀ ਜਾਂਦੀ ਹੈ। ਮਿੱਤਰ ਇਸ ਵਿਸ਼ਵਾਸ ਵਿੱਚ ਰੁਆਉਣ ਲਈ ਆਉਂਦੇ ਹਨ ਕਿ ਵੰਡਣ ਨਾਲ ਗ਼ਮ ਅੱਧਾ ਭਾਵ ਘੱਟ ਜਾਂਦਾ ਹੈ। ਪੱਛਮੀ ਲੋਕਾਂ ਦਾ ਵਿਚਾਰ ਹੈ ਕਿ ਗ਼ਮ ਨਿੱਜੀ ਤੇ ਵਿਅਕਤੀਗਤ ਮਾਮਲਾ ਹੈ ਤੇ ਜਨਤਕ ਤੌਰ 'ਤੇ ਇਸ ਦਾ ਖਿਲਾਰਾ ਜਾਂ ਵਿਖਾਵਾ ਨਹੀਂ ਕਰਨਾ ਚਾਹੀਦਾ। ਹੰਝੂ ਕੇਰਨਾ ਮਰਦਊਪੁਣੇ ਦੇ ਵਿਰੁੱਧ ਹੈ। ਆਦਮੀ ਨੂੰ ਸਹਿਜ ਅਵਸਥਾ ਵਿੱਚ ਵਿਚਰ ਕੇ ਸਦਮੇ 'ਤੇ ਨਾ ਪੂਰੇ ਜਾਣ ਵਾਲੇ ਘਾਟੇ ਨੂੰ ਸਹਿਣ ਕਰਕੇ ਇਸ 'ਤੇ ਕਾਬੂ ਪਾਉਣਾ ਚਾਹੀਦਾ ਹੈ।

ਮੈਨੂੰ ਵੀ ਇਸ ਸਮੱਸਿਆ ਨਾਲ ਹੁਣੇ-ਹੁਣੇ ਨਜਿੱਠਣਾ ਪਿਆ ਹੈ। ਮੈਨੂੰ ਧਾਰਮਿਕ ਗਰੰਥਾਂ ਵਿੱਚੋਂ ਕੋਈ ਧਰਵਾਸ ਨਾ ਮਿਲਿਆ। ਮੁੱਖ ਰੂਪ ਵਿੱਚ ਇਕੱਲ-ਪ੍ਰੇਮੀ ਹੋਣ ਕਰਕੇ ਮੈਂ ਮਿੱਤਰਾਂ ਤੇ ਰਿਸ਼ਤੇਦਾਰਾਂ ਨੂੰ ਆਪਣੀ ਪਤਨੀ ਦੀ ਮੌਤ 'ਤੇ ਅਫ਼ਸੋਸ ਕਰਨ ਆਉਣ ਤੋਂ ਮਨ੍ਹਾ ਕਰਦਾ ਸੀ। ਬਹੁਤ ਸਾਰੇ ਮੇਰੀ ਬੇਨਤੀ ਦੀ ਕੋਈ ਪਰਵਾਹ ਨਾ ਕਰਦੇ ਤੇ ਮੇਰੇ ਕੋਲ ਪਰਚਾਉਣੀ ਕਰਨ ਲਈ ਮਿਲਣ ਆਉਂਦੇ। ਮੈਨੂੰ ਇਸ ਹਮਦਰਦੀ ਨਾਲ ਭਾਵਾਤਮਕ ਕਸ਼ਟ ਹੁੰਦਾ। ਪਹਿਲੀ ਅੱਧੀ ਰਾਤ ਮੈਂ ਹਨੇਰੇ ਵਿੱਚ ਕੁਰਸੀ 'ਤੇ ਬੈਠ ਕੇ ਇਕੱਲਾ ਲੰਘਾਉਂਦਾ। ਕਈ ਵਾਰ ਤਾਂ ਮੇਰੇ ਸਬਰ ਦਾ ਬੰਧੇਜ ਟੁੱਟ ਜਾਂਦਾ ਪਰ ਮੈਂ ਛੇਤੀ ਹੀ ਧੀਰਜ ਕਰ ਲੈਂਦਾ। ਕੁਝ ਦਿਨਾਂ ਮਗਰੋਂ ਮੈਂ ਆਪਣਾ ਸਾਧਾਰਣ ਨਿੱਤ-ਕਾਰਜ, ਸਵੇਰ ਤੋਂ ਸ਼ਾਮ ਤੱਕ ਦਾ, ਕਰਨਾ ਸ਼ੁਰੂ ਕਰ ਦਿੱਤਾ। ਇਸ ਨੇ ਮੈਨੂੰ ਬਾਕੀ ਉਮਰ ਦੇ ਦਿਨਾਂ ਲਈ ਖ਼ਾਲੀ ਘਰ ਵਿੱਚ ਇਕੱਲੇ ਰਹਿਣ ਦੀ ਤਲਖ਼ ਹਕੀਕਤ ਭੁਲਾ ਦਿੱਤੀ, ਪ੍ਰੰਤੂ ਲੋਕ ਮੈਨੂੰ ਮਿਲਣ ਆਉਂਦੇ ਰਹੇ ਤੇ ਮੇਰੀ ਸਥਿਰਤਾ ਨੂੰ ਡਾਂਵਾਂ-ਡੋਲ ਕਰਦੇ ਰਹੇ। ਇਸ ਤੋਂ ਬਚਣ ਲਈ ਮੈਂ ਇਕੱਲ ਵਿੱਚ ਰਹਿਣ ਲਈ ਗੋਆ ਜਾਣ ਲਈ ਸਾਮਾਨ ਬੰਨ੍ਹ ਲਿਆ। ਮੈਨੂੰ ਯਕੀਨ ਨਹੀਂ ਸੀ ਕਿ ਇਸ ਤਰ੍ਹਾਂ ਠੀਕ ਰਹੇਗਾ ਕਿ ਨਹੀਂ।

ਗ਼ਮ ਤੋਂ ਉਭਰਨ ਲਈ ਹਰ ਆਦਮੀ ਜਾਂ ਇਸਤਰੀ ਦੀ ਆਪਣੀ ਵਿਧੀ ਹੁੰਦੀ ਹੈ। ਜਿਹੜੇ ਲੋਕ ਆਸਤਕ ਹੁੰਦੇ ਹਨ ਉਹ ਰੱਬ ਦਾ ਧਿਆਨ ਕਰਦੇ ਹਨ। ਇਸ ਸੰਬੰਧ ਵਿੱਚ ਬਾਈਬਲ ਦੇ 34ਵੇਂ ਸਤੋਤਰ ਦੇ ਸ਼ਬਦ ਢੁੱਕਵੇਂ ਹਨ : "ਪ੍ਰਭੂ ਉਹਨਾਂ ਦੇ ਨੇੜੇ ਹੁੰਦਾ ਹੈ ਜਿਹਨਾਂ ਦੇ ਦਿਲ 'ਤੇ ਸਦਮਾ ਹੁੰਦਾ ਹੈ ਤੇ ਜਿਨ੍ਹਾਂ ਦੀ ਆਤਮਾ ਪੀੜਤ ਹੁੰਦੀ ਹੈ।" ਈਸਾ ਮਸੀਹ, ਜੋ ਪੂਰਬ ਵਾਸੀ ਸੀ, ਆਪਣੇ ਮਿੱਤਰ ਦੀ ਮੌਤ 'ਤੇ ਹਰ ਇਕ ਦੇ ਸਾਹਮਣੇ ਰੋਣ

ਤੇ ਸ਼ਰਮ ਅਨੁਭਵ ਨਹੀਂ ਕਰਦਾ ਸੀ। ਇਸ ਲਈ ਬਾਈਬਲ ਵਿੱਚ (ਜੋਨ 11-33-38) ਲਿਖਿਆ ਹੈ : "ਜਦੋਂ ਈਸਾ ਨੇ ਬਹੁਤ ਸਾਰੇ ਲੋਕਾਂ ਨੂੰ ਰੋਂਦਿਆਂ ਵੇਖਿਆ ਤੇ ਯਹੂਦੀ ਜੋ ਉਹਦੇ ਨਾਲ ਆਏ ਸਨ ਉਹ ਵੀ ਰੋ ਰਹੇ ਸਨ ਤਾਂ ਉਸ ਦਾ ਮਨ ਬੜਾ ਖ਼ਰਾਬ ਹੋਇਆ ਤੇ ਉਹ ਦੁੱਖੀ ਹੋਇਆ। ਉਸ ਨੇ ਪੁੱਛਿਆ, "ਤੁਸੀਂ ਉਸ ਨੂੰ ਕਿਥੇ ਲਿਟਾਇਆ ਹੋਇਆ ਹੈ?" ਉਹਨਾਂ ਨੇ ਉੱਤਰ ਵਿੱਚ ਕਿਹਾ, "ਹੇ ਮਾਲਕ! ਆਓ, ਵੇਖ ਲਵੋ।" ਫਿਰ ਯਹੂਦੀਆਂ ਨੇ ਕਿਹਾ, "ਵੇਖੋ, ਉਹ ਉਸ ਨੂੰ ਕਿੰਨਾ ਪਿਆਰ ਕਰਦਾ ਹੈ?"

ਜਿਸ ਤਰ੍ਹਾਂ ਸਭ ਨੂੰ ਉਮੀਦ ਹੋਵੇਗੀ, ਓਸ਼ੋ ਰਜਨੀਸ਼ ਮਾੜੇ ਤੋਂ ਮਾੜੇ ਵਿਸ਼ਿਆਂ, ਗ਼ਮ ਤੋਂ ਉਭਰਨ ਦੇ ਢੰਗਾਂ ਦਾ ਮਖ਼ੌਲ ਉਡਾਉਂਦਾ ਸੀ। ਉਸ ਨੇ ਆਪਣੇ ਉਪਦੇਸ਼ਾਂ ਦੇ ਸੰਗ੍ਰਹਿ "ਜ਼ੈਨ ਵਿੱਚ ਤੁਰਦਿਆਂ, ਜ਼ੈਨ ਵਿੱਚ ਬੈਠਿਆਂ" ਇਕ ਪੇਰੇਲੀ ਨਾਂ ਦੇ ਇਤਲਾਵੀ ਦੀ ਉਦਾਹਰਣ ਦਿੱਤੀ ਹੈ ਤੇ ਉਸ ਵੱਲੋਂ ਆਪਣੀ ਪਤਨੀ ਦੀ ਮੌਤ ਦੇ ਸਦਮੇ 'ਚੋਂ ਉਭਰਨ ਦੀ ਵਿਧੀ ਦਾ ਵਰਣਨ ਕੀਤਾ ਹੈ। 'ਪਤਨੀ ਦੇ ਦਫ਼ਨਾਉਣ ਸਮੇਂ ਪੇਰੇਲੀ ਨੇ ਬੜਾ ਭਿਆਨਕ ਦ੍ਰਿਸ਼ ਪੈਦਾ ਕਰ ਦਿੱਤਾ। ਸੱਚਮੁੱਚ ਹੀ ਇਤਨਾ ਭਿਆਨਕ ਤੇ ਦਿਲ ਚੀਰਵਾਂ ਕਿ ਉਹਦੇ ਮਿੱਤਰ ਬੜਾ ਜ਼ੋਰ ਲਾ ਕੇ ਉਸ ਨੂੰ ਆਪਣੀ ਪਿਆਰੀ ਮਾਰੀਆ ਦੀ ਕਬਰ ਵਿੱਚ ਕੁੱਦਣ ਤੋਂ ਰੋਕ ਸਕੇ। ਫਿਰ ਉਸ ਨੂੰ ਗ਼ਮ ਵਿੱਚ ਡੁੱਬੇ ਨੂੰ ਕਿਰਾਏ ਦੀ ਲਿਮੋਸਿਨ ਕਾਰ ਵਿੱਚ ਘਰ ਲਿਜਾਇਆ ਗਿਆ, ਜਿੱਥੋਂ ਉਹ ਇਕਾਂਤ ਵਿੱਚ ਚਲਾ ਗਿਆ।

ਹਫ਼ਤਾ ਗੁਜ਼ਰ ਜਾਣ ਪਿੱਛੋਂ ਵੀ ਕਿਸੇ ਨੇ ਉਸ ਬਾਰੇ ਕੁਝ ਨਾ ਸੁਣਿਆ। ਆਖ਼ਰ ਉਸ ਗ਼ਰੀਬ ਦਾ ਫ਼ਿਕਰ ਕਰਦਾ ਹੋਇਆ, ਉਹਦਾ ਸਾਲਾ ਉਹਦੇ ਘਰ ਗਿਆ। ਦਸ ਮਿੰਟ ਦਰਵਾਜ਼ੇ ਦੀ ਘੰਟੀ ਵਜਾਣ ਪਿੱਛੋਂ ਤੇ ਉਹਦੀ ਚਿੰਤਾ ਵਿੱਚ ਡੁੱਬੇ ਉਹਦੇ ਸਾਲੇ ਨੇ ਦਰਵਾਜ਼ਾ ਤੋੜਿਆ, ਪੌੜੀਆਂ ਚੜ੍ਹ ਕੇ ਉੱਪਰ ਗਿਆ ਤੇ ਵੇਖਿਆ ਕਿ ਉਸ ਦਾ ਬਹਿਨੋਈ ਆਪਣੀ ਨੌਕਰਾਣੀ ਨਾਲ ਰੰਗ-ਰਲੀਆਂ ਮਨਾ ਰਿਹਾ ਸੀ।

ਖ਼ਵਾਬਗਾਹ (ਸੌਣ ਵਾਲਾ ਕਮਰਾ) ਵਿੱਚ ਭੜਥੂ ਪਿਆ ਹੋਇਆ ਸੀ—ਹਰ ਥਾਂ ਸ਼ੈਂਪਨ ਦੀਆਂ ਖ਼ਾਲੀ ਬੋਤਲਾਂ ਖਿਲਰੀਆਂ ਪਈਆਂ ਸਨ। ਉਹਦੇ ਸਾਲੇ ਨੇ ਸਦਮੇ ਵਾਲੇ ਲਹਿਜੇ ਵਿੱਚ ਕਿਹਾ, "ਪਰੇਲੀ ਕਿਤਨੀ ਭਿਆਨਕ ਗੱਲ ਹੈ, ਤੇਰੀ ਸਵਰਗਵਾਸੀ ਪਤਨੀ, ਮੇਰੀ ਭੈਣ ਨੂੰ ਮਰਿਆਂ ਇਕ ਹਫ਼ਤਾ ਵੀ ਨਹੀਂ ਹੋਇਆ ਤੇ ਤੂੰ ਇਹ ਕੁਝ ਕਰ ਰਿਹਾ ਹੈਂ?" ਪਰੇਲੀ ਆਪਣੇ ਕੰਮ ਵਿੱਚ ਏਨਾ ਮਗਨ ਸੀ ਕਿ ਉਸ ਨੇ ਆਪਣਾ ਸਿਰ ਦੂਜੇ ਪਾਸੇ ਕਰਕੇ ਕਿਹਾ, "ਮੈਂ ਕਿਵੇਂ ਜਾਣ ਸਕਦਾ ਹਾਂ ਕਿ ਮੈਂ ਕੀ ਕਰ ਰਿਹਾ ਹਾਂ, ਮੈਨੂੰ ਤਾਂ ਬਹੁਤ ਭਾਰੀ ਸਦਮਾ ਹੋਇਆ ਹੈ—ਅਸਹਿ ਸਦਮਾ।"

ਕਿਸੇ ਸਮੇਂ ਜੈਨੀ, ਹਿੰਦੂ ਤੇ ਸਿੱਖ ਆਪਣੇ ਵੱਡੀ ਉਮਰ ਦੇ ਵਿਅਕਤੀਆਂ ਦੇ ਮਰ ਜਾਣ 'ਤੇ ਜਸ਼ਨ ਮਨਾਉਂਦੇ ਸਨ—ਉਹਨਾਂ ਨੂੰ 'ਵੱਡਾ' ਕਰਿਆ ਕਰਦੇ ਸਨ। ਉਹ ਉਹਨਾਂ ਦੇ ਬਬਾਣ ਨੂੰ ਬੁਲਬਲਿਆਂ ਤੇ ਗੁੱਡੀਆਂ ਨਾਲ ਸਜਾਉਂਦੇ ਸਨ ਤੇ ਉਹਨਾਂ ਦੇ ਮਾਤਮੀ ਜਲੂਸ ਅੱਗੇ ਫ਼ੌਜੀ ਬੈਂਡ ਵਾਜੇ ਵਜਾਏ ਜਾਂਦੇ ਸਨ ਤੇ ਘਰ ਤੋਂ ਲੈ ਕੇ ਮੜ੍ਹੀਆਂ ਤੱਕ ਫ਼ਿਲਮੀ ਗੀਤ ਗਾਏ ਜਾਂਦੇ ਸਨ। ਬੜਾ ਅਫ਼ਸੋਸ ਹੈ ਕਿ ਹੁਣ ਬਹੁਤੇ ਲੋਕ ਇਸ ਰਿਵਾਜ ਨੂੰ ਛੱਡ ਰਹੇ ਹਨ। ਬਜ਼ੁਰਗ ਲੋਕ ਖ਼ਾਸ ਕਰਕੇ, ਜੋ ਲੰਬੀ ਬਿਮਾਰੀ ਪਿੱਛੋਂ ਮਰਦੇ ਹਨ, ਉਹਨਾਂ ਦੀ ਮੌਤ ਤਾਂ ਦੁੱਖਾਂ ਤੋਂ ਛੁਟਕਾਰਾ ਸਮਝਣੀ ਚਾਹੀਦੀ ਹੈ ਤੇ ਜਸ਼ਨ ਮਨਾਇਆ ਜਾਣਾ ਚਾਹੀਦਾ ਹੈ।

ਭਾਗ—II

ਜ਼ੁਲਫ਼ਿਕਾਰ ਅਲੀ ਭੁੱਟੋ—ਮ੍ਰਿਤੂ ਦੰਡ ਤੋਂ ਫਾਂਸੀ ਦੇ ਤਖ਼ਤੇ ਤੱਕ

ਪਿਛਲੇ ਦੋ ਦਿਨਾਂ ਤੋਂ ਜਦ ਦਾ ਮੈਂ ਇਸਲਾਮਾਬਾਦ ਤੇ ਰਾਵਲਪਿੰਡੀ ਗਿਆ ਹਾਂ, ਇਹਨਾਂ ਸ਼ਹਿਰਾਂ ਵਿੱਚ ਬੇਮੌਸਮੀ ਵਰਖਾ ਹੋ ਰਹੀ ਹੈ ਤੇ ਬੱਦਲਾਂ ਨਾਲ ਢੱਕੀਆਂ ਹੋਈਆਂ ਮਰਗਲਾਂ ਪਹਾੜੀਆਂ ਤੋਂ ਠੰਡੀ ਹਵਾ ਵਗ ਰਹੀ ਹੈ। ਫਿਰ ਵੀ ਲੋਕ ਠੰਡ ਤੇ ਬਾਰਸ਼ ਦੇ ਬਾਵਜੂਦ ਉਰਦੂ ਅਖ਼ਬਾਰਾਂ ਦੇ ਤਾਜ਼ਾ ਪੂਰਕਾਂ ਤੋਂ ਖ਼ਬਰਾਂ 'ਤੇ ਝਾਤੀ ਮਾਰਨ ਲਈ ਅਖ਼ਬਾਰਾਂ ਦੀਆਂ ਸਟਾਲਾਂ ਤੇ ਝੁੰਡਾਂ ਵਿੱਚ ਆ ਜੁੜੇ ਹਨ।

ਜਦੋਂ ਇਹ ਜਾਣਕਾਰੀ ਮਿਲੀ ਕਿ ਭੁੱਟੋ ਨੂੰ ਚਾਰ ਅਪ੍ਰੈਲ ਨੂੰ ਫਾਂਸੀ ਲਟਕਾਇਆ ਜਾਵੇਗਾ ਤਾਂ ਮੈਂ ਉਸ ਸਮੇਂ ਸਦਰ ਬਾਜ਼ਾਰ ਵਿੱਚ ਸੀ। "ਦਦਾਗਤ" ਦੀਆਂ ਪ੍ਰਤੀਆਂ ਤੇਜ਼ੀ ਨਾਲ ਵਿਕ ਰਹੀਆਂ ਸਨ ਤੇ ਟੋਲੀਆਂ ਚੁੱਪ-ਚਾਪ ਪੜ੍ਹ ਰਹੀਆਂ ਸਨ। ਕਈਆਂ ਨੇ ਹੰਝੂ ਵਹਾਏ, ਕਈਆਂ ਨੇ ਹੌਕੇ ਭਰੇ ਪਰ ਕਿਸੇ ਨੇ ਵੀ ਉੱਚੀ ਆਵਾਜ਼ ਨਾ ਕੱਢੀ। ਹਰ ਪਾਸੇ ਸ਼ਸਤਰਬੱਧ ਪੁਲੀਸ ਸੀ ਤੇ ਸੈਨਾ ਦੀਆਂ ਟੁਕੜੀਆਂ ਸਾਰੇ ਬਾਜ਼ਾਰ ਵਿੱਚ ਹਰ ਥਾਂ ਸ਼ਹਿਰੀਆਂ ਦੀ ਧੌਣ ਤੇ ਖੜੀਆਂ ਸਨ। ਭਾਵੇਂ ਸਾਰੇ ਸ਼ਹਿਰ ਵਿੱਚ ਉਦਾਸੀ ਦੀ ਗਹਿਰ ਜਿਹੀ ਸੀ, ਪ੍ਰੰਤੂ ਸੈਨਿਕਾਂ ਤੇ ਪੁਲੀਸ ਵੱਲੋਂ ਹਿੰਸਾ ਦਾ ਕੋਈ ਡਰ ਨਹੀਂ ਸੀ। ਉਹਨਾਂ ਨੂੰ ਵੀ ਆਪਣੇ ਮੁਲਕ ਦੇ ਅਨਿਸ਼ਚਿਤ ਭਵਿੱਖ ਦੀ ਲੋਕਾਂ ਵਾਂਗ ਹੀ ਡਰ ਤੇ ਚਿੰਤਾ ਸੀ।

ਲੋਕ ਭੁੱਟੋ ਦੇ ਫਾਂਸੀ ਲਾਏ ਜਾਣ ਦੇ ਵਿਚਾਰ ਨੂੰ ਪ੍ਰਵਾਨ ਕਰੀ ਬੈਠੇ ਸਨ। ਜੋ ਵੀ ਭੁੱਟੋ ਦੀ ਹਮਾਇਤ ਵਿੱਚ ਸਨ ਤੇ ਜੋ ਵੀ ਵਰਤਮਾਨ ਸਰਕਾਰ ਦੀ ਕਿਧਰੇ ਵਿਰੋਧਤਾ ਸੀ ਉਹ ਵਿਕਰਿਤ ਤੇ ਖੰਡਤ ਸੀ। ਭੁੱਟੋ ਦੇ ਬਹੁਤੇ ਹਮਾਇਤੀ ਨਜ਼ਰਬੰਦ ਸਨ। ਭਾਵੇਂ ਕੋਈ ਭਰੋਸੇਯੋਗ ਅੰਕੜੇ ਤਾਂ ਪ੍ਰਾਪਤ ਨਹੀਂ ਹਨ, ਪ੍ਰੰਤੂ 25000 ਤੋਂ ਉੱਪਰ ਲੋਕਾਂ ਨੂੰ ਮੁਲਕ ਭਰ ਵਿੱਚ ਗ੍ਰਿਫ਼ਤਾਰ ਕੀਤੇ ਜਾਣ ਦੀ ਜਾਣਕਾਰੀ ਹੈ।

ਅਸਲੀ ਸੰਖਿਆ ਭਾਵੇਂ ਚੌਗੁਣੀ ਹੋਵੇ। ਭੁੱਟੋ ਦੇ ਮੰਤਰੀ ਮੰਡਲ ਵਿੱਚ ਰਹੇ ਕਾਨੂੰਨ ਮੰਤਰੀ ਅਬਦੁਲ ਹਾਫ਼ਿਜ਼ ਪੀਰਜ਼ਾਦਾ ਅਨੁਸਾਰ ਇਹ ਸੰਖਿਆ 2 ਲੱਖ ਸੀ। ਇਹ ਸਪੱਸ਼ਟ ਸੀ ਕਿ ਭਾਵੇਂ ਪ੍ਰਸ਼ਾਸਨ ਦੀ ਤੁਰਤ ਹੀ ਕੋਈ ਕਦਮ ਉਠਾਉਣ ਦੀ ਇੱਛਾ ਨਹੀਂ ਸੀ, ਪ੍ਰੰਤੂ ਜੇ ਵਿਰੋਧ ਲੋਕ-ਲਹਿਰ ਦੇ ਰੂਪ ਵਿੱਚ ਦਿਸੇ ਤਾਂ ਇਹ ਉਸ ਨੂੰ ਕੁਚਲਣ ਲਈ ਵੀ ਦ੍ਰਿੜ੍ਹ ਸੀ। ਵਿਰੋਧ ਤਾਂ ਯਕੀਨੀ ਤੌਰ 'ਤੇ ਹੋਵੇਗਾ, ਪਰ ਇਹ ਚਿਰ ਪਿੱਛੋਂ ਹੋਵੇਗਾ ਤੇ ਖ਼ਾਸ ਕਰਕੇ ਆਮ ਚੋਣਾਂ ਸਮੇਂ ਪ੍ਰਗਟ ਹੋਵੇਗਾ, ਜਿਨ੍ਹਾਂ ਬਾਰੇ ਅਗਲੇ ਨਵੰਬਰ 'ਚ ਕਰਵਾਏ ਜਾਣ ਦਾ ਇਕਰਾਰ ਕੀਤਾ ਗਿਆ ਹੈ।

ਪਾਕਿਸਤਾਨ ਦੇ ਰਾਜਸੀ ਦ੍ਰਿਸ਼ ਵਿੱਚ ਇਕ ਅਜੀਬ ਵਿਰੋਧਾਭਾਸ ਹੈ। ਬਹੁਤ ਸਾਰੇ ਲੋਕ ਪ੍ਰਵਾਨ ਕਰਦੇ ਹਨ ਕਿ ਜੇ ਭੁੱਟੋ ਨੂੰ ਜੇਲ੍ਹ 'ਚੋਂ ਰਿਹਾਅ ਕਰ ਦਿੱਤਾ ਜਾਂਦਾ ਤੇ ਨਿਰਪੱਖ ਤੇ ਸੁਤੰਤਰ ਚੋਣਾਂ ਹੁੰਦੀਆਂ ਤਾਂ ਉਸ ਦੀ ਪਾਰਟੀ ਚੋਣਾਂ ਵਿੱਚ ਹੂੰਝਾ-ਫੇਰੂ ਜਿੱਤ ਪ੍ਰਾਪਤ ਕਰਦੀ। ਇਸ ਦੇ ਨਾਲ ਰਾਜਸੀ ਸਮੀਖਿਆਕਾਰ ਇਹ ਗੱਲ ਵੀ ਪ੍ਰਵਾਨ ਕਰਦੇ ਹਨ ਕਿ ਭੁੱਟੋ ਦੀ ਹਮਾਇਤ ਵਿੱਚ ਸੁਭਾਵਕ ਤੇ ਆਪਮੁਹਾਰੇ ਵਿਦ੍ਰੋਹ ਦੀ ਬੜੀ ਘੱਟ ਸੰਭਾਵਨਾ ਹੈ। ਇਸ ਵਿਰੋਧਾਭਾਸ ਬਾਰੇ ਸਫ਼ਾਈ ਇਸ ਤਰ੍ਹਾਂ ਦਿੱਤੀ ਜਾਂਦੀ ਹੈ ਕਿ ਨਿਰਸੰਦੇਹ ਭੁੱਟੋ ਲੋਕਾਂ ਵਿੱਚ ਲੋਕ-ਪ੍ਰਿਆ ਨਾਅਰੇ ਘੜਨ ਤੇ ਉਹਨਾਂ ਨਾਲ ਰੋਟੀ, ਕੱਪੜਾ ਤੇ ਮਕਾਨ ਦੇ ਇਕਰਾਰ ਕਰਨ ਕਾਰਣ ਬੜਾ ਹਰਮਨ ਪਿਆਰਾ ਸੀ, ਪਰ ਉਹ ਇਹ ਵੀ ਜਾਣਦੇ ਸਨ ਕਿ ਉਸ ਕੋਲ ਉਹਨਾਂ ਇਕਰਾਰਾਂ ਨੂੰ ਪੂਰਾ ਕਰਨ ਦੇ ਸਾਧਨ ਵੀ ਨਹੀਂ ਸਨ ਤੇ ਨਾ ਹੀ ਉਹਦੀ ਇੱਛਾ ਸੀ, ਪ੍ਰੰਤੂ ਭੁੱਖੇ ਬੇਘਰ ਤੇ ਹਕਾਰਤ ਮਾਰੇ ਲੱਖਾਂ ਲੋਕਾਂ ਲਈ ਇਹ ਮ੍ਰਿਗ-ਜਾਲ ਅਭਾਵ ਦੀ ਸਥਿਤੀ ਨਾਲੋਂ ਤਾਂ ਕਿਤੇ ਚੰਗਾ ਸੀ।

ਗੁੱਸੇ ਵਿੱਚ ਆਏ ਭੁੱਟੋ-ਵਿਰੋਧੀ ਇਕ ਸਿਆਸੀ ਨੇਤਾ ਨੇ ਕਮੀਨਾਂ, ਭੂਮੀ-ਹੀਣਾਂ ਦੇ ਇਕ ਹਜੂਮ ਨੂੰ ਪੁੱਛਿਆ, "ਭੁੱਟੋ ਨੇ ਤੁਹਾਨੂੰ ਕੀ ਦਿੱਤਾ?" ਤੁਰਤ ਉੱਤਰ ਮਿਲਿਆ, "ਭਾਵੇਂ ਉਸ ਨੇ ਜੋ ਵਚਨ ਕੀਤਾ ਸੀ, ਪੂਰਾ ਨਹੀਂ ਕੀਤਾ ਪ੍ਰੰਤੂ ਉਸ ਨੇ ਸਾਨੂੰ ਆਪਣੇ ਹੱਕ ਮੰਗਣ ਲਈ ਜ਼ਬਾਨ ਤਾਂ ਦਿੱਤੀ, ਹੱਕ ਮੰਗਣ ਦਾ ਹੌਂਸਲਾ ਤਾਂ ਦਿੱਤਾ।"

ਇਹ ਭੁੱਟੋ ਹੀ ਸੀ ਜਿਸ ਨੇ ਅਰਬੀ ਦੇ ਸ਼ਬਦ "ਇਸਤੀਸਾਲ" (ਜਿਸ ਦਾ ਭਾਵ ਹੈ "ਸ਼ੋਸ਼ਣ"), ਦਾ ਸ਼ਬਦ ਵਰਤੋਂ ਵਿੱਚ ਲਿਆਂਦਾ ਤੇ ਕਾਰਖ਼ਾਨਿਆਂ ਵਿੱਚ ਕੰਮ ਕਰ ਰਹੇ ਕਾਮਿਆਂ ਤੇ ਮਜ਼ਦੂਰਾਂ ਨੂੰ ਕਿਹਾ ਕਿ ਉਹਨਾਂ ਦੇ ਕਾਰਖ਼ਾਨੇਦਾਰ ਤੇ ਜਾਗੀਰਦਾਰ ਸ਼ੋਸ਼ਣ ਕਰਦੇ ਸਨ ਤੇ ਆਮ ਸੈਨਿਕਾਂ ਨੂੰ ਕਿਹਾ ਕਿ ਉਹਨਾਂ ਦੇ ਉੱਚ ਅਫ਼ਸਰ ਉਹਨਾਂ ਦੀ ਦੁਰ-ਵਰਤੋਂ ਕਰ ਰਹੇ ਸਨ।

ਉਸ ਨੇ ਇਕਰਾਰ ਕੀਤਾ, "ਹੋਰ ਇਸਤੀਸਾਲ ਬਰਦਾਸ਼ਤ ਨਾ ਕਰੋ। ਮੈਂ ਇਸ ਦਾ ਖ਼ਾਤਮਾ ਕਰ ਦਿਆਂਗਾ।"

ਬਹੁਤ ਸਾਰੇ ਲੋਕਾਂ ਨੂੰ 'ਇਸਤੀਸਾਲ' ਸ਼ਬਦ ਦੇ ਅਰਥ ਦਾ ਇਸ ਤੋਂ ਵੱਧ ਕੋਈ ਇਲਮ ਨਹੀਂ ਸੀ ਕਿ ਇਸ ਦਾ ਭਾਵ ਇਕ ਅਜਿਹੀ ਚੀਜ਼ ਹੈ ਜਿਸ ਤੋਂ ਬਿਨਾਂ ਹੀ ਉਹਨਾਂ ਦਾ ਗੁਜ਼ਾਰਾ ਹੋ ਸਕਦਾ ਹੈ। ਭੁੱਟੋ ਦੀ ਇਕ ਹੁਸ਼ਿਆਰ ਤੇ ਚੁਸਤ ਨੇਤਾ ਵਜੋਂ ਪ੍ਰਸਿੱਧੀ ਸੀ ਤੇ ਉਹ ਮੁਲਕ ਦੇ ਕਿਸੇ ਵੀ ਹੋਰ ਸਿਆਸੀ ਨੇਤਾ ਨਾਲੋਂ ਵਧੇਰੇ ਚਾਲਾਕ ਤੇ ਦੁਨੀਆਂ ਦੇ ਸਭ ਤੋਂ ਚਾਲਬਾਜ਼ ਨੇਤਾਵਾਂ ਦੇ ਟਾਕਰੇ ਅਤੇ ਪੱਧਰ 'ਤੇ ਗੱਲ ਕਰਨ ਦੇ ਸਮਰੱਥ ਸੀ। ਲੋਕਾਂ ਨੂੰ ਇਸ ਗੱਲ ਦੀ ਪਰਵਾਹ ਨਹੀਂ ਸੀ ਕਿ ਭੁੱਟੋ ਆਪ ਵੀ ਜਾਗੀਰਦਾਰ (ਵਡੇਰੋ) ਸੀ ਤੇ ਉਹ ਠਾਠ-ਬਾਠ ਵਾਲੀ ਸ਼ਾਹਾਨਾ ਜ਼ਿੰਦਗੀ ਬਸਰ ਕਰਦਾ ਸੀ। ਜੇ ਉਸ ਦੀਆਂ ਅਨੇਕਾਂ ਪਤਨੀਆਂ ਹਨ ਤੇ ਇਕ ਜਾਂ ਦੋ ਰਖੇਲਾਂ ਹਨ ਤਾਂ ਕੀ ਫ਼ਰਕ ਪੈਂਦਾ ਹੈ? ਕੀ ਹੋਇਆ ਜੇ ਉਹ ਕਦੇ-ਕਦੇ ਸ਼ਰਾਬ-ਨੋਸ਼ੀ ਕਰਦਾ ਹੈ ਤੇ ਪੀ ਕੇ ਗਾਲ੍ਹਾਂ ਕੱਢਦਾ ਤੇ ਅਸ਼ਲੀਲ ਜ਼ਬਾਨ ਦੀ ਵਰਤੋਂ ਕਰਦਾ ਹੈ ਜਾਂ ਉਸ ਨੇ ਬਹੁਤ ਸਾਰੇ ਲੋਕਾਂ ਨੂੰ ਚੁਕਵਾ ਕੇ ਧੱਕੇ ਨਾਲ ਮਾਰ ਕੁੱਟ ਕੇ ਨਜ਼ਰਬੰਦ ਕਰ ਛੱਡਿਆ ਹੈ। ਬਹੁਤੇ ਰਾਜਮੁਖੀ ਅਜਿਹਾ ਕਰਦੇ ਰਹੇ ਹਨ ਤੇ ਸੁੱਕੇ ਨਿਕਲਦੇ ਰਹੇ ਹਨ। ਉਹਨਾਂ ਅਨੁਸਾਰ ਭੁੱਟੋ ਦੀ ਇਹ ਗ਼ਲਤੀ ਹੈ ਕਿ

ਉਸ ਨੇ ਜੁਰਮ ਕਰਕੇ ਉਸ ਦੇ ਨਿਸ਼ਾਨੇ ਪਿੱਛੇ ਰਹਿਣ ਦਿੱਤੇ ਤੇ ਇਸ ਤਰ੍ਹਾਂ ਉਹ ਕੁੜਿੱਕੀ ਵਿੱਚ ਫਸ ਗਿਆ।

ਭੁੱਟੋ ਦੇ ਵਿਚਾਰਾਂ ਨਾਲ ਪਾਕਿਸਤਾਨ ਦੇ ਪੜ੍ਹੇ-ਲਿਖੇ ਸ਼ਹਿਰੀ ਕੁਲੀਨ ਵਰਗ ਦੇ ਲੋਕ ਸਹਿਮਤ ਨਹੀਂ ਸਨ ਜਿਹੜੇ ਭੁੱਟੋ ਦੇ ਕੁਸ਼ਾਸਨ ਦੇ ਸਮੇਂ ਨੂੰ ਚੇਤੇ ਕਰਦੇ ਹਨ ਜਦੋਂ ਉਸ ਨੇ ਮੁਖ਼ਾਲਿਫ਼ ਸਿਆਸਤਦਾਨਾਂ ਦਾ ਕਤਲ ਕੀਤਾ, ਉਹਨਾਂ ਦੇ ਪਰਿਵਾਰਾਂ ਨੂੰ ਸਮੇਤ ਉਹਨਾਂ ਦੀਆਂ ਤ੍ਰੀਮਤਾਂ ਦੇ ਬੇਪਤ ਕੀਤਾ ਤੇ ਹਜ਼ਾਰਾਂ ਹੀ ਬੇਕਸੂਰ ਪੁਰਸ਼ਾਂ ਤੇ ਤੀਵੀਆਂ ਨੂੰ ਜੇਲ੍ਹ ਵਿੱਚ ਨਜ਼ਰਬੰਦ ਕੀਤਾ। ਪਾਕਿਸਤਾਨ ਦੇ ਲੋਕ ਭੁੱਟੋ ਪ੍ਰਤੀ ਸਪੱਸ਼ਟ ਤੌਰ 'ਤੇ ਦੋ ਹਿੱਸਿਆਂ ਵਿੱਚ ਵੰਡੇ ਹੋਏ ਸਨ। ਕੁਝ ਉਸ ਦੀ ਪੂਜਾ ਕਰਦੇ ਸਨ ਤੇ ਕੁਝ ਉਸ ਨੂੰ ਨਫ਼ਰਤ ਕਰਦੇ ਸਨ। ਇਕ ਇਸਤਰੀ ਜਿਸਦੇ ਪਤੀ ਨੂੰ ਕੁੱਟ ਮਾਰ ਕਰਕੇ ਭੁੱਟੋ ਨੇ ਕੈਦ ਕੀਤਾ ਸੀ, ਗੁੱਸੇ ਨਾਲ ਉੱਚੀ ਆਵਾਜ਼ ਵਿੱਚ ਮੈਨੂੰ ਕਹਿਣ ਲੱਗੀ, "ਮੈਂ ਉਸ ਨੂੰ ਆਪਣੇ ਹੱਥੀਂ ਫਾਹੇ ਲਾਉਂਦੀ, ਮੈਂ ਤਾਂ ਉਸ ਨੂੰ ਦਸ ਵਾਰ ਫਾਂਸੀ ਲਾਉਂਦੀ।" ਹੁਣ ਤਾਂ ਜ਼ਖ਼ਮ ਭਰਨ ਦੀ ਲੋੜ ਸੀ ਤੇ ਇਹ ਕੰਮ ਕੇਵਲ ਰਾਸ਼ਟਰਪਤੀ ਜ਼ਿਆ-ਉਲ-ਹਕ ਹੀ ਕਰ ਸਕਦਾ ਸੀ। ਪ੍ਰੰਤੂ ਜਿਸ ਦਿਨ ਤੋਂ ਭੁੱਟੋ ਦੀ ਕਿਸੇ ਵੀ ਪਤਨੀ ਜਾਂ ਬੱਚਿਆਂ ਤੋਂ ਉਹਦੀ ਜਾਨ ਬਖ਼ਸ਼ੀ ਲਈ ਰਹਿਮ ਦੀ ਅਰਜ਼ੀ ਦੇਣ ਦਾ ਆਖ਼ਰੀ ਦਿਨ ਵੀ ਲੰਘ ਗਿਆ ਤਾਂ ਇਹ ਵਿਚਾਰ ਪੈਦਾ ਹੋ ਗਈ ਕਿ ਰਾਸ਼ਟਰਪਤੀ ਜ਼ੀਆ ਵੱਲੋਂ ਰਹਿਮ ਜਾਂ ਮਾਫ਼ੀ ਦੇਣ ਦਾ ਰਾਹ ਤੇ ਜ਼ਖ਼ਮ ਭਰੇ ਜਾਣ ਦਾ ਆਖ਼ਰੀ ਮੌਕਾ ਵੀ ਖੁੰਝ ਗਿਆ ਸੀ।

ਸ੍ਰੀ ਅਬਦੁਲ ਹਾਫ਼ੀਜ਼ ਪੀਰਜ਼ਾਦਾ ਜੋ ਭੁੱਟੋ ਸਮੇਂ ਕਾਨੂੰਨ ਮੰਤਰੀ ਸੀ ਤੇ ਸ੍ਰੀ ਅਜ਼ੀਜ਼ ਅਹਿਮਦ ਜੋ ਭੁੱਟੋ ਦਾ ਵਿਦੇਸ਼ ਮੰਤਰੀ ਸੀ, ਦੋਹਾਂ ਨੇ ਭੁੱਟੋ ਦੀ ਜਾਨ ਬਖ਼ਸ਼ੀ ਲਈ ਪੱਖ ਪੇਸ਼ ਕੀਤਾ। ਤੇ ਚਾਰ ਹੋਰਨਾਂ ਨੇ, ਜਿਨ੍ਹਾਂ ਨੂੰ ਭੁੱਟੋ ਨਾਲ ਹੀ ਸਜ਼ਾ ਹੋਈ ਸੀ, ਰਹਿਮ ਦੀ ਬੇਨਤੀ ਕਰਦਿਆਂ ਕਿਹਾ ਕਿ ਉਹਨਾਂ ਦੀ ਅਹਿਮਦ ਰਜ਼ਾ ਕਸੂਰੀ ਜਾਂ ਉਹਨਾਂ ਦੇ ਪਿਤਾ ਨਾਲ ਕੋਈ ਨਿੱਜੀ ਦੁਸ਼ਮਣੀ ਨਹੀਂ ਸੀ, ਉਹ ਤਾਂ ਭੁੱਟੋ ਦੇ ਹੁਕਮਾਂ ਦੀ ਹੀ ਪਾਲਣਾ ਕਰ ਰਹੇ ਸਨ। ਇਕ ਦੰਡਿਤ ਵਿਅਕਤੀ ਅਰਸ਼ਦ ਇਕਬਾਲ ਦੀ ਮਾਂ ਰਾਬੀਆ ਖ਼ਾਨਮ ਨੇ, ਭੁੱਟੋ 'ਤੇ ਦੋਸ਼ ਲਾਉਂਦਿਆਂ ਉਸ ਨੂੰ ਤਾਨਾਸ਼ਾਹ ਆਖਿਆ, ਜਿਸ ਦੀ ਹੁਕਮ ਅਦੂਲੀ ਦਾ ਕੋਈ ਵੀ ਹੌਸਲਾ ਨਹੀਂ ਕਰ ਸਕਦਾ ਸੀ। ਰਾਸ਼ਟਰਪਤੀ ਜ਼ਿਆ-ਉਲ-ਹੱਕ ਨੂੰ ਸ਼ਾਇਦ ਜਿਸ ਚੀਜ਼ ਨੇ ਬਿਨਾਂ ਝਿਜਕ ਸਜ਼ਾ ਨੂੰ ਲਾਗੂ ਕਰਨ ਲਈ ਉਕਸਾਇਆ, ਉਹ ਅਹਿਮਦ ਰਜ਼ਾ ਕਸੂਰੀ ਦੀਆਂ ਦਲੀਲਾਂ ਸਨ, ਜਿਸ ਨੂੰ ਕਾਤਲਾਂ ਨੇ ਮਾਰਨ ਦੀ ਵਿਉਂਤ ਬਣਾਈ ਸੀ ਪਰ ਉਹਦੀ ਥਾਂ 'ਤੇ ਉਹਦਾ ਪਿਤਾ ਮਾਰਿਆ ਗਿਆ ਸੀ। ਅਹਿਮਦ ਰਜ਼ਾ ਕਸੂਰੀ ਨੇ ਪੱਤਰਕਾਰਾਂ ਨਾਲ ਮੁਲਾਕਾਤ ਦੌਰਾਨ ਕਿਹਾ ਕਿ ਜੇ ਭੁੱਟੋ ਜਿਊਂਦਾ ਰਿਹਾ ਤਾਂ ਉਹ ਪਾਕਿਸਤਾਨ ਲਈ ਵੀ ਖ਼ਤਰਾ ਬਣਿਆ ਰਹੇਗਾ ਤੇ ਜੇ ਉਸ ਨੂੰ ਫਾਂਸੀ 'ਤੇ ਨਾ ਲਟਕਾਇਆ ਗਿਆ ਤਾਂ ਉਸ ਦੀ ਮਾਤਾ ਸਦਰ ਦੇ ਘਰ ਮੂਹਰੇ ਮੁਜ਼ਾਹਰਾ ਕਰੇਗੀ। ਕਸੂਰੀ ਨੇ ਇਹ ਵੀ ਕਿਹਾ ਕਿ ਜੇ ਭੁੱਟੋ ਦੀ ਫਾਂਸੀ ਨੂੰ ਉਮਰ ਕੈਦ ਵਿੱਚ ਬਦਲ ਦਿੱਤਾ ਗਿਆ ਜਾਂ ਉੱਕਾ ਹੀ ਮਾਫ਼ੀ ਦੇ ਦਿੱਤੀ ਗਈ ਤਾਂ ਮੁਲਕ ਲਈ ਖ਼ਤਰਾ ਬਣਿਆ ਰਹੇਗਾ ਤੇ ਜੇ ਰਾਜਸੀ ਦਬਾਅ ਹੇਠ ਉਸ ਨੂੰ ਰਿਹਾਅ ਕਰ ਦਿੱਤਾ ਗਿਆ ਤਾਂ ਬਾਹਰ ਆ ਕੇ ਸ਼ੈਤਾਨੀ ਕਾਰਜ ਕਰੇਗਾ। ਭੁੱਟੋ ਆਪ ਵੀ ਕਿਸੇ 'ਤੇ ਤਰਸ ਨਹੀਂ ਕਰਦਾ ਸੀ। ਉਹਦੇ

ਸ਼ਬਦਕੋਸ਼ ਵਿੱਚ 'ਰਹਿਮ' ਨਾਮ ਦਾ ਸ਼ਬਦ ਹੀ ਨਹੀਂ ਸੀ, ਇਸ ਲਈ ਉਹ ਮਾਫ਼ੀ ਦਾ ਹੱਕਦਾਰ ਨਹੀਂ ਸੀ। ਇਹੋ ਜਿਹੇ ਜਜ਼ਬਾਤ ਹੀ ਧਰਮ-ਸ਼ਾਸਤਰੀਆਂ, ਖ਼ਾਸ ਕਰਕੇ ਪਾਕਿਸਤਾਨੀ ਕੌਮੀ ਮੁਹਾਜ਼ ਦੇ ਉਲੇਮਾ ਦੀ ਕੌਂਸਲ ਦੇ ਸੀਨੀਅਰ ਉਪ-ਪ੍ਰਧਾਨ ਮੌਲਾਨਾ ਮੁਹੰਮਦ ਹੁਸੈਨ ਹਜ਼ਰਤ ਨੇ ਪ੍ਰਗਟ ਕੀਤੇ। ਮੌਲਾਨਾ ਨੇ ਭੁੱਟੋ ਨੂੰ ਮਨੁੱਖਤਾ ਦੇ ਚਿਹਰੇ 'ਤੇ ਬਦ-ਨੁਮਾ ਧੱਬਾ ਵਰਣਨ ਕੀਤਾ ਤੇ ਉਸ ਨੇ ਉਸ ਨੂੰ ਮੁਲਕ ਦਾ ਵਿਭਾਜਨ ਦਾ ਜ਼ਿੰਮੇਂਵਾਰ ਵੀ ਠਹਿਰਾਇਆ।

ਪਾਕਿਸਤਾਨ ਦੇ ਵਿਦੇਸ਼ ਵਿਭਾਗ ਦੇ ਇਕ ਉੱਚ ਅਧਿਕਾਰੀ ਨੇ ਮੈਨੂੰ ਕਿਹਾ ਕਿ ਮਾਮਲਾ ਕਾਫ਼ੀ ਦੇਰ ਤੋਂ ਲਟਕਦਾ ਆ ਰਿਹਾ ਸੀ। ਜਦੋਂ ਮੌਤ ਦੀ ਸਜ਼ਾ ਸੁਣਾ ਦਿੱਤੀ ਗਈ ਸੀ, ਇਸ ਦਾ ਇਕ ਪਾਸੜ ਫ਼ੈਸਲਾ ਹੋ ਹੀ ਜਾਣਾ ਚਾਹੀਦਾ ਸੀ। ਭੁੱਟੋ ਵਿਰੋਧੀ ਤੱਤ ਇਸ ਵਿਚਾਰ ਨਾਲ ਪੂਰੀ ਤਰ੍ਹਾਂ ਸਹਿਮਤ ਸਨ। ਉਹ ਤਾਂ ਇਹ ਵੀ ਕਹਿੰਦੇ ਸਨ ਕਿ ਜਨਰਲ ਜ਼ਿਆ 5 ਜੁਲਾਈ 1977 ਦੀ ਰਾਤ ਨੂੰ ਭੁੱਟੋ ਨੂੰ ਗ੍ਰਿਫ਼ਤਾਰ ਕਰਨ ਦੀ ਥਾਂ 'ਤੇ ਗੋਲੀ ਮਾਰ ਦਿੰਦਾ ਤਾਂ ਮੁਲਕ ਇਹਨਾਂ ਮਹੀਨਿਆਂ ਵਿੱਚ ਉਠਾਏ ਗਏ ਕਸ਼ਟਾਂ ਤੋਂ ਬਚ ਜਾਂਦਾ। "ਗਰਬਾ ਕੁਸ਼ਤਨ ਰੋਜ਼-ਅਵੱਲ" ਭਾਵ ਜੇ ਤੁਸੀਂ ਬਲੂੰਗੜੇ ਨੂੰ ਮਾਰਨਾ ਚਾਹੁੰਦੇ ਹੋ ਤਾਂ ਪਹਿਲੇ ਦਿਨ ਭਾਵ ਜੰਮਦੇ ਨੂੰ ਹੀ ਮਾਰ ਦਿਉ।

ਭੁੱਟੋ ਦੀ ਜ਼ਿੰਦਗੀ ਦੇ ਨਾਟਕ ਦੇ ਆਖ਼ਰੀ ਅੰਕ ਤੋਂ ਪਰਦਾ 18 ਮਾਰਚ 1978 ਦੀ ਸਵੇਰ ਨੂੰ 8.30 ਵਜੇ ਉੱਠਿਆ। ਦ੍ਰਿਸ਼ ਦਾ ਸਥਾਨ ਲਾਹੌਰ ਦੀ ਹਾਈਕੋਰਟ ਦਾ ਮੁੱਖ ਅਦਾਲਤੀ ਕਮਰਾ ਸੀ। ਇਹ ਇਕ ਵੱਡਾ ਹਾਲ ਹੈ ਜੋ ਲੱਕੜੀ ਦੇ ਦੋ ਜੰਗਲਿਆਂ ਨਾਲ ਤਿੰਨ ਹਿੱਸਿਆਂ ਵਿੱਚ ਵੰਡਿਆ ਹੋਇਆ ਹੈ। ਉੱਤਰੀ ਸਿਰੇ 'ਤੇ ਉਚੇਰੀ ਥਾਂ 'ਤੇ ਕਾਲੇ ਚੋਗੇ ਅਤੇ ਜੱਜਾਂ ਦੇ ਨਿਸ਼ਾਨ ਵਜੋਂ ਟੋਪੀਆਂ ਪਾ ਕੇ ਪੰਜ ਜੱਜ ਬੈਠੇ ਸਨ। ਉਹਨਾਂ ਦੇ ਸਾਮ੍ਹਣੇ ਹਾਲ ਦੇ ਮੁੱਖ ਭਾਗ ਵਿੱਚ ਮੁਦੱਈ ਤੇ ਮੁੱਦਾਲਿਯ ਦੇ ਵਕੀਲਾਂ ਸਮੇਤ ਹਾਈ ਕੋਰਟ ਦੇ ਵਕੀਲ ਵੀ ਉਹਨਾਂ ਵਾਂਗ ਹੀ ਕਾਲੇ ਚੋਗੇ ਪਾ ਕੇ ਬੈਠੇ ਸਨ। ਉਹਨਾਂ ਪਿੱਛੇ ਇਕ ਹੋਰ ਜੰਗਲੇ ਨਾਲ ਅੱਡ ਕੀਤੇ ਹੋਏ ਆਮ ਲੋਕ ਸਨ। ਤੇ ਖੱਬੀ ਬਾਹੀ ਜੱਜਾਂ ਤੇ ਵਕੀਲਾਂ ਦੇ ਨਾਲ ਪੰਜ ਮੁਲਜ਼ਮ ਸ਼ਸਤਰਬੱਧ ਪੁਲੀਸ ਦੀ ਨਿਗਰਾਨੀ ਤੇ ਰਾਖੀ ਵਿੱਚ ਪਿੱਛੇ ਖੜੇ ਸਨ। ਉਹਨਾਂ 'ਚੋਂ ਮੁੱਖ ਮੁਲਜ਼ਮ ਜ਼ੁਲਫ਼ਿਕਾਰ ਅਲੀ ਭੁੱਟੋ ਸੀ ਜਿਸ ਨੇ ਹਲਕਾ ਬਸੰਤੀ ਸੂਟ ਤੇ ਟਾਈ ਲਾਈ ਹੋਈ ਸੀ।

ਫ਼ੈਸਲੇ ਦੇ ਇਸ ਦਿਨ ਬਾਰੇ ਕੋਈ ਅਗੇਤੀ ਸੂਚਨਾ ਨਹੀਂ ਸੀ। ਮੁਕੱਦਮੇ ਦੀ ਪੈਰਵੀ ਕਰ ਰਹੇ ਵਕੀਲਾਂ ਨੂੰ ਰਜਿਸਟਰਾਰ ਨੇ ਸਵੇਰੇ ਹੀ ਮੁੱਖ ਹਾਲ ਵਿੱਚ ਉਪਸਥਿਤ ਰਹਿਣ ਲਈ ਫ਼ੋਨ 'ਤੇ ਜਾਣਕਾਰੀ ਦੇ ਦਿੱਤੀ ਸੀ। ਮੁਲਜ਼ਮਾਂ ਨੂੰ "ਕੋਟ ਲਖਪਤ" ਜੇਲ੍ਹ ਵਿੱਚੋਂ 'ਕਾਲੀ ਮਾਰੀਆ' ਗੱਡੀ ਵਿੱਚ ਪੁਲੀਸ ਦੀ ਭਾਰੀ ਰੱਖਿਆ ਤੇ ਨਿਗਰਾਨੀ ਹੇਠ ਲਿਆਂਦਾ ਗਿਆ। ਇਸ ਬਾਰੇ ਵੀ ਸਭ ਨੂੰ ਪਤਾ ਲੱਗ ਗਿਆ ਤੇ ਅਦਾਲਤ ਦਾ ਕਮਰਾ ਖਚਾਖੱਚ ਭਰ ਗਿਆ।

ਸਭ ਦੀਆਂ ਨਜ਼ਰਾਂ ਕਾਇਮ ਮੁਕਾਮ ਜੱਜ ਮੁਸ਼ਤਾਕ ਹੁਸੈਨ ਵੱਲ ਲੱਗ ਗਈਆਂ। ਉਹਨਾਂ ਨੇ ਨਵਾਬ ਮੁਹੰਮਦ ਰਜ਼ਾ ਕਸੂਰੀ ਦੇ 10-11 ਨਵੰਬਰ 1974 ਦੀ ਰਾਤ ਨੂੰ ਲਾਹੌਰ ਵਿੱਚ ਹੋਏ ਕਤਲ ਦੇ ਮੁਕੱਦਮੇ ਬਾਰੇ ਸਰਬ-ਸੰਮਤੀ ਨਾਲ ਲਏ ਫ਼ੈਸਲੇ ਦਾ ਸਾਰ

ਪੜ੍ਹ ਕੇ ਸੁਣਾਇਆ। ਸਭ ਮੁਲਜ਼ਮਾਂ ਨੇ ਆਪਣੇ-ਆਪ ਨੂੰ ਨਿਰਦੋਸ਼ ਆਖਿਆ। ਚਾਰ ਮੁਲਜ਼ਮਾਂ ਨੇ ਆਪਣੇ ਬਚਾਅ ਲਈ ਵਕੀਲ ਕੀਤੇ ਸਨ। ਕੇਵਲ ਜ਼ੁਲਫ਼ਿਕਾਰ ਅਲੀ ਭੁੱਟੋ, ਇਕੱਲੇ ਨੇ ਹੀ ਅਦਾਲਤੀ ਕਾਰਵਾਈ ਵਿੱਚ ਹਿੱਸਾ ਲੈਣ ਤੋਂ ਇਨਕਾਰ ਕੀਤਾ ਹੋਇਆ ਸੀ। ਜੱਜ ਮੁਸ਼ਤਾਕ ਹੁਸੈਨ ਨੇ ਜੱਜਾਂ ਦੀ ਟੋਲੀ ਦੇ ਨਿਸ਼ਕਰਸ਼ ਭਾਵ ਨਿਰਣੇ ਨੂੰ ਪੜ੍ਹਨ ਉਪਰੰਤ ਫ਼ੈਸਲਾ ਸੁਣਾਇਆ : "ਉਹਨਾਂ ਨੂੰ ਮਰਨ ਤੱਕ ਫਾਹੇ ਲਾਇਆ ਜਾਵੇ।"

ਸਭ ਨਜ਼ਰਾਂ ਹੁਣ ਜੱਜਾਂ ਵੱਲੋਂ ਹੱਟ ਕੇ ਮੁਲਜ਼ਮਾਂ, ਖ਼ਾਸ ਕਰਕੇ ਜ਼ੁਲਫ਼ਿਕਾਰ ਅਲੀ ਭੁੱਟੋ ਵੱਲ ਮੁੜੀਆਂ। ਉਸ ਨੇ, ਬਿਨਾਂ ਕਿਸੇ ਬੇਚੈਨੀ ਦੇ, ਫ਼ੈਸਲਾ ਸੁਣਿਆ ਤੇ ਜੱਜਾਂ ਵੱਲੋਂ ਆਪਣਾ ਮੂੰਹ ਵੱਟ ਕੇ ਦੂਸਰੇ ਪਾਸੇ ਕਰ ਲਿਆ। ਉਹ ਆਪਣੇ ਹੀ ਖ਼ਿਆਲਾਂ ਵਿੱਚ ਗੁੰਮ ਸੀ। ਇਕ ਵਕੀਲ ਨੇ ਕਿਹਾ, "ਤੁਸੀਂ ਵੇਖਿਆ ਹੋਣਾ ਹੈ ਕਿ ਉਹ ਚਕ੍ਰਿਤ ਰਹਿ ਗਿਆ ਸੀ, ਪ੍ਰੰਤੂ ਉਸ ਨੇ ਡਰ ਜਾਂ ਗੁੱਸੇ ਦਾ ਕੋਈ ਭਾਵ ਪ੍ਰਗਟ ਨਾ ਕੀਤਾ, ਜਿਵੇਂ ਉਸ ਨੇ ਜੱਜ ਨੂੰ ਸੁਣਿਆ ਹੀ ਨਾ ਹੋਵੇ। ਤੇ ਇਹ ਵੀ ਵਿਸ਼ਵਾਸ ਕੀਤਾ ਜਾਂਦਾ ਹੈ ਜਿਵੇਂ ਉਹ ਕਿਸੇ ਗੰਭੀਰ ਪਹੇਲੀ ਦਾ ਸ਼ਾਹਦ ਜਾਂ ਗਵਾਹ ਹੋਵੇ।

ਉਸ ਸਮੇਂ ਹੱਕ ਜਾਂ ਵਿਰੋਧ ਦਾ ਪ੍ਰਗਟਾਵਾ ਕਰਨ ਲਈ ਕਿਸੇ ਪ੍ਰਕਾਰ ਦੀ ਨਾਅਰੇਬਾਜ਼ੀ ਨਹੀਂ ਹੋਈ ਸੀ। ਅਦਾਲਤ ਦੇ ਕਮਰੇ ਵਿੱਚ ਨਾ ਤਾਂ ਭੁੱਟੋ ਦੀ ਪਤਨੀ ਨੁਸਰਤ ਸੀ ਤੇ ਨਾ ਹੀ ਉਸ ਦੀ ਬੇਟੀ ਬੇਨਜ਼ੀਰ। ਥਾਂ-ਥਾਂ ਸ਼ਸ਼ਤਰਬੱਧ ਪੁਲੀਸ ਸੀ।

ਦੂਸਰੇ ਚਾਰਾਂ ਮੁਲਜ਼ਮਾਂ ਦੇ ਵਕੀਲ ਉਹਨਾਂ ਨਾਲ ਸਲਾਹ ਮਸ਼ਵਰਾ ਕਰ ਰਹੇ ਸਨ। ਭੁੱਟੋ ਨੇ ਕਿਉਂਕਿ ਅਦਾਲਤ ਦੀ ਕਾਰਵਾਈ ਦਾ ਬਾਈਕਾਟ ਕੀਤਾ ਹੋਇਆ ਸੀ, ਇਸ ਲਈ ਉਸ ਨਾਲ ਗੱਲਬਾਤ ਕਰਨ ਵਾਲਾ ਕੋਈ ਨਹੀਂ ਸੀ। ਉਹ ਕੁਝ ਸਮਾਂ ਆਪਣੇ ਹੀ ਖ਼ਿਆਲਾਂ ਵਿੱਚ ਡੁੱਬਿਆ ਰਿਹਾ।

ਕੋਟ ਲਖਪਤ ਜੇਲ੍ਹ ਵਿੱਚ ਛੇ ਕਮਰੇ ਭੁੱਟੋ ਲਈ ਰਾਖਵੇਂ ਰੱਖੇ ਗਏ ਸਨ। ਉਹ ਸਿੱਧਾ ਆਪਣੇ ਕਮਰੇ ਵਿੱਚ ਗਿਆ ਤੇ ਸਮੇਤ ਕੱਪੜਿਆਂ ਦੇ ਆਪਣੇ ਬਿਸਤਰੇ 'ਤੇ ਧੜੱਮ ਕਰਕੇ ਡਿੱਗ ਪਿਆ। ਉਸ ਦੀਆਂ ਅੱਖਾਂ ਛੱਤ 'ਤੇ ਗੱਡੀਆਂ ਹੋਈਆਂ ਸਨ। ਇਕ ਸੰਤਰੀ ਨੇ ਕਿਹਾ, "ਉਹ ਇਕ ਘੰਟੇ ਲਈ ਅਹਿੱਲ ਪਿਆ ਰਿਹਾ। ਜਦੋਂ ਮੈਂ ਉਸ ਦੇ ਕੋਲ ਜਾ ਕੇ ਪੁੱਛਿਆ ਕਿ ਕੀ ਉਹ ਕੁਝ ਖਾਣਾ ਚਾਹੁੰਦੇ ਹਨ ਤਾਂ ਮੈਂ ਵੇਖਿਆ ਕਿ ਉਹ ਰੋ ਰਿਹਾ ਸੀ। ਉਸ ਨੇ ਮੈਨੂੰ ਕੋਈ ਉੱਤਰ ਨਾ ਦਿੱਤਾ।"

11 ਵਜੇ ਸਵੇਰੇ ਵਕੀਲ ਯਾਹੀਆ ਬਖ਼ਤਿਆਰ ਉਸ ਨੂੰ ਮਿਲਣ ਆਇਆ। ਦੋਵੇਂ ਇਕ ਦੂਸਰੇ ਨੂੰ ਜੱਫੀ ਪਾ ਕੇ ਮਿਲੇ ਤੇ ਫੁੱਟ-ਫੁੱਟ ਕੇ ਰੋ ਪਏ। ਭੁੱਟੋ ਨੇ ਪੁੱਛਿਆ, "ਕੀ ਸਭ ਖ਼ਤਮ ਹੋ ਗਿਆ ਹੈ?" ਬਖ਼ਤਿਆਰ ਨੇ ਦ੍ਰਿੜ੍ਹਤਾ ਨਾਲ ਉੱਤਰ ਦਿੱਤਾ, "ਨਹੀਂ। ਅਸੀਂ ਸਜ਼ਾ ਵਿਰੁੱਧ ਅਪੀਲ ਕਰਾਂਗੇ।" ਉਹ ਕਾਫ਼ੀ ਸਮਾਂ ਗੱਲਾਂ ਕਰਦੇ ਰਹੇ। ਭੁੱਟੋ ਫਿਰ ਹੌਸਲੇ ਵਿੱਚ ਹੋ ਗਿਆ ਤੇ ਉਹ ਕਾਇਮ ਹੋ ਗਿਆ।

ਜੇਲ੍ਹ ਦੇ ਨਿਯਮਾਂ ਅਨੁਸਾਰ ਮੌਤ ਦੀ ਸਜ਼ਾ ਵਾਲੇ ਕੈਦੀਆਂ ਨੂੰ ਇਕ ਵਿਸ਼ੇਸ਼ ਬਣਤਰ ਵਾਲੀਆਂ ਕੈਦ-ਕੋਠੜੀਆਂ 'ਚ ਰੱਖਿਆ ਜਾਂਦਾ ਹੈ, ਜਿਨ੍ਹਾਂ ਉੱਪਰ ਖ਼ਾਸ ਨਿਗਰਾਨੀ ਰੱਖੀ ਜਾਂਦੀ ਹੈ ਤਾਂ ਜੋ ਆਪਣੀ ਜਾਨ ਆਪ ਲੈ ਕੇ ਆਤਮਘਾਤ ਨਾ ਕਰ ਲੈਣ। ਉਹਨਾਂ ਨੂੰ ਸਵੇਰੇ ਤੇ ਸ਼ਾਮ ਵੇਲੇ ਇਕ ਘੰਟਾ ਸੈਰ ਕਰਨ ਜਾਂ ਟਹਿਲਣ ਦੀ ਆਗਿਆ ਦਿੱਤੀ ਜਾਂਦੀ ਹੈ।

5 ਵਜੇ ਸ਼ਾਮ ਨੂੰ ਭੁੱਟੋ ਨੂੰ ਅਪਰਾਧੀ ਦੀ ਕੈਦ-ਕੋਠੜੀ ਵਿੱਚ ਭੇਜ ਦਿੱਤਾ ਗਿਆ ਪਰ ਉਹਦੇ ਜ਼ੋਰ ਦੇਣ 'ਤੇ ਉਸ ਨੂੰ ਆਪਣੇ ਕੱਪੜੇ ਪਹਿਨਣ, ਆਪਣਾ ਬਿਸਤਰਾ ਤੇ ਆਪਣਾ ਭੋਜਨ ਖਾਣ ਦੀ ਆਗਿਆ ਦਿੱਤੀ ਗਈ। ਉਸ ਨੂੰ ਲਿਖਣ-ਸਮੱਗਰੀ ਦਿੱਤੀ ਗਈ ਤੇ ਉਹਦੀ ਇੱਛਾ ਅਨੁਸਾਰ ਮੈਗਜ਼ੀਨ ਤੇ ਅਖ਼ਬਾਰ ਦਿੱਤੇ ਗਏ। ਇਕ ਵਾਰ ਉਹ ਉਦਾਸ ਹੋ ਗਿਆ ਤੇ ਜੇਲ੍ਹ ਦੇ ਮੰਤਰੀ ਅਨੁਸਾਰ "ਉਹ ਬਿਸਤਰੇ 'ਤੇ ਮਰੇ ਹੋਏ ਚੂਹੇ ਵਾਂਗ ਪਿਆ ਰਿਹਾ।" ਇਹ ਹਾਲਤ ਦੋ ਕੁ ਦਿਨ ਰਹੀ।

ਜਾਪਦਾ ਹੈ ਕਿ ਵੱਖ-ਵੱਖ ਦੇਸ਼ਾਂ ਦੇ ਮੁਖੀਆਂ ਵੱਲੋਂ ਰਹਿਮ ਦੀਆਂ ਬੇਨਤੀਆਂ ਨੇ ਉਸ ਦੇ ਢਹਿੰਦੇ ਹੌਸਲੇ ਨੂੰ ਟਹਿਕਾ ਦਿੱਤਾ। ਉਸ ਨੇ ਯਕੀਨ ਕਰਨਾ ਸ਼ੁਰੂ ਕਰ ਦਿੱਤਾ ਕਿ ਸੰਸਾਰ ਦੇ ਸਭ ਭਾਗਾਂ ਵਿੱਚੋਂ ਵਿਰੋਧ ਦੀ ਸੁਰ ਪਾਕਿਸਤਾਨ ਦੇ ਹਾਕਮਾਂ ਤੇ ਅਦਾਲਤਾਂ ਨੂੰ ਉਸ ਦਾ ਨੁਕਸਾਨ ਕਰਨ ਤੋਂ ਰੋਕੇਗੀ ਤੇ ਉਹ ਉਸਦਾ ਹੌਸਲਾ ਨਹੀਂ ਡੇਗ ਸਕਣਗੇ। ਉਸ ਨੇ ਮਨ ਬਣਾ ਲਿਆ ਕਿ ਉਹ ਤਨਾਅ ਕਾਰਨ ਨਹੀਂ ਤਿੜਕੇਗਾ।

ਯਾਹੀਆ ਬਖ਼ਤਿਆਰ ਨੇ ਸੁਪਰੀਮ ਕੋਰਟ ਵਿੱਚ ਅਪੀਲ ਦਾਇਰ ਕੀਤੀ। ਕਿਉਂਕਿ ਅਦਾਲਤ ਰਾਵਲਪਿੰਡੀ ਵਿੱਚ ਸਥਿਤ ਸੀ, ਇਸ ਲਈ ਅੱਧ ਮਈ ਵਿੱਚ ਭੁੱਟੋ ਤੇ ਉਹਦੇ ਨਾਲ ਦੇ ਦੂਸਰੇ ਮੁਲਜ਼ਮਾਂ ਨੂੰ ਵੀ ਰਾਵਲਪਿੰਡੀ ਜੇਲ੍ਹ ਤਬਦੀਲ ਕਰਕੇ ਭੇਜ ਦਿੱਤਾ ਗਿਆ। ਕਿਸਮਤ ਦਾ ਮਜ਼ਾਕ ਵੇਖੋ ਕਿ ਉਹ ਉਸ ਦੇ ਨਾਲ ਲਗਵੇਂ ਭਵਨ ਵਿੱਚੋਂ ਕੁਝ ਮਹੀਨੇ ਪਹਿਲਾਂ ਪਾਕਿਸਤਾਨ 'ਤੇ ਰਾਜ ਕਰਦਾ ਰਿਹਾ ਸੀ। ਉਸ ਲਈ ਸੌਣ ਵਾਲਾ ਕਮਰਾ ਸੀ, ਪੜ੍ਹਾਈ ਲਈ ਕਮਰਾ ਸੀ, ਗੁਸਲਖ਼ਾਨਾ ਸੀ ਤੇ ਰਸੋਈਘਰ ਵੀ। ਇਕ ਵਾਰ ਫਿਰ ਜੇਲ੍ਹ ਦੇ ਅਧਿਨਿਯਮਾਂ ਨੂੰ ਉੱਘੇ ਕੈਦੀ ਦੇ ਆਰਾਮ ਲਈ ਅਣਗੌਲਿਆਂ ਕਰ ਦਿੱਤਾ ਗਿਆ ਸੀ। ਉਸ ਨੂੰ ਹਸਪਤਾਲਾਂ ਵਿੱਚ ਮਿਲਦੇ ਲੋਹੇ ਦੇ ਮੰਜੇ ਦੀ ਥਾਂ ਨਿਵਾਰ ਦਾ ਮੰਜਾ ਦਿੱਤਾ ਗਿਆ ਤੇ ਉਸ ਉੱਪਰ ਰਬੜ ਦਾ ਗੱਦਾ, ਆਪਣੇ ਕੰਬਲ, ਪੱਖਾ ਤੇ ਉਹਦੇ ਹੱਥ ਦੀ ਪਹੁੰਚ ਤੱਕ ਦੇ ਬਿਜਲੀ ਦੀ ਬੱਤੀ ਵਾਲੇ ਬੋਰਡ ਦਾ ਪ੍ਰਬੰਧ ਸੀ। ਉਸ ਨੂੰ ਮੇਜ਼, ਕੁਰਸੀ, ਟੇਬਲ ਲੈਂਪ, ਕਿਤਾਬਾਂ ਤੇ ਮੇਜ਼ ਵੀ ਮੁਹੱਈਆ ਕੀਤੇ ਗਏ। ਉਸ ਲਈ ਖਾਣਾ ਤੇ "ਹਵਾਨਾ" ਦੇ ਸਿਗਰਟ ਘਰੋਂ ਆਉਂਦੇ। ਉਹ ਆਪਣੇ ਕੱਪੜੇ ਪਹਿਨਦਾ। ਉਸ ਕੋਲ ਕੱਪੜਿਆਂ ਦੇ ਭਰੇ ਹੋਏ ਦੋ ਸੂਟਕੇਸ ਸਨ। ਉਸ ਕੋਲ ਹਜਾਮਤ ਕਰਨ ਲਈ ਆਪਣਾ ਸਾਜ਼-ਸਾਮਾਨ ਸੀ। ਉਸ ਨੂੰ ਇਕ ਘੰਟੇ ਲਈ ਹਰ ਰੋਜ਼ ਆਪਣੇ ਵਕੀਲ ਨੂੰ ਮਿਲਣ ਦੀ ਆਗਿਆ ਸੀ ਤੇ ਆਪਣੀ ਮਰਜ਼ੀ ਨਾਲ ਉਹ ਅੱਧੇ ਘੰਟੇ ਲਈ ਟਹਿਲ ਸਕਦਾ ਸੀ। ਕਿਉਂਕਿ ਰਾਵਲਪਿੰਡੀ ਵਿੱਚ ਸਰਦੀਆਂ ਨੂੰ ਬਹੁਤੀ ਠੰਢ ਹੁੰਦੀ ਹੈ, ਉਸ ਨੂੰ ਬਿਜਲੀ ਦਾ ਹੀਟਰ ਵੀ ਦਿੱਤਾ ਗਿਆ। ਹਰ ਰੋਜ਼ ਤੀਸਰੇ ਪਹਿਰ ਉਹਦੀ ਪਤਨੀ ਤੇ ਬੇਟੀ ਉਸ ਨਾਲ ਚਾਹ ਪੀਣ ਲਈ ਆ ਜਾਂਦੀਆਂ। ਬਹੁਤੀ ਵਾਰ ਬੇਨਜ਼ੀਰ ਆਪਣੇ ਪਿਤਾ ਨਾਲ ਉਸੇ ਬਿਸਤਰੇ ਤੇ ਲੇਟ ਜਾਂਦੀ ਤੇ ਦੋਵੇਂ ਸਦਾ ਹਾਜ਼ਰ ਰਹਿੰਦੇ ਸੰਤਰੀ ਤੋਂ ਬਚ ਬਚਾ ਕੇ ਕੰਨਾਂ ਵਿੱਚ ਘੁਸਰ-ਮੁਸਰ ਕਰਦੇ ਰਹਿੰਦੇ ਤੇ ਇਹ ਗੱਲ ਯਕੀਨੀ ਬਣਾ ਲੈਂਦੇ ਕਿ ਉਹਨਾਂ ਦੀ ਗੱਲਬਾਤ ਕੋਈ ਖ਼ੁਫ਼ੀਆ ਢੰਗਾਂ ਨਾਲ ਰਿਕਾਰਡ ਨਾ ਕਰ ਲਵੇ।

6 ਫ਼ਰਵਰੀ 1979 ਨੂੰ ਸੁਪਰੀਮ ਕੋਰਟ ਨੇ ਭੁੱਟੋ ਦੀ ਅਪੀਲ ਰੱਦ ਕਰ ਦਿੱਤੀ। ਉਹ ਉਸ ਸਮੇਂ ਅਦਾਲਤ ਵਿੱਚ ਨਹੀਂ ਸੀ। ਉਸ ਨੂੰ ਇਹ ਖ਼ਬਰ ਜੇਲ੍ਹ ਸੁਪਰਡੈਂਟ ਨੇ ਦਿੱਤੀ।

ਉਸ ਦੀ ਟਿੱਪਣੀ ਸੀ, "ਇਹ ਤਾਂ ਬਹੁਤ ਬੁਰਾ ਹੋਇਆ।" ਉਸ ਨੇ ਫਿਰ ਇਕ ਸੁਆਲ ਕੀਤਾ, "ਕੀ ਇਹ ਸਰਬ-ਸੰਮਤੀ ਦਾ ਨਿਰਣਾ ਸੀ?" ਸੁਪਰਡੈਂਟ ਨੇ ਬਿਨਾਂ ਪੜਤਾਲ ਕੀਤਿਆਂ ਉੱਤਰ ਦਿੱਤਾ, 'ਹਾਂ'। ਭੁੱਟੋ ਨੇ ਟਿੱਪਣੀ ਕੀਤੀ, "ਇਹ ਤਾਂ ਬੜਾ ਅਜੀਬ ਹੈ।"

ਜਦੋਂ ਨੁਸਰਤ ਭੁੱਟੋ ਨੂੰ ਖ਼ਬਰ ਪਹੁੰਚੀ ਤਾਂ ਉਹ ਪਿੰਡੀ ਤੋਂ 15 ਮੀਲ ਦੂਰ ਸਿਹਾਲਾ ਵਿੱਚ ਘਰ ਵਿੱਚ ਹੀ ਨਜ਼ਰਬੰਦ ਸੀ। ਉਸ ਨੇ ਕਾਰ ਲਈ ਤੇ ਪੁਲੀਸ ਦਾ ਘੇਰਾ ਤੋੜ ਕੇ ਜੇਲ੍ਹ ਦੇ ਦਰਵਾਜ਼ੇ ਤੱਕ ਪਹੁੰਚ ਗਈ। ਉਸ ਨੂੰ ਆਪਣੇ ਪਤੀ ਨੂੰ ਮਿਲਣ ਦੀ ਆਗਿਆ ਦੇ ਦਿੱਤੀ ਗਈ। ਉਹ ਪਤੀ ਦੀਆਂ ਬਾਹਾਂ ਵਿੱਚ ਢੇਰੀ ਹੋ ਗਈ। ਜਦੋਂ ਉਹ ਅੰਦਰ ਗਈ ਤਾਂ ਉਸ ਨੂੰ ਉਸ ਦੇ ਪਤੀ ਨੇ ਪਹਿਲਾ ਪ੍ਰਸ਼ਨ ਇਹ ਪੁੱਛਿਆ, "ਕੀ ਅਦਾਲਤ ਦਾ ਫ਼ੈਸਲਾ ਸਰਬ-ਸੰਮਤੀ ਦਾ ਫ਼ੈਸਲਾ ਸੀ?" ਨੁਸਰਤ ਨੇ ਉਸ ਨੂੰ ਦੱਸਿਆ ਕਿ ਸੁਪਰੀਮ ਕੋਰਟ ਦੇ ਸੱਤਾਂ ਜੱਜਾਂ 'ਚੋਂ ਤਿੰਨਾਂ ਨੇ ਉਸ ਨੂੰ "ਸ਼ੱਕ ਦਾ ਲਾਭ" ਦਿੱਤਾ ਸੀ। ਉਸ ਨੇ ਪਤਨੀ ਨੂੰ ਯਕੀਨ ਦੁਆਉਂਦਿਆਂ ਕਿਹਾ, "ਘਬਰਾਉਣ ਦੀ ਲੋੜ ਨਹੀਂ। ਅਸੀਂ ਨਜ਼ਰਸਾਨੀ ਲਈ ਫਿਰ ਅਦਾਲਤ ਦਾ ਦਰਵਾਜ਼ਾ ਖੜਕਾਵਾਂਗੇ।"

ਮੌਤ ਦੀ ਸਜ਼ਾ ਦੀ ਪੁਸ਼ਟੀ ਹੋਣ ਪਿੱਛੋਂ ਜੇਲ੍ਹ ਅਧਿਕਾਰੀਆਂ ਨੇ ਭੁੱਟੋ ਨਾਲ ਵੀ ਉਹੋ ਵਤੀਰਾ ਧਾਰਨ ਕਰਨ ਦਾ ਫ਼ੈਸਲਾ ਕਰ ਲਿਆ ਜੋ ਉਹ ਦੂਸਰੇ ਫਾਂਸੀ ਲਾਏ ਜਾਣ ਵਾਲੇ ਮੁਲਜ਼ਮਾਂ ਪ੍ਰਤੀ ਧਾਰਨ ਕਰਦੇ ਸਨ। ਉਹਨਾਂ ਨੇ ਉਸ ਦਾ ਹਜਾਮਤ ਦਾ ਸਾਜ਼-ਸਾਮਾਨ, ਨਿਵਾਰੀ ਪਲੰਘ (ਨਿਵਾਰ ਨਾਲ ਉਹ ਫਾਹਾ ਲੈ ਸਕਦਾ ਸੀ) ਤੇ ਘਰੋਂ ਖਾਣਾ ਲਿਆਂਦੇ ਜਾਣ ਦੀ ਸਹੂਲਤ ਸਮਾਪਤ ਕਰ ਦਿੱਤੀ। ਭੁੱਟੋ ਨੇ ਹਸਪਤਾਲੀ ਮੰਜੇ 'ਤੇ ਪੈਣ ਤੋਂ ਇਨਕਾਰ ਕਰ ਦਿੱਤਾ। ਇਸ ਦੀ ਥਾਂ ਉਸ ਨੇ ਫੋਮ ਦੇ ਗੱਦੇ ਨੂੰ ਫ਼ਰਸ਼ 'ਤੇ ਵਿਛਾ ਲਿਆ ਤੇ ਆਖ਼ਰੀ ਦਿਨ ਤੱਕ ਉਸ ਨੇ ਇਸ ਨੂੰ ਹੀ ਮੰਜੇ ਵਾਂਗ ਵਰਤਣਾ ਸੀ। ਤੀਸਰੇ ਪਹਿਰ ਸਰਕਾਰ ਨਰਮ ਪੈ ਗਈ ਤੇ ਉਸ ਨੂੰ ਘਰ ਦਾ ਬਣਿਆ ਖਾਣਾ ਮੰਗਵਾਉਣ ਦੀ ਆਗਿਆ ਦੇ ਦਿੱਤੀ ਗਈ।

24 ਮਾਰਚ 1978 ਨੂੰ ਸੁਪਰੀਮ ਕੋਰਟ ਨੇ ਉਸ ਦੀ ਨਜ਼ਰਸਾਨੀ ਵੀ ਰੱਦ ਕਰ ਦਿੱਤੀ। ਉਮੀਦ ਦੀ ਆਖ਼ਰੀ ਕਿਰਨ ਵੀ ਖ਼ਤਮ ਹੋ ਗਈ ਸੀ। ਭੁੱਟੋ ਦੇ ਵਕੀਲ ਵਜੋਂ ਯਾਹੀਆ ਬਖ਼ਤਿਆਰ ਦੀ ਭੂਮਿਕਾ ਖ਼ਤਮ ਹੋ ਗਈ ਸੀ, ਪ੍ਰੰਤੂ ਉਸ ਨੇ ਅਦਾਲਤ ਨੂੰ ਬੇਨਤੀ ਕੀਤੀ ਕਿ ਭੁੱਟੋ ਨੂੰ ਮਿਲਣ ਦੀ ਉਸ ਨੂੰ ਆਗਿਆ ਦਿੱਤੀ ਜਾਵੇ। ਮੁਦੱਈ ਪੱਖ ਦੇ ਵਕੀਲ ਐਮ.ਏ. ਰਹਿਮਾਨ ਨੇ ਕੋਈ ਇਤਰਾਜ਼ ਨਾ ਕੀਤਾ। ਅਦਾਲਤ ਦੇ ਕਮਰੇ ਬਾਹਰ ਯਾਹੀਆ ਬਖ਼ਤਿਆਰ ਨੇ ਉਡੀਕ ਰਹੇ ਪੱਤਰਕਾਰਾਂ ਨੂੰ ਕਿਹਾ ਕਿ ਦੂਸਰੀ ਨਜ਼ਰਸਾਨੀ ਦੀ ਵਜ੍ਹਾ ਹੈ। ਇਸ ਦੌਰਾਨ ਜੇਲ੍ਹ ਸੁਪਰਡੈਂਟ ਨੇ ਭੁੱਟੋ ਨੂੰ ਮੌਤ ਦੀ ਸਜ਼ਾ ਬਹਾਲ ਰੱਖੇ ਜਾਣ ਦੀ ਸੂਚਨਾ ਦੇਣ ਲਈ ਰਸਮੀ ਯਾਦ-ਪੱਤਰ ਲਿਖਿਆ ਤੇ ਉਸ ਨੂੰ ਇਹ ਵੀ ਦੱਸਿਆ ਕਿ ਉਸ ਕੋਲ ਰਹਿਮ ਦੀ ਅਪੀਲ ਲਈ ਸੱਤ ਦਿਨ ਹਨ। ਜਦੋਂ ਉਹ ਭੁੱਟੋ ਕੋਲ ਕਾਰਬਨ ਕਾਪੀ ਤੇ ਦਸਤਖ਼ਤ ਕਰਾਉਣ ਲਈ ਲੈ ਕੇ ਗਿਆ ਤਾਂ ਉਸ ਨੇ ਦਸਤਖ਼ਤ ਕਰਨ ਤੋਂ ਇਨਕਾਰ ਕਰ ਦਿੱਤਾ ਤੇ ਬੜੇ ਰੁੱਖੇਪਣ ਨਾਲ ਉਸ ਨੂੰ ਉੱਥੋਂ ਭੇਜਦਿਆਂ ਕਿਹਾ, "ਹਾਂ, ਹਾਂ, ਮੈਂ ਸਭ ਜਾਣਦਾ ਹਾਂ।"

ਅਗਲੇ ਦਿਨ ਭਾਵ 25 ਮਾਰਚ 1979 ਨੂੰ ਲਾਹੌਰ ਹਾਈਕੋਰਟ ਨੇ ਪੰਜਾਂ ਸਜ਼ਾ

ਯਾਫ਼ਤਾ ਮੁਲਜ਼ਮਾਂ ਨੂੰ ਸਪੱਸ਼ਟ ਕਰਦਿਆਂ 'ਕਾਲੇ-ਵਾਰੰਟ' ਜਾਰੀ ਕਰ ਦਿੱਤੇ ਕਿ ਉਹਨਾਂ ਨੂੰ 4 ਅਪ੍ਰੈਲ 1979 ਨੂੰ ਫਾਂਸੀ ਲਾਇਆ ਜਾ ਸਕਦਾ ਹੈ। ਸਹੀ ਤਾਰੀਖ਼ ਗੁਪਤ ਰੱਖੀ ਗਈ ਸੀ।

ਭੁੱਟੋ ਨੂੰ ਇੱਛਾ ਅਨੁਸਾਰ ਵੱਧ ਤੋਂ ਵੱਧ ਰਿਸ਼ਤੇਦਾਰਾਂ ਤੇ ਮਿੱਤਰਾਂ ਨੂੰ ਮਿਲਣ ਦੀ ਆਗਿਆ ਦਿੱਤੀ ਗਈ। ਉਸ ਦੀ ਪਹਿਲੀ ਪਤਨੀ ਅਮੀਰ ਬੇਗਮ, ਚਾਚੇ, ਮਾਮੇ ਤੇ ਉਹਨਾਂ ਦੇ ਪੁੱਤਰਾਂ ਸਣੇ ਮੁਮਤਾਜ਼ ਭੁੱਟੋ ਦੇ ਇਕ ਸਾਬਕਾ ਮੰਤਰੀ-ਮੰਡਲ ਦੇ ਸਹਿਯੋਗੀ ਹਾਫ਼ੀਜ਼ ਪੀਰਜ਼ਾਦਾ ਉਸ ਨੂੰ ਮਿਲਣ ਵਾਲਿਆਂ ਵਿੱਚੋਂ ਕੁਝ ਕੁ ਸਨ। ਸਭ ਮੁਲਾਕਾਤੀਆਂ ਦੀ ਤਲਾਸ਼ੀ ਲਈ ਜਾਂਦੀ ਸੀ ਤੇ ਕਿਸੇ ਨੂੰ ਵੀ ਕੈਦ-ਕੋਠੜੀ ਵਿੱਚ ਜਾਣ ਦੀ ਇਜਾਜ਼ਤ ਨਹੀਂ ਸੀ। ਇਕ ਛੇ ਫੁੱਟ ਚੌੜਾ ਮੇਜ਼ ਲੋਹੇ ਦੀਆਂ ਸਲਾਖਾਂ ਦੇ ਅੱਗੇ ਰੱਖਿਆ ਗਿਆ ਸੀ ਤਾਂ ਜੋ ਸਾਇਨਾਈਡ ਜਾਂ ਹੋਰ ਕੋਈ ਜ਼ਹਿਰ ਪਹੁੰਚਾਏ ਜਾਣ ਲਈ ਸਰੀਰਕ ਸੰਪਰਕ ਵਿੱਚ ਰੁਕਾਵਟ ਪੈ ਸਕੇ।

ਇਕ ਰਾਤ ਭੁੱਟੋ ਨੇ ਜੇਲ੍ਹ ਦੇ ਡਿਪਟੀ ਸੁਪਰਡੈਂਟ ਨੂੰ ਬੁਲਾਇਆ ਤੇ ਉਸ ਨੂੰ ਕਿਹਾ ਕਿ ਉਹ ਹਾਫ਼ੀਜ਼ ਪੀਰਜ਼ਾਦਾ ਨੂੰ ਬੁਲਾ ਭੇਜੇ। ਭੁੱਟੋ ਨੇ ਪੀਰਜ਼ਾਦਾ ਨੂੰ ਰਹਿਮ ਦੀ ਅਪੀਲ ਲਈ ਕੋਈ ਸਪੱਸ਼ਟ ਬੇਨਤੀ ਤਾਂ ਨਾ ਕੀਤੀ ਪਰ ਉਸ ਨੇ ਕਿਹਾ, "ਮਰਨਾ ਬਹੁਤ ਮੁਸ਼ਕਲ ਹੋਤਾ ਹੈ" ਤੇ ਇਹ ਵੀ ਹਕੀਕਤ ਹੈ ਕਿ ਪੀਰਜ਼ਾਦਾ ਨੇ 1 ਅਪ੍ਰੈਲ 1979 ਨੂੰ ਭੁੱਟੋ ਨਾਲ ਆਖ਼ਰੀ ਮੁਲਾਕਾਤ ਪਿੱਛੋਂ ਰਹਿਮ ਦੀ ਅਪੀਲ ਕਰ ਦਿੱਤੀ। ਉਸ ਤੋਂ ਪਤਾ ਲੱਗਦਾ ਹੈ ਕਿ ਉਹ ਬਿਨਾਂ ਆਪਣੇ ਦ੍ਰਿੜ੍ਹ ਇਰਾਦੇ ਤੋਂ ਪਿੱਛੇ ਹਟਿਆਂ ਕਿ ਉਹ ਆਪਣੀ ਜਾਨ ਬਖ਼ਸ਼ੀ ਦੀ ਮੰਗ ਨਹੀਂ ਕਰੇਗਾ, ਫਿਰ ਵੀ ਉਸ ਨੂੰ ਇਹ ਆਸ ਸੀ ਕਿ ਕੋਈ ਜਨਰਲ ਜ਼ਿਆ ਨੂੰ ਆਪਣਾ ਹੁਕਮ ਵਾਪਸ ਲੈਣ ਲਈ ਰੋਕ ਲਵੇਗਾ। ਜੇਲ੍ਹ 'ਚੋਂ ਜਾਣ ਲੱਗੇ ਪੀਰਜ਼ਾਦਾ ਨੂੰ ਪੱਤਰਕਾਰਾਂ ਨੇ ਪੁੱਛਿਆ ਕਿ ਕੀ ਭੁੱਟੋ ਨੇ ਰਹਿਮ ਲਈ ਬੇਨਤੀ ਕੀਤੀ ਹੈ? "ਨਹੀਂ, ਉਸ ਨੇ ਤਾਂ ਅਜਿਹਾ ਨਹੀਂ ਕੀਤਾ, ਪਰ ਮੈਂ ਜ਼ਰੂਰ ਬੇਨਤੀ ਕਰਾਂਗਾ।"

ਪੀਰਜ਼ਾਦਾ ਨੇ ਸਦਰ ਜ਼ਿਆ ਨੂੰ ਭੁੱਟੋ ਦੀ ਜਾਨ ਬਖ਼ਸ਼ੀ ਦੀ ਅਪੀਲ ਕੀਤੀ। ਉਸ ਦੀ ਅਪੀਲ ਹਰ ਅਖ਼ਬਾਰ ਵਿੱਚ ਛਾਪੀ ਗਈ, ਪਰ ਸਦਰ ਦੇ ਦਫ਼ਤਰ ਵੱਲੋਂ ਕੋਈ ਟਿੱਪਣੀ ਨ ਕੀਤੀ ਗਈ।

4 ਅਪ੍ਰੈਲ ਨੂੰ ਭੁੱਟੋ ਨੂੰ ਫਾਂਸੀ ਲਾਏ ਜਾਣ ਦਾ ਫ਼ੈਸਲਾ ਦੋ ਦਿਨ ਪਹਿਲਾਂ ਭਾਵ 2 ਅਪ੍ਰੈਲ ਨੂੰ ਲਿਆ ਗਿਆ। ਨਿਯਮਾਂ ਅਨੁਸਾਰ 5.30 ਵਜੇ ਸਵੇਰੇ ਫਾਂਸੀ ਲਾਇਆ ਜਾਣਾ ਹੁੰਦਾ ਹੈ (ਸਿਆਲ ਵਿੱਚ 6 ਵਜੇ ਸਵੇਰੇ) ਪਰ ਮੁਜ਼ਾਹਰਿਆਂ ਤੋਂ ਬਚਣ ਲਈ ਤੇ ਪਰਿਵਾਰ ਨੂੰ ਲਾਸ਼ ਜਹਾਜ਼ ਰਾਹੀਂ ਲਾੜਕਾਣਾ ਲਿਜਾ ਕੇ ਉਸ ਦੇ ਪਿੰਡ ਨੌਡੇਰੋ ਦੇ ਪਰਿਵਾਰਕ ਕਬਰਸਤਾਨ ਵਿੱਚ ਦਫ਼ਨਾਉਣ ਲਈ ਸਮਾਂ ਦੇਣ ਵਾਸਤੇ ਫਾਂਸੀ 2 ਵਜੇ ਰਾਤ ਨੂੰ ਲਾਈ ਜਾਣੀ ਨਿਸ਼ਚਿਤ ਕੀਤੀ ਗਈ। ਇਸ ਦੌਰਾਨ ਜੱਲਾਦ ਤਾਰਾ ਮਸੀਹ ਨੂੰ ਬਹਾਵਲਪੁਰ ਤੋਂ ਲਾਹੌਰ ਲਿਆਂਦਾ ਗਿਆ। ਇਹ ਵੀ ਅਨੁਮਾਨ ਲਾਇਆ ਗਿਆ ਸੀ ਕਿ ਦੰਡਤ ਵਿਅਕਤੀ ਨੂੰ ਫਾਹੇ ਲਾਉਣ ਲਈ ਸ਼ਾਇਦ ਕੋਟ ਲਖਪਤ ਜੇਲ੍ਹ ਲਿਜਾਇਆ ਜਾਵੇ।

3 ਅਪ੍ਰੈਲ ਨੂੰ ਨੁਸਰਤ ਤੇ ਬੇਨਜ਼ੀਰ ਭੁੱਟੋ ਨੂੰ ਸਿਹਾਲਾ ਤੋਂ ਰਾਵਲਪਿੰਡੀ ਜੇਲ੍ਹ ਵਿੱਚ ਸਵੇਰੇ 11 ਵਜੇ ਲਿਆਂਦਾ ਗਿਆ। ਉਹਨਾਂ ਨੇ ਇਹ ਦੱਸੇ ਜਾਣ ਦੀ ਮੰਗ ਕੀਤੀ ਕਿ ਕੀ ਇਹ ਉਹਨਾਂ ਦੀ ਆਖ਼ਰੀ ਮੁਲਾਕਾਤ ਹੈ। ਉਹਨਾਂ ਨੂੰ ਟਾਲਮਟੋਲ ਵਾਲਾ ਉੱਤਰ ਮਿਲਿਆ, "ਆਪ ਖ਼ੁਦ ਹੀ ਸਮਝ ਲੋਂ।" ਜਦੋਂ ਪਤਨੀ ਤੇ ਬੇਟੀ ਨੇ ਭੁੱਟੋ ਨੂੰ ਇਹ ਦੱਸਿਆ ਤਾਂ ਉਸ ਨੇ ਜੇਲ੍ਹ ਸੁਪਰਡੈਂਟ ਨੂੰ ਬੁਲਾ ਭੇਜਿਆ। ਉਸ ਨੇ ਇਹ ਪੁਸ਼ਟੀ ਕਰ ਦਿੱਤੀ ਕਿ ਜਿੱਥੋਂ ਤੱਕ ਮੁਲਾਕਾਤਾਂ ਦਾ ਸੰਬੰਧ ਹੈ, ਇਹ ਉਹਨਾਂ ਦੀ ਆਖ਼ਰੀ ਮੁਲਾਕਾਤ ਹੈ, ਪ੍ਰੰਤੂ ਫਾਹੇ ਲਾਹੇ ਜਾਣ ਦੇ ਸਹੀ ਸਮੇਂ ਦੀ ਫਿਰ ਵੀ ਜਾਣਕਾਰੀ ਨਾ ਦਿੱਤੀ ਗਈ।

ਨੁਸਰਤ ਤੇ ਬੇਨਜ਼ੀਰ ਨੇ ਮੇਜ਼ ਦੇ ਕੋਲ ਭੁੱਟੋ ਨਾਲ ਤਿੰਨ ਘੰਟੇ ਗੱਲਬਾਤ ਕੀਤੀ। ਭੁੱਟੋ ਨੇ ਬਿਨਾਂ ਸਾਵਧਾਨੀ ਵਰਤਦਿਆਂ ਉਹਨਾਂ ਨੂੰ ਕਾਗ਼ਜ਼ਾਂ ਬਾਰੇ ਹਦਾਇਤਾਂ ਦਿੱਤੀਆਂ ਜੋ ਉਸ ਨੇ ਆਪਣੇ ਲਾੜਕਾਣਾ ਵਾਲੇ ਘਰ ਦੀਆਂ ਦੀਵਾਰਾਂ ਵਿੱਚ ਛੁਪਾ ਕੇ ਰੱਖੇ ਸਨ। ਚਾਰ ਘੰਟਿਆਂ ਦੇ ਅੰਦਰ ਘਰ ਦੀ ਤਲਾਸ਼ੀ ਲਈ ਗਈ ਤੇ ਉਹ ਕਾਗ਼ਜ਼ ਬਰਾਮਦ ਕਰ ਲਏ ਗਏ।

ਭੁੱਟੋ, ਉਸ ਦੀ ਪਤਨੀ ਤੇ ਬੇਟੀ ਵਿਚਕਾਰ ਇਸ ਆਖ਼ਰੀ ਮੁਲਾਕਾਤ ਦੇ ਦਿਲ-ਚੀਰਵੇਂ ਵੇਰਵੇ ਹਨ। ਬੇਨਜ਼ੀਰ ਦੀ ਇਹ ਇੱਛਾ ਕਿ ਉਸ ਨੂੰ ਆਪਣੇ ਪਿਤਾ ਨਾਲ ਗਲਵੱਕੜੀ ਪਾਉਣ ਜਾਂ ਘੱਟ-ਘੱਟ ਜਾਣ ਤੋਂ ਪਹਿਲਾਂ ਉਸ ਦੇ ਚਰਨਾਂ ਦੀ ਛੂਹ ਲੈਣ ਦੀ ਆਗਿਆ ਦਿੱਤੀ ਜਾਵੇ, ਰੱਦ ਕਰ ਦਿੱਤੀ ਗਈ। ਇਕ ਚਾਂਦੀ ਦੀ ਤਸ਼ਤਰੀ ਜਿਸ ਵਿੱਚ ਭੁੱਟੋ ਨੂੰ ਚਾਹ ਰੱਖ ਕੇ ਦਿੱਤੀ ਜਾਂਦੀ ਸੀ, ਇਹਨਾਂ ਸ਼ਬਦਾਂ ਨਾਲ ਬੇਟੀ ਨੂੰ ਦੇ ਦਿੱਤੀ ਗਈ ਕਿ "ਸਾਹਿਬ ਕੋ ਇਸ ਕੀ ਜ਼ਰੂਰਤ ਨਹੀਂ ਪੜੇਗੀ।' ਸਪੱਸ਼ਟ ਸੀ ਕਿ ਮੌਤ ਦੀ ਘੜੀ ਨਜ਼ਦੀਕ ਸੀ। ਨੁਸਰਤ ਤੇ ਬੇਨਜ਼ੀਰ 2.30 ਵਜੇ ਸ਼ਾਮ ਨੂੰ ਚਲੀਆਂ ਗਈਆਂ। ਉਹਨਾਂ ਨੇ ਸਦਰ ਜ਼ਿਆ ਉਲ-ਹੱਕ ਨੂੰ ਮਿਲਣ ਦੀ ਆਗਿਆ ਮੰਗੀ। ਸੁਪਰਡੈਂਟ ਨੇ ਰਾਸ਼ਟਰਪਤੀ ਭਵਨ ਵਿੱਚ ਫ਼ੋਨ ਕੀਤਾ, ਪਰ ਉਸ ਨੂੰ ਇਹ ਦੱਸਣ ਲਈ ਕਿਹਾ ਗਿਆ ਕਿ ਜੋ ਉਹਨਾਂ ਨੇ ਕਹਿਣਾ ਹੈ, ਲਿਖ ਕੇ ਕਹਿਣ।

4 ਵਜੇ ਸ਼ਾਮ ਨੂੰ ਮੈਜਿਸਟ੍ਰੇਟ ਲਿਖਣ ਸਮੱਗਰੀ ਲੈ ਕੇ ਭੁੱਟੋ ਕੋਲ ਆਇਆ ਕਿ ਉਹ ਆਪਣੀ ਆਖ਼ਰੀ ਵਸੀਅਤ ਲਿਖ ਦੇਣ ਜਿਸ ਦੀ ਉਹ ਤਸਦੀਕ ਕਰ ਦੇਵੇਗਾ। ਭੁੱਟੋ ਨੇ ਆਪਣਾ ਆਖ਼ਰੀ ਪੈਗ਼ਾਮ ਲਿਖਦਿਆਂ ਇਕ ਘੰਟਾ ਜਾਂ ਕੁਝ ਵੱਧ ਸਮਾਂ ਲਾਇਆ। ਕੋਈ ਕਦੇ ਨਹੀਂ ਜਾਣ ਸਕੇਗਾ ਕਿ ਉਸ ਨੇ ਕੀ ਲਿਖਿਆ ਕਿਉਂਕਿ ਉਸ ਨੇ ਜੋ ਕੁਝ ਲਿਖਿਆ ਸੀ ਉਸ ਨੇ ਆਪਣੀ ਸਿਗਰੇਟ ਨਾਲ ਸਾੜ ਕੇ ਸੁਆਹ ਕਰ ਦਿੱਤਾ।

ਛੇ ਵਜੇ ਸ਼ਾਮ ਨੂੰ ਉਸ ਨੇ ਗਰਮ ਪਾਣੀ ਤੇ ਹਜਾਮਤ ਵਾਲੇ ਸਾਜ਼-ਸਾਮਾਨ ਦੀ ਮੰਗ ਇਹ ਕਹਿੰਦਿਆਂ ਕੀਤੀ ਕਿ "ਮੈਂ ਮੁੱਲਾਂ ਦੀ ਦਿੱਖ ਨਾਲ ਮਰਨਾ ਨਹੀਂ ਚਾਹੁੰਦਾ।" ਜਦੋਂ ਉਸ ਨੇ ਆਪਣੀ ਠੋਡੀ ਦੀ ਦਾੜ੍ਹੀ ਦੀ ਹਜਾਮਤ ਬਣਾ ਕੇ ਸ਼ੀਸ਼ੇ ਵਿੱਚ ਵੇਖਿਆ ਤਾਂ ਉਸ ਨੇ ਆਪਣਾ ਮਜ਼ਾਕ ਉਡਾਉਂਦਿਆਂ ਟਿੱਪਣੀ ਕੀਤੀ ਕਿ ਹੁਣ ਮੈਂ "ਤੀਸਰੀ ਦੁਨੀਆਂ ਦਾ ਨੇਤਾ ਲੱਗਦਾ ਹਾਂ।"

ਇਕ ਮੌਲਵੀ ਤਸਬੀਹ ਤੇ ਮੁਸੱਲਾ ਲੈ ਕੇ ਭੁੱਟੋ ਦੀ ਆਖ਼ਰੀ ਨਮਾਜ਼ ਵਿੱਚ

ਸਹਾਇਤਾ ਲਈ ਆਇਆ। ਭੁੱਟੋ ਨੇ ਤਸਬੀਹ ਆਪਣੇ ਗਲ ਵਿੱਚ ਪਾ ਲਈ ਤੇ ਮੌਲਵੀ ਨੂੰ ਮੁਸੱਲਾ ਪਰ੍ਹੇ ਕਰਨ ਲਈ ਕਿਹਾ ਜਿਵੇਂ ਕਿ ਉਸ ਨੂੰ ਆਪਣੇ ਖ਼ੁਦਾਵੰਦ ਨੂੰ ਮਿਲਣ ਲਈ ਕਿਸੇ ਦੀ ਸਹਾਇਤਾ ਦੀ ਜ਼ਰੂਰਤ ਨਹੀਂ ਸੀ।

ਫਿਰ ਉਸ ਦੇ ਦਮਗੱਜੇ ਖ਼ਤਮ ਹੋ ਗਏ। ਉਹ ਮੁਸੱਲੇ ਉੱਪਰ ਲੇਟ ਗਿਆ ਜਿਵੇਂ ਉਹ ਬੇਹੋਸ਼ ਹੋ ਗਿਆ ਹੋਵੇ, ਜੇਲ੍ਹ ਦੇ ਦੂਸਰੇ ਸਾਥੀਆਂ ਨੂੰ ਜਗਾਇਆ ਗਿਆ ਤੇ ਉਹਨਾਂ ਨੂੰ ਕੁਰਾਨ ਦੀਆਂ ਆਇਤਾਂ ਪੜ੍ਹਨ ਦਾ ਹੁਕਮ ਦਿੱਤਾ ਗਿਆ। ਸਿਰਫ਼ ਭੁੱਟੋ ਹੀ ਇਸ ਸਭ ਕੁਝ ਤੋਂ ਬੇਪਰਵਾਹ ਰਿਹਾ। ਡੇਢ ਵਜੇ ਸਵੇਰੇ ਜੇਲ੍ਹ ਅਧਿਕਾਰੀ ਇਕ ਮੈਜਿਸਟ੍ਰੇਟ ਤੇ ਡਾਕਟਰ ਨੂੰ ਨਾਲ ਲੈ ਕੇ, ਭੁੱਟੋ ਨੂੰ ਉਸ ਦੇ ਆਖ਼ਰੀ ਸਫ਼ਰ 'ਤੇ ਫਾਂਸੀ ਦੇ ਤਖ਼ਤੇ ਤੱਕ ਲਿਜਾਣ ਲਈ ਪਹੁੰਚੇ। ਸੁਪਰਡੈਂਟ ਨੇ ਉਸ ਨੂੰ ਹਿਲਾਉਂਦਿਆਂ ਕਿਹਾ, "ਭੁੱਟੋ ਸਾਹਿਬ, ਜਾਨੇ ਕਾ ਵਕਤ ਆ ਗਿਆ ਹੈ।"

ਇਸ ਮਗਰੋਂ ਜੋ ਕੁਝ ਹੋਇਆ, ਉਸ ਦੇ ਵੱਖ-ਵੱਖ ਵੇਰਵੇ ਹਨ। ਇਕ ਵੇਰਵੇ ਅਨੁਸਾਰ ਭੁੱਟੋ ਜਾਗ ਪਿਆ ਤੇ ਜਿਉਂ ਹੀ ਉਸ ਨੇ ਹੱਥਕੜੀਆਂ ਲਈ ਆਉਂਦੇ ਆਦਮੀ ਵੇਖੇ, ਉਹ ਡਰ ਗਿਆ। ਉਸ ਨੇ ਸਮਾਂ ਗੁਆਉਣ ਲਈ ਕਈ ਚਾਲਾਂ ਚਲੀਆਂ, ਉਹ ਕਦੇ ਨਹਾਉਣਾ ਚਾਹੁੰਦਾ ਸੀ, ਕਦੇ ਵਸੀਅਤ ਲਿਖਣ ਦੀ ਗੱਲ ਕਰਦਾ, ਤੇ ਕਦੇ ਉਸ ਨੇ ਚਾਹ ਦਾ ਕੱਪ ਪੀਣ ਦੀ ਇੱਛਾ ਕੀਤੀ। ਉਹਦੀਆਂ ਸਭ ਇੱਛਾਵਾਂ ਦ੍ਰਿੜ੍ਹਤਾ ਪਰ ਨਰਮ ਲਹਿਜੇ ਨਾਲ ਰੱਦ ਕਰ ਦਿੱਤੀਆਂ ਗਈਆਂ। ਇਕ ਹੋਰ ਵੇਰਵੇ ਅਨੁਸਾਰ ਉਹ ਨੀਂਦਰ 'ਚੋਂ ਉੱਠ ਨਹੀਂ ਰਿਹਾ ਸੀ। ਜੇਲ੍ਹ ਨਿਗਰਾਨ ਡਰ ਗਿਆ ਕਿ ਸ਼ਾਇਦ ਉਹ ਆਤਮ-ਘਾਤ ਕਰ ਗਿਆ ਹੋਵੇ। ਤੇ ਉਸ ਨੇ ਡਾਕਟਰ ਨੂੰ ਬੁਲਾ ਭੇਜਿਆ। ਡਾਕਟਰ ਨੇ ਉਸ ਦੀ ਨਬਜ਼ ਵੇਖੀ, ਉਸ ਨੇ ਦਿਲ ਦੀ ਗਤੀ ਸੁਣਨ ਲਈ ਟੂਟੀ (ਸਟੈਥੀਸਕੋਪ) ਲਾ ਕੇ ਵੇਖੀ ਤੇ ਇਹ ਪੱਕੀ ਤਰ੍ਹਾਂ ਜਾਣਨ ਲਈ ਕਿ ਉਹ ਜਿਊਂਦਾ ਹੈ, ਉਸ ਨੇ ਉਸ ਦੀਆਂ ਅੱਖਾਂ ਦੇ ਪਪੋਟੇ ਖੋਲ੍ਹ ਕੇ ਵੇਖੇ। ਦੋਹਾਂ ਹਾਲਤਾਂ ਵਿੱਚ ਉਹ ਉੱਠਣ ਦੇ ਸਮਰੱਥ ਨਹੀਂ ਸੀ ਜਾਂ ਉੱਠਣ ਨੂੰ ਤਿਆਰ ਨਹੀਂ ਸੀ ਤੇ ਉਸ ਨੂੰ ਸਟਰੈਚਰ 'ਤੇ ਪਾ ਕੇ ਲਿਜਾਣਾ ਪਿਆ। ਕਿਉਂਕਿ ਉਹ ਪਿੱਠ ਦੇ ਬਲ ਪਿਆ ਹੋਇਆ ਸੀ ਇਸ ਲਈ ਉਸ ਨੂੰ ਪਿੱਛੇ ਦੀ ਥਾਂ ਅਗਲੇ ਪਾਸੇ ਤੋਂ ਹੱਥਕੜੀਆਂ ਲਾਈਆਂ ਗਈਆਂ ਸਨ ਜਿਵੇਂ ਕਿ ਦੰਡਿਤ ਵਿਅਕਤੀਆਂ ਲਈ ਆਖ਼ਰੀ ਸਫ਼ਰ ਦੇ ਮੌਕੇ ਨਿਯਮ ਅਨੁਸਾਰ ਆਗਿਆ ਹੁੰਦੀ ਹੈ।

ਫ਼ਲਸਤੀਨੀ ਸੁਤੰਤਰਤਾ ਜਥੇਬੰਦੀ ਤੇ ਕੁਝ ਵਿਦੇਸ਼ੀ ਸਰਕਾਰਾਂ ਵੱਲੋਂ ਭੁੱਟੋ ਨੂੰ ਆਖ਼ਰੀ ਸਮੇਂ ਬਚਾਉਣ ਲਈ ਜੇਲ੍ਹ 'ਤੇ ਧਾਵਾ ਬੋਲਣ ਦੀਆਂ ਅਫ਼ਵਾਹਾਂ ਦਾ ਟਾਕਰਾ ਕਰਨ ਲਈ ਬੜੀ ਵੱਡੀ ਪੱਧਰ 'ਤੇ ਸਾਵਧਾਨੀ ਵਰਤੀ ਗਈ ਸੀ। ਇਹਨਾਂ ਪੇਸ਼ਬੰਦੀਆਂ ਵਿੱਚ ਪੈਰਾਸ਼ੂਟਾਂ ਰਾਹੀਂ ਆਉਣ ਵਾਲਿਆਂ ਤੇ ਵਿਰੋਧੀ ਮੁਲਕ ਦੇ ਹੈਲੀਕਾਪਟਰਾਂ 'ਤੇ ਨਜ਼ਰ ਰੱਖੀ ਗਈ। ਇਸ ਦੇ ਸਿੱਟੇ ਵਜੋਂ ਭਾਰੀ ਰੱਖਿਆ ਅਮਲਾ ਉਸ ਸਮੇਂ ਜੇਲ੍ਹ ਵਿੱਚ ਹਾਜ਼ਰ ਸੀ। ਇਕ ਅੰਦਾਜ਼ੇ ਅਨੁਸਾਰ 250 ਤੋਂ ਉੱਪਰ ਵਿਅਕਤੀਆਂ ਨੇ ਭੁੱਟੋ ਨੂੰ ਆਪਣੀਆਂ ਅੱਖਾਂ ਨਾਲ ਫਾਂਸੀ ਲੱਗਦਿਆਂ ਵੇਖਿਆ।

ਕੈਦ-ਕੋਠੜੀ ਤੋਂ ਫਾਂਸੀ ਦਾ ਤਖ਼ਤਾ ਕਾਫ਼ੀ ਦੂਰੀ 'ਤੇ ਹੈ। ਭੁੱਟੋ ਨੂੰ ਸਟਰੈਚਰ 'ਤੇ ਪਾ

ਕੇ ਲਿਜਾਣ ਵਾਲੀ ਟੋਲੀ 1.45 ਸਵੇਰੇ ਫਾਂਸੀ ਦੇ ਫੱਟੇ ਦੇ ਕੋਲ ਪਹੁੰਚੀ। ਜਿਉਂ ਹੀ ਸਟਰੈਚਰ ਰੱਖਿਆ ਗਿਆ ਤੇ ਜੇਲ੍ਹ ਨਿਗਰਾਨ ਭੁੱਟੋ ਕੋਲ ਪਹੁੰਚਿਆ ਤਾਂ ਉਹ ਉੱਠ ਬੈਠਿਆ। ਉਸ ਨੇ ਕੁਝ ਸ਼ਬਦ ਮੂੰਹ ਵਿੱਚ ਬੁੜਬੜਾਏ, ਜਿਹਨਾਂ ਦਾ ਭਾਵ ਇਹ ਸੀ ਕਿ ਨੁਸਰਤ ਹੁਣ ਇਕੱਲੀ ਰਹਿ ਜਾਏਗੀ। ਜਦੋਂ ਉਸ ਦੀ ਹੱਥਕੜੀ ਖੋਲ੍ਹੀ ਗਈ ਤੇ ਉਸ ਦੇ ਹੱਥ ਪਿੱਛੇ ਬੰਨ੍ਹੇ ਗਏ ਤਾਂ ਉਸ ਨੇ ਆਗਾਹ ਕਰਦਿਆਂ ਇਤਰਾਜ਼ ਕੀਤਾ ਕਿ ਗੰਢ ਬਹੁਤੀ ਕੱਸੀ ਹੋਈ ਹੈ ਤੇ ਘੁੱਟਦੀ ਹੈ। ਫਿਰ ਉਹ ਬਿਨਾਂ ਕਿਸੇ ਦੀ ਸਹਾਇਤਾ ਦੇ ਸੂਲੀ ਦੀਆਂ ਪੌੜੀਆਂ ਤੱਕ ਪਹੁੰਚ ਗਿਆ। ਤਾਰਾ ਮਸੀਹ ਵੱਲੋਂ ਉਸ ਦੇ ਮੂੰਹ 'ਤੇ ਕਾਲੀ ਟੋਪੀ ਪਾਉਣ ਤੋਂ ਪਹਿਲਾਂ ਭੁੱਟੋ ਦੇ ਬੁਲ੍ਹ ਹਿੱਲੇ। ਇਕ ਵੇਰਵੇ ਅਨੁਸਾਰ ਉਸ ਨੇ ਇਹ ਸ਼ਬਦ ਬੁੜਬੁੜਾਏ, "ਖ਼ਤਮ ਕਰੋ। ਸਿਆਪਾ ਮੁਕਾਓ।" ਇਕ ਹੋਰ ਵੇਰਵੇ ਅਨੁਸਾਰ ਉਸ ਦੇ ਬੁਲ੍ਹ ਤਾਂ ਹਿੱਲੇ ਪਰ ਕੋਈ ਆਵਾਜ਼ ਨਾ ਆਈ।

ਜਦੋਂ ਐਨ ਦੋ ਵਜੇ ਫੰਧਾ ਖਿੱਚਿਆ ਗਿਆ ਤਾਂ ਤੜਕ-ਭੜਕ ਵਾਲਾ ਤੇ ਫੁਰਤੀਲਾ ਭੁੱਟੋ ਜੋ ਕਦੇ ਪਾਕਿਸਤਾਨ ਦਾ ਸਦਰ ਤੇ ਪ੍ਰਧਾਨ ਮੰਤਰੀ ਰਿਹਾ ਸੀ, ਤੇ ਕਾਇਦ ਆਜ਼ਮ ਜਿਨਾਹ ਤੋਂ ਪਿੱਛੋਂ ਮੁਲਕ ਦਾ ਸਭ ਤੋਂ ਪ੍ਰਸਿੱਧ ਤੇ ਲੋਕ-ਪ੍ਰਿਯ ਨੇਤਾ ਸੀ, ਮੌਤ ਦੇ ਮੂੰਹ ਵਿੱਚ ਚਲਾ ਗਿਆ।

ਮੌਤ ਸਮੇਂ ਭੁੱਟੋ ਨੇ ਸਲਵਾਰ-ਕਮੀਜ਼ ਪਹਿਨੀ ਹੋਈ ਸੀ ਜਿਸ ਨੂੰ ਉਸ ਨੇ ਅਵਾਮੀ ਪੁਸ਼ਾਕ ਦੀ ਪੱਧਰ ਤੱਕ ਪੁਚਾ ਦਿੱਤਾ ਹੋਇਆ ਸੀ। ਉਸ ਨੇ ਆਪਣੀ ਕਲਾਈ 'ਤੇ ਸੁਨਹਿਰੀ ਜੇਨਿਥ ਘੜੀ ਬੰਨ੍ਹੀ ਹੋਈ ਸੀ ਤੇ ਉਸ ਦੀ ਉਂਗਲੀ 'ਤੇ ਤਿੰਨ ਹੀਰਿਆਂ ਵਾਲੀ ਅੰਗੂਠੀ ਪਈ ਹੋਈ ਸੀ। ਹਯਾਤ ਮੁਹੰਮਦ, ਜੋ ਪਿੰਡੀ ਦੀ ਮਸਜਿਦ ਵਿੱਚ ਸਾਧਾਰਣ ਜਿਹਾ ਕਾਰਿੰਦਾ ਸੀ, ਨੇ ਭੁੱਟੋ ਦੀ ਲੋਥ ਨੂੰ ਨੁਹਾਉਣ ਪਿੱਛੋਂ ਕਫ਼ਨ ਵਿੱਚ ਲਪੇਟਿਆ ਤਾਂ ਉਸ ਵੇਲੇ ਕਿਸੇ ਦੇ ਧਿਆਨ ਵਿੱਚ ਆਇਆ ਕਿ ਹੀਰਿਆਂ ਜੜੀ ਮੁੰਦਰੀ ਗ਼ਾਇਬ ਹੈ। ਜੇਲ੍ਹ ਨਿਗਰਾਨ ਨੇ ਤਾਰਾ ਮਸੀਹ ਤੇ ਹਯਾਤ ਮੁਹੰਮਦ ਨੂੰ ਤੁਰਤ ਹੀ ਗ੍ਰਿਫ਼ਤਾਰ ਕਰ ਲਿਆ ਤੇ ਉਹਨਾਂ ਦੀ ਤਲਾਸ਼ੀ ਦਾ ਹੁਕਮ ਦੇ ਦਿੱਤਾ। ਮੁੰਦਰੀ ਤਾਰਾ ਮਸੀਹ ਜੱਲਾਦ ਦੀ ਜੇਬ ਵਿੱਚੋਂ ਮਿਲ ਗਈ। ਅਗਲੀ ਸਵੇਰ ਮੁੰਦਰੀ ਤੇ ਘੜੀ ਬੇਨਜ਼ੀਰ ਭੁੱਟੋ ਨੂੰ ਸੌਂਪ ਦਿੱਤੀਆਂ ਗਈਆਂ।

ਭੁੱਟੋ ਦੀ ਲਾਸ਼ ਨੂੰ ਜਹਾਜ਼ ਰਾਹੀਂ ਲਾੜਕਾਣਾ ਲਿਜਾਇਆ ਗਿਆ ਤੇ ਉੱਥੋਂ 'ਨੌਡੇਰੋ'। ਭੁੱਟੋ ਦੀ ਪਹਿਲੀ ਬੇਗਮ 15 ਸਾਲ ਵੱਡੀ ਅਮੀਰ ਬੇਗਮ, ਉਸ ਦੇ ਚਾਚੇ, ਮਾਮੇ, ਚਾਚੀਆਂ, ਮਾਮੀਆਂ ਤੇ ਹੋਰ ਸੰਬੰਧੀਆਂ ਨੂੰ ਮ੍ਰਿਤਕ ਦਾ ਚਿਹਰਾ ਵੇਖਣ ਦੀ ਇਜਾਜ਼ਤ ਦਿੱਤੀ ਗਈ। ਧੌਣ ਤੇ ਗਹਿਰੇ ਘਾਓ ਤੋਂ ਬਿਨਾਂ ਚਿਹਰਾ ਇਸ ਤਰ੍ਹਾਂ ਸ਼ਾਂਤ ਤੇ ਅਡੋਲ ਸੀ ਜਿਵੇਂ ਡੂੰਘੀ ਨੀਂਦ ਵਿੱਚ ਹੋਵੇ। ਹੋਰ ਕਿਧਰੇ ਕੋਈ ਜ਼ਖ਼ਮ ਦੇ ਨਿਸ਼ਾਨ ਨਹੀਂ ਸਨ। (ਇਸ ਕਹਾਣੀ ਵਿੱਚ ਕੋਈ ਸੱਚਾਈ ਨਹੀਂ ਹੈ ਕਿ ਫਾਹੇ ਲਾਏ ਗਏ ਆਦਮੀਆਂ ਦੀਆਂ ਧੌਣਾਂ ਲੰਮੀਆਂ ਹੋ ਜਾਂਦੀਆਂ ਹਨ ਤੇ ਅੱਖਾਂ ਅਤੇ ਜੀਭਾਂ ਬਾਹਰ ਆ ਜਾਂਦੀਆਂ ਹਨ।)

ਭੁੱਟੋ ਦੀ ਫਾਂਸੀ ਉਸਦੇ ਕਾਲੇ ਕਾਰਨਾਮਿਆਂ ਦੀਆਂ ਯਾਦਾਂ ਮਿਟਾ ਦੇਵੇਗੀ ਤੇ ਮੁਲਕ ਲਈ ਕੀਤੇ ਕੁਝ ਕੰਮਾਂ ਨੂੰ ਪ੍ਰਕਾਸ਼ ਵਿੱਚ ਲਿਆਵੇਗੀ। ਉਹ ਪਹਿਲਾਂ ਹੀ ਸ਼ਹੀਦ

ਕਹਿ ਕੇ ਵਡਿਆਇਆ ਜਾ ਰਿਹਾ ਹੈ। ਇਹ ਖ਼ਬਰਾਂ ਵੀ ਹਨ ਕਿ ਲੋਕ ਉਸ ਦੀ ਕਬਰ 'ਤੇ ਉਹਦੀ ਆਤਮਾ ਦੀ ਸ਼ਾਂਤੀ ਲਈ "ਫ਼ਾਤਿਹ" ਪੜ੍ਹਨ ਜਾਂਦੇ ਹਨ। ਬਹੁਤ ਸਾਰੇ ਲੋਕ ਉਸ ਦੀ ਕਬਰ ਨੂੰ ਚੁੰਮਦੇ ਹਨ, ਕਬਰ ਦੀ ਮਿੱਟੀ ਉਠਾ ਕੇ ਆਪਣੇ ਮੱਥੇ 'ਤੇ ਮਲਦੇ ਹਨ। ਖ਼ੈਬਰ ਤੋਂ ਲੈ ਕੇ ਕਰਾਚੀ ਤੱਕ ਫੈਲੇ ਹਰ ਪਿੰਡੋਰੀ, ਪਿੰਡ, ਨਗਰ ਤੇ ਸ਼ਹਿਰ ਵਿੱਚ ਲੋਕ ਸਮੂਹ ਗੈਬਾਨਾ ਨਮਾਜ਼-ਇ-ਜਨਾਜ਼ਾ (ਲੋਥ ਤੋਂ ਬਿਨਾਂ ਜਨਾਜ਼ੇ ਦੀ ਨਮਾਜ਼) ਪੜ੍ਹਦੇ ਹਨ। ਭੁੱਟੋ ਦਾ ਭੂਤ ਪਹਿਲਾਂ ਹੀ ਕਬਰ 'ਚੋਂ ਨਮੂਦਾਰ ਹੋ ਉੱਠਿਆ ਹੈ ਤੇ ਛੇਤੀ ਹੀ ਰਾਜ ਕਰ ਰਹੇ ਜਰਨੈਲ ਦੇ ਭਰਮਾਊ ਸੁਪਨੇ ਡਰਾਉਣੇ ਸੁਪਨਿਆਂ ਵਿੱਚ ਬਦਲ ਜਾਣਗੇ।

ਭੁੱਟੋ ਦੀ ਸ਼ਹਾਦਤ ਦੇ ਲਾਭ-ਪਾਤਰ, ਜਿਵੇਂ ਭਵਿੱਖ ਵਿੱਚ ਦੱਸਿਆ ਜਾਇਆ ਕਰੇਗਾ, ਪਾਕਿਸਤਾਨ ਪੀਪਲਜ਼ ਪਾਰਟੀ ਦੇ ਚੋਟੀ ਦੇ ਨੇਤਾਵਾਂ ਸਮੇਤ ਉਸ ਦੇ ਚਚੇਰੇ, ਮੁਮੇਰੇ, ਫੁਫੇਰੇ ਭਰਾ ਮੁਮਤਾਜ਼ ਅਲੀ ਭੁੱਟੋ, ਸ੍ਰੀ ਅਬਦੁਲ ਹਾਫ਼ੀਜ਼ ਪੀਰਜ਼ਾਦਾ, ਜਨਰਲ ਟਿੱਕਾ ਖ਼ਾਂ (ਜਿਸਦੀ ਪਾਕਿਸਤਾਨ ਵਿੱਚ ਬੜੀ ਇੱਜ਼ਤ ਹੈ) ਤੇ ਸਭ ਤੋਂ ਜ਼ਿਆਦਾ ਉਸ ਦੀ ਬੇਟੀ ਬੇਨਜ਼ੀਰ ਭੁੱਟੋ ਹੋਵੇਗੀ।

ਸੰਜੈ ਗਾਂਧੀ—ਇਕ ਨੌਜਵਾਨ ਤਾਨਾਸ਼ਾਹ

ਜੂਨ 1980 ਦੀ ਹੁੰਮਸ ਭਰੀ ਗਰਮੀ ਦਾ ਲੌਢਾ ਪਹਿਰ ਸੀ। ਉਸ ਸਮੇਂ ਨਾ ਕੋਈ ਆਦਮੀ ਤੇ ਨਾ ਕੋਈ ਜਾਨਵਰ ਛਾਂ ਤੋਂ ਬਾਹਰ ਹੀ ਸਰਕਦਾ ਸੀ। ਮੈਂ ਹੀ ਇੰਡੀਆ ਗੇਟ ਦੇ ਕੋਲ ਗੋਲਚੱਕਰ 'ਤੇ ਮੁੜ੍ਹਕੋ-ਮੁੜ੍ਹਕੀ ਹੋਈ ਭੀੜ ਵਿਚਕਾਰ ਕੜਕਦੀ ਧੁੱਪ ਵਿੱਚ ਖੜ੍ਹਾ ਸੀ। ਮੈਂ ਆਪਣੇ ਜੁਆਨ ਮਿੱਤਰ ਨੂੰ ਉਹਦੇ ਲੰਘਣ 'ਤੇ ਆਖ਼ਰੀ ਅਲਵਿਦਾ ਕਹਿਣੀ ਚਾਹੁੰਦਾ ਸੀ। ਮੈਨੂੰ ਚੇਤੇ ਆ ਰਿਹਾ ਸੀ ਕਿ ਸੋਲ੍ਹਾਂ ਸਾਲ ਪਹਿਲਾਂ ਮੈਂ ਉਸੇ ਸਥਾਨ 'ਤੇ ਇਸੇ ਪ੍ਰਕਾਰ ਦੀ ਤਪਦੀ ਧੁੱਪ ਵਿੱਚ ਆਪਣੇ ਮਿੱਤਰ ਦੇ ਨਾਨੇ ਦੇ ਅਮਲੇ ਫੈਲੇ ਤੇ ਸੇਵਕਾਂ ਦੇ ਹਜੂਮ ਨੂੰ ਵੇਖਣ ਲਈ ਖੜ੍ਹਾ ਰਿਹਾ ਸੀ। ਉਸ ਦਾ ਨਾਨਾ ਅੱਧੀ ਸਦੀ ਤੋਂ ਵਧੀਕ ਸਮੇਂ ਲਈ ਰਾਸ਼ਟਰੀ ਹਸਤੀ ਰਿਹਾ ਸੀ ਤੇ 16 ਸਾਲ ਪ੍ਰਧਾਨ ਮੰਤਰੀ ਵੀ ਰਿਹਾ ਸੀ। ਉਸ ਦੇ ਅੰਤਿਮ ਸੰਸਕਾਰ ਦਾ ਬੜਾ ਵਿਸਤਰਤ ਬੰਦੋਬਸਤ ਕੀਤਾ ਗਿਆ ਸੀ। ਮੇਰਾ ਜੁਆਨ ਮਿੱਤਰ ਤਾਂ ਨਵਾਂ-ਨਵਾਂ ਸਿਆਸੀ 'ਨਵਾਬ' ਬਣਿਆ ਸੀ ਤੇ ਜਿਸਦੀ ਬਾਲਗ਼ ਹੋਣ ਤੋਂ ਹੀ ਬਦਨਾਮੀ ਤੇ ਭੰਡੀ ਕੀਤੀ ਜਾਂਦੀ ਰਹੀ ਸੀ, ਉਸ 'ਤੇ ਜ਼ੁਲਮ ਕੀਤਾ ਗਿਆ ਸੀ, ਜੇਲ੍ਹ ਭੇਜਿਆ ਗਿਆ ਸੀ ਅਤੇ ਹੁਣੇ-ਹੁਣੇ ਹੀ ਉਹ ਪਾਰਲੀਮੈਂਟ ਦਾ ਮੈਂਬਰ ਬਣ ਸਕਿਆ ਸੀ। ਪ੍ਰੰਤੂ ਉਹਦੇ ਅੰਤਿਮ ਸੰਸਕਾਰ ਸਮੇਂ ਭੀੜ ਉਹਦੇ ਨਾਨੇ ਦੇ ਅੰਤਿਮ ਸਸਕਾਰ ਦੇ ਸਮੇਂ ਨਾਲੋਂ ਕਿਤੇ ਵੱਧ ਸੀ।

ਕਿਸੇ ਨੇ ਠੀਕ ਹੀ ਉਰਦੂ ਦੇ ਇਕ ਢੁਕਵੇਂ ਸ਼ਿਅਰ ਨੂੰ ਵਰਤਿਆ ਹੈ :

ਐ ਗੁਲਚੀਂ-ਇ-ਅਜ਼ਲ ਤੁਝ ਸੇ ਨਾਦਾਨੀ ਹੂਈ।
ਫ਼ੂਲ ਵੋਹ ਤੋੜਾ ਕਿ ਗੁਲਸ਼ਨ ਮੇਂ ਵੀਰਾਨੀ ਹੂਈ।

ਹਜੂਮ ਦੀ ਅਗਵਾਈ ਕੁਝ ਯੁਵਕ ਕਰ ਰਹੇ ਸਨ ਜੋ ਇਹ ਉਚਾਰ ਰਹੇ ਸਨ :

ਜਬ ਤੱਕ ਸੂਰਜ ਚਾਂਦ ਰਹੇਗਾ।
ਸੰਜੈ ਤੇਰਾ ਨਾਮ ਰਹੇਗਾ।

ਘਰ ਆ ਕੇ ਮੈਂ ਇਸ ਅਸਚਰਜ ਘਟਨਾ 'ਤੇ ਵਿਚਾਰ ਕੀਤੀ। ਇਸ ਦੀ ਮੈਨੂੰ ਇਹ ਵਿਆਖਿਆ ਮਿਲੀ ਕਿ ਪਿਛਲੇ ਇਕ-ਦੋ ਸਾਲਾਂ ਵਿੱਚ ਕਿਸੇ ਦੇ ਧਿਆਨ 'ਚ ਆਏ ਬਿਨਾਂ ਹੀ ਸੰਜੈ ਭਗਤਾਂ ਦਾ ਇਕ ਵਰਗ ਹੋਂਦ ਵਿੱਚ ਆ ਚੁੱਕਾ ਸੀ।

ਇਹ ਚੀ ਗੁਵੇਰਾ ਦੇ ਭਗਤਾਂ ਦੇ ਮੱਤ ਵਰਗਾ ਸੀ, ਜਿਸ ਦਾ ਅਧਾਰ ਉਸ ਆਦਮੀ ਦੀ ਪੂਜਾ ਸੀ ਜੋ ਖ਼ਤਰਿਆਂ ਭਰੇ ਢੰਗ ਨਾਲ ਪ੍ਰਚੱਲਿਤ ਲੀਹਾਂ ਜਾਂ ਪਰਿਪਾਟੀ ਦਾ ਅਨਾਦਰ ਕਰਕੇ ਜੀਵਿਆ। ਲੋਕ ਪਿਆਰ ਕਰਨ ਨਾਲੋਂ ਉਸ ਤੋਂ ਜ਼ਿਆਦਾ ਭੈਅ ਖਾਂਦੇ ਸਨ। ਤੇ ਉਹ ਆਪ ਕਿਸੇ ਤੋਂ ਵੀ ਡਰਦਾ ਨਹੀਂ ਸੀ। ਇਹ ਸਭ ਕੁਝ ਸੰਜੈ ਗਾਂਧੀ 'ਤੇ ਢੁੱਕਦਾ ਸੀ। ਮੈਨੂੰ ਇਹ ਯਾਦ ਹੈ ਕਿ ਇਕ ਵਾਰ ਉਸ ਨੂੰ ਮੈਂ ਇਹ ਕਹਿੰਦਿਆਂ ਸੁਣਿਆ

ਸੀ ਕਿ "ਇਕ ਨੇਤਾ ਜਿਸ ਤੋਂ ਲੋਕ ਡਰਦੇ ਹਨ, ਉਸ ਦਾ ਉਹ ਉਸ ਨਾਲੋਂ ਜ਼ਿਆਦਾ ਆਦਰ ਕਰਦੇ ਹਨ ਜਿਸ ਨੂੰ ਉਹ ਪਿਆਰ ਕਰਦੇ ਹਨ। ਇਹੋ ਕਾਰਨ ਹੈ ਕਿ ਜਦੋਂ ਮੈਂ ਉਹਨਾਂ ਨੂੰ ਕੋਈ ਕੰਮ ਕਰਨ ਲਈ ਕਹਿੰਦਾ ਹਾਂ, ਉਹ ਤੱਟ ਫੱਟ ਕਰਦੇ ਹਨ।"

ਹੁਣ ਸੰਜੇਵਾਦੀਆਂ ਦਾ ਨੇਤਾ ਕੌਣ ਹੋਵੇਗਾ? ਮੈਂ ਨਹੀਂ ਸਮਝਦਾ ਕਿ ਇਹ ਚੋਗਾ ਉਹਦੇ ਭਰਾ ਰਾਜੀਵ ਦੇ ਮੋਢਿਆਂ 'ਤੇ ਆ ਟਿਕੇਗਾ। ਉਹ ਲਾਂਭੇ ਰਹਿਣ ਵਾਲਾ ਅਣ-ਅਭਿਲਾਸ਼ੀ ਤੇ ਪਰਿਵਾਰਿਕ ਜੀਵ ਹੈ। ਨਾ ਹੀ ਉਸ ਦੇ ਉੱਤਰਾਧਿਕਾਰੀ ਕਮਲ ਨਾਥ, ਜਗਦੀਸ਼ ਟਾਇਟਲਰ ਜਾਂ ਸਿਧੀਆ ਹੋ ਸਕਦੇ ਹਨ। ਕਿਸੇ ਵਿੱਚ ਵੀ ਸੰਜੈ ਗਾਂਧੀ ਵਾਲੀ ਸ਼ੋਖ਼ੀ ਨਹੀਂ ਹੈ। ਉਸ ਦੀ ਵਾਰਿਸ ਸਿਰਫ਼ ਮੇਨਕਾ ਹੋ ਸਕਦੀ ਹੈ। ਉਹ ਆਪਣੇ ਸਵਰਗਵਾਸੀ ਪਤੀ ਵਾਂਗ ਪੂਰੀ ਤਰ੍ਹਾਂ ਨਿਰਭੈ ਹੈ ਤੇ ਜਦੋਂ ਉਸ ਨੂੰ ਛੇੜਿਆ ਜਾਂਦਾ ਹੈ ਤਾਂ ਉਹ ਸ਼ੇਰ 'ਤੇ ਸਵਾਰ ਦੁਰਗਾ ਦਾ ਅਵਤਾਰ ਬਣ ਜਾਂਦੀ ਹੈ।

ਬੰਗਲਾ ਦੇਸ਼ ਦਾ ਹਤਿਆਰਾ—ਟਿੱਕਾ ਖ਼ਾਂ

ਉਸ ਦਾ ਨਾਮ ਬਹੁਤੇ ਭਾਰਤੀਆਂ ਦੀਆਂ ਯਾਦਾਂ ਵਿੱਚ ਭਾਵੇਂ ਧੁੰਦਲਾ ਪੈ ਗਿਆ ਹੋਵੇ, ਪਰ ਸਾਡੇ ਗੁਆਂਢੀ ਬੰਗਲਾਦੇਸ਼ੀਆਂ ਦੇ ਮਨਾਂ 'ਤੇ ਸਦਾ ਲਾਲ ਰੰਗ ਵਿੱਚ ਖੁਣਿਆ ਰਹੇਗਾ।

ਉਸ ਨੂੰ ਪਾਕਿਸਤਾਨ ਦੇ ਜਨਰਲ ਯਾਹੀਆ ਖ਼ਾਂ ਨੇ ਪੂਰਬੀ ਪਾਕਿਸਤਾਨ ਵਿੱਚ ਉੱਭਰ ਰਹੀ ਅਸ਼ਾਂਤੀ ਤੇ ਗੜਬੜ ਨੂੰ ਕੁਚਲਣ ਲਈ ਭੇਜਿਆ ਸੀ। ਉਸ ਨੇ ਇਕੋ-ਇਕ ਢੰਗ ਵਰਤਿਆ ਜੋ ਉਸ ਨੂੰ ਆਉਂਦਾ ਸੀ। ਉਸ ਨੇ ਭਾਰੀ ਗਿਣਤੀ ਵਿੱਚ ਪੰਜਾਬੀ ਫ਼ੌਜ ਨੂੰ ਬਦਕਿਸਮਤ ਬੰਗਾਲੀਆਂ ਨੂੰ ਲੁੱਟਣ ਦੀ, ਜਬਰ-ਜ਼ਨਾਹ ਕਰਨ ਦੀ, ਮਾਰਨ ਦੀ, ਜਿਸ ਕਿਸੇ 'ਤੇ ਵੀ ਪਾਕਿਸਤਾਨ ਨਾਲ ਬੇਵਫ਼ਾਈ ਦਾ ਸ਼ੱਕ ਹੋਵੇ, ਖੁੱਲ੍ਹੀ ਛੁੱਟੀ ਦੇ ਦਿੱਤੀ ਸੀ। ਢਾਕਾ ਵਿੱਚ ਉਸ ਸਮੇਂ ਦੇ ਕਾਰੇ ਸੰਸਾਰ ਭਰ ਦੇ ਪੱਤਰਾਂ ਵਿੱਚ ਪੂਰੀ ਤਰ੍ਹਾਂ ਛਾਪੇ ਗਏ। 'ਬੰਗਲਾ ਦੇਸ਼ ਦਾ ਹਤਿਆਰਾ', ਉਸ ਦਾ ਉਪਨਾਮ ਹੀ ਬਣ ਗਿਆ। ਉਹ 86 ਸਾਲ ਦੀ ਉਮਰ ਵਿੱਚ 28 ਮਾਰਚ, 2002 ਨੂੰ ਇਸਲਾਮਾਬਾਦ ਵਿੱਚ ਮਰ ਗਿਆ।

ਬੰਗਲਾ ਦੇਸ਼ ਦੇ ਅਜ਼ਾਦ ਹੋਣ ਪਿੱਛੋਂ, ਮੈਂ ਪਾਕਿਸਤਾਨ ਦੇ ਨਵੇਂ ਹਾਕਮ ਜ਼ੁਲਫ਼ਿਕਾਰ ਅਲੀ ਭੁੱਟੋ ਦੇ ਸੱਦੇ 'ਤੇ ਪਾਕਿਸਤਾਨ ਗਿਆ। ਮੈਂ ਉਸ ਸਮੇਂ ਰਿਟਾਇਰ ਹੋ ਚੁੱਕੇ ਜਨਰਲ ਟਿੱਕਾ ਖ਼ਾਂ ਦਾ ਪੱਖ ਜਾਨਣ ਲਈ ਉਸ ਨੂੰ ਮਿਲਣ ਦਾ ਇੱਛੁਕ ਸਾਂ। ਉਸ ਨੇ ਮੁਲਾਕਾਤ ਲਈ ਮੇਰੀ ਬੇਨਤੀ ਰੱਦ ਕਰ ਦਿੱਤੀ। ਉਹ ਕਿਸੇ ਵੀ ਭਾਰਤੀ ਤੇ ਖ਼ਾਸ ਕਰਕੇ ਸਿੱਖ ਪੱਤਰਕਾਰ ਨੂੰ ਮਿਲਣ ਦਾ ਉੱਕਾ ਹੀ ਇੱਛੁਕ ਨਹੀਂ ਸੀ। ਮੈਂ ਆਪਣੇ ਮਿੱਤਰ ਮਨਜ਼ੂਰ ਕਾਦਰ ਨੂੰ ਮੇਰੇ ਵੱਲੋਂ ਬੇਨਤੀ ਕਰਨ ਲਈ ਕਿਹਾ। ਉਸ ਨੇ ਜਨਰਲ ਟਿੱਕਾ ਖ਼ਾਂ ਨੂੰ ਯਕੀਨ ਦੁਆਇਆ ਕਿ ਮੇਰੀ ਪਾਕਿਸਤਾਨ ਪ੍ਰਤੀ ਕੋਈ ਮੰਦ-ਭਾਵਨਾ ਨਹੀਂ ਹੈ ਤੇ ਮੈਂ ਹੂ-ਬ-ਹੂ ਉਹੋ ਹੀ ਲਿਖਾਂਗਾ, ਜੋ ਮਗਰੋਂ ਬਣੇ ਬੰਗਲਾ ਦੇਸ਼ ਵਿੱਚ ਪਹਿਲਾਂ ਹੋਏ ਵਿਦ੍ਰੋਹ ਬਾਰੇ, ਆਪਣੇ ਬਾਰੇ ਉਹ ਕਹਿਣਗੇ।

ਇਹ ਮੁਲਾਕਾਤ ਬੜੀ ਯਾਦਗਾਰੀ ਰਹੀ। ਜਨਰਲ ਟਿੱਕਾ ਖ਼ਾਂ ਨੇ ਮੇਰਾ ਸੁਆਗਤ ਆਪਣੇ ਬੰਗਲੇ ਵਿੱਚ ਕੀਤਾ। ਮੈਂ ਇਹ ਵੇਖ ਕੇ ਹੈਰਾਨ ਰਹਿ ਗਿਆ ਕਿ ਉਹ ਫ਼ੌਜੀਆਂ ਜਿਹਾ ਨਹੀਂ ਲੱਗਦਾ ਸੀ, ਉਹ ਇਕ ਸੈਨਿਕ ਨਾਲੋਂ ਵਧੇਰੇ ਕਿਸੇ ਬੈਂਕ ਦਾ ਕਲਰਕ ਲੱਗਦਾ ਸੀ। ਉਹ ਮਧਰਾ ਤੇ ਮੋਟਾ ਲੱਗਦਾ ਸੀ। ਉਹ ਅੱਖੜ ਵੀ ਸੀ। ਜਿਸ ਕਮਰੇ ਵਿੱਚ ਅਸੀਂ ਬੈਠੇ ਸੀ, ਉੱਥੇ ਇਕ 6 ਫੁੱਟ, 6 ਇੰਚ ਲੰਬਾ ਭਾਰੀ ਭਰਕਮ ਪਠਾਣ ਵੀ ਸੀ, ਪਰ ਉਹ ਲੇਲੇ ਵਾਂਗ ਸਾਊ ਸੀ। ਮੈਂ ਘਰ 'ਤੇ ਝਾਤ ਮਾਰੀ ਤੇ ਪਰਿਵਾਰ ਦੀਆਂ ਤਸਵੀਰਾਂ ਤੇ ਵਿਜੇ ਸਮਾਰਕਾਂ ਦੇ ਢੇਰ ਦੇਖੇ, ਜਿਵੇਂ ਕਿ ਸੈਨਾ ਦੇ ਉੱਚ ਅਧਿਕਾਰੀਆਂ ਦੇ ਘਰਾਂ ਵਿੱਚ ਹੁੰਦਾ ਹੈ। ਕੰਧਾਂ 'ਤੇ ਕੁਰਾਨ ਦੀਆਂ ਆਇਤਾਂ ਲਿਖੀਆਂ ਸਨ ਜਿਨ੍ਹਾਂ ਵਿੱਚੋਂ ਇਕ ਮੋਟੀ

ਕਰਕੇ ਕਾਰਨਸ 'ਤੇ ਦਿਖਾਵੇ ਲਈ ਪ੍ਰਦਰਸ਼ਤ ਕੀਤੀ ਗਈ ਸੀ।

ਜਰਨੈਲ ਬੜਾ ਗੁੱਸੇ ਵਿੱਚ ਸੀ। ਉਸ ਦਾ ਸਾਰਾ ਗੁੱਸਾ ਬੰਗਲਾਦੇਸ਼ੀਆਂ ਵਿਰੁੱਧ ਨਹੀਂ, ਸਗੋਂ ਭਾਰਤ ਵਿਰੁੱਧ ਸੀ। ਉਸ ਦੇ ਮੂੰਹ 'ਚੋਂ ਦਗ਼ਾ, ਧੋਖਾ, ਝੂਠ ਇਸ ਤਰ੍ਹਾਂ ਨਿਕਲ ਰਹੇ ਸਨ ਜਿਵੇਂ ਅੱਗ ਉਗਲਣ ਵਾਲੇ ਪਹਾੜ (ਆਤਿਸ਼ਫ਼ਸ਼ਾਂ) 'ਚੋਂ ਲਾਵਾ ਨਿਕਲਦਾ ਹੋਵੇ। ਉਸ ਨੇ ਇਹ ਦਾਅਵਾ ਵੀ ਕੀਤਾ ਕਿ ਉਸ ਦਾ 'ਬੰਗਲਾ ਦੇਸ਼ ਦਾ ਹਤਿਆਰਾ' ਉਪਨਾਮ ਵੀ ਭਾਰਤੀ ਅਖ਼ਬਾਰਾਂ ਨੇ ਰਖਿਆ।

ਉਸ ਨੇ ਵਾਰ-ਵਾਰ ਦੁਹਰਾਇਆ ਕਿ ਅਸੀਂ ਅੱਲ੍ਹਾ ਤੋਂ ਡਰਨ ਵਾਲੇ ਮੁਸਲਮਾਨ ਹਾਂ। ਸਾਡੇ ਫ਼ੌਜੀ ਅਨੁਸ਼ਾਸਨ ਦੇ ਪਾਬੰਦ ਹਨ ਅਤੇ ਉਹ ਬੇਕਸੂਰ ਇਸਤਰੀਆਂ ਨਾਲ ਨਾ ਹਿੰਸਕ ਹੁੰਦੇ ਹਨ ਤੇ ਨਾ ਹੀ ਬਲਾਤਕਾਰ (ਜਬਰਜ਼ਨਾਹ) ਕਰਦੇ ਹਨ।

ਮੈਂ ਉਸ ਨੂੰ ਆਪਣੀ ਗੱਲ ਕਹਿਣ ਦਿੱਤੀ ਤੇ ਜਿਤਨੀ ਨਰਮੀ ਨਾਲ ਪੁੱਛ ਸਕਦਾ ਸੀ, ਪੁੱਛਿਆ : "ਭਾਰਤੀਆਂ ਵਿਰੁੱਧ ਪਾਕਿਸਤਾਨੀ ਸੈਨਾ ਦੀ ਕਾਰਗੁਜ਼ਾਰੀ ਇਤਨੀ ਭੈੜੀ ਕਿਉਂ ਰਹੀ?"

ਉਸ ਨੇ ਜ਼ੋਰ ਨਾਲ ਦੁਹਰਾਉਂਦਿਆਂ ਕਿਹਾ, "ਦਗ਼ਾ ਹੋਣ ਕਰਕੇ। ਭਾਰਤੀ ਫ਼ੌਜ ਸਾਡੇ ਵੱਲੋਂ ਮਜਬੂਰ ਹੋ ਕੇ ਜੰਗ ਦਾ ਐਲਾਨ ਕਰਨ ਤੋਂ ਬਹੁਤ ਪਹਿਲਾਂ ਹੀ ਉਥੇ ਘੁਸਪੈਠ ਕਰ ਗਈ ਸੀ।"

ਮੈਂ ਕਿਹਾ ਕਿ ਉੱਥੇ ਕੋਈ ਜੰਮ ਕੇ ਲੜਾਈ ਹੀ ਨਹੀਂ ਹੋਈ। ਜਿਥੇ ਕਿਤੇ ਵੀ ਭਾਰਤੀਆਂ ਦਾ ਵਿਰੋਧ ਹੋਇਆ, ਉਹਨਾਂ ਲੜਾਈ ਤੋਂ ਟਾਲਾ ਕੀਤਾ ਤੇ ਮੁਕਤੀ ਬਹਿਨੀ ਨੂੰ, ਪਾਕਿਸਤਾਨੀਆਂ ਨੂੰ, ਉਹਨਾਂ ਦੇ ਖੇਤਰਾਂ ਵਿੱਚ ਹੀ ਘੇਰੀ ਰੱਖਣ ਦੀ ਖੁੱਲ੍ਹ ਦੇ ਦਿੱਤੀ।

ਜਨਰਲ ਦਾ ਅਰਦਲੀ, ਜਿਸ ਨੇ ਪਾਕਿਸਤਾਨ ਦੀ ਕਾਰਵਾਈ ਠੁੱਸ ਹੁੰਦੀ ਵੇਖੀ ਸੀ, ਇਕਦਮ ਬੋਲ ਉਠਿਆ, "ਅਵਾਮ ਹਮਾਰੇ ਖ਼ਿਲਾਫ਼ ਥੇ।"

ਜਨਰਲ ਨੂੰ ਅਰਦਲੀ ਦਾ ਵਿੱਚੋਂ ਬੋਲਣਾ ਚੰਗਾ ਨਾ ਲੱਗਾ ਤੇ ਉਸ ਨੇ ਉਸ ਨੂੰ ਝਿੜਕ ਦਿੱਤਾ। ਮੈਂ ਫਿਰ ਆਪਣੀ ਗੱਲ 'ਤੇ ਜ਼ੋਰ ਦਿੱਤਾ, "ਜਨਰਲ ਸਾਹਿਬ, ਲੋਕਾਂ ਵੱਲੋਂ ਤੁਹਾਡਾ ਵਿਰੋਧ ਕਰਨ ਦੇ ਜ਼ਰੂਰ ਕੋਈ ਕਾਰਨ ਹੋਣਗੇ।"

ਉਸ ਨੇ ਮੇਰੇ ਸੁਝਾਅ ਨੂੰ ਟਾਲਦਿਆਂ, ਫਿਰ ਜ਼ੋਰ ਨਾਲ ਕਿਹਾ, ਇਹ ਸਭ ਭਾਰਤੀ ਕੂੜ ਪ੍ਰਚਾਰ ਸੀ। ਮੈਂ ਉਹਨੂੰ ਉਸ ਦੀ ਗੱਲ ਕਹਿਣ ਤੋਂ ਨਾ ਰੋਕਿਆ। ਉਸ ਕੋਲੋਂ ਵਿਦਾ ਹੋਣ ਤੋਂ ਪਹਿਲਾਂ ਮੈਂ ਕਾਰਨਸ 'ਤੇ ਕੁਰਾਨ ਦੇ ਸਜਾ ਕੇ ਰੱਖੇ ਹੋਏ ਉਪਕਥਨ ਵੱਲ ਸੰਕੇਤ ਕੀਤਾ। ਉਸ ਨੇ ਅਰਬੀ ਵਿੱਚ ਉੱਚੀ ਅਵਾਜ਼ 'ਚ ਪੜ੍ਹਿਆ : "ਨਸਰ ਮਿਨ ਅੱਲਾਹ ਫ਼ਤਹ ਉਨ ਕਰੀਬ।" (ਅੱਲ੍ਹਾ ਉਸ ਨੂੰ ਜਿੱਤ ਦਿੰਦਾ ਹੈ ਜਿਸਦਾ ਪੱਖ ਸਹੀ ਹੋਵੇ।)

ਜਨਰਲ ਸਾਹਿਬ, ਅੱਲਾਹ ਨੇ ਸਾਨੂੰ ਭਾਰਤੀਆਂ ਨੂੰ ਜਿੱਤ ਬਖ਼ਸ਼ੀ।

ਉਸ ਨੇ ਮਹਿਸੂਸ ਕੀਤਾ ਕਿ ਮੈਂ ਉਸ 'ਤੇ ਲੁਕਵਾਂ ਵਾਰ ਕੀਤਾ ਹੈ। "ਸਰਦਾਰ ਸਾਹਿਬ, ਮੈਨੂੰ ਸ਼ੱਕ ਹੈ ਕਿ ਤੁਸੀਂ ਪਵਿੱਤਰ ਕਿਤਾਬ ਦਾ ਉਪਕਥਨ ਪਹਿਲਾਂ ਹੀ ਜਾਣਦੇ ਸੀ।"

ਮੈਂ ਹਾਂ ਵਿੱਚ ਸਿਰ ਹਿਲਾਇਆ, ਉਸ ਨਾਲ ਹੱਥ ਮਿਲਾਇਆ ਤੇ ਆਗਿਆ ਲੈ ਕੇ ਵਿਦਾ ਹੋ ਗਿਆ।

ਨਹਿਰੂ ਦੀ ਬਰਬਾਦੀ—ਐਮ.ਓ. ਮਥਾਈ

ਭਾਵੇਂ ਮੈਂ ਇਸ ਵਿਚਾਰ ਦਾ ਹਮਾਇਤੀ ਨਹੀਂ ਹਾਂ ਕਿ ਕਿਸੇ ਨੂੰ ਮਰੇ ਮੋਇਆਂ ਦੀ ਨਿੰਦਾ ਨਹੀਂ ਕਰਨੀ ਚਾਹੀਦੀ, ਪਰ ਮੈਂ ਮਥਾਈ ਦੇ ਵਿਰੁੱਧ ਕੁਝ ਕਹਿਣ ਦੀ ਥਾਂ ਅਜਿਹੀ ਸੰਸਥਾ ਵਿਰੁੱਧ ਕਹਾਂਗਾ ਜਿਸ ਨੂੰ ਮਥਾਈਵਾਦ ਕਿਹਾ ਜਾਣਾ ਚਾਹੀਦਾ ਹੈ। ਇਸ ਤਰ੍ਹਾਂ ਕਰਨ ਤੋਂ ਪਹਿਲਾਂ ਮੈਂ ਤੁਹਾਨੂੰ ਮਥਾਈ ਨਾਮ ਦੇ ਆਦਮੀ ਬਾਰੇ ਤੁਹਾਡੀ ਯਾਦ-ਸ਼ਕਤੀ ਨੂੰ ਤਾਜ਼ਾ ਕਰ ਦਿਆਂ ਜੋ ਹੁਣੇ ਹੁਣੇ ਹੀ ਮਰਿਆ ਹੈ। 1952 ਤੱਕ ਉਸ ਦੇ ਪਰਿਵਾਰ ਤੇ ਮਿੱਤਰ-ਮੰਡਲੀ ਤੋਂ ਬਿਨਾਂ ਉਸ ਦੀ ਕਿਸੇ ਨੂੰ ਕੋਈ ਜਾਣਕਾਰੀ ਨਹੀਂ ਸੀ। ਉਹ ਦੂਸਰੇ ਵਿਸ਼ਵ ਯੁੱਧ ਵਿੱਚ ਅਮਰੀਕੀ ਸੈਨਾ ਨਾਲ ਕਲਰਕੀ ਕਰਦਾ ਰਿਹਾ ਸੀ। 1946 ਵਿੱਚ ਉਸ ਨੇ ਜਵਾਹਰ ਲਾਲ ਨਹਿਰੂ ਨਾਲ ਸੰਬੰਧ ਕਾਇਮ ਕਰ ਲਏ ਤੇ ਹੌਲੀ-ਹੌਲੀ ਤੇ ਅੰਦਰੋ ਅੰਦਰੀ ਉਸ ਦਾ ਵਿਸ਼ਵਾਸ ਜਿੱਤ ਕੇ ਪਰਿਵਾਰ ਦਾ ਇਕ ਸਦੱਸ ਹੀ ਬਣ ਗਿਆ। ਉਸ ਨੂੰ ਪ੍ਰਧਾਨ ਮੰਤਰੀ ਦਾ ਵਿਸ਼ੇਸ਼ ਸਕੱਤਰ ਬਣਾ ਦਿੱਤਾ ਗਿਆ। ਇਸ ਹੈਸੀਅਤ ਨਾਲ ਉਸ ਨੂੰ ਜਵਾਹਰ ਲਾਲ ਨਹਿਰੂ, ਫ਼ੀਰੋਜ਼ ਤੇ ਇੰਦਰਾ ਗਾਂਧੀ ਦੇ ਨਿੱਜੀ ਜੀਵਨ ਬਾਰੇ ਜਾਣਕਾਰੀ ਹੀ ਨਾ ਮਿਲੀ, ਸਗੋਂ ਉਸ ਨੂੰ ਬਹੁਤ ਸਾਰੇ ਅਧਿਕਾਰ ਵੀ ਮਿਲੇ। ਇਹ ਅਧਿਕਾਰ ਬਿਨਾਂ ਕਿਸੇ ਜ਼ਿੰਮੇਵਾਰੀ ਦੇ ਸਨ ਤੇ ਉਹ ਪ੍ਰਧਾਨ ਮੰਤਰੀ ਤੋਂ ਬਿਨਾਂ ਕਿਸੇ ਕੋਲ ਉੱਤਰਦਾਈ ਨਹੀਂ ਸੀ। ਉਸ ਦੇ ਆਪਣੇ ਸ਼ਬਦਾਂ ਦੇ ਪ੍ਰਮਾਣ ਅਨੁਸਾਰ "ਕੋਈ ਫ਼ਾਈਲ ਜਾਂ ਪੱਤਰ ਉਸ ਦੇ ਬਿਨਾਂ ਪ੍ਰਧਾਨ ਮੰਤਰੀ ਕੋਲ ਨਹੀਂ ਪਹੁੰਚਦਾ ਸੀ। ਮੇਰੇ ਬਿਨਾਂ ਕੁਝ ਵੀ ਬਾਹਰ ਨਹੀਂ ਜਾਂਦਾ ਸੀ। ਅਧਿਕਾਰੀ ਮੈਨੂੰ ਉਪ-ਪ੍ਰਧਾਨ ਮੰਤਰੀ ਤੇ ਤਾਜ ਪਿੱਛੇ ਤਾਕਤ ਕਹਿੰਦੇ ਸਨ।" ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਇਸ ਨਾਲ ਉਹ ਅਭਿਮਾਨੀ ਹੋ ਗਿਆ। "ਕੁਝ ਇਕ ਤੋਂ ਬਿਨਾਂ ਮੈਂ ਮੰਤਰੀਆਂ ਨੂੰ ਘ੍ਰਿਣਾ ਕਰਦਾ ਸੀ ਜੋ ਕੁਝ ਵੀ ਨਹੀਂ ਸਨ, ਬੱਸ ਸਧਾਰਨ ਵਿਅਕਤੀਆਂ ਦਾ ਗੁੱਟ ਸਨ ਜਾਂ ਇਸ ਤੋਂ ਵੀ ਨਿਕੰਮੇ।" ਏਥੋਂ ਤੱਕ ਕਿ ਪੰਡਿਤ ਜੀ ਵੀ ਇਹ ਲਿਖਣ ਲਈ ਮਜਬੂਰ ਹੋ ਗਏ ਕਿ ਉਹ ਇਕ ਅਜਿਹਾ ਵਿਅਕਤੀ ਸੀ ਜੋ ਬਹੁਤੀ ਵਾਰ ਛੋਟੀਆਂ ਗੱਲਾਂ ਵਿੱਚ ਵੀ ਮੂਰਖਤਾਈ ਵਿਖਾਉਂਦਾ ਸੀ ਤੇ ਆਪਣੀ ਤਾਕਤ ਇਹ ਕੰਮ ਕਰਾਉਣ ਵਿੱਚ ਲਾ ਦਿੰਦਾ ਸੀ।"

ਤਾਕਤ ਨੇ ਮਥਾਈ ਨੂੰ ਭ੍ਰਿਸ਼ਟ ਬਣਾ ਦਿੱਤਾ। ਉਸ ਕੋਲ ਆਪਣੀ ਪਦਵੀ ਦੀ ਦੁਰਵਰਤੋਂ ਕਰਨ ਦੇ ਬਹੁਤ ਮੌਕੇ ਸਨ। ਜਿਵੇਂ ਕਿ ਉਸ ਨੇ ਸ਼ੇਖ਼ੀ ਮਾਰਦਿਆਂ ਕਿਹਾ, "ਮੈਂ ਅਨੇਕਾਂ ਮੰਤਰੀਆਂ, ਗਵਰਨਰਾਂ ਤੇ ਗ਼ੈਰ-ਸਰਕਾਰੀ ਵਿਅਕਤੀਆਂ ਨੂੰ ਰਾਜਦੂਤ ਨਿਯੁਕਤ ਕਰਾਉਣ ਵਿੱਚ ਸਹਾਈ ਹੋਇਆ।" ਉਸ ਨੇ ਬਿਰਲਾ ਸਮੇਤ ਕਈ ਅਮੀਰ ਲੋਕਾਂ ਤੋਂ ਆਪਣੇ ਕਾਇਮ ਕੀਤੇ 'ਖ਼ਰਾਇਤੀ ਟਰੱਸਟ' ਲਈ ਧਨ ਬਟੋਰਿਆ। ਸਾਫ਼ ਜ਼ਾਹਿਰ ਹੈ ਕਿ

ਇਹ ਸਭ ਕੁਝ ਮਥਾਈ ਦੀ ਕਾਬਲੀਅਤ ਤੇ ਯੋਗਤਾ ਕਾਰਨ ਨਹੀਂ ਸੀ ਕਿ ਉਹ ਇਸ ਅਵਸਥਾ ਦਾ ਮਾਲਕ ਬਣ ਗਿਆ ਸੀ। ਅਸਲੀਅਤ ਤਾਂ ਇਹ ਸੀ ਕਿ ਉਹ ਹਰ ਇਕ ਨੂੰ ਭਰੋਸਾ ਦਿੰਦਾ ਸੀ ਕਿ ਉਹ ਨਹਿਰੂ ਤੋਂ ਜੋ ਚਾਹੇ, ਕੰਮ ਕਰਵਾ ਸਕਦਾ ਸੀ। ਉਹ ਪਿੱਛਲ ਮੋਰੀ ਰਾਹੀਂ ਦਾਖ਼ਲ ਹੋਇਆ ਤੇ 1959 ਵਿੱਚ ਆਪਣੀ ਬਰਖ਼ਾਸਤਗੀ ਤੱਕ ਸਭ ਤੋਂ ਸਰਵੋਤਮ ਹਾਕਮ ਬਣਿਆ ਰਿਹਾ।

ਜਦੋਂ ਮਥਾਈ ਦੇ, ਨਹਿਰੂ ਵੱਲੋਂ ਦਿੱਤੀ ਸ਼ਕਤੀ ਦੇ ਖੰਭ ਕੁਤਰੇ ਗਏ ਤਾਂ ਉਹ ਆਪਣੀ ਕਮੀਨਗੀ ਦੇ ਅਸਲੀ ਰੂਪ ਵਿੱਚ ਆ ਗਿਆ। ਉਸ ਨੇ ਨਹਿਰੂ ਪਰਿਵਾਰ ਵੱਲੋਂ ਕੀਤੇ ਵਿਸ਼ਵਾਸ ਨੂੰ ਅਪਮਾਨਿਤ ਕਰ ਦਿੱਤਾ। ਨਹਿਰੂ ਦਿਆਲੂ ਵਿਅਕਤੀ ਸੀ ਤੇ ਉਹ ਉਸ ਨੂੰ ਮਾਫ਼ ਕਰਨ ਲਈ ਤੇ ਵਾਪਸ ਲੈਣ ਲਈ ਵੀ ਤਿਆਰ ਸੀ। ਜਦੋਂ ਮਥਾਈ ਨੂੰ ਇਹ ਪੇਸ਼ਕਸ਼ ਕੀਤੀ ਗਈ ਤਾਂ ਉਸ ਨੇ ਕ੍ਰੋਧ ਵਿੱਚ ਬੱਕੜਵਾਹ ਕਰਦਿਆਂ ਕਿਹਾ, "ਕੇਵਲ ਕੁੱਤਾ ਹੀ ਆਪਣੀ ਉਲਟੀ ਚੱਟਦਾ ਹੈ।"

ਆਪਣੀ ਬਰਖ਼ਾਸਤਗੀ ਤੋਂ ਪਿੱਛੋਂ 18 ਸਾਲ ਤੱਕ ਮਥਾਈ ਸੜੇਵੇਂ ਵਿੱਚ ਸੜਦਾ ਰਿਹਾ। ਨਹਿਰੂ ਦੀ ਮੌਤ ਪਿੱਛੋਂ ਤੇ ਇੰਦਰਾ ਗਾਂਧੀ ਦੇ ਗੱਦੀ ਤੋਂ ਲਾਂਭੇ ਹੋਣ ਪਿੱਛੋਂ ਉਸ ਨੇ ਉਸ ਪਰਿਵਾਰ ਵਿਰੁੱਧ ਨਿਡਰ ਹੋ ਕੇ ਜ਼ਹਿਰ ਉਗਲਿਆ, ਜਿਸਦਾ ਉਸ ਨੇ ਨਮਕ ਖਾਧਾ ਸੀ। ਉਸ ਨੇ ਜਨਤਾ ਪਾਰਟੀ ਦੇ ਰਾਜ ਵਿੱਚ ਆਪਣੀ ਪੁਸਤਕ 'ਨਹਿਰੂ ਯੁੱਗ ਦੀਆਂ ਯਾਦਾਂ' ਛਪਵਾਈ। ਉਸ ਵਿੱਚ ਉਸ ਨੇ ਕਈ ਇਸਤਰੀਆਂ ਨਾਲ ਨਹਿਰੂ ਦੇ ਪ੍ਰੇਮ ਸੰਬੰਧਾਂ ਨੂੰ ਜੱਗ-ਜ਼ਾਹਿਰ ਕੀਤਾ, ਫ਼ਿਰੋਜ਼ ਗਾਂਧੀ ਨੂੰ ਆਸ਼ਕ ਤੇ ਮੂੜ੍ਹ ਕਹਿ ਕੇ ਭੰਡੀ ਕੀਤੀ। ਇੰਦਰਾ ਗਾਂਧੀ ਨੂੰ ਉਸ ਦੀ ਪਤਨੀ ਨਹੀਂ ਸਗੋਂ 'ਰਖੇਲ' ਕਿਹਾ। ਉਸ ਨੇ ਉਸ ਨੂੰ ਘਮੰਡੀ ਵੀ ਕਿਹਾ ਜੋ ਆਪਣੇ ਪਿਤਾ ਤੋਂ ਉਹਦੇ ਪ੍ਰਧਾਨ ਮੰਤਰੀ ਹੁੰਦਿਆਂ ਹੀ ਅੱਗੇ ਵਧਣ ਦੀ ਕੋਸ਼ਿਸ਼ ਕਰਦੀ ਸੀ। "ਮੂਰਖ ਮੱਛੀ! ਮੇਰਾ ਖ਼ਿਆਲ ਹੈ ਬਹੁਤ ਸਾਰੀਆਂ ਇਸਤਰੀਆਂ ਇਸੇ ਭੁਲੇਖੇ ਵਿੱਚ ਰਹਿੰਦੀਆਂ ਹਨ।" ਪ੍ਰੰਤੂ ਉਸ ਦੀਆਂ ਯਾਦਾਂ ਦਾ ਸਭ ਤੋਂ ਵੱਧ ਭੈੜਾ ਭਾਗ ਸੀ ਇੱਕੀਵਾਂ ਅਣਛਪਿਆ ਕਾਂਡ ਤੇ ਜਿਸ ਦਾ ਸਿਰਲੇਖ ਸੀ—'ਉਹ', ਜਿਸ ਨੂੰ ਪ੍ਰਕਾਸ਼ਕਾਂ ਨੇ ਆਪਣੇ ਸਭ ਪ੍ਰਤੱਖ ਕਪਟ ਦੇ ਬਾਵਜੂਦ ਛਪਣ ਤੋਂ ਰੋਕ ਤਾਂ ਲਿਆ, ਪਰ ਪਾਠਕਾਂ ਦੀ ਭੁੱਖ ਨੂੰ ਇਹ ਛਾਪ ਕੇ ਹੋਰ ਚਮਕਾ ਦਿੱਤਾ, "ਇਹ ਕਾਂਡ ਜੋ ਲੇਖਕ ਦੇ ਨੇੜਲੇ ਨਿੱਜੀ ਅਨੁਭਵਾਂ 'ਤੇ ਅਧਾਰਿਤ ਹੈ ਤੇ ਡੀ. ਐੱਚ. ਲਾਰੈਂਸ ਦੀ ਬੇਰੋਕ ਸ਼ੈਲੀ ਵਿੱਚ ਲਿਖਿਆ ਗਿਆ ਸੀ, ਲੇਖਕ ਵੱਲੋਂ ਆਖ਼ਰੀ ਸਮੇਂ ਰੋਕ ਕੇ ਵਾਪਸ ਲੈ ਲਿਆ ਗਿਆ ਹੈ।" (ਸੰਕੇਤ ਸਪੱਸ਼ਟ ਤੌਰ 'ਤੇ ਲਾਰੈਂਸ ਦੇ ਨਾਵਲ 'ਲੇਡੀ ਚੈਟਰਲੇ ਦਾ ਪ੍ਰੇਮੀ' ਵੱਲ ਹੈ ਜਿਸ ਵਿੱਚ ਸੁਆਣੀ ਦਾ ਸ਼ਿਕਾਰਗਾਹ ਦੇ ਘਰੇਲੂ ਨੌਕਰ ਨਾਲ ਪ੍ਰੇਮ ਕ੍ਰੀੜਾ ਦੀ ਤੀਬਰਤਾ ਨਾਲ ਵਰਨਣ ਕੀਤੀ ਕਹਾਣੀ ਹੈ।

ਮਥਾਈ ਮਰ ਚੁੱਕਾ ਹੈ। ਮੈਨੂੰ ਉਮੀਦ ਹੈ ਕਿ ਉਹਦੇ ਮਰਨ ਨਾਲ ਹੀ 21ਵਾਂ ਕਾਂਡ ਵੀ ਅੱਗ ਦੀ ਭੇਟ ਚੜ੍ਹ ਗਿਆ ਹੋਵੇਗਾ। ਪ੍ਰੰਤੂ ਅੱਜ ਤੱਕ 'ਮਥਾਈਵਾਦ' ਜੀਵਤ ਹੈ। ਇਕ ਮਥਾਈ ਚਲਾ ਜਾਂਦਾ ਹੈ ਤਾਂ ਦੂਸਰਾ ਉਸ ਦੀ ਥਾਂ 'ਤੇ ਆ ਜਾਂਦਾ ਹੈ। ਜਦ ਤੱਕ ਕਿਤੇ ਵੀ ਸ਼ਕਤੀ ਦਾ ਕੇਂਦਰੀਕਰਨ ਹੋਵੇਗਾ, ਕੁਝ ਲੋਕ ਲਗਨ ਨਾਲ ਕੀਤੀ ਚਾਪਲੂਸੀ

ਤੇ ਵਫ਼ਾਦਾਰੀ ਦਾ ਪ੍ਰਗਟਾਵਾ ਕਰਕੇ ਸ਼ਕਤੀ ਕੇਂਦਰ ਦੇ ਨੇੜੇ ਹੁੰਦੇ ਰਹਿਣਗੇ। ਭੌਤਿਕ ਸੰਪਰਕਾਂ ਤੇ ਨੇੜਤਾ ਕਾਰਨ ਉਹ ਆਪਣੇ ਲਈ ਕਾਫ਼ੀ ਤਾਕਤ ਤੇ ਗੁਪਤ ਜਾਣਕਾਰੀ ਪ੍ਰਾਪਤ ਕਰ ਲੈਂਦੇ ਹਨ ਜਿਸ ਨਾਲ ਉਹਨਾਂ ਦੀ ਜਕੜ ਸਥਾਈ ਹੋ ਜਾਂਦੀ ਹੈ। ਕਿਉਂਕਿ ਉਨ੍ਹਾਂ ਕੋਲ ਬਹੁਤ ਜ਼ਿਆਦਾ ਜਾਣਕਾਰੀ ਹੁੰਦੀ ਹੈ, ਇਸ ਲਈ ਉਹਨਾਂ ਨੂੰ ਕੱਢਣਾ ਜਾਂ ਪਿੱਛਾ ਛੁਡਾਉਣਾ ਸੌਖਾ ਨਹੀਂ ਹੁੰਦਾ। ਅਜਿਹੇ ਆਦਮੀ ਖ਼ਤਰਨਾਕ ਹੁੰਦੇ ਹਨ।

ਮੈਂ ਮਥਾਈ ਬਾਰੇ ਪਛੜ ਕੇ ਨਿਰਣਾ 'ਨੋਇਲ ਕੋਵਾਰਡ' 'ਚੋਂ ਦੇ ਰਿਹਾ ਹਾਂ : "ਉਹ ਇਕ ਛੋਟਾ ਆਦਮੀ ਸੀ, ਇਹ ਉਸ ਦੀ ਔਕੜ ਸੀ। ਛੋਟੀਆਂ ਲੱਤਾਂ ਵਾਲੇ ਵਿਅਕਤੀ ਉੱਤੇ ਕਦੇ ਭਰੋਸਾ ਨਾ ਕਰੋ। ਉਹਨਾਂ ਦੀ ਅਕਲ ਚਿੱਤੜਾਂ ਨੇੜੇ ਹੁੰਦੀ ਹੈ।"

ਮਾਊਂਟ ਬੈਟਨ—ਬੇਲੋਨੀ ਦਾ ਸਰਦਾਰ

ਪਹਿਲਾਂ ਲੰਡਨ ਵਿੱਚ ਤੇ ਦੂਸਰੀ ਵਾਰ ਕੁਝ ਮਹੀਨੇ ਮਗਰੋਂ ਕੈਨੇਡਾ ਵਿੱਚ ਹੋਏ ਅਚਾਨਕ ਮੇਲ, ਮੇਰੇ ਮਨ 'ਤੇ ਘਰ ਕਰੀ ਬੈਠੇ ਹਨ। ਉਸ ਸਮੇਂ ਮੇਰੇ ਵਿੱਚ ਆਪਣੀ ਪ੍ਰਤਿਕ੍ਰਿਆ ਛਾਪਣ ਦਾ ਹੌਸਲਾ ਨਹੀਂ ਸੀ। ਉਹ ਉਸ ਸਮੇਂ ਤਕਦੀਰ ਦਾ ਮਾਲਕ ਸੀ, ਇਕ ਭੇਦਾਇਕ ਵਿਅਕਤਿਤੱਵ ਦਾ ਮਾਲਕ, ਜਿਸ ਦੀ ਉਪਮਾ ਲਿਖਣ ਤੋਂ ਬਿਨਾਂ ਕੁਝ ਹੋਰ ਲਿਖਣਾ ਬੜਾ ਗ਼ਲਤ ਹੁੰਦਾ।

ਮਾਊਂਟਬੈਟਨ ਦੀ ਜ਼ੇਗਲਰ ਵੱਲੋਂ ਰਚਿਤ ਅਤਿ ਸ੍ਰੇਸ਼ਟ ਜੀਵਨੀ ਤੋਂ ਮੈਨੂੰ ਯਕੀਨ ਹੁੰਦਾ ਹੈ ਕਿ ਮੇਰਾ ਇਹ ਸ਼ੱਕ ਕਰਨਾ ਗ਼ਲਤ ਨਹੀਂ ਸੀ ਕਿ ਬਾਦਸ਼ਾਹ ਕਦੇ ਨੰਗਾ ਨਹੀਂ ਹੁੰਦਾ ਜਾਂ ਉਹ ਕਦੇ ਪਤਲੇ ਪਾਰਦਰਸ਼ੀ ਵਸਤਰ ਪਹਿਨਦਾ ਹੈ।

ਪਹਿਲੀ ਮੁਲਾਕਾਤ ਅਨਸੂਚਿਤ ਸੀ। ਇੰਡੀਆ ਹਾਊਸ ਵਿੱਚ ਇਕ ਸਵਾਗਤੀ ਸਮਾਰੋਹ ਵਿੱਚ ਲਾਰਡ ਮਾਊਂਟਬੈਟਨ ਮੁੱਖ ਮਹਿਮਾਨ ਸੀ। ਗਲਤੀ ਨਾਲ ਉਹ ਨਿਸ਼ਚਿਤ ਸਮੇਂ ਤੋਂ ਪਹਿਲਾਂ ਪਹੁੰਚ ਗਿਆ ਸੀ ਤੇ ਮੇਜ਼ਬਾਨ ਕ੍ਰਿਸ਼ਨਾ ਮੈਨਨ ਵੀ ਉਹਦੇ ਸੁਆਗਤ ਲਈ ਅਜੇ ਨਹੀਂ ਪਹੁੰਚਿਆ ਸੀ। ਮੈਂ ਉਸ ਦਾ ਸੁਆਗਤ ਕਰਨ ਲਈ ਦੌੜ ਕੇ ਗਿਆ ਤੇ ਭੁਲੇਖੇ ਲਈ ਮਾਫ਼ੀ ਮੰਗੀ ਤੇ ਸੁਝਾਅ ਦਿੱਤਾ ਕਿ ਉਹ ਮੇਰੇ ਆਰਜ਼ੀ ਦਫ਼ਤਰ ਵਿੱਚ ਵਿਸ਼ਰਾਮ ਕਰ ਲੈਣ, ਜਿਹੜਾ ਉਹਨਾਂ ਦੀ ਪਤਨੀ ਲਈ ਰਾਖਵਾਂ ਰਖਿਆ ਗਿਆ ਸੀ ਤੇ ਜਿਸ ਉਪਰ 'ਕਾਊਂਟਸ ਮਾਊਂਟਬੈਟਨ ਆਫ਼ ਬਰਮਾ' ਦੇ ਨਾਮ ਦੀ ਫੱਟੀ ਲੱਗੀ ਹੋਈ ਸੀ।

ਉਸ ਦਾ ਮਿਜਾਜ਼ ਵਿਗੜ ਗਿਆ। ਉਹ ਪੂਰੀ ਸ਼ਾਨ ਨਾਲ ਇਕ ਐਡਮਿਰਲ ਦੀ ਗੂੜ੍ਹੀ ਨੀਲੀ ਵਰਦੀ ਵਿੱਚ, ਜਿਸ ਉਪਰ ਮੋਢੇ 'ਤੇ ਸੁਨਹਿਰੀ ਬਿੱਲਾ, ਰਿਬਨ ਤੇ ਤਮਗਿਆਂ ਨਾਲ ਭਰੀ ਹਿੱਕ ਸੀ, ਆਇਆ ਸੀ।

ਇਕ ਸ਼ਾਨਦਾਰ ਸੁਆਗਤ ਲਈ ਪ੍ਰਭਾਵਸ਼ਾਲੀ ਅੰਦਾਜ਼ ਵਿੱਚ ਅੰਦਰ ਇਕ ਯੋਜਨਾ ਅਨੁਸਾਰ ਦਾਖ਼ਲ ਹੋਣ ਦੀ ਥਾਂ ਉਸ ਨੂੰ ਇਕ ਪਛਾਣ-ਰਹਿਤ ਕਲਰਕ ਵਰਗੇ ਵਿਅਕਤੀ ਨਾਲ ਸਮਾਂ ਗੁਆਉਣਾ ਪਿਆ। ਮੈਂ ਉਸ ਨੂੰ ਖ਼ੁਸ਼ ਰੱਖਣ ਲਈ ਪੂਰਾ ਯਤਨ ਕੀਤਾ। ਮੈਂ ਉਸ ਨੂੰ ਦੇਸ਼ ਦੀ ਵੰਡ ਤੇ ਮਗਰੋਂ ਆਉਣ ਵਾਲੇ ਤੂਫ਼ਾਨੀ ਤੇ ਭਿਆਨਕ ਦਿਨਾਂ ਬਾਰੇ ਪੁੱਛਿਆ। ਉਸ ਨੇ ਉਕਤਾਹਟ ਮਹਿਸੂਸ ਕਰਦਿਆਂ ਇਕ ਅੱਖਰੀ ਉੱਤਰ ਦਿੱਤੇ। ਮੈਂ ਉਸ ਨੂੰ ਉਤੇਜਿਤ ਕਰਨ ਲਈ ਕਿਹਾ, "ਕਈ ਲੋਕ ਮਹਿਸੂਸ ਕਰਦੇ ਹਨ ਕਿ ਜੇ ਤੁਸੀਂ ਕਾਹਲੀ ਲਈ ਜ਼ੋਰ ਨਾ ਦਿੱਤਾ ਹੁੰਦਾ ਤਾਂ ਵਸੋਂ ਦਾ ਵਟਾਂਦਰਾ ਵਧੇਰੇ ਸੁਖਾਵਾਂ ਹੁੰਦਾ ਤੇ ਅਸੀਂ ਮਗਰੋਂ ਹੋਣ ਵਾਲੇ ਖ਼ੂਨ ਖ਼ਰਾਬੇ ਤੋਂ ਬਚ ਗਏ ਹੁੰਦੇ।"

ਉਸ ਨੂੰ ਚੋਭ ਮਹਿਸੂਸ ਹੋਈ ਤੇ ਉੱਤਰ ਦੇਣਾ ਪਿਆ। ਉਸ ਨੇ ਗੁੱਸੇ ਨਾਲ ਕਿਹਾ,

"ਮੈਨੂੰ ਰਤਾ ਪ੍ਰਵਾਹ ਨਹੀਂ ਕਿ ਮੇਰੇ ਆਲੋਚਕ ਅੱਜ ਕੀ ਕਹਿੰਦੇ ਹਨ। ਮੇਰੇ ਬਾਰੇ ਫ਼ੈਸਲਾ ਤਾਂ ਇਤਿਹਾਸ ਦੀ ਕਚਹਿਰੀ ਵਿੱਚ ਹੋਵੇਗਾ।"

ਮੈਂ ਉਹਦੀ ਸ਼ਾਨ ਤੇ ਠਾਠ ਉਪਰ ਹੈਰਾਨ ਰਹਿ ਗਿਆ। ਭਾਵੇਂ ਉਹ ਕਿਤਨਾ ਵੀ ਹੱਕ ਬਜਾਨਬ ਸੀ, ਪਰ ਮੈਨੂੰ ਇਕ ਉੱਚੀ ਕੁਲ ਦੇ ਸੁਝਵਾਨ ਅੰਗਰੇਜ਼ ਸਰਦਾਰ ਤੋਂ ਸਦੀਵਤਾ ਦੀ ਕਲਪਨਾ ਦੀ ਆਸ ਨਹੀਂ ਸੀ। ਇਥੇ ਕੁਝ ਵੀ ਪੱਕਾ ਨਹੀਂ।

ਅਗਲੀ ਵਾਰ ਅਚਾਨਕ ਮੁਲਾਕਾਤ ਨੇ ਲਾਰਡ ਮਾਊਂਟਬੇਟਨ ਦੇ ਚਰਿਤਰ ਦੇ ਇਕ ਹੋਰ ਪੱਖ ਨੂੰ ਉਘਾੜਿਆ। ਉਸ ਨੇ ਟੋਰੰਟੋ ਵਿੱਚ ਅੰਤਰਰਾਸ਼ਟਰੀ ਵਪਾਰ ਮੇਲੇ ਦਾ ਉਦਘਾਟਨ ਕਰਨਾ ਸੀ। ਅਚਾਨਕ ਸਾਨੂੰ ਇਤਲਾਹ ਮਿਲੀ ਕਿ ਸਾਹਿਬ ਬਹਾਦਰ ਦੀ ਇੱਛਾ ਹੈ ਕਿ ਉਸ ਲਈ ਰੱਖਿਆ-ਦਸਤੇ ਦਾ ਪ੍ਰਬੰਧ ਭਾਰਤੀ ਉੱਚ ਆਯੁਕਤ ਕੈਨੇਡਾ ਵੱਲੋਂ ਕੀਤਾ ਜਾਵੇ। ਅਸੀਂ ਇਹ ਜਾਣ ਕੇ ਬੜੇ ਖ਼ੁਸ਼ ਸੀ ਕਿ ਉਸ ਨੂੰ ਭਾਰਤ ਨਾਲ ਇਨਾ ਪਿਆਰ ਹੈ ਕਿ ਵਾਇਸਰਾਇ ਤੇ ਗਵਰਨਰ ਜਨਰਲ ਦਾ ਪਦ ਤਿਆਗਣ ਪਿੱਛੋਂ ਵੀ ਉਹ ਭਾਰਤੀ ਸੰਬੰਧਾਂ ਨੂੰ ਕਾਇਮ ਰੱਖਣਾ ਚਾਹੁੰਦਾ ਹੈ।

ਗਰਮੀ ਦੀ ਰੁੱਤ ਦੀ ਨਿੱਘੀ, ਚਮਕਦੀ ਸਵੇਰ ਸੀ। ਬਹੁਤ ਭਾਰੀ ਇਕੱਠ ਸੀ। ਉਹ ਆਪਣੀ ਰੋਲਜ਼ ਰਾਇਸ 'ਤੇ ਯੂਨੀਅਨ ਜੈਕ ਝੰਡਾ ਲਾਈ ਪਹੁੰਚ ਗਿਆ। ਇਸ ਵਾਰ ਉਸ ਨੇ ਸਾਰਕ ਦੀ ਖੱਲ ਦੀ ਸਫ਼ੈਦ ਵਰਦੀ ਪਹਿਨੀ ਹੋਈ ਸੀ ਤੇ ਇਸ ਉਪਰ ਉਹੋ ਸੁਨਹਿਰੀ ਬਿੱਲਾ ਚਾਂਦੀ ਵੰਨਾ ਗੋਟਾ ਤੇ ਤਗ਼ਮੇ ਲੱਗੇ ਹੋਏ ਸਨ। ਅਸੀਂ ਉਸ ਪਿੱਛੇ ਕਤਾਰ ਵਿੱਚ ਖਲੋ ਗਏ। ਉਹਦੇ ਪਿੱਛੇ ਦੋ ਦਾੜ੍ਹੀ ਵਾਲੇ ਸਰਦਾਰ ਕਾਲੀਆਂ ਸ਼ੇਰਵਾਨੀਆਂ ਤੇ ਚੂੜੀਦਾਰ ਪਜਾਮੇ ਪਾਈ ਖੜ੍ਹੇ ਸਨ ਤੇ ਉਹਨਾਂ ਪਿੱਛੇ ਸਾਡੀ ਥਲ, ਸਮੁੰਦਰੀ ਤੇ ਹਵਾਈ ਸੈਨਾ ਫ਼ੌਜ ਦੇ ਰਾਜਦੂਤ ਸਹਿਕਾਰੀ ਆਪਣੀ ਆਪਣੀ ਵਰਦੀ 'ਚ ਖੜ੍ਹੇ ਸਨ। ਇਹ ਨਜ਼ਾਰਾ ਵੇਖ ਕੇ ਕੈਨੇਡਾ ਵਾਸੀ ਦੀਵਾਨੇ ਹੋ ਉੱਠੇ। ਇਹ ਤਾਂ ਅੰਗਰੇਜ਼ੀ ਸਾਮਰਾਜ ਦੀ ਆਭਾ ਦੀ ਸਿਖਰ ਸੀ। ਸ਼ਾਨਦਾਰ ਵੇਸ਼-ਭੂਸ਼ਾ ਵਿੱਚ ਲੰਬਾ ਉੱਚਾ ਗੋਰੇ ਰਾਜੇ ਦੀ ਸੁਆਗਤੀ ਰਸਮ ਨੂੰ ਪੂਰਾ ਕਰਨ ਲਈ ਉਸ ਦੀ ਕਾਲੀ ਪਰਜਾ ਹਾਜ਼ਰ ਸੀ। ਜਦੋਂ ਉਹ ਬੋਲਦਾ ਰਿਹਾ ਅਸੀਂ ਉਸ ਪਿੱਛੇ ਖਲੋਤੇ ਰਹੇ। ਉਸਦੇ ਭਾਸ਼ਨ ਵਿੱਚ ਸ਼ਾਹੀ ਖ਼ਾਨਦਾਨ ਨਾਲ ਸੰਬੰਧਾਂ ਦੇ ਸੰਕੇਤ ਸਨ ਜਿਵੇਂ ਕਿ ਬਾਦਸ਼ਾਹ ਮੇਰਾ ਮਮੇਰਾ ਭਰਾ/ਚਚੇਰਾ ਭਰਾ ਹੈ, ਮਲਕਾ ਦਾ ਪਤੀ ਮੇਰਾ ਭਤੀਜਾ ਹੈ, ਮੇਰਾ ਚਾਚਾ ਵੀ ਕਿਸੇ ਥਾਂ ਦਾ ਸਰਦਾਰ ਹੈ--ਆਦਿ।

ਸਮਾਗਮ ਪੂਰੀ ਠਾਠ ਨਾਲ ਚਲਿਆ ਕਿਉਂਕਿ ਬੰਦੋਬਸਤ ਟਿਕਟੀ ਬੂ (ਵਧੀਆ ਵਿਉਂਤਿਆ ਹੋਇਆ) ਸੀ। (ਇਹ ਮਾਊਂਟਬੇਟਨ ਦਾ ਮਨਭਾਉਂਦਾ ਮੁਹਾਵਰਾ ਸੀ)। ਇਸ ਸਾਰੇ ਤਮਾਸ਼ੇ ਦਾ ਵਿਉਂਤਕਾਰ ਆਪਣੇ ਸਮੇਂ ਦੇ ਰਾਜਸੀ ਜਗਤ ਦਾ ਸਰਵੋਤਮ ਤਮਾਸ਼ਾਗਰ ਸੀ।

ਕੀ ਇਸ ਆਦਮੀ ਵਿੱਚ ਕੋਈ ਯੋਗਤਾ ਵਾਲੀ ਗੱਲ ਵੀ ਸੀ? ਮੈਂ ਯਕੀਨ ਨਾਲ ਨਹੀਂ ਕਹਿ ਸਕਦਾ। ਉਹ ਉੱਚ ਘਰਾਣੇ ਵਿੱਚ ਪੈਦਾ ਹੋਇਆ ਸੀ। ਉਸ ਦੀ ਨਾਮਕਰਨ ਰਸਮ ਵਿੱਚ ਮਲਕਾ ਵਿਕਟੋਰੀਆ ਹਾਜ਼ਰ ਸੀ। ਉਹ ਬਹੁਤਾ ਪੜ੍ਹਿਆ ਵੀ ਨਹੀਂ ਸੀ ਕਿਉਂਕਿ ਉਸ ਵਰਗ ਦੇ ਲੋਕ ਪੜ੍ਹਾਈ ਦੀ ਬਹੁਤੀ ਫ਼ਿਕਰ ਨਹੀਂ ਕਰਦੇ ਸਨ।

ਉਹ ਬਹੁਤਾ ਧਨੀ ਵੀ ਨਹੀਂ ਸੀ। ਉਸ ਨੇ ਇਸ ਘਾਟੇ ਨੂੰ ਇਕ ਅਤਿਅੰਤ ਅਮੀਰ ਤੇ ਅੰਸ਼ਕ ਰੂਪ ਵਿੱਚ ਯਹੂਦੀ ਨਸਲ ਦੀ ਪਤਨੀ ਨਾਲ ਵਿਆਹ ਕਰਕੇ ਪੂਰਾ ਕੀਤਾ। ਉਹ ਉਸ ਨੂੰ ਆਦਤਨ ਹੀ ਭੜੂਆ ਬਣਾ ਛੱਡਦੀ ਤੇ ਉਹ ਇਹ ਬੇਇੱਜ਼ਤੀ ਇਸ ਕਰਕੇ ਸਹਿ ਲੈਂਦਾ ਕਿਉਂਕਿ ਉਹ ਉਸ ਦੇ ਪੈਸੇ ਬਿਨਾਂ ਉਸ ਢੰਗ ਦਾ ਜੀਵਨ ਨਹੀਂ ਜੀ ਸਕਦਾ ਸੀ ਜਿਸ ਦੀ ਉਸ ਨੂੰ ਇੱਛਾ ਸੀ। ਉਹ ਅਜਿਹਾ ਗਪੌੜੀ ਸੀ ਜੋ ਆਪਣੇ ਸਾਕ-ਸੰਬੰਧਾਂ ਦਾ ਪੂਰਾ ਲਾਹਾ ਲੈਂਦਾ ਸੀ।

ਪ੍ਰੰਤੂ ਉਸ ਦੇ ਹੱਕ ਵਿੱਚ ਵੀ ਬਹੁਤ ਗੱਲਾਂ ਸਨ। ਉਸ ਵਿੱਚ ਖ਼ਾਨਦਾਨੀ ਘਮੰਡ ਨਹੀਂ ਸੀ ਤੇ ਹਰ ਇਕ ਨਾਲ ('ਹੋਈ ਪਲੋਈ') ਖ਼ੁਸ਼ ਰਹਿ ਸਕਦਾ ਸੀ। ਉਹ ਸੀਮਿਤ ਦ੍ਰਿਸ਼ਟੀ ਦਾ ਮਾਲਕ ਸੀ ਤੇ ਉਹ ਸਿੱਟਿਆਂ ਦੀ ਪ੍ਰਵਾਹ ਕੀਤੇ ਬਿਨਾਂ ਸਾਹਸ ਭਰੇ ਫ਼ੈਸਲੇ ਲੈ ਸਕਦਾ ਸੀ। ਮੈਨੂੰ ਕਿਸੇ ਹੋਰ ਸਮਕਾਲੀ ਬਾਰੇ ਪਤਾ ਨਹੀਂ ਜੋ ਕੇਵਲ ਸਹੀ ਇਸਤਰੀ ਨਾਲ ਵਿਆਹ ਕਰਨ ਕਰਕੇ ਪ੍ਰਸਿੱਧੀ ਪ੍ਰਾਪਤ ਕਰ ਗਿਆ ਹੋਵੇ ਤੇ ਇਸ ਲਈ ਵੀ ਕਿ ਕਿਸਮਤ ਉਹਦੇ ਵੱਲ ਸੀ। ਜ਼ੇਗਲਰ ਬਿਲਕੁਲ ਦਰੁੱਸਤ ਹੈ ਜਦੋਂ ਉਹ ਉਸ ਦੇ ਚਿੱਤਰ ਦਾ ਸਾਰ ਹੇਠ ਲਿਖੇ ਸ਼ਬਦਾਂ 'ਚ ਪੇਸ਼ ਕਰਦਾ ਹੈ :

"ਘਾਟਾਂ ਤੋਂ ਬਿਨਾਂ ਮਾਊਂਟਬੈਟਨ ਦੀ ਤਸਵੀਰ ਵਿਸ਼ਵਾਸਯੋਗ ਨਾ ਹੁੰਦੀ, ਕਿਉਂਕਿ ਬਾਕੀ ਚੀਜ਼ਾਂ ਵਾਂਗ ਉਸ ਦੇ ਵਿੱਚ ਦੋਸ਼ ਵੀ ਭਾਰੀ ਮਾਤਰਾ ਵਿੱਚ ਸਨ। ਉਸ ਦਾ ਗ਼ਰੂਰ ਭਾਵੇਂ ਬਚਗਾਨਾ ਸੀ, ਪਰ ਇਹ ਬਹੁਤ ਅਜੀਬ ਤੇ ਡਰਾਉਣਾ ਸੀ। ਉਸ ਦੇ ਹੱਥਾਂ ਵਿੱਚ ਸੱਚ ਰੂਪ ਵਟਾ ਜਾਂਦਾ ਤੇ ਅਸਲ ਨਾਲੋਂ ਇੱਛਤ ਰੂਪ ਧਾਰ ਲੈਂਦਾ। ਉਸ ਨੇ ਇਤਿਹਾਸ ਦੇ ਤੱਥਾਂ ਤੋਂ ਬੇਪ੍ਰਵਾਹ ਹੋ ਕੇ ਆਪਣੀਆਂ ਪ੍ਰਾਪਤੀਆਂ ਵਧਾ ਕੇ ਇਤਿਹਾਸ ਲਿਖਣ ਦੀ ਕੋਸ਼ਿਸ਼ ਕੀਤੀ। ਇਕ ਵਕਤ ਅਜਿਹਾ ਵੀ ਆਇਆ ਜਦੋਂ ਮੈਂ ਮਹਿਸੂਸ ਕੀਤਾ ਕਿ ਉਸ ਨੇ ਮੈਨੂੰ ਬੇਵਕੂਫ਼ ਬਣਾਉਣ ਦੀ ਪੂਰੀ ਵਾਹ ਲਾਈ ਤੇ ਮੈਨੂੰ ਬਹੁਤ ਗ਼ੁੱਸਾ ਆਇਆ ਤੇ ਮੈਂ ਆਪਣੇ ਡੈਸਕ 'ਤੇ ਇਸ ਭਾਵ ਦੀ ਸੂਚਨਾ ਲਿਖਣੀ ਜ਼ਰੂਰੀ ਸਮਝੀ।"

"ਯਾਦ ਰੱਖ, ਬਾਵਜੂਦ ਹਰ ਚੀਜ਼ ਦੇ, ਉਹ ਮਹਾਨ ਸੀ।"

ਰਜਨੀ ਪਟੇਲ : ਲੱਖਪਤੀ ਮਾਰਕਸਵਾਦੀ

ਲੋਕ ਲਹੂ-ਮਾਸ ਵਾਲੇ ਵਿਅਕਤੀ ਨੂੰ ਉਹਦੀ ਮੌਤ 'ਤੇ ਕਿਉਂ ਨੀਰਸ ਸ਼ਰਧਾਂਜਲੀ ਭੇਟ ਕਰਦੇ ਹਨ? ਰਜਨੀ ਪਟੇਲ ਦਾ ਕੱਦ-ਅਕਾਰ ਉਹਦੇ ਜੀਵਨ ਨਾਲੋਂ ਵੀ ਉਚੇਰਾ ਸੀ ਤੇ ਉਸਦੀ ਜ਼ਿੰਦਗੀ ਵਿੱਚ ਚੰਗੇ-ਮਾੜੇ ਅੰਸ਼ ਭਰਪੂਰ ਮਾਤਰਾ ਵਿੱਚ ਸਨ, ਜਿਨ੍ਹਾਂ ਨੇ ਉਸ ਨੂੰ ਬਿਜਲਈ ਸ਼ਕਤੀ ਦਾ ਉਤਪਾਦਕ ਮਨੁੱਖੀ ਡੈਨਮੋ ਬਣਾ ਦਿੱਤਾ ਸੀ। ਪ੍ਰੰਤੂ ਸਾਡੇ ਬਦਬਖ਼ਤ ਸਿਆਸਤਦਾਨਾਂ ਤੇ ਪੱਤਰਕਾਰਾਂ ਨੇ ਉਸ ਬਾਰੇ ਵੀ ਘਸੇਪਿਟੇ ਸ਼ਬਦਾਂ ਵਿੱਚ ਕੀਰਤੀ ਭਰੇ ਸ਼ਬਦ ਕਹੇ ਜਿਵੇਂ ਉਹ ਆਮ ਕਰਕੇ ਪ੍ਰਸਿੱਧ ਵਿਅਕਤੀ ਦੇ ਤੁਰ ਜਾਣ 'ਤੇ ਕਹਿੰਦੇ ਹਨ ਕਿ ਉਹ 'ਭਾਰਤ ਦਾ ਮਹਾਨ ਸਪੂਤ' ਸੀ, ਉਹ 'ਇਕ ਸੁਤੰਤਰਤਾ ਸੰਗਰਾਮੀਆ' ਸੀ, 'ਮਹਾਨ ਕਾਨੂੰਨਦਾਨ' ਸੀ। ਰਜਨੀ ਨੂੰ ਮੌਤ ਦੇ ਮਗਰੋਂ ਜਿਗਰ ਦੇ ਕੈਂਸਰ ਜਾਂ ਦਿਲ ਦੀ ਹਰਕਤ ਬੰਦ ਹੋਣ ਵਾਲੀ ਭੈੜੀ ਮੌਤ ਦੇ ਟਾਕਰੇ 'ਤੇ ਇਹਨਾਂ ਤੁੱਛ ਤੇ ਫੋਕੇ ਉਪਦੇਸ਼ਾਂ ਕਰਕੇ ਕਿਤੇ ਵਧੇਰੇ ਕਸ਼ਟਦਾਇਕ ਮੌਤ ਦੇ ਕੋਹਲੂ 'ਚੋਂ ਲੰਘਣਾ ਪਿਆ ਹੋਵੇਗਾ।

ਰਜਨੀ ਵਿੱਚ ਬਹੁਤ ਪਿਆਰੀਆਂ ਮੋਹ ਲੈਣ ਵਾਲੀਆਂ ਖ਼ੂਬੀਆਂ ਸਨ। ਉਹਦੇ ਵਿੱਚ ਦੋਸਤੀ ਦੀ ਕੁਦਰਤੀ ਦਾਤ ਸੀ। ਉਹ ਉਸ ਸਮੇਂ ਵੀ ਉਹਨਾਂ ਲੋਕਾਂ ਦਾ ਸਾਥ ਦਿੰਦਾ ਸੀ ਜਦੋਂ ਉਸ ਨੂੰ ਪਤਾ ਹੁੰਦਾ ਸੀ ਕਿ ਉਹ ਸਹੀ ਨਹੀਂ ਸਨ। ਉਸ ਵਿੱਚ ਸ਼ਾਹਾਨਾ ਖੁੱਲ੍ਹਦਿਲੀ ਸੀ। ਉਹ ਸ਼ਰਾਬ ਦਾ ਤੇ ਸੁੰਦਰ ਤੀਵੀਆਂ ਦਾ ਸ਼ੌਕੀਨ ਸੀ। ਉਸ ਵਿੱਚ ਕੁਝ ਔਗੁਣ ਵੀ ਸਨ। ਉਸ ਵਿੱਚ ਸਿਆਸੀ ਤੇ ਮਾਇਆ ਪੱਖੋਂ ਇਮਾਨਦਾਰੀ ਦੀ ਘਾਟ ਸੀ। ਉਹ ਜਿਸ ਚੀਜ਼ ਦਾ ਪ੍ਰਚਾਰਕ ਸੀ, ਆਪ ਉਸ 'ਤੇ ਅਮਲ ਨਹੀਂ ਕਰਦਾ ਸੀ। ਉਹ ਜਾਣ-ਬੁੱਝ ਕੇ ਅਫ਼ਵਾਹਾਂ ਫੈਲਾ ਦਿੰਦਾ ਸੀ। ਅੱਧੀ ਸਦੀ ਤੋਂ, ਜਦ ਤੋਂ, ਮੈਂ ਉਸ ਨੂੰ ਜਾਣਦਾ ਹਾਂ, ਮੈਂ ਉਸ ਵਿੱਚ ਦੋਵੇਂ ਪੱਖ ਦੇਖੇ ਹਨ। ਪ੍ਰੰਤੂ ਉਸ ਵਿੱਚ ਆਪਣੇ ਦੋਸਤਾਂ ਪ੍ਰਤੀ ਇਨਾ ਪਿਆਰ ਸੀ ਕਿ ਸਾਡੇ ਵਿੱਚੋਂ ਕੋਈ ਵੀ ਉਸ ਨਾਲ ਨਾਤਾ ਤੋੜਨ ਦਾ ਹੌਸਲਾ ਨਹੀਂ ਕਰ ਸਕਦਾ ਸੀ। ਵੱਧ ਤੋਂ ਵੱਧ ਸਾਡੇ 'ਚੋਂ ਜੇ ਕੋਈ ਕਰ ਸਕਿਆ ਸੀ ਤਾਂ ਉਹ ਇਹੋ ਸੀ ਕਿ ਉਹਦੀ ਮਿੱਤਰ ਮੰਡਲੀ 'ਚੋਂ ਹੌਲੀ-ਹੌਲੀ ਛੁਟਕਾਰਾ ਪਾ ਲੈਂਦਾ।

ਮੈਂ ਪਹਿਲਾਂ ਰਜਨੀ ਪਟੇਲ ਨੂੰ ਉਸ ਸਮੇਂ ਮਿਲਿਆ ਜਦੋਂ ਉਹ ਕੈਂਬਰਜ ਯੂਨੀਵਰਸਿਟੀ ਵਿੱਚ ਸੀ। ਉਹ ਪੱਕਾ ਕਮਿਊਨਿਸਟ ਸੀ। ਮੈਂ ਕਮਿਊਨਿਸਟ ਨਹੀਂ ਸੀ। ਸਾਡੀ ਵਾਰਤਾਲਾਪ ਦਾ ਅੰਤ ਝਗੜੇ ਵਿੱਚ ਹੀ ਹੁੰਦਾ। ਇਕ ਵਾਰ ਕ੍ਰਿਸ਼ਨਾ ਮੈਨਨ, ਰਜਨੀ ਪਟੇਲ ਤੇ ਮੈਨੂੰ ਤਿੰਨਾਂ ਨੂੰ ਪੈਰਿਸ ਜਾਣ ਲਈ ਇਕੱਠਿਆਂ ਸਫ਼ਰ ਕਰਨਾ ਪਿਆ। ਛੇ ਘੰਟੇ ਦੇ ਲੰਮੇ ਸਫ਼ਰ ਵਿੱਚ ਉਹਨਾਂ ਦੋਹਾਂ ਨੇ ਮੈਨੂੰ ਅਣਗੌਲਿਆਂ ਕਰ ਰੱਖਿਆ। ਜਦੋਂ ਮੈਂ ਬੰਬਈ ਰਹਿਣ ਲੱਗ ਪਿਆ ਤਾਂ ਰਜਨੀ ਕਮਿਊਨਿਸਟ ਪਾਰਟੀ ਦਾ ਮੈਂਬਰ ਨਹੀਂ ਰਿਹਾ ਸੀ ਤੇ ਉਹ ਇੰਦਰਾ

ਗਾਂਧੀ ਦੀ ਕਾਂਗਰਸ ਵਿੱਚ ਸ਼ਾਮਿਲ ਹੋ ਚੁੱਕਾ ਸੀ। ਉਸ ਨੇ ਮੈਨੂੰ ਕਿਹਾ, "ਹੁਣ ਅਸੀਂ ਦੋਵੇਂ ਸਹਿਧਰਮੀ ਭਾਵ ਇਕ ਹੀ ਸੰਸਥਾ ਦੇ ਮੈਂਬਰ ਹਾਂ।" ਉਸ ਪਿੱਛੋਂ ਅਸੀਂ ਹਰ ਹਫ਼ਤੇ ਇਕ-ਦੂਸਰੇ ਦੀ ਮੇਜ਼ਬਾਨੀ ਕਰਦੇ ਰਹੇ।

ਉਸ ਸਮੇਂ ਰਜਨੀ ਦਾ ਆਪਣੀ ਅਤਿਅੰਤ ਸੁੰਦਰ ਪਤਨੀ ਸੁਸ਼ੀਲਾ ਨਾਲ ਤੋੜ-ਵਿਛੋੜਾ ਹੋ ਗਿਆ ਸੀ। ਚਿਤਪਾਵਨ ਬ੍ਰਾਹਮਣ ਹੋਣ ਕਰਕੇ ਉਸਦੀ ਪਤਨੀ ਦਾ ਰੰਗ ਸਕੰਡੇਨੇਵੀਆ ਦੇ ਲੋਕਾਂ ਵਰਗਾ, ਨੈਣ-ਨਕਸ਼ ਯੂਨਾਨੀਆਂ ਵਰਗੇ ਤੇ ਅੱਖਾਂ ਬਿੱਲੀਆਂ ਸਨ। ਉਹਨਾਂ ਦੇ ਤਿੰਨੋਂ ਪੁੱਤਰ ਮਾਂ ਨਾਲ ਰਹਿੰਦੇ ਸਨ। ਰਜਨੀ ਇਕ ਗੁਜਰਾਤੀ ਤਲਾਕਸ਼ੁਦਾ ਬਾਕੁਲ ਭੱਟ ਨਾਮ ਦੀ ਇਸਤਰੀ ਨਾਲ ਰਹਿਣ ਲੱਗ ਪਿਆ ਸੀ ਜੋ ਉਸ ਤੋਂ ਵੀਹ ਸਾਲ ਛੋਟੀ ਸੀ। ਸੁਸ਼ੀਲਾ ਨੇ ਧੋਖਾ ਦੇਣ ਕਾਰਨ ਉਸ ਨੂੰ (ਰਜਨੀ) ਕਦੇ ਮਾਫ਼ ਨਾ ਕੀਤਾ ਤੇ ਜਨਤਕ ਸਮਾਗਮਾਂ ਵਿੱਚ ਉਸ ਨੂੰ ਬਹੁਤ ਪ੍ਰੇਸ਼ਾਨ ਕਰਿਆ ਕਰਦੀ।

ਰਜਨੀ ਤੇ ਬਾਕੁਲ, ਸਪੱਸ਼ਟ ਸੀ ਕਿ ਇਕ-ਦੂਸਰੇ ਨੂੰ ਬਹੁਤ ਪਿਆਰ ਕਰਦੇ ਸਨ, ਪਰ ਬਹੁਤ ਸਾਲਾਂ ਪਿੱਛੋਂ ਅੱਧੀ ਰਾਤ ਨੂੰ ਇਕ ਸਮਾਗਮ ਸਮੇਂ ਜਦ ਸ਼ਰਾਬ ਦੀਆਂ ਮਦਮਸਤੀਆਂ ਵਿੱਚ ਰਜਨੀ ਪਿਆਲੇ 'ਤੇ ਪਿਆਲਾ ਚੜ੍ਹਾ ਰਿਹਾ ਸੀ, ਤਦ ਉਹਨਾਂ ਦੋਹਾਂ ਦੇ ਪਤੀ-ਪਤਨੀ ਹੋਣ ਦਾ ਐਲਾਨ ਕੀਤਾ ਗਿਆ।

ਰਜਨੀ ਦੀ ਜਿਤਨੀ ਪ੍ਰਸਿੱਧੀ ਸੀ ਉਤਨੀ ਹੀ ਬਦਨਾਮੀ ਵੀ ਸੀ। ਉਸ ਦਾ ਕੋਈ ਰਾਜਸੀ ਆਧਾਰ ਨਹੀਂ ਸੀ। ਉਸ ਨੂੰ ਮਜ਼ਦੂਰ ਨੇਤਾ ਕਹਿਣਾ ਬਿਲਕੁਲ ਹੀ ਫ਼ਜ਼ੂਲ ਸੀ ਕਿਉਂਕਿ ਆਪਣੀ ਤਾਕਤ ਦੇ ਬਲ ਤਾਂ ਉਹ ਜ਼ਿਲ੍ਹਾ ਬੋਰਡ ਦੀ ਉਪ-ਚੋਣ ਵੀ ਜਿੱਤ ਸਕਣ ਦੇ ਸਮਰੱਥ ਨਾ ਹੁੰਦਾ। ਉਸ ਦੇ ਅਧਿਕਾਰ ਕਾਲ ਵਿੱਚ ਬੰਬਈ ਪ੍ਰਦੇਸ਼ ਕਾਂਗਰਸ ਕਮੇਟੀ ਇਕ ਧਨਾਢ ਕੰਪਨੀ ਦੇ ਡਾਇਰੈਕਟਰਾਂ ਦਾ ਬੋਰਡ ਬਣ ਕੇ ਹੀ ਰਹਿ ਗਈ ਸੀ। ਉਹ ਵਪਾਰੀਆਂ ਤੇ ਸਿਆਸਤਦਾਨਾਂ ਦੇ ਸਹਿਯੋਗ ਦੇ ਮਾਰਗ ਦਾ ਮੋਢੀ ਸੀ। ਜਿਸ ਢੰਗ ਨਾਲ ਰਜਨੀ ਅਮੀਰਾਂ ਤੋਂ ਰੁਪਏ ਬਟੋਰਦਾ ਸੀ, ਉਸ ਦੇ ਮੁਕਾਬਲੇ ਤਾਂ ਐੱਸ.ਕੇ. ਪਾਟਿਲ ਤੇ ਅਤੁੱਲਯਾ ਘੋਸ਼ ਜਿਹੇ ਪੂਰਵਗਾਮੀ ਚੰਦਾ ਉਗਰਾਹੁਣ ਵਾਲੇ ਕਰਮਚਾਰੀ ਹੀ ਲੱਗਦੇ ਸਨ। ਮੈਨੂੰ ਉਹ ਸ਼ਾਮ ਯਾਦ ਹੈ ਜਦੋਂ ਉਸ ਨੇ ਔੜ ਮਾਰੇ ਮਹਾਰਾਸ਼ਟਰ ਦੀ ਸਹਾਇਤਾ ਕਰਨ ਲਈ ਧਨ ਇਕੱਠਾ ਕਰਨ ਲਈ ਲੱਖਪਤੀਆਂ ਦੀ ਟੋਲੀ ਨੂੰ ਬੁਲਾਇਆ। ਅਸੀਂ ਰਾਇਲ ਸਲੂਟ ਸਕਾਚ (ਜਿਸਦੀ ਕੀਮਤ 1500/-ਰੁਪਏ ਬੋਤਲ ਸੀ) ਤੇ ਫ਼ਰਾਂਸੀਸੀ ਸ਼ੈਂਪੇਨ ਨਾਲ ਕਾਲ ਤੇ ਭੁੱਖਮਰੀ ਬਾਰੇ ਚਰਚਾ ਕਰਦੇ ਰਹੇ।

ਰਜਨੀ ਦੀ ਹਰ ਪਾਰਟੀ 'ਤੇ, ਆਮ ਵਾਂਗ ਹੀ, ਬਾਕੁਲ ਵਿੱਚੋਂ ਆ ਕੇ ਵਿਚਾਰ ਚਰਚਾ ਨੂੰ ਇਹ ਕਹਿ ਕੇ ਭੰਗ ਕਰ ਦਿੰਦੀ ਕਿ ਫ਼ੋਨ 'ਤੇ ਉਸ ਨਾਲ ਪ੍ਰਧਾਨ ਮੰਤਰੀ ਜਾਂ ਉਸ ਦੇ ਮੰਤਰੀ ਮੰਡਲ ਦਾ ਕੋਈ ਸਦੱਸ ਗੱਲ ਕਰਨੀ ਚਾਹੁੰਦਾ ਹੈ। ਜਿਹੜੇ ਉਥੇ ਪਹਿਲੀ ਵਾਰ ਆਏ ਹੁੰਦੇ, ਬੜਾ ਪ੍ਰਭਾਵਿਤ ਹੁੰਦੇ।

ਪ੍ਰੰਤੂ, ਇਸ ਗੱਲ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਜਿਸ ਆਦਮੀ ਦੀ ਥੋੜ੍ਹੀ ਜਿਹੀ ਹੈਸੀਅਤ ਸੀ, ਉਹ ਰਜਨੀ ਦੀ ਸਰਪ੍ਰਸਤੀ ਚਾਹੁੰਦਾ ਸੀ। ਮੈਂ ਉਹਨਾਂ ਮੁੱਖ ਮੰਤਰੀਆਂ, ਰਾਜਪਾਲਾਂ, ਲੱਖਪਤੀਆਂ, ਜਰਨੈਲਾਂ, ਜੰਗੀ ਬੇੜੇ ਦੇ ਮੁਖੀਆਂ ਤੇ

ਸਿਆਸਤਦਾਨਾਂ ਦੀ ਗਿਣਤੀ ਨਹੀਂ ਕਰ ਸਕਦਾ ਜਿਨ੍ਹਾਂ ਨੂੰ ਮੈਂ ਉਸਦੇ ਘਰ ਵਿੱਚ ਮਿਲਿਆ।

ਰਜਨੀ ਦੇ ਚਰਿਤਰ ਦੇ ਦੋਵੇਂ ਪੱਖ ਇਕ-ਦੂਸਰੇ ਵਿੱਚ ਘੁਲੇ-ਮਿਲੇ ਸਨ। ਇਕ ਵਾਰ ਉਸ ਦਾ ਇਕ ਬੇਟਾ ਕਾਰ-ਦੁਰਘਟਨਾ ਵਿੱਚ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ ਸੀ ਤੇ ਉਸ ਨੂੰ ਕਈ ਹਫ਼ਤੇ ਤੱਕ ਜਸਲੋਕ ਹਸਪਤਾਲ ਵਿੱਚ ਵਿਸ਼ੇਸ਼ ਨਿਗਰਾਨੀ (ਆਈ.ਸੀ.ਯੂ.) ਵਿੱਚ ਰਖਿਆ ਗਿਆ। ਉਸ ਸਮੇਂ ਰਜਨੀ ਨੇ ਮਿਲਣ ਆਉਣ ਵਾਲਿਆਂ ਦੀ ਭੀੜ ਲਈ ਪਹਿਲੀ ਮੰਜ਼ਿਲ 'ਤੇ ਕਮਰੇ ਰਾਖਵੇਂ ਕਰਵਾ ਲਏ ਸਨ। ਉਹਨਾਂ ਦੀ ਸੇਵਾ ਚਾਹ, ਕਾਫ਼ੀ, ਸਕਾਚ ਤੇ ਖਾਣ ਵਾਲੇ ਸੇਵਨਾਂ ਨਾਲ ਕੀਤੀ ਜਾਂਦੀ ਸੀ। ਲੜਕੇ ਦੀ ਹਾਲਤ ਬਾਰੇ ਜਾਣਕਾਰੀ ਦੇਣ ਲਈ ਅੰਤਰ-ਸੰਚਾਰ ਦੀ ਵਿਵਸਥਾ ਸੀ। ਹਸਪਤਾਲ ਵਿੱਚ ਜਦ ਮੈਂ ਆਖ਼ਰੀ ਵਾਰ ਗਿਆ ਤਾਂ ਮੈਨੂੰ ਲੜਕੇ ਨੂੰ ਮਿਲਣ ਦੀ ਆਗਿਆ ਦਿੱਤੀ ਗਈ। ਜਦੋਂ ਮੈਂ ਬਾਹਰ ਆਇਆ ਤਾਂ ਧੌਲੇ ਵਾਲਾਂ ਵਾਲੀ ਬਜ਼ੁਰਗ ਪਰ ਸੁੰਦਰ ਇਸਤਰੀ ਜੋ ਸਟੂਲ 'ਤੇ ਬੈਠੀ ਸੀ, ਉੱਠ ਖੜ੍ਹੀ ਹੋਈ ਤੇ ਮੈਨੂੰ ਸੰਬੋਧਿਤ ਹੋ ਕੇ ਪੁੱਛਣ ਲੱਗੀ, "ਕ੍ਰਿਪਾ ਕਰਕੇ ਦੱਸਣਾ ਕਿ ਲੜਕੇ ਦੀ ਹਾਲਤ ਕੈਸੀ ਹੈ?" ਮੈਂ ਹਾਲਤ ਦੱਸੀ, ਪਰ ਨਾਲ ਇਹ ਵੀ ਕਿਹਾ ਕਿ ਉਹ ਆਪ ਜਾ ਕੇ ਵੀ ਉਸ ਨੂੰ ਦੇਖ ਸਕਦੀ ਹੈ। ਉਸ ਨੇ ਬਿਨਾਂ ਭਾਵੁਕ ਹੋਇਆਂ ਉੱਤਰ ਦਿੱਤਾ, "ਮੈਨੂੰ ਅੰਦਰ ਜਾਣ ਦੀ ਇਜਾਜ਼ਤ ਨਹੀਂ ਹੈ।" ਉਹ ਲੜਕੇ ਦੀ ਮਾਂ, ਸੁਸ਼ੀਲਾ ਪਟੇਲ ਸੀ।

ਗੁਰਚਰਨ ਸਿੰਘ ਟੌਹੜਾ—ਬੇਤਾਜ ਬਾਦਸ਼ਾਹ

ਆਖ਼ਰੀ ਵਾਰ ਮੈਂ ਗੁਰਚਰਨ ਸਿੰਘ ਟੌਹੜਾ ਨੂੰ ਟੀ.ਵੀ. ਦੇ ਪਰਦੇ 'ਤੇ ਉਸ ਵੇਲੇ ਦੇਖਿਆ ਜਦੋਂ ਉਹ ਹਰਿਮੰਦਰ (ਸਵਰਨ ਮੰਦਿਰ) ਵਿੱਚ ਸ਼ਬਦ-ਗਾਇਨ ਕਰ ਰਹੇ ਰਾਗੀਆਂ ਦੇ ਪਿੱਛੇ ਬੈਠਾ ਹੋਇਆ ਸੀ। ਸਵੇਰ ਦਾ ਵੇਲਾ ਸੀ। ਟੌਹੜਾ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਹੋਣ ਦੇ ਨਾਤੇ ਅੰਮ੍ਰਿਤਸਰ ਸਰੋਵਰ ਵਿੱਚੋਂ, ਪਿਛਲੇ 20 ਸਾਲਾਂ ਦੀ ਇਕੱਠੀ ਹੋਈ ਗਾਰ, ਕਢਵਾਉਣ ਲਈ ਕਾਰ ਸੇਵਾ ਦਾ ਆਰੰਭ ਕੀਤਾ ਸੀ। ਇਸ ਵਿੱਚ 20 ਲੱਖ ਪੁਰਸ਼ਾਂ ਤੇ ਇਸਤਰੀਆਂ ਦੇ ਭਾਗ ਲੈਣ ਦੀ ਆਸ ਸੀ। ਉਸ ਸਮੇਂ ਰਾਗੀ ਜੋ ਸ਼ਬਦ ਗਾ ਰਹੇ ਸਨ, ਉਹ ਮੌਕੇ ਅਨੁਸਾਰ ਬੜਾ ਢੁੱਕਵਾਂ ਸੀ,

ਸਤਿਗੁਰ ਕੀ ਸੇਵਾ ਸਫਲ ਹੈ ਜੇ ਕੋ ਕਰੇ ਚਿਤੁ ਲਾਇ॥

ਕੁਝ ਘੰਟੇ ਪਿੱਛੋਂ ਹੀ ਉਸ ਨੂੰ ਦਿਲ ਦਾ ਵੱਡਾ ਦੌਰਾ ਪਿਆ ਤੇ ਉਸ ਨੂੰ ਹਸਪਤਾਲ ਲਿਜਾਇਆ ਗਿਆ। ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ, ਉਸ ਦਾ ਡਿਪਟੀ ਲਾਲ ਕ੍ਰਿਸ਼ਨ ਅਡਵਾਨੀ, ਪ੍ਰਕਾਸ਼ ਸਿੰਘ ਬਾਦਲ ਤੇ ਪੰਜਾਬੀ ਆਗੂ ਉਸ ਦੀ ਖ਼ੈਰ ਪੁੱਛਣ ਲਈ ਮਿਲਣ ਆਏ। ਟੌਹੜੇ ਨੂੰ ਦਿੱਲੀ ਦੇ ਐਸਕਾਰਟ ਹਸਪਤਾਲ ਵਿੱਚ ਇਸ ਉਮੀਦ ਨਾਲ ਲਿਜਾਇਆ ਗਿਆ ਕਿ ਸ਼ਾਇਦ ਦਿਲ ਦੀ ਸਰਜਰੀ ਨਾਲ ਉਸ ਨੂੰ ਬਚਾਇਆ ਜਾ ਸਕੇ, ਪਰ ਅਜਿਹਾ ਕੀਤੇ ਜਾਣ ਤੋਂ ਪਹਿਲਾਂ ਹੀ ਉਹ ਮੌਤ ਹੱਥੋਂ ਹਾਰ ਗਿਆ। ਉਹ ਅੱਧੀ ਰਾਤ ਤੋਂ ਕੁਝ ਮਿੰਟ ਪਿੱਛੋਂ ਹੀ ਪਹਿਲੀ ਅਪ੍ਰੈਲ ਨੂੰ ਚਲਾਣਾ ਕਰ ਗਿਆ।

ਅਜਿਹਾ ਸਮਾਂ ਨੇਤਾਵਾਂ ਦੇ ਤੁਰ ਜਾਣ ਲਈ ਯੋਗ ਨਹੀਂ ਹੁੰਦਾ ਕਿਉਂਕਿ ਅਜਿਹੇ ਸਮੇਂ ਤਾਂ ਦੈਨਿਕ ਸਮਾਚਾਰ ਪੱਤਰ ਛਪਣ ਲਈ ਤਿਆਰ ਹੁੰਦੇ ਹਨ ਤੇ ਪਹਿਲੇ ਪੰਨੇ 'ਤੇ ਛਪਣ ਲਈ ਥਾਂ ਨਹੀਂ ਰਹਿੰਦੀ। ਇਸ ਤੋਂ ਬਿਨਾਂ ਭਾਰਤ-ਪਾਕਿਸਤਾਨ ਵਿਰੁੱਧ ਸ਼ਾਨਦਾਰ ਕ੍ਰਿਕਟ ਮੈਚ ਜਿੱਤਣ ਲਈ ਪਰ (ਖੰਭ) ਤੋਲ ਰਿਹਾ ਸੀ। ਅਤੇ ਲਕਸ਼ਮੀ ਪੰਡਿਤ ਨੇ 'ਮਿਸ ਇੰਡੀਆ' ਦੀ 'ਸੁੰਦਰਤਾ ਪ੍ਰਤਿਯੋਗਤਾ' ਵਿੱਚ ਮਿਸ ਇੰਡੀਆ ਦਾ ਵਿਸ਼ਵ ਖ਼ਿਤਾਬ ਜਿੱਤਣ ਖ਼ਾਤਿਰ ਆਪਣੀ ਉਮਰ ਅਤੇ ਵਿਵਾਹਕ ਅਵਸਥਾ ਬਾਰੇ ਬਿਆਨ ਦੇਣਾ ਸੀ। ਇਸ ਕਾਰਨ ਟੌਹੜਾ ਦੇ ਵਿਛੋੜੇ ਬਾਰੇ ਸਮਾਚਾਰ ਪੱਤਰਾਂ ਵਿੱਚ ਉਹ ਢੁੱਕਵਾਂ ਸਥਾਨ ਨਾ ਦਿੱਤਾ ਗਿਆ, ਜਿਸਦਾ ਉਹ ਹੱਕਦਾਰ ਸੀ।

ਉਹ ਅੱਧੀ ਸਦੀ ਸਿੱਖ ਰਾਜਨੀਤੀ 'ਤੇ ਛਾਇਆ ਰਿਹਾ। ਉਹ ਸਿੱਖਾਂ ਦਾ ਬੇਤਾਜ ਬਾਦਸ਼ਾਹ ਬਣ ਸਕਦਾ ਸੀ ਤੇ ਸਿੱਖ ਸਮਾਜ ਦੇ ਇਤਿਹਾਸ ਵਿੱਚ ਉਸ ਦੇ ਜੀਵਨ ਬਾਰੇ ਪੂਰਾ ਕਾਂਡ ਲਿਖਿਆ ਜਾ ਸਕਦਾ ਸੀ, ਪਰ ਉਹ ਸਭ ਤੋਂ ਸ਼ਕਤੀਸ਼ਾਲੀ ਜੱਥੇਦਾਰ ਹੀ ਬਣ ਸਕਿਆ ਤੇ ਉਸ ਦਾ ਨਾਮ ਹੁਣ ਸਿਰਫ਼ ਪੱਗ ਟਿੱਪਣੀਆਂ ਵਿੱਚ ਹੀ ਦੇਖਿਆ ਜਾਵੇਗਾ।

ਗੁਰਚਰਨ ਸਿੰਘ ਟੌਹੜਾ ਦਾ ਜਨਮ 1924 ਵਿੱਚ ਪਟਿਆਲਾ ਜ਼ਿਲ੍ਹੇ ਦੇ ਪਿੰਡ ਟੌਹੜਾ ਵਿੱਚ ਇਕ ਛੋਟੇ ਕਿਸਾਨ ਦੇ ਘਰ ਹੋਇਆ। ਪਿੰਡ ਦਾ ਨਾਮ ਹੀ ਉਸਦਾ ਉਪਨਾਮ ਜਾਂ ਅੱਲ ਬਣ ਗਿਆ।

ਉਹ ਟਿਵਾਨਾ ਗੋਤ ਦਾ ਜੱਟ ਸੀ ਤੇ ਆਮ ਜੱਟ ਸਿੱਖਾਂ ਵਾਂਗ ਉਹ ਲੰਬਾ, ਰਿਸ਼ਟ ਪੁਸ਼ਟ ਤੇ ਪ੍ਰਭਾਵਸ਼ਾਲੀ ਦਿੱਖ ਦਾ ਸੁਆਮੀ ਸੀ। ਉਹ ਸਾਧਾਰਨ ਵਿਦਿਆ ਦਾ ਮਾਲਕ ਸੀ, ਪਰ ਉਸ ਨੂੰ ਗੁਰਬਾਣੀ ਤੇ ਪੰਜਾਬੀ ਬਾਰੇ ਚੰਗਾ ਗਿਆਨ ਸੀ। ਉਹ ਪੰਜਾਬੀ ਲਹਿਜੇ ਵਿੱਚ ਹਿੰਦੁਸਤਾਨੀ ਬੋਲਦਾ ਸੀ। ਉਹ ਅੰਗਰੇਜ਼ੀ ਸਮਝਦਾ ਸੀ, ਪਰ ਬੋਲ ਨਹੀਂ ਸਕਦਾ ਸੀ। ਉਸ ਨੇ ਸਿੱਖ ਰਾਜਨੀਤੀ ਵਿੱਚ ਉਸ ਸਮੇਂ ਪ੍ਰਵੇਸ਼ ਕੀਤਾ ਜਦੋਂ ਉਹ ਆਪਣੇ ਉਮਰ ਦੇ ਵੀਹਵਿਆਂ ਵਿੱਚ ਹੀ ਸੀ। ਦੇਸ਼ ਦੀ ਵੰਡ ਪਿੱਛੋਂ ਜਦੋਂ ਸਿੱਖ ਵਸੋਂ ਸਮੂਹਿਕ ਰੂਪ ਵਿੱਚ ਉਸ ਇਲਾਕੇ ਵਿੱਚੋਂ, ਜੋ ਹੁਣ ਪਾਕਿਸਤਾਨ ਬਣ ਗਿਆ ਸੀ, ਹਿਜਰਤ ਕਰਕੇ ਸਾਰੇ ਭਾਰਤ ਵਿੱਚ ਫੈਲ ਗਈ ਤਾਂ ਪੱਛਮੀ ਪੰਜਾਬ ਵਿੱਚੋਂ ਆਏ ਨੇਤਾਵਾਂ ਹੱਥੋਂ ਰਾਜਸੀ ਸ਼ਕਤੀ ਦੀ ਵਾਗਡੋਰ ਮਲਵਈ ਤੇ ਦੁਆਬੀਏ ਸਿੱਖ ਨੇਤਾਵਾਂ ਹੱਥ ਆ ਗਈ। ਵੰਡ ਸਮੇਂ ਹੋਈ ਕਤਲੋਗਾਰਤ ਵਿੱਚ ਨਿਭਾਈ ਭੂਮਿਕਾ ਨੇ ਟੌਹੜੇ ਦਾ ਚਰਿੱਤਰ ਵੀ ਦਾਗਦਾਰ ਬਣਾ ਦਿੱਤਾ। ਉਸ ਨੇ ਇਸ ਕਤਲੋਗਾਰਤ ਵਿੱਚ ਭਾਗ ਲਿਆ ਤੇ ਇਕ ਬੇਕਸੂਰ ਮੁਸਲਮਾਨ ਨੂੰ ਮਾਰਨ ਦਾ ਇਕਬਾਲ ਵੀ ਕੀਤਾ। ਜੇ ਉਸ ਨੇ ਹਿੰਦੂਆਂ ਤੇ ਸਿੱਖਾਂ ਦੀਆਂ ਧਾੜਾਂ ਦੇ ਗੁੱਸੇ ਤੋਂ ਮੁਸਲਮਾਨਾਂ ਨੂੰ ਬਚਾਇਆ ਹੁੰਦਾ ਜੋ ਉਹਨਾਂ ਦੇ ਲਹੂ ਦੇ ਤਿਹਾਏ ਸਨ ਤਾਂ ਮੈਂ ਉਸ ਨੂੰ ਇਕ ਸੱਚੇ ਨੇਤਾ ਵਜੋਂ ਨਮਸਕਾਰ ਕਰਦਾ।

ਟੌਹੜਾ ਨੂੰ 1960 ਵਿੱਚ ਸ਼੍ਰੋ.ਗੁ.ਪ੍ਰ. ਕਮੇਟੀ ਦਾ ਮੈਂਬਰ ਚੁਣਿਆ ਗਿਆ। 1973 ਵਿੱਚ ਉਹ ਪਹਿਲੀ ਵਾਰ ਇਸ ਦਾ ਪ੍ਰਧਾਨ ਚੁਣਿਆ ਗਿਆ ਅਤੇ ਚਾਰ ਜਾਂ ਪੰਜ ਸਾਲਾਂ ਦੇ ਸਮੇਂ ਤੋਂ ਬਿਨਾਂ ਉਹ ਆਪਣੇ ਮਰਨ ਤੱਕ ਇਸ ਦਾ ਪ੍ਰਧਾਨ ਰਿਹਾ ਤੇ 26 ਵਾਰ ਇਸ ਦਾ ਪ੍ਰਧਾਨ ਚੁਣਿਆ ਜਾਂਦਾ ਰਿਹਾ। ਉਹ ਰੁਪਏ ਪੈਸੇ ਦੇ ਵਿਸ਼ਾਲ ਸਾਧਨਾਂ ਦੀ (ਜਿਹੜੇ ਕਿ ਪ੍ਰਤੀ ਸਾਲ 150 ਕਰੋੜ ਰੁਪਏ ਦੇ ਲਗਭਗ ਸਨ) ਉਚਿਤ ਵਰਤੋਂ ਤੇ ਅਣਗਿਣਤ ਸਕੂਲ, ਕਾਲਜ ਤੇ ਹਸਪਤਾਲ, ਜੋ ਸ਼੍ਰੋ. ਗੁ. ਪ੍ਰ. ਕਮੇਟੀ ਦੇ ਪ੍ਰਬੰਧ ਹੇਠ ਸਨ, ਦੀ ਸਹਾਇਤਾ ਨਾਲ, ਭਾਰਤ ਦੀ ਅਗਾਂਹਵਧੂ, ਤਰੱਕੀ ਪਸੰਦ ਤੇ ਅਮੀਰ-ਕ੍ਰਿਸ਼ੀ ਸਮਾਜ ਵਿੱਚੋਂ ਅਨਪੜ੍ਹਤਾ ਤੇ ਪੜ੍ਹਿਆਂ, ਲਿਖਿਆਂ ਵਿੱਚੋਂ ਬੇਰੋਜ਼ਗਾਰੀ ਦੂਰ ਕਰ ਸਕਦਾ ਸੀ। ਉਸ ਵਿੱਚ ਅਜਿਹਾ ਕਰ ਸਕਣ ਦੀ ਦ੍ਰਿਸ਼ਟੀ ਨਹੀਂ ਸੀ, ਪ੍ਰੰਤੂ ਇਹ ਮੰਨਣਾ ਪਵੇਗਾ ਕਿ ਰੁਪਏ ਪੈਸੇ ਦੇ ਮਾਮਲੇ ਵਿੱਚ ਪੂਰੀ ਤਰ੍ਹਾਂ ਵਿਵੇਕੀ ਅਤੇ ਈਮਾਨਦਾਰ ਸੀ ਤੇ ਹੋਰ ਬਹੁਤ ਸਾਰੇ ਸਿਆਸਤਦਾਨਾਂ ਦੇ ਵਿਪਰੀਤ ਉਸ ਨੇ ਨਿੱਜੀ ਲਾਭ ਲਈ ਕੋਈ ਧਨ ਨਾ ਜੋੜਿਆ ਤੇ ਨਾ ਹੀ ਕੁਨਬਾ ਪਰਵਰੀ ਵਿੱਚ ਉਲਝਿਆ। ਦੂਸਰੇ ਸਿਆਸਤਦਾਨਾਂ ਦੇ ਵਿਪਰੀਤ ਉਹ ਸ਼ੁੱਧਤਾਵਾਦੀ ਸੀ, ਨਾ ਉਹ ਸ਼ਰਾਬ ਪੀਂਦਾ ਸੀ ਤੇ ਨਾ ਹੀ ਪੰਜ-ਤਾਰਾ ਹੋਟਲਾਂ ਵਿੱਚ ਠਹਿਰਦਾ ਸੀ ਤੇ ਉਸ ਕੋਲ ਨਾ ਆਪਣੀ ਕੋਠੀ ਤੇ ਨਾ ਹੀ ਕਾਰ ਸੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਖੀ ਹੁੰਦਿਆਂ ਉਸ ਦੇ ਚਰਿੱਤਰ 'ਤੇ ਇਕ ਹੋਰ ਦਾਗ ਲੱਗਾ। ਉਹ ਸਵਰਨ ਮੰਦਿਰ ਦੀ ਪਵਿੱਤਰਤਾ ਬਹਾਲ ਰੱਖਣ ਵਿੱਚ ਅਸਫਲ ਰਿਹਾ। ਉਸ ਨੇ ਭਿੰਡਰਾਂਵਾਲੇ ਨੂੰ, ਸਵਰਨ ਮੰਦਿਰ ਨੂੰ ਇਕ ਅਸਲਾਖ਼ਾਨਾ ਬਣਾਉਣ ਦੀ ਆਗਿਆ ਦੇ ਦਿੱਤੀ, ਜਿਸ ਕਾਰਨ ਕੇਂਦਰੀ ਸਰਕਾਰ ਪਵਿੱਤਰ ਪਰਿਕਰਮਾ ਵਿੱਚ

ਭਾਰਤੀ ਸੈਨਾ ਭੇਜਣ ਲਈ ਮਜਬੂਰ ਹੋ ਗਈ। ਫ਼ੌਜ ਨੇ ਨਾ ਕੇਵਲ ਭਿੰਡਰਾਂਵਾਲਾ ਤੇ ਉਸ ਦੇ ਸੈਂਕੜੇ ਸ਼ਸਤਰਧਾਰੀ ਪੈਰੋਕਾਰਾਂ ਨੂੰ ਹੀ ਮਾਰ ਮੁਕਾਇਆ, ਸਗੋਂ ਹਜ਼ਾਰਾਂ ਹੀ ਬੇਕਸੂਰ ਤੀਰਥ ਯਾਤਰਾ 'ਤੇ ਆਏ ਸ਼ਰਧਾਲੂਆਂ ਨੂੰ ਵੀ ਮਾਰ ਦਿੱਤਾ ਤੇ ਅਕਾਲ ਤਖ਼ਤ ਸਾਹਿਬ ਨੂੰ ਵੀ ਤਬਾਹ ਕਰ ਦਿੱਤਾ। ਟੌਹੜੇ ਨੇ ਭਲਮਾਣਸੀ ਨਾਲ ਹੀ ਫ਼ੌਜ ਕੋਲ ਆਤਮ-ਸਮਰਪਣ ਕਰ ਦਿੱਤਾ ਤੇ ਆਪਣੀ ਬਣਾਈ ਹੋਈ ਭੱਲ ਤੇ ਸਤਿਕਾਰ ਨੂੰ ਮਿੱਟੀ ਵਿੱਚ ਮਿਲਾ ਲਿਆ। ਮਗਰੋਂ ਉਸ ਨੂੰ ਜਾਨੋਂ ਮਾਰ ਦੇਣ ਦਾ ਯਤਨ ਵੀ ਕੀਤਾ ਗਿਆ।

ਟੌਹੜਾ ਰਾਜ-ਸਭਾ ਲਈ ਛੇ ਵਾਰ ਤੇ ਲੋਕ-ਸਭਾ ਲਈ ਇਕ ਵਾਰ ਚੁਣਿਆ ਗਿਆ ਸੀ। ਬਹੁਤ ਘੱਟ ਭਾਰਤੀਆਂ ਨੂੰ ਪਾਰਲੀਮੈਂਟ ਵਿੱਚ ਜਾਣ ਦਾ ਇੰਨਾ ਮੌਕਾ ਮਿਲਿਆ ਹੋਵੇਗਾ, ਪ੍ਰੰਤੂ ਉਸ ਨੇ ਪਾਰਲੀਮੈਂਟ ਦੀ ਕਾਰਵਾਈ ਵਿੱਚ ਘੱਟ ਹੀ ਕਦੇ ਹਿੱਸਾ ਲਿਆ। ਪਾਰਲੀਮੈਂਟ ਵਿੱਚ ਹੋਈਆਂ ਬਹਿਸਾਂ ਵਿੱਚ ਉਹਦੇ ਯੋਗਦਾਨ ਨੂੰ ਡਾਕਖ਼ਾਨੇ ਦੀ ਟਿਕਟ 'ਤੇ ਲਿਖਿਆ ਜਾ ਸਕਦਾ ਹੈ।

ਟੌਹੜਾ ਲੁਕਵੇਂ ਤੌਰ 'ਤੇ ਖ਼ਾਲਿਸਤਾਨ ਦਾ ਹਮਦਰਦ ਸੀ। ਮੈਨੂੰ ਯਾਦ ਹੈ ਕਿ ਇਕ ਵਾਰ ਮੇਰਾ ਇਸ ਵਿਸ਼ੇ 'ਤੇ ਸਿੱਧਾ ਟਾਕਰਾ ਹੋਇਆ। ਮੈਂ ਉਸ ਨੂੰ ਕਿਹਾ ਕਿ 20% ਸਿੱਖ ਵਸੋਂ ਪੰਜਾਬ ਤੋਂ ਬਾਹਰ ਰਹਿੰਦੀ ਹੈ ਤੇ ਖ਼ੁਸ਼ਹਾਲ ਵੱਸਦੀ ਹੈ। ਉਹਨਾਂ ਵਿੱਚੋਂ ਬਹੁਤੇ ਪਾਕਿਸਤਾਨ ਤੋਂ ਆਏ ਸ਼ਰਨਾਰਥੀ ਹਨ। ਕੀ ਉਹ ਚਾਹੁੰਦਾ ਹੈ ਕਿ ਉਹ ਇਕ ਵਾਰ ਫਿਰ ਉੱਜੜ ਜਾਣ? ਕੀ ਉਸ ਨੂੰ ਇਹ ਅਹਿਸਾਸ ਨਹੀਂ ਕਿ ਖ਼ਾਲਿਸਤਾਨ ਖ਼ਾਲਸਾ ਪੰਥ ਲਈ ਤਬਾਹਕਾਰੀ ਹੋਵੇਗਾ? ਉਸਦਾ ਉੱਤਰ ਕੋਬਾ ਦੇਣ ਵਾਲਾ ਤੇ ਹੱਠਧਰਮੀ ਵਾਲਾ ਸੀ। ਉਸ ਨੇ ਕਿਹਾ : "ਕੌਮਾਂ ਨੂੰ ਕੁਰਬਾਨੀ ਦੇਣੀ ਪੈਂਦੀ ਹੈ।"

ਟੌਹੜਾ ਇਕ ਸ਼ਾਤਰ ਸਿਆਸਤਦਾਨ ਸੀ ਜੋ ਰਾਹ ਵਿੱਚ ਆਉਂਦੇ ਹਰ ਵਿਅਕਤੀ ਨਾਲ ਲੂੰਬੜ-ਚਾਲ ਖੇਡ ਕੇ ਧੋਬੀ ਪੱਟੜਾ ਮਾਰ ਸਕਦਾ ਸੀ। ਉਹ ਇਕ ਅਜਿਹਾ ਵਿਅਕਤੀ ਸੀ ਜੋ ਪੰਜਾਬ ਦਾ ਬੇਤਾਜ ਬਾਦਸ਼ਾਹ ਬਣ ਸਕਦਾ ਸੀ, ਪਰ ਉਹਦੀ ਦ੍ਰਿਸ਼ਟੀ ਮੋਰਚੇ ਲਾਉਣ ਤੇ ਜੇਲ੍ਹਾਂ 'ਚ ਜਾਣ ਤੋਂ ਅੱਗੇ ਨਾ ਗਈ। ਉਸ ਵਿੱਚ ਇਕ ਅਜਿਹੇ ਦੂਰਦਰਸ਼ੀ ਨੀਤੀਵਾਨ ਦੇ ਗੁਣ ਨਹੀਂ ਸਨ ਜੋ ਇਕ ਤਰੱਕੀ ਪਸੰਦ ਤੇ ਜਿਉਂਦੀ ਜਾਗਦੀ ਸੰਪ੍ਰਦਾ ਤੇ ਸੰਗਠਨ ਨੂੰ ਖ਼ੁਸ਼ਹਾਲੀ ਦੀ ਸਿਖਰ 'ਤੇ ਲੈ ਜਾਂਦੇ ਤੇ ਇਤਿਹਾਸ ਵਿੱਚ ਇਕ ਸਤਿਕਾਰਯੋਗ ਸਥਾਨ ਪ੍ਰਾਪਤ ਕਰਾ ਦਿੰਦੇ।

ਸਭ ਤੋਂ ਆਖ਼ਰੀ ਵਾਰ ਜਦੋਂ ਮੈਂ ਉਸ ਨੂੰ ਦੇਖਿਆ ਉਹ ਵੀ ਟੀ.ਵੀ. 'ਤੇ ਸੀ ਜਦੋਂ ਉਸ ਨੂੰ ਉਹਦੇ ਪਿੰਡ ਵਿੱਚ ਸਰਕਾਰੀ ਸਨਮਾਨਾਂ ਨਾਲ ਅੰਤਿਮ ਵਿਦਾਇਗੀ ਦਿੱਤੀ ਗਈ। ਮਾਤਮ ਕਰਨ ਵਾਲਿਆਂ ਦੀ ਬਹੁਤ ਵੱਡੀ ਭੀੜ ਸੀ। ਪਿਛੋਕੜ ਵਿੱਚ ਬਹੁਤ ਸੁੰਦਰ ਸੋਗੀ ਸ਼ਬਦ ਪੜ੍ਹਿਆ ਜਾ ਰਿਹਾ ਸੀ :

ਸਜਣੁ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ ॥

ਮੇਰੀਆਂ ਅੱਖਾਂ ਵਿੱਚ ਹੰਝੂ ਆ ਗਏ। ਜੇ ਇਸ ਵਿਅਕਤੀ ਵਿੱਚ ਦੂਰ-ਦਰਸ਼ਤਾ ਅਤੇ ਇੱਛਾ-ਸ਼ਕਤੀ ਹੁੰਦੀ ਤਾਂ ਇਹ ਵਿਅਕਤੀ ਬਹੁਤ ਵੱਡੇ ਕਾਰਜ ਸਿਰੇ ਚੜ੍ਹਾ ਸਕਦਾ ਸੀ।

ਧੀਰੇਨ ਭਗਤ—30 ਸਾਲ ਦੀ ਉਮਰ 'ਚ ਤੁਰ ਗਿਆ

ਮੈਂ ਅਜੇ ਅੱਸੀ ਵਰ੍ਹਿਆਂ ਦਾ ਹੀ ਸੀ ਤੇ ਬੜੀ ਚੰਗੀ ਨਰੋਈ ਸਿਹਤ ਦਾ ਸੁਆਮੀ ਸੀ, ਜਦੋਂ ਧੀਰਨ ਭਗਤ ਨੇ ਮੇਰੇ ਬਾਰੇ ਮਖ਼ੌਲ-ਮਸ਼ਕਰੀ ਨੁਮਾ ਮ੍ਰਿਤੂ ਲੇਖ ਲਿਖਿਆ। ਮੈਂ ਧੀਰਨ ਬਾਰੇ ਉਹਦੇ ਸੜਕ ਦੁਰਘਟਨਾ ਵਿੱਚ ਮਾਰੇ ਜਾਣ ਪਿੱਛੋਂ ਮ੍ਰਿਤੂ-ਲੇਖ ਲਿਖਣ ਲਈ ਜਿਉਂਦਾ ਰਿਹਾ। ਇਹ ਇਸ ਤਰ੍ਹਾਂ ਹੋਇਆ।

ਕੁਝ ਸਾਲ ਪਹਿਲਾਂ ਧੀਰੇਨ ਭਗਤ ਨੇ ਭਾਰਤੀ ਰਸਾਲੇ ਲਈ ਮੇਰੇ ਬਾਰੇ ਮ੍ਰਿਤੂ-ਲੇਖ ਲਿਖਿਆ। ਇਸ ਦਾ ਕੁਝ ਹਿੱਸਾ ਤਾਂ ਖ਼ੁਸ਼ਾਮਦ ਸੀ ਜਿਸ ਵਿੱਚ ਮੈਨੂੰ ਪੱਤਰਕਾਰਾਂ ਦਾ ਪਿਤਾਮਾ ਕਿਹਾ ਗਿਆ ਸੀ, ਪਰ ਬਾਕੀ ਹਿੱਸਾ ਅਜਿਹਾ ਪ੍ਰਸੰਸਾਮਈ ਨਹੀਂ ਸੀ ਜਿਸ ਵਿੱਚ ਇਕ ਸ਼ਰਾਬੀ ਤੇ ਤੀਵੀਂਬਾਜ਼ੀ ਵਾਲੀ ਅਪਾਤਰਿਤ ਤੇ ਸ੍ਵੈ-ਉਤਪੰਨ ਕੀਤੀ ਹੋਈ ਮਸ਼ਹੂਰੀ ਸੀ ਜਦੋਂ ਕਿ ਹਕੀਕਤ ਵਿੱਚ ਮੈਂ ਗਰਮ ਪਾਣੀ ਦੀ ਬੋਤਲ ਤੋਂ ਬਿਨਾਂ ਕਿਸੇ ਜਾਨਦਾਰ ਚੀਜ਼ ਨਾਲ ਕਦੇ ਸੁੱਤਾ ਹੀ ਨਹੀਂ ਸੀ। ਬਹੁਤੇ ਹਿੱਸੇ ਵਿੱਚ ਮੇਰਾ ਮਜ਼ਾਕ ਉਡਾਇਆ ਗਿਆ ਸੀ। ਜਿਹੜੇ ਲੋਕਾਂ ਨੇ ਮੇਰੀ ਮੌਤ ਦੇ ਸੋਗ ਬਾਰੇ ਪਹਿਲੀਆਂ ਦੋ-ਚਾਰ ਸਤਰਾਂ ਪੜ੍ਹੀਆਂ ਉਹਨਾਂ ਨੇ ਮੇਰੀ ਵਿਧਵਾ ਨੂੰ ਅਫ਼ਸੋਸ ਦੀਆਂ ਲੰਬੀਆਂ ਲੰਬੀਆਂ ਤਾਰਾਂ ਭੇਜੀਆਂ ਤੇ ਖ਼ਤ-ਪੱਤਰ ਲਿਖੇ।

ਪ੍ਰੰਤੂ ਮੈਂ ਧੀਰੇਨ ਭਗਤ ਦਾ ਮ੍ਰਿਤੂ ਲੇਖ ਲਿਖਣ ਲਈ ਜਿਉਂਦਾ ਰਿਹਾ। ਉਹ ਸੱਚਮੁੱਚ ਹੀ ਮਰ ਗਿਆ। ਉਹਦੀ ਮੌਤ ਬੇਵਕਤੀ ਮੌਤ ਸੀ; ਉਹਦੀ ਉਮਰ ਅਜੇ 30 ਸਾਲ ਦੀ ਹੀ ਸੀ। ਉਸ ਦੀ ਮੌਤ ਬੜੀ ਕਰੂਰ ਸੀ। ਉਹ ਦੂਸਰੀ ਬੱਸ ਪਕੜਦਾ ਹੋਇਆ ਇਕ ਹੋਰ ਬੱਸ ਹੇਠਾਂ ਕੁਚਲਿਆ ਗਿਆ ਸੀ। ਇਹ ਮੌਤ ਹੋਰ ਵੀ ਅਤਿਅੰਤ ਦੁਖਾਂਤਕ ਸੀ ਕਿਉਂਕਿ ਉਹ ਆਪਣੇ ਮਾਪਿਆਂ ਦੀ ਇਕਲੌਤੀ ਸੰਤਾਨ ਸੀ ਤੇ ਇਕ ਲੇਖਕ ਤੇ ਪੱਤਰਕਾਰ ਵਜੋਂ ਉਸ ਨੌਜਵਾਨ ਦਾ ਭਵਿੱਖ ਬਹੁਤ ਉੱਜਲ ਸੀ।

ਔਕਸਫ਼ੋਰਡ 'ਚੋਂ ਪੜ੍ਹਾਈ ਖ਼ਤਮ ਕਰਨ ਤੋਂ ਛੇਤੀ ਮਗਰੋਂ ਹੀ ਉਹ ਮੈਨੂੰ ਮਿਲਣ ਆਇਆ। ਉਹ ਸੁਹਣਾ ਸੁਨੱਖਾ ਜ਼ਨਾਨੜਾ ਜਿਹਾ ਲਾਲ ਬੁੱਲ੍ਹਾਂ ਵਾਲਾ ਵਿਅਕਤੀ ਸੀ ਜਿਸ ਨੇ ਸੁਨਹਿਰੀ ਕਮਾਨੀਆਂ ਵਾਲੀ ਐਨਕ ਲਾਈ ਹੋਈ ਸੀ, ਖਾਦੀ ਕੁਰਤਾ ਪਜਾਮਾ ਪਹਿਨਿਆ ਹੋਇਆ ਸੀ ਤੇ ਮੋਢਿਆਂ 'ਤੇ ਸ਼ਾਲ ਲਪੇਟੀ ਹੋਈ ਸੀ। ਉਸ ਨੇ ਕੁਲੀਨ ਅੰਗਰੇਜ਼ਾਂ ਵਾਂਗ ਰੁਕ ਰੁਕ ਕੇ ਬੋਲਣ ਦਾ ਢੰਗ ਸਿਖਿਆ ਤੇ ਅਪਨਾਇਆ ਹੋਇਆ ਸੀ। ਉਸ ਦੀਆਂ ਸਿਆਸੀ ਅਭਿਲਾਸ਼ਾਵਾਂ ਸਨ ਤੇ ਨੇਤਾਗੀਰੀ ਦੀ ਪ੍ਰਾਪਤੀ ਲਈ ਨੇਤਾਵਾਂ ਵਾਲਾ ਲਿਬਾਸ ਪਹਿਨ ਲੈਣ ਦਾ ਉਸ ਨੇ ਪਹਿਲਾ ਕਦਮ ਪੁੱਟ ਲਿਆ ਸੀ। ਮੈਨੂੰ ਪਤਾ ਲੱਗਾ ਕਿ ਉਹ ਮੇਰੀ ਪਤਨੀ ਦਾ ਰਿਸ਼ਤੇਦਾਰ ਸੀ ਜਿਸ ਦੀ ਮਾਤਾ ਵੀ ਭਗਤ ਖ਼ਾਨਦਾਨ ਵਿੱਚੋਂ ਸੀ। ਮੇਰਾ ਇਹ ਪ੍ਰਭਾਵ ਵੀ ਬਣ ਗਿਆ ਕਿ ਉਹ ਮਨਘੜਤ ਗੱਲਾਂ ਕਰਦਾ ਹੈ।

ਫਿਰ ਮੈਂ ਉਸ ਦੇ 'ਸਪੈਕਟੇਟਰ' ਵਿੱਚ ਛਪਦੇ ਲੇਖ ਪੜ੍ਹਨ ਲੱਗ ਪਿਆ। ਮੇਰੀ ਉਸ ਬਾਰੇ ਰਾਇ ਬਦਲ ਗਈ। ਉਹਦੇ ਲੇਖ ਅਤਿਅੰਤ ਖੋਜ-ਭਰਪੂਰ, ਰਸਿਕ ਤੇ ਸੁੰਦਰ ਸ਼ਬਦਾਵਲੀ ਵਿੱਚ ਲਿਖੇ ਹੁੰਦੇ। ਮੈਂ ਉਸ ਦਾ ਰਸੀਆ ਬਣ ਗਿਆ। ਮੈਂ ਪੰਜਾਬ ਬਾਰੇ ਉਸ ਦੇ ਲੇਖ ਪੜ੍ਹਨ ਪਿੱਛੋਂ, ਉਸ ਨੂੰ ਪੰਜਾਬ ਬਾਰੇ ਪੁਸਤਕ ਲਿਖਣ ਲਈ ਮਨਾ ਲਿਆ ਤੇ ਉਸ ਨੂੰ ਨਾਲ ਲੈ ਕੇ ਰਾਸ਼ਟਰਪਤੀ ਜ਼ੈਲ ਸਿੰਘ ਕੋਲ ਚਲਾ ਗਿਆ। ਉਸ ਪਿੱਛੋਂ ਜਦੋਂ ਵੀ ਉਹ ਦਿੱਲੀ ਵਿੱਚ ਹੁੰਦਾ ਜਾਂ ਆਉਂਦਾ, ਉਹ ਮੈਨੂੰ ਮਿਲਣ ਆ ਜਾਂਦਾ। ਮੈਂ ਉਹਨੂੰ ਮਿੱਤਰਾਂ ਨਾਲ ਖਾਣੇ 'ਤੇ ਲੈ ਜਾਂਦਾ। ਭਾਵੇਂ ਉਹ ਵੈਸ਼ਨੂੰ ਸੀ ਤੇ ਸ਼ਰਾਬ ਵੱਲੋਂ ਸੋਫ਼ੀ ਸੀ, ਪ੍ਰੰਤੂ ਉਹਦੀ ਸੰਗਤ ਬਹੁਤੀ ਵਧੀਆ ਲੱਗਦੀ ਸੀ।

ਜਦੋਂ ਕਿਸੇ ਮਨੋਰਥ ਲਈ ਲਿਖਣ ਦਾ ਆਖ਼ਰੀ ਸਮਾਂ ਆ ਗਿਆ ਹੁੰਦਾ ਤਾਂ ਧੀਰੇਨ ਹੱਥ ਨਾ ਆਉਂਦਾ। ਉਸ ਕੋਲ ਕੋਈ ਢੁਕਵਾਂ ਤਰਕਸੰਗਤ ਬਹਾਨਾ ਹੁੰਦਾ। ਉਸ ਕੋਲ ਪੈਸੇ ਦੀ ਤੋਟ ਹੀ ਰਹਿੰਦੀ ਤੇ ਰੋਜ਼ਾਨਾ ਖ਼ਰਚ ਚਲਾਉਣ ਲਈ ਅਖ਼ਬਾਰਾਂ ਲਈ ਲਿਖਣ ਲਈ ਮਜਬੂਰ ਹੋਣਾ ਪੈਂਦਾ। ਮੇਰਾ ਸਹਿਕਰਮੀ ਡੇਵਿਡ ਡੇਵਿਦਾਰ ਜੋ 'ਪੈਂਗੁਇਨ ਭਾਰਤ' ਵਿੱਚ ਕੰਮ ਕਰਦਾ ਸੀ, ਮੇਰੇ ਨਾਲ ਇਸ ਗੱਲ ਲਈ ਸਹਿਮਤ ਹੋ ਗਿਆ ਕਿ ਅਸੀਂ ਉਸ ਨਾਲ ਠੇਕਾ ਕਰਕੇ ਆਪਣੇ ਨਾਲ ਹੀ ਜੋੜ ਲਈਏ। ਸਾਡੀ ਸੂਚੀ ਵਿੱਚ ਉਹ ਇੱਕੋ ਇਕ ਲੇਖਕ ਸੀ ਜਿਸ ਨੂੰ ਅਸੀਂ ਕਿਰਤਫ਼ਲ ਅਗਾਊਂ ਦਿੰਦੇ। ਫਿਰ ਉਸ ਕੋਲ ਕੋਈ ਹੋਰ ਬਹਾਨਾ ਹੁੰਦਾ। ਉਹ ਲੰਡਨ ਵਿੱਚ 'ਉਬਜ਼ਰਵਰ' ਦਾ ਪੱਤਰਕਾਰ ਬਣ ਗਿਆ। ਉਸ ਨੂੰ ਪਿਆਰ ਹੋ ਗਿਆ ਤੇ ਉਸ ਦੀ ਮਾਸ਼ੂਕਾ ਨੇ ਉਸ ਨਾਲ ਬੇਵਫ਼ਾਈ ਕੀਤੀ। ਉਸ ਨਾਲ ਕੋਈ ਨਾ ਕੋਈ ਦੁਰਘਟਨਾ ਵਾਪਰੀ ਰਹਿੰਦੀ। ਉਸ ਨੂੰ ਅਨੰਦਪੁਰ ਦੇ ਹੋਲੇ ਮੁਹੱਲੇ ਦਾ ਪ੍ਰੋਗਰਾਮ ਨਿਭਾਉਣ ਦਾ ਕੰਮ ਸੌਂਪਿਆ ਗਿਆ ਤਾਂ ਨਿਹੰਗਾਂ ਦੇ ਘੋੜੇ ਉਸ 'ਤੇ ਚੜ੍ਹ ਗਏ ਤੇ ਉਹ ਛਿੱਲਿਆ ਗਿਆ ਤੇ ਰਗੜਾਂ ਲੱਗ ਗਈਆਂ। ਉਸ ਨੂੰ ਕਈ ਦਿਨ ਹਸਪਤਾਲ ਵਿੱਚ ਰਹਿਣਾ ਪਿਆ। ਜਦੋਂ ਵੀ ਉਸ ਨਾਲ ਮੁਲਾਕਾਤ ਹੁੰਦੀ ਉਸ ਕੋਲ ਕਲਮੀ ਮਸੌਦਾ ਨਾ ਦੇ ਸਕਣ ਦਾ ਕੋਈ ਨਾ ਕੋਈ ਵਧੀਆ ਬਹਾਨਾ ਹੁੰਦਾ। ਉਹ ਮੈਨੂੰ ਤਸੱਲੀ ਦੁਆਉਂਦਾ ਕਿ "ਜੋ ਕੁਝ ਭੇਜਾਂਗਾ ਇਕ ਪੱਤਰਕਾਰ ਦੀ ਰਿਪੋਰਟ ਨਹੀਂ, ਇਕ ਕਲਾਕਾਰ ਦੀ ਕ੍ਰਿਤ ਹੋਵੇਗੀ। ਜੇ ਤੁਸੀਂ ਆਪਣੇ ਰੁਪਏ ਵਾਪਸ ਲੈਣੇ ਹਨ ਤਾਂ ਮੈਂ ਚੈੱਕ ਦੇ ਦਿਆਂਗਾ।" ਅਸੀਂ ਉਸ ਨੂੰ ਕੁਝ ਹੋਰ ਸਮਾਂ ਦੇਣ ਦਾ ਫ਼ੈਸਲਾ ਕਰ ਲਿਆ, ਪ੍ਰੰਤੂ ਕਿਸਮਤ ਨੇ ਸਮਾਂ ਨਾ ਦਿੱਤਾ। 'ਪੈਂਗੁਇਨ ਭਾਰਤ' ਤਾਂ ਕੁਝ ਹਜ਼ਾਰ ਰੁਪਿਆਂ ਤੋਂ ਵੰਚਿਤ ਹੋ ਗਿਆ ਪਰ ਭਾਰਤ ਇਕ ਅਜਿਹੇ ਵਿਅਕਤੀ ਤੋਂ ਵਾਂਝਾ ਹੋ ਗਿਆ ਜੋ ਸ਼ਾਇਦ ਉਸ ਦੇ ਨਾਮੀ ਸਪੂਤਾਂ ਵਿੱਚੋਂ ਇਕ ਹੁੰਦਾ।

ਪ੍ਰਭਾ ਦੱਤ : ਮਾਲਕ ਦੀ ਆਕਾ

ਇਹ ਵਧੇਰੇ ਉੱਚਿਤ ਹੁੰਦਾ ਜੇ ਮੇਰੇ ਵੱਲੋਂ ਇਸ ਰਚੀ ਗਈ ਕ੍ਰਿਤ ਦੀ ਥਾਂ ਪ੍ਰਭਾ ਨੇ ਮੇਰੇ ਉਪਰ ਕ੍ਰਿਤ ਲਿਖੀ ਹੁੰਦੀ। ਉਸ ਦੀ ਕਲਮ ਕਟਾਰ ਵਰਗੀ ਤੇਜ਼ ਤੇ ਮੇਰੀ ਕੁਝ ਹੱਦ ਤੱਕ ਉਮਰ ਕਾਰਨ ਕਮਜ਼ੋਰ ਜਾਂ ਖੁੰਢੀ ਸੀ। ਪ੍ਰਭਾ ਨੇ ਮੇਰੇ ਬਾਰੇ ਮ੍ਰਿਤੂ ਲੇਖ ਨੀਲੀ ਗੂੜ੍ਹੀ ਸਿਆਹੀ ਨਾਲ ਲਿਖਣਾ ਸੀ, ਮੈਂ ਤਾਂ ਉਸ ਦਾ ਮ੍ਰਿਤੂ ਲੇਖ ਲਿਖਣ ਲਈ ਕੇਵਲ ਹੰਝੂ ਹੀ ਵਹਾ ਸਕਦਾ ਹਾਂ। ਪ੍ਰਭਾ ਦਾ ਤਾਂ ਅਜੇ ਦੁਪਹਿਰ ਵੇਲੇ ਦੀ ਅਰਦਾਸ ਦਾ ਸਮਾਂ ਵੀ ਨਹੀਂ ਆਇਆ ਸੀ, ਮੇਰੇ ਲਈ ਤਾਂ ਤਰਕਾਲਾਂ ਦੀਆਂ ਘੰਟੀਆਂ ਗੂੰਜ ਰਹੀਆਂ ਸਨ। ਰੱਬੀ ਵਾਢੇ ਨੇ ਇਹਨਾਂ 'ਚੋਂ ਕਿਸੇ ਵੀ ਦਲੀਲ ਦੀ ਪ੍ਰਵਾਹ ਨਾ ਕੀਤੀ। ਇਕ ਤੜਕੇ ਹੀ ਉਸ ਸਰਬ ਸ਼ਕਤੀਮਾਨ ਨੇ ਜਦੋਂ ਬਗੀਚੀ 'ਚੋਂ ਦੁੱਧ ਚਿੱਟੀ ਨਲਿਨੀ ਦੇ ਫੁੱਲਾਂ ਦੀ ਕਿਆਰੀ 'ਚੋਂ ਸ਼ਗੂਫ਼ੇ ਤੋੜਨੇ ਸ਼ੁਰੂ ਕੀਤੇ ਤਾਂ ਉਸ ਨੇ ਸਭ ਤੋਂ ਸੁੰਦਰ ਤੇ ਭਰ ਜੋਬਨ ਵਿੱਚ ਖਿੜਿਆ ਫੁੱਲ ਤੋੜ ਲਿਆ।

ਪ੍ਰਭਾ ਦਾ ਅਫ਼ਸਰ ਬਣਨ ਤੋਂ ਪਹਿਲਾਂ, ਮੈਨੂੰ ਉਸ ਬਾਰੇ ਬੜੀ ਘੱਟ ਜਾਣਕਾਰੀ ਸੀ। ਉਹ ਆਪ ਅਫ਼ਸਰਾਨਾ ਅੰਦਾਜ਼ ਵਾਲੀ ਸੀ ਤੇ ਸੁਭਾਵਿਕ ਹੀ ਉਸ ਉਪਰ ਅਫ਼ਸਰੀ ਜਤਾਉਣ ਵਾਲੇ ਦਾ ਬੁਰਾ ਮਨਾਉਂਦੀ ਸੀ। ਜਦੋਂ ਉਹ ਪਹਿਲੀ ਵਾਰ ਮੇਰੇ ਦਫ਼ਤਰ 'ਚ ਮੈਨੂੰ ਮਿਲੀ ਤਾਂ ਉਸ ਨੇ ਸਾਫ਼ ਕਹਿ ਦਿੱਤਾ ਕਿ ਉਹ ਦੂਸਰਿਆਂ ਤੋਂ ਹੁਕਮ ਲੈਣ ਵਾਲੀ ਨਹੀਂ ਹੈ ਤੇ ਉਹ ਆਪਣਾ ਕੰਮ ਮੇਰੇ ਨਾਲੋਂ ਜ਼ਿਆਦਾ ਚੰਗੀ ਤਰ੍ਹਾਂ ਜਾਣਦੀ ਹੈ ਕਿ ਜੇ ਮੈਂ ਆਪਣਾ ਕੰਮ ਕਰਦਾ ਰਹਾਂ ਤੇ ਉਸਦੇ ਕੰਮ ਵਿੱਚ ਦਖ਼ਲ ਨਾ ਦਿਆਂ ਤਾਂ ਉਹ ਆਪਣਾ ਕੰਮ ਕਿਸੇ ਦੇ ਕੰਮ 'ਚ ਦਖ਼ਲਅੰਦਾਜ਼ੀ ਕਰਨ ਤੋਂ ਬਿਨਾਂ ਹੀ ਕਰਦੀ ਰਹੇਗੀ।

ਉਹ ਮੈਨੂੰ ਵੱਡੀਆਂ-ਵੱਡੀਆਂ ਭੂਰੀਆਂ ਅੱਖਾਂ ਨਾਲ ਇਸ ਤਰ੍ਹਾਂ ਧਿਆਨ ਨਾਲ ਦੇਖਦੀ ਰਹੀ ਜਿਵੇਂ ਕੋਈ ਕੀਟ ਸੰਗ੍ਰਹਿਕ ਆਪਣੇ ਸੰਗ੍ਰਹਿਆਲੇ ਵਿੱਚ ਕੀੜਿਆਂ ਨੂੰ ਵੇਖਦਾ ਹੈ। ਉਸ ਨੇ ਮੈਨੂੰ ਕਈ ਸੁਆਲ ਇਹ ਜਾਣਨ ਲਈ ਪੁੱਛੇ ਕਿ ਮੈਂ ਕਿਸ ਕਿਸਮ ਦਾ ਸੰਪਾਦਕ ਹੋਵਾਂਗਾ। ਮੈਂ ਕੁਝ ਹੱਦ ਤੱਕ ਉਸ ਦੇ ਉੱਥੇ ਹੋਣ ਅਤੇ ਮੌਖਿਕ ਪ੍ਰੀਖਿਆ ਲੈਣ ਤੋਂ ਭੈ-ਭੀਤ ਹੋ ਗਿਆ। ਮੇਰੇ ਪ੍ਰਤੀ ਉਸ ਦੇ ਓਪਰੇ ਤੇ ਬੇਤੁਕੇ ਵਤੀਰੇ ਨੂੰ ਖ਼ਤਮ ਕਰਨ ਤੇ ਉਸ ਵੱਲ ਵਧਾਏ ਦੋਸਤੀ ਦੇ ਹੱਥ ਨੂੰ ਪ੍ਰਵਾਨ ਕਰਨ ਲਈ ਪ੍ਰੇਰਿਤ ਕਰਨ ਵਿੱਚ ਮੈਨੂੰ ਕਈ ਮਹੀਨੇ ਲੱਗੇ।

ਇਹ ਅੜਿਕਾ ਦੂਰ ਕਰਨ ਵਿੱਚ ਮੈਨੂੰ ਨਾਟਕੀ ਢੰਗ ਨਾਲ ਸਫਲਤਾ ਮਿਲੀ। ਪ੍ਰਭਾ ਆਪਣੇ ਪਤੀ ਨੂੰ ਜਿਤਨਾ ਪਿਆਰ ਕਰਦੀ ਸੀ ਉਤਨੀ ਹੀ ਉਹ ਹਿੰਦੁਸਤਾਨ ਟਾਈਮਜ਼ ਨੂੰ ਵੀ ਕਰਦੀ ਸੀ। ਉਹ ਅਖ਼ਬਾਰ ਨਾਲ ਵੀ ਉਤਨੀ ਹੀ ਜੁੜੀ ਹੋਈ ਸੀ ਜਿਤਨੀ ਉਹ ਆਪਣੀਆਂ ਬੇਟੀਆਂ ਨਾਲ ਓਤਪੋਤ ਹੋਈ ਸੀ। ਦੋਹਾਂ ਪ੍ਰਤੀ ਹੀ ਉਹ ਬੜੀ ਭਾਵੁਕ ਸੀ।

ਆਪਣੇ ਇਕ ਸਹਿਕਰਮੀ ਵਿਰੁੱਧ ਜੋ ਬੜਾ ਘੱਟ ਕੰਮ ਕਰਦਾ ਸੀ, ਉਹ ਇਕ ਦਿਨ ਗੁੱਸੇ ਵਿੱਚ ਭੜਕ ਪਈ ਤੇ ਹੰਝੂਆਂ ਵਿੱਚ ਵਹਿ ਤੁਰੀ। ਮੈਂ ਇਕ ਬਜ਼ੁਰਗ ਵਾਂਗ ਉਸ ਦੇ ਮੋਢਿਆਂ ਦੁਆਲੇ ਆਪਣੀ ਬਾਂਹ ਰੱਖੀ ਤਾਂ ਉਸ ਨੇ ਗੁੱਸੇ ਨਾਲ ਮੇਰੀ ਬਾਂਹ ਪਰ੍ਹੇ ਧੱਕ ਦਿੱਤੀ, ਪਰ ਉਸ ਪਿੱਛੋਂ ਉਹ ਮੈਨੂੰ ਦਫ਼ਤਰ ਵਿੱਚ ਆਪਣੇ ਪਿਤਾ ਸਮਾਨ ਆਦਰ ਦੇਣ ਲੱਗ ਪਈ, ਜਿਸ ਕੋਲੋਂ ਉਹ ਮੁਸ਼ਕਿਲ ਵੇਲੇ ਆ ਕੇ ਸਲਾਹ ਲੈ ਸਕਦੀ ਸੀ।

ਪ੍ਰਭਾ ਅਨੁਸਾਰ ਕੰਮ ਬਾਕੀ ਸਭ ਕੁਝ ਨਾਲੋਂ ਵਧੇਰੇ ਮਹੱਤਵਪੂਰਨ ਸੀ। ਇਸ ਕਾਰਨ ਉਹ ਆਪਣੇ ਮਨ ਦੀ ਗੱਲ ਬਿਨਾਂ ਇਸ ਗੱਲ ਦੀ ਪ੍ਰਵਾਹ ਕੀਤਿਆਂ ਕਹਿ ਦਿੰਦੀ ਸੀ ਕਿ ਉਹ ਕਿਸ ਨਾਲ ਗੱਲ ਕਰਦੀ ਹੈ ਤੇ ਲਿਖਣ ਵੇਲੇ ਵੀ ਉਹ ਨਿਕਲਣ ਵਾਲੇ ਸਿੱਟਿਆਂ ਤੋਂ ਬੇਨਿਆਜ਼ ਹੋ ਕੇ ਲਿਖਦੀ। ਮੇਰੇ ਸਾਹਮਣੇ ਹੀ ਉਸ ਨੇ ਕੇ.ਕੇ. ਬਿਰਲਾ ਨੂੰ ਦੱਸਿਆ ਕਿ, 'ਹਿੰਦੁਸਤਾਨ ਟਾਈਮਜ਼' ਵਿੱਚ ਕੀ ਘਾਟਾਂ ਜਾਂ ਗੜਬੜ ਹੈ।

ਉਸ ਨੇ ਵਿੱਤੀ ਤੇ ਸਮਾਜਿਕ ਘੁਟਾਲੇ ਫੜੇ (ਉਸ ਨੂੰ ਕਾਮ-ਕੁਕਰਮਾਂ ਤੋਂ ਇਸਤਰੀਆਂ ਵਾਂਗ ਹੀ ਘਿਣਾ ਸੀ) ਤੇ ਉਸ ਨੂੰ ਕਈ ਵਾਰ ਜਾਨੀ ਨੁਕਸਾਨ ਪਹੁੰਚਾਉਣ ਦੀਆਂ ਧਮਕੀਆਂ ਵੀ ਮਿਲੀਆਂ। ਉਹ ਮੇਰੇ ਨਾਲ ਸਿਰਫ਼ ਇਕ ਵਾਰ ਉਸ ਸਮੇਂ ਲੜੀ ਜਦੋਂ ਮੈਂ ਉਸ ਦੀ ਐੱਸ. ਐੱਲ. ਖ਼ੁਰਾਣਾ ਬਾਰੇ ਜੋ ਹਿੰਦੁਸਤਾਨ ਟਾਈਮਜ਼ ਦਾ ਪ੍ਰਬੰਧਕੀ ਪ੍ਰਧਾਨ ਤੇ ਉਸ ਸਮੇਂ ਦਿੱਲੀ ਦਾ ਉਪ-ਰਾਜਪਾਲ ਸੀ, ਕਹਾਣੀ ਛਾਪਣ ਤੋਂ ਰੋਕ ਲੈਣ ਦੀ ਕੋਸ਼ਿਸ਼ ਕੀਤੀ। ਮੈਨੂੰ ਰਤਾ ਭਰ ਵੀ ਸ਼ੱਕ ਨਹੀਂ ਕਿ ਜੇ ਉਸ ਨੂੰ ਇਹ ਪਤਾ ਲੱਗੇ ਕਿ ਮੈਂ ਟੈਕਸ ਦੇਣ ਤੋਂ ਬਚ ਰਿਹਾ ਹਾਂ ਜਾਂ ਪ੍ਰਤਿਬੰਧ ਜਾਂ ਵਿਵਰਜਤ ਵਸਤੂਆਂ ਦੀ ਤਸਕਰੀ ਕਰਦਾ ਹਾਂ ਜਾਂ ਕਿਸੇ ਗਲਤ ਲੈਣ-ਦੇਣ ਦੇ ਕਾਰਜ ਵਿੱਚ ਰੁੱਝਿਆ ਹਾਂ ਤਾਂ ਮੇਰੇ ਨਾਲ ਮੋਹ ਪਿਆਰ ਦੇ ਹੁੰਦਿਆਂ ਵੀ ਉਹ ਮੇਰਾ ਲਿਹਾਜ਼ ਨਾ ਕਰਦੀ।

ਪ੍ਰਭਾ ਰੂੜੀਵਾਦੀ, ਆਚਾਰ-ਵਿਚਾਰ ਵਿੱਚ ਪੱਕੀ ਸ਼ੁੱਧਤਾਵਾਦੀ ਤੇ ਪੂਰੀ ਤਰ੍ਹਾਂ ਆਪਣੇ ਪਰਿਵਾਰ, ਮਿੱਤਰਾਂ, ਨੌਕਰਾਂ ਤੇ ਉਹਨਾਂ ਦੇ ਪਰਿਵਾਰਾਂ ਪ੍ਰਤੀ ਅਰਪਿਤ ਸੀ। ਉਹ ਆਪਣੇ ਕੰਮ ਤੋਂ ਬਚਦਾ ਹਰ ਪਲ ਆਪਣੇ ਬੱਚਿਆਂ ਤੇ ਨੌਕਰਾਂ ਦੇ ਬੱਚਿਆਂ ਨੂੰ ਪੜ੍ਹਾਉਣ 'ਤੇ ਲਾਉਂਦੀ ਤੇ ਬੜੀ ਤੀਬਰਤਾ ਨਾਲ ਆਪਣੇ ਮਿੱਤਰਾਂ/ਸਹੇਲੀਆਂ ਦੀਆਂ ਸਮੱਸਿਆਵਾਂ ਆਪਣੇ ਜ਼ਿੰਮੇ ਲੈ ਲੈਂਦੀ। ਉਹ ਉਹਨਾਂ ਲੋਕਾਂ ਪ੍ਰਤੀ ਬੜੀ ਹੀ ਵਫ਼ਾਦਾਰ ਸੀ ਜਿਨ੍ਹਾਂ ਨੂੰ ਉਹ ਆਪਣੇ ਮਿੱਤਰ ਬਣਾ ਲੈਂਦੀ ਸੀ। ਸਗੋਂ ਉਹਨਾਂ ਦੇ ਨਿੰਦਕਾਂ ਪ੍ਰਤੀ ਵੀ ਉਹ ਉਤਨੀ ਹੀ ਬੜਬੋਲੀ, ਆਕ੍ਰਮਣਕਾਰੀ ਤੇ ਉਹਨਾਂ ਨਾਲ ਲੜਨ ਲਈ ਤਿਆਰ ਰਹਿੰਦੀ ਸੀ। ਇਹਨਾਂ ਵਿਸ਼ੇਸ਼ਤਾਵਾਂ ਕਾਰਨ ਉਹਦਾ ਪ੍ਰਤੀਬਿੰਬ ਨਹੁੰ ਵਰਗੀ ਕਠੋਰ ਤੇ ਗੁਸੈਲੀ ਇਸਤਰੀ ਦਾ ਬਣ ਗਿਆ ਸੀ। ਜਿਹੜੇ ਉਸਦੇ ਚੰਗੀ ਤਰ੍ਹਾਂ ਭੇਤੀ ਸਨ, ਉਹਨਾਂ ਨੂੰ ਪਤਾ ਸੀ ਕਿ ਉਹ ਕਿਤਨੀ ਕੋਮਲ ਹਿਰਦੇ ਵਾਲੀ ਸੀ ਤੇ ਹਰ ਬੁਗ-ਬੁਘਲਾਹਟ ਤੇ ਗੁੱਸੇ ਦੇ ਲਾਵੇ ਪਿੱਛੋਂ ਉਹ ਅੱਥਰੂਆਂ ਦਾ ਝਰਨਾ ਬਣ ਜਾਂਦੀ ਸੀ। ਉਹ ਉਪਰੋਂ ਥੋਹਰ ਵਾਂਗ ਕੰਡਿਆਲੀ ਪਰ ਵਿੱਚੋਂ ਖੰਡ ਵਾਂਗ ਮਿੱਠੀ ਸੀ।

ਕੀ ਪ੍ਰਭਾ ਨੂੰ ਅਗਾਊਂ ਸੂਹ ਸੀ ਕਿ ਉਸ ਨੇ ਛੇਤੀ ਹੀ ਮਰ ਜਾਣਾ ਹੈ? ਮੈਨੂੰ ਇਸ ਬਾਰੇ ਕੋਈ ਪੱਕਾ ਪਤਾ ਨਹੀਂ ਹੈ। ਉਹ ਯਕੀਨਨ ਆਪਣੀਆਂ ਲੜਕੀਆਂ ਲਈ ਇੰਨੇ

ਕੰਮ ਉਸ ਮਾਂ ਵਾਂਗ ਕਰ ਜਾਣਾ ਜਾਂ ਸੌਂਪ ਜਾਣਾ ਚਾਹੁੰਦੀ ਸੀ ਜੋ ਮਹਿਸੂਸ ਕਰਦੀ ਸੀ ਕਿ ਉਹ ਛੇਤੀ ਹੀ ਉਹਨਾਂ ਤੋਂ ਦੂਰ ਚਲੀ ਜਾਵੇਗੀ। ਇਸ ਦੇ ਉਲਟ ਰਕਤ ਪ੍ਰਵਾਹ ਦੇ ਦੌਰੇ ਤੋਂ ਇਕ ਦਿਨ ਪਹਿਲਾਂ ਉਹ ਉਸ ਹਸਪਤਾਲ 'ਚ ਇਕ ਰਿਸ਼ਤੇਦਾਰ ਨੂੰ ਮਿਲਣ ਗਈ ਤੇ ਉਸ ਨੂੰ ਹੱਸਦਿਆਂ ਹੱਸਦਿਆਂ ਕਿਹਾ ਕਿ ਉਹ ਕਿਤਨੀ ਖ਼ੁਸ਼ਕਿਸਮਤ ਹੈ ਕਿ ਦਫ਼ਤਰ ਜਾਣ ਦੇ ਫ਼ਿਕਰ ਤੋਂ ਮੁਕਤ ਹੋ ਕੇ ਕਿਵੇਂ ਅਰਾਮ ਨਾਲ ਲੇਟੀ ਹੋਈ ਹੈ। ਉਸ ਨੂੰ ਕੀ ਪਤਾ ਸੀ ਕਿ ਕੁਝ ਘੰਟਿਆਂ ਪਿੱਛੋਂ ਉਹ ਉਸੇ ਹਸਪਤਾਲ ਵਿੱਚ ਆਪਣੇ ਜੀਵਨ ਲਈ ਘੋਲ ਕਰ ਰਹੀ ਹੋਵੇਗੀ। ਉਹਦੀ ਸਭ ਤੋਂ ਨੇੜਲੀ ਸਹੇਲੀ ਊਸ਼ਾ ਰਾਏ ਨੇ ਮੈਨੂੰ ਦੱਸਿਆ ਕਿ ਮਰਨ ਤੋਂ ਪਹਿਲਾਂ ਸ਼ਾਮ ਨੂੰ, ਜਦੋਂ ਮੈਂ ਉਸ ਦੇ ਹੱਥਾਂ ਨੂੰ ਪਲੋਸ ਰਹੀ ਸੀ ਤਾਂ ਉਸ ਨੇ ਬੜੀ ਕਮਜ਼ੋਰ ਅਵਾਜ਼ ਵਿੱਚ ਕਿਹਾ, "ਕੀ ਤੂੰ ਮੇਰੇ ਹੱਥਾਂ ਦੀਆਂ ਲਕੀਰਾਂ ਪੜ੍ਹ ਰਹੀ ਹੈਂ ? ਮੈਨੂੰ ਦੱਸ ਕਿ ਕੀ ਮੈਂ ਜਿਉਂਦੀ ਹਸਪਤਾਲ 'ਚੋਂ ਵਾਪਸ ਜਾ ਸਕਾਂਗੀ?"

ਪੱਤਰਕਾਰਤਾ ਦੇ ਸਾਰੇ ਜੀਵਨ ਵਿੱਚ ਮੈਂ ਕੋਈ ਅਜਿਹੀ ਸਾਹਸੀ ਤੇ ਈਮਾਨਦਾਰ ਕੁੜੀ ਨਹੀਂ ਦੇਖੀ ਜੋ ਕੋਈ ਸਮਝੌਤਾ ਨਹੀਂ ਕਰਦੀ ਸੀ। ਉਹਦੀ ਨਿਡਰਤਾ ਹੁੜਮੱਤ ਦੀ ਸੀਮਾ 'ਤੇ ਜਾ ਪਹੁੰਚਦੀ ਸੀ। ਉਹ ਕੰਮ ਨੂੰ ਸਮਰਪਿਤ ਸੀ ਤੇ ਕੰਮ-ਚੋਰਾਂ ਪ੍ਰਤੀ ਉਸ ਨੂੰ ਘ੍ਰਿਣਾ ਸੀ। ਮੈਂ ਖ਼ੁਸ਼ ਹਾਂ ਕਿ ਉਹਦੀ ਲੜਕੀ ਬਰਖਾ ਦੱਤ ਜੋ ਐੱਨ.ਡੀ.ਟੀ.ਵੀ. ਵਿੱਚ ਹੈ, ਉਹਦੇ ਵਾਂਗ ਹੀ ਸੁੰਦਰ ਵੀ ਹੈ ਤੇ ਉਹਦੇ ਵਾਂਗ ਬੇਖ਼ੌਫ਼ ਤੇ ਕੰਮ ਨੂੰ ਸਮਰਪਿਤ ਵੀ।

ਹਰਦਿਆਲ—ਇਕ ਮਹਾਨ ਕ੍ਰਾਂਤੀਕਾਰੀ ਨੂੰ ਸ਼ਰਧਾਂਜਲੀ

ਜਦੋਂ ਮੈਂ ਸਕੂਲ ਵਿੱਚ ਪੜ੍ਹਦਾ ਸੀ ਤਾਂ ਉਸ ਸਮੇਂ ਵਿਦਵਤਾ ਦੀ ਇਕੋ ਇਕ ਮਿਸਾਲ ਵਜੋਂ ਜਿਹੜਾ ਨਾਮ ਹਰ ਇਕ ਦੇ ਬੁੱਲ੍ਹਾਂ 'ਤੇ ਹੁੰਦਾ ਸੀ, ਉਹ ਹਰਦਿਆਲ ਦਾ ਹੀ ਹੁੰਦਾ ਸੀ। ਉਸ ਦੇ ਨਾਮ ਦੇ ਅਗੇਤਰ ਵਜੋਂ ਦੋ ਸ਼ਬਦ ਜੁੜ ਗਏ ਸਨ—ਇਕ ਸੀ ਮਹਾਨ, ਮਹਾਨ ਹਰਦਿਆਲ। ਇਕ ਵਿਦਿਆਰਥੀ ਵਜੋਂ ਉਸ ਦੀ ਵਡਿਆਈ ਦੀਆਂ ਕਹਾਣੀਆਂ ਦੀ ਗਿਣਤੀ ਵਧਦੀ ਹੀ ਜਾਂਦੀ। ਉਹਦੀ ਯਾਦ ਸ਼ਕਤੀ ਅਲੌਕਿਕ ਸੀ। ਉਹ ਜਿਹੜੀ ਪੁਸਤਕ ਇਕ ਵਾਰ ਪੜ੍ਹ ਲੈਂਦਾ ਸੀ, ਉਹ ਉਸ ਦੀ ਸਮੱਗਰੀ ਅੱਖਰ-ਅੱਖਰ (ਹੂਬਹੂ) ਦੁਬਾਰਾ ਲਿਖ ਜਾਂ ਸੁਣਾ ਸਕਦਾ ਸੀ। ਉਹ ਹਰ ਵਿਸ਼ੇ ਵਿੱਚ ਕੇਵਲ ਸਰਵ-ਉੱਚ ਸਥਾਨ ਹੀ ਪ੍ਰਾਪਤ ਨਹੀਂ ਕਰਦਾ ਸੀ ਸਗੋਂ ਹਰ ਪ੍ਰੀਖਿਆ ਵਿੱਚ ਉਹ ਬਹੁਤ ਵੱਡੇ ਅੰਤਰ ਨਾਲ ਸਥਾਪਿਤ ਕੀਰਤੀਮਾਨ ਵੀ ਤੋੜ ਦਿੰਦਾ ਸੀ। ਭਾਵੇਂ ਇਹ ਪੂਰੀ ਤਰ੍ਹਾਂ ਸਹੀ ਨਹੀਂ ਸੀ ਕਿਉਂਕਿ ਕਈ ਵਾਰ ਦੂਸਰੇ ਪ੍ਰੀਖਿਆਰਥੀ ਉਸ ਨੂੰ ਦੂਸਰੇ ਸਥਾਨ 'ਤੇ ਪਿਛਾੜ ਕੇ ਮਾਤ ਪਾ ਦਿੰਦੇ ਸਨ, ਪਰ ਲੋਕ ਮੰਨਣ ਤੋਂ ਇਨਕਾਰ ਕਰ ਦਿੰਦੇ ਸਨ। ਉਹਦੀ ਸ਼ੋਹਰਤ ਦੇ ਅਜਿੱਤ ਹੋਣ ਦਾ ਇਕ ਹੋਰ ਕਾਰਨ ਇਹ ਹਕੀਕਤ ਸੀ ਕਿ ਉਹ ਇਕ ਕ੍ਰਾਂਤੀਕਾਰੀ ਵੀ ਸੀ। ਉਸ ਨੇ ਸਰਕਾਰੀ ਸਰਪ੍ਰਸਤੀ ਨੂੰ ਲੱਤ ਮਾਰੀ ਸੀ। ਉਸ ਨੇ ਮੁੱਢਲੇ ਦਿਨਾਂ ਵਿੱਚ ਕੈਨੇਡਾ ਤੇ ਅਮਰੀਕਾ ਵਿੱਚ ਗਦਰ ਲਹਿਰ ਦੀ ਅਗਵਾਈ ਕੀਤੀ ਸੀ ਅਤੇ ਉਹ ਪਹਿਲੇ ਵਿਸ਼ਵ ਯੁੱਧ ਵਿੱਚ ਅੰਗਰੇਜ਼ੀ ਰਾਜ ਵਿਰੁੱਧ ਜਰਮਨ ਸਰਕਾਰ ਵੱਲੋਂ ਵਿਦਰੋਹ ਫੈਲਾਉਣ ਦੇ ਯਤਨਾਂ ਦਾ ਮੁਖੀ ਸਲਾਹਕਾਰ ਸੀ। ਮਗਰੋਂ ਉਸ ਨੇ ਆਪਣੀ ਬਰਾਬਰ ਦੀ ਪ੍ਰਸਿੱਧੀ ਦੇ ਮਾਲਕ 'ਵੀਰ ਸਾਵਰਕਰ' ਵਾਂਗ ਕਲਾਬਾਜ਼ੀ ਲਾਈ, ਪਿਛਲੀਆਂ ਗ਼ਲਤੀਆਂ ਲਈ ਮਾਫ਼ੀ ਮੰਗੀ ਤੇ ਉਹਨਾਂ ਦੀ ਵਫ਼ਾਦਾਰੀ ਦਾ ਵਚਨ ਦਿੱਤਾ। ਇਹ ਪੁੱਛਿਆ ਜਾ ਸਕਦਾ ਹੈ ਕਿ ਜੇ ਵੀਰ ਸਾਵਰਕਰ ਦਾ ਚਿੱਤਰ ਪਾਰਲੀਮੈਂਟ ਵਿੱਚ ਲਾਇਆ ਜਾ ਸਕਦਾ ਹੈ ਤਾਂ ਹਰਦਿਆਲ ਦਾ ਕਿਉਂ ਨਹੀਂ?

ਹਰਦਿਆਲ ਦੀ ਕੱਥਿਤ ਮਹਾਨਤਾ ਬਾਰੇ ਸੱਚਾਈ ਕੀ ਹੈ? ਆਖ਼ਰ ਸਾਨੂੰ ਉਸ ਦੀ ਪੋਤਰੀ ਤੇ ਉਸ ਦੀ ਪਤਨੀ ਵੱਲੋਂ ਲਿਖੀ ਗਈ-'ਲਾਲਾ ਹਰਦਿਆਲ ਦੀ ਜੀਵਨੀ'- ਮਿਲ ਗਈ ਹੈ ਜੋ ਸੱਤ ਨੂੰ ਅਸੱਤ ਨਾਲੋਂ ਵੱਖ ਕਰਦੀ ਹੈ। ਇਹ ਜੀਵਨੀ ਹੈ-ਹਰਦਿਆਲ-ਇਕ ਮਹਾਨ ਕ੍ਰਾਂਤੀਕਾਰੀ ਜੋ 'ਈ. ਜੈਵੰਤ' ਤੇ 'ਸ਼ੁਭਪਾਲ' ਨੇ ਲਿਖੀ ਹੈ ਤੇ 'ਰੋਲੀ ਬੁਕਸ' ਨੇ ਪ੍ਰਕਾਸ਼ਿਤ ਕੀਤੀ ਹੈ।

ਹਰਦਿਆਲ ਦਾ ਜਨਮ 4 ਅਕਤੂਬਰ 1884 ਨੂੰ ਦਿੱਲੀ ਵਿੱਚ ਹੋਇਆ ਸੀ। ਉਹ ਜ਼ਿਲ੍ਹਾ ਕਚਹਿਰੀ ਦੇ ਰੀਡਰ ਗੌਰੀ ਦਿਆਲ ਮਾਥਰ ਤੇ ਉਹਦੀ ਪਤਨੀ ਭੋਲੀ ਦੇ ਸੱਤਾਂ ਬੱਚਿਆਂ ਵਿੱਚੋਂ ਛੇਵਾਂ ਸੀ। ਉਸ ਨੇ ਕੈਂਬ੍ਰਿਜ ਮਿਸ਼ਨ ਸਕੂਲ ਵਿੱਚ ਪੜ੍ਹਾਈ ਕੀਤੀ ਤੇ

ਸਟੀਫ਼ਨ ਕਾਲਜ ਤੋਂ ਡਿਗਰੀ ਪ੍ਰਾਪਤ ਕੀਤੀ। ਉਸ ਨੇ ਵਜ਼ੀਫ਼ਾ ਪ੍ਰਾਪਤ ਕੀਤਾ ਤੇ ਗੌਰਮਿੰਟ ਕਾਲਜ, ਲਾਹੌਰ ਵਿੱਚ ਦਾਖ਼ਲ ਹੋ ਗਿਆ। ਉਸ ਨੇ ਅੰਗਰੇਜ਼ੀ ਭਾਸ਼ਾ ਤੇ ਸਾਹਿਤ ਦੀ ਐੱਮ.ਏ. ਕੀਤੀ ਤੇ ਫਿਰ ਇਕ ਹੋਰ ਐੱਮ.ਏ., ਇਤਿਹਾਸ ਵਿੱਚ ਸਭ ਤੋਂ ਵੱਧ ਨੰਬਰ ਲੈ ਕੇ ਯੂਨੀਵਰਸਿਟੀ ਦਾ ਪਿਛਲਾ ਰਿਕਾਰਡ ਤੋੜ ਕੇ ਪਾਸ ਕੀਤੀ। ਉਸ ਨੇ ਸੇਂਟ ਜਾਨ ਕਾਲਜ ਔਕਸਫ਼ੋਰਡ ਤੋਂ ਵਜ਼ੀਫ਼ਾ ਪ੍ਰਾਪਤ ਕੀਤਾ। ਜਦੋਂ ਉਹ ਭਾਰਤ ਵਿੱਚ ਸੀ ਤਾਂ ਉਹ ਈਸਾਈ ਮਿਸ਼ਨਰੀਆਂ ਦੀ ਨਿਰਸੁਆਰਥ ਲਗਨ ਅਤੇ ਆਰੀਆ ਤੇ ਬ੍ਰਹਮੋ ਸਮਾਜ ਵਲੋਂ ਹਿੰਦੂ ਧਰਮ ਵਿੱਚ ਆਈਆਂ ਵਿਅਰਥ ਰੀਤੀਆਂ (ਕੁਰੀਤੀਆਂ) ਨੂੰ ਵਹਿਮਾਂ-ਭਰਮਾਂ ਤੋਂ ਸ਼ੁੱਧ ਕਰਨ ਦੇ ਯਤਨਾਂ ਤੋਂ ਬਹੁਤ ਪ੍ਰਭਾਵਿਤ ਹੋਇਆ ਸੀ। ਉਹ ਲਾਲਾ ਲਾਜਪਤ ਰਾਏ ਦਾ ਪ੍ਰਸ਼ੰਸਕ ਸੀ ਤੇ ਭਾਈ ਪਰਮਾਨੰਦ ਨਾਲ ਉਸ ਦੀ ਦੋਸਤੀ ਸੀ। ਹਰਦਿਆਲ ਔਕਸਫ਼ੋਰਡ ਯੂਨੀਵਰਸਿਟੀ ਵਿੱਚ 1905 ਈਸਵੀ ਨੂੰ ਦਾਖ਼ਲ ਹੋਇਆ। ਉਹਦੀ ਉਮਰ 21 ਸਾਲ ਸੀ ਤੇ ਉਹ ਵਿਆਹਿਆ ਹੋਇਆ ਸੀ। ਉਹ ਬੜੀ ਅਸਾਨੀ ਨਾਲ ਸਰਕਾਰੀ ਪਦ ਪ੍ਰਾਪਤ ਕਰ ਸਕਦਾ ਸੀ ਪਰ ਉਸ ਨੂੰ ਦੇਸ਼-ਭਗਤੀ ਦਾ ਖ਼ਬਤ ਹੋ ਗਿਆ ਸੀ। ਉਸ ਨੇ ਕਿਹਾ, "ਆਈ.ਸੀ.ਐੱਸ. ਪਵੇ ਢੱਠੇ ਖੂਹ ਵਿੱਚ" ਤੇ ਉਸ ਨੇ ਆਈ.ਸੀ.ਐੱਸ. ਦੀ ਪ੍ਰੀਖਿਆ 'ਚ ਬੈਠਣ ਤੋਂ ਵੀ ਇਨਕਾਰ ਕਰ ਦਿੱਤਾ। ਉਹਦੀ ਜਾਣ-ਪਛਾਣ ਦਾਦਾ ਭਾਈ ਨਾਰੋ ਜੀ ਤੇ ਸਿਆਮਾ ਜੀ, ਕ੍ਰਿਸ਼ਨਾ ਵਰਮਾ ਨਾਲ ਹੋ ਗਈ ਸੀ ਤੇ ਉਸ ਨੇ ਸੁਤੰਤਰਤਾ ਸੰਘਰਸ਼ ਵਿੱਚ ਕੁੱਦਣ ਦਾ ਫ਼ੈਸਲਾ ਕਰ ਲਿਆ। ਉਸ ਨੇ ਵਜ਼ੀਫ਼ੇ ਦੀ ਰਕਮ ਸਰਕਾਰ ਨੂੰ ਵਾਪਸ ਕਰ ਦਿੱਤੀ ਤੇ ਔਕਸਫ਼ੋਰਡ ਛੱਡ ਦਿੱਤਾ।

ਉਹ ਕੁਝ ਹੱਦ ਤੱਕ ਤਿਆਗੀ ਤੇ ਸਾਧਕ ਸੀ। ਉਹ ਨਾ ਕਦੇ ਸ਼ਰਾਬ ਪੀਂਦਾ ਸੀ ਤੇ ਨਾ ਹੀ ਸਿਗਰਟ। ਉਹ ਸ਼ਾਕਾਹਾਰੀ ਬਣ ਗਿਆ, ਯੂਰਪੀਨ ਢੰਗ ਦੇ ਵਸਤਰ ਤਿਆਗ ਦਿੱਤੇ ਤੇ ਕੁਰਤਾ ਅਤੇ ਧੋਤੀ ਪਾਉਣ ਲੱਗ ਗਿਆ। ਉਹ ਸਦਾ ਫ਼ਰਸ਼ ਤੇ ਹੀ ਭੁੰਞੇ ਸੌਂਦਾ ਸੀ। ਉਸ ਨੇ ਵੱਖ-ਵੱਖ ਧਰਮਾਂ ਦਾ ਅਧਿਐਨ ਕੀਤਾ ਤੇ ਮਹਾਤਮਾ ਬੁੱਧ ਨੂੰ ਆਪਣਾ ਆਦਰਸ਼ ਮੰਨ ਲਿਆ। ਉਸ ਨੇ ਭਾਈ ਪਰਮਾਨੰਦ ਨਾਲ ਇਕ ਨਵਾਂ ਧਰਮ ਚਲਾਉਣ ਦੀ ਸੰਭਾਵਨਾ 'ਤੇ ਵਿਚਾਰ ਕੀਤੀ, ਜਿਸ ਨੇ ਉਸ ਨੂੰ, ਇਸ ਪਾਸੇ ਤੋਂ ਇਹ ਕਹਿ ਕੇ ਮਨ੍ਹਾ ਕਰ ਦਿੱਤਾ ਕਿ, "ਮੇਰਾ ਆਪਣਾ ਵਿਚਾਰ ਹੈ ਕਿ ਸਾਰੇ ਧਰਮ ਹੀ ਮਨੁੱਖਤਾ ਨਾਲ ਧੋਖਾ ਹਨ। ਤੁਸੀਂ, ਬੱਸ, ਇਕ ਹੋਰ ਕਪਟ ਦਾ ਵਾਧਾ ਕਰੋਗੇ।"

ਹਰਦਿਆਲ ਭਾਰਤੀ ਫ਼ਲਸਫ਼ੇ ਉਪਰ ਲੇਖ ਲਿਖ ਕੇ ਤੇ ਭਾਸ਼ਣ ਦੇ ਕੇ ਨਿਰਬਾਹ ਕਰਨ ਲਈ ਥੋੜ੍ਹੇ ਪੈਸੇ ਕਮਾ ਲਿਆ ਕਰਦਾ ਸੀ। ਉਸ ਨੇ ਸ਼੍ਰੀਮਤੀ ਕਾਮਾ ਦੇ ਅਖ਼ਬਾਰ 'ਬੰਦੇ ਮਾਤ੍ਰਮ' ਤੇ 'ਤਲਵਾਰ' ਵੀ ਸੰਪਾਦਿਤ ਕੀਤੇ। 1911 ਈ: ਵਿੱਚ ਉਹ ਬੁੱਧ ਧਰਮ ਦੇ ਅਧਿਐਨ ਲਈ ਅਮਰੀਕਾ ਦੀ ਯੂਨੀਵਰਸਿਟੀ ਹਾਵਰਡ ਚਲਾ ਗਿਆ। ਸਟਾਨਫ਼ੋਰਡ ਯੂਨੀਵਰਸਿਟੀ ਨੇ ਉਸ ਨੂੰ ਭਾਰਤੀ ਦਰਸ਼ਨ ਦੇ ਅਧਿਆਪਕ ਲਈ ਨਿਮੰਤ੍ਰਨ ਦਿੱਤਾ। ਉਸ ਦੇ ਅਜ਼ਾਦ ਤੇ ਤੱਤੇ ਵਿਚਾਰਾਂ ਕਾਰਨ ਉਸ ਦੀ ਸਟਾਨਫ਼ੋਰਡ ਵਿੱਚ ਅਵਧੀ ਦੀ ਮਿਆਦ ਖ਼ਤਮ ਕਰ ਦਿੱਤੀ ਗਈ ਕਿਉਂਕਿ ਉਹ ਖੁੱਲ੍ਹੇ ਪ੍ਰੇਮ ਦਾ ਹਮਾਇਤੀ ਸੀ। ਉਸ ਦਾ ਸਵਿਟਜ਼ਰਲੈਂਡ ਦੀ ਇਕ ਕੁੜੀ ਨਾਲ ਪ੍ਰੇਮ ਵੀ ਹੋ ਗਿਆ ਸੀ ਜਿਸ ਦਾ ਨਾਮ ਸੀ ਫ਼ਰੀਡ

ਹੋਜ਼ਵਿਰਥ, ਜਿਸ ਕਾਰਨ ਉਸ ਦੇ ਅਮਰੀਕੀ ਤੇ ਭਾਰਤੀ ਪ੍ਰਸ਼ੰਸਕ ਭੰਡੀ ਪ੍ਰਚਾਰ ਦਾ ਸ਼ਿਕਾਰ ਹੋ ਗਏ। ਜਦੋਂ ਅਜੇ ਸਟਾਨਫੋਰਡ ਯੂਨੀਵਰਸਿਟੀ ਵਿੱਚ ਹੀ ਸੀ ਤਾਂ ਉਸ ਦੇ ਸੰਬੰਧ 'ਪੱਛਮੀ ਕਿਨਾਰੇ' ਦੇ ਭਾਰਤੀ ਕਾਮਿਆਂ ਨਾਲ ਸਥਾਪਤ ਹੋ ਗਏ ਤੇ ਉਹ 'ਗ਼ਦਰ ਪਾਰਟੀ' ਕਾਇਮ ਕਰਨ ਲਈ ਉਹਨਾਂ ਦੀ ਸਹਾਇਤਾ ਕਰਨ ਚਲਾ ਗਿਆ। ਜਦੋਂ ਉਹਨਾਂ ਨੇ 23 ਦਸੰਬਰ, 1912 ਨੂੰ ਦਿੱਲੀ ਵਿੱਚ ਵਾਇਸਰਾਏ ਹਾਰਡਿੰਗ ਨੂੰ ਮਾਰ ਦੇਣ ਦੇ ਯਤਨਾਂ ਦੀ ਖ਼ਬਰ ਸੁਣੀ ਤਾਂ ਹੋਰਨਾਂ ਭਾਰਤੀਆਂ ਵਾਂਗ ਬਰਕਲੇ ਵਿੱਚ ਹਰਦਿਆਲ ਨੇ ਵੀ ਇਸ ਮੌਕੇ ਭੰਗੜਾ ਪਾ ਕੇ ਤੇ 'ਬੰਦੇ ਮਾਤ੍ਰਮ' ਦਾ ਤਰਾਨਾ ਗਾ ਕੇ ਜਸ਼ਨ ਮਨਾਇਆ।

ਗ਼ਦਰ ਪਾਰਟੀ ਇਕ ਨਵੰਬਰ 1913 ਨੂੰ ਕਾਇਮ ਕੀਤੀ ਗਈ ਸੀ ਤੇ ਹਰਦਿਆਲ ਇਸ ਦੀ ਰੂਹ ਸੀ, ਸਰਪ੍ਰਸਤ ਸੀ। ਉਸ ਨੂੰ ਅਮਰੀਕੀ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਰਿਹਾਈ ਪਿੱਛੋਂ ਉਸ ਨੇ ਫ਼ਰੀਡ ਹੋਜ਼ਵਰਥ ਕੋਲ ਸਵਿਟਜ਼ਰਲੈਂਡ ਪਰਤ ਜਾਣ ਦਾ ਫ਼ੈਸਲਾ ਕਰ ਲਿਆ, ਪ੍ਰੰਤੂ ਉਹ ਉਲਟਾ ਅਮਰੀਕਾ ਵਿੱਚ ਉਸ ਨਾਲ ਮਿਲਣ ਦੀ ਥਾਂ ਤਲਾਕ ਦੀ ਕਾਰਵਾਈ ਪੂਰੀ ਕਰਨ ਲਈ ਆ ਗਈ ਤੇ ਉਸ ਨੇ ਇਕ ਹੋਰ ਵਿਅਕਤੀ ਸਾਰੰਗਧਰ ਦਾਸ ਨਾਲ ਵਿਆਹ ਕਰਵਾ ਲਿਆ।

4 ਅਗਸਤ, 1914 ਨੂੰ ਪਹਿਲਾ ਸੰਸਾਰ ਯੁੱਧ ਛਿੜ ਗਿਆ। ਹਰਦਿਆਲ ਨੇ ਜੰਗ ਦੇ ਮੁੱਢਲੇ ਸਾਲ ਸੁਤੰਤਰਤਾ ਸੈਨਾ ਲੈ ਕੇ ਭਾਰਤ ਉਪਰ ਹਮਲਾ ਕਰਨ ਦੀਆਂ ਯੋਜਨਾਵਾਂ ਬਣਾਉਂਦਿਆਂ ਜਰਮਨੀ ਤੇ ਤੁਰਕੀ ਵਿੱਚ ਗੁਜ਼ਾਰੇ। ਉਹ ਇਤਨਾ ਭੋਲਾ ਸੀ ਕਿ ਉਹ ਇਸ ਗੱਲ 'ਤੇ ਵਿਸ਼ਵਾਸ ਕਰਨ ਲੱਗ ਪਿਆ ਸੀ ਕਿ ਜਰਮਨੀ ਭਾਰਤ ਨੂੰ ਅਜ਼ਾਦ ਹੋਇਆ ਦੇਖਣ ਦਾ ਚਾਹਵਾਨ ਸੀ। ਉਸ ਨੂੰ ਜਰਮਨੀ ਦੀ ਟਾਲ-ਮਟੋਲ ਸਮਝਣ 'ਚ ਕਾਫੀ ਸਮਾਂ ਲੱਗਾ ਤੇ ਫਿਰ ਉਹ ਜਰਮਨਾਂ ਤੇ ਤੁਰਕਾਂ ਦਾ ਕੱਟੜ ਆਲੋਚਕ ਬਣ ਗਿਆ। ਇਕ ਖ਼ਤ ਵਿੱਚ ਉਸ ਨੇ ਇਹ ਵਿਚਾਰ ਲਿਖਿਆ : "ਤੁਰਕਾਂ ਦਾ ਦਿਮਾਗ਼ ਹੀ ਨਹੀਂ ਹੈ—ਇਕ ਕੌਮ ਵਜੋਂ ਉਹ ਮੁਸਲਿਮ ਜਗਤ ਦੀ ਅਗਵਾਈ ਕਰਨ ਦੇ ਅਯੋਗ ਹਨ।" ਜਰਮਨਾਂ ਬਾਰੇ, ਜਿਨ੍ਹਾਂ ਨੇ ਉਸ ਦੇ ਸਾਹਸ ਭਰੇ ਕਾਰਜਾਂ ਵਿੱਚ ਆਰਥਿਕ ਸਹਾਇਤਾ ਕੀਤੀ ਸੀ, ਉਸ ਨੇ ਲਿਖਿਆ : "ਕਿ ਉਹ ਚਰਿਤਰਹੀਣ ਹਨ—ਉਹ ਲਾਲਚੀ ਹਨ। ਉਹ ਸਖ਼ਤ ਮਿਹਨਤ ਕਰਦੇ ਹਨ, ਦੇਸ਼ ਭਗਤ ਹਨ ਤੇ ਬੱਸ ਸ਼ਾਇਦ ਉਹਨਾਂ ਦੀ ਇਹੋ, ਇੱਕੋ ਇਕ, ਖ਼ੂਬੀ ਹੈ।" ਫਿਰ ਉਹ ਅੰਗਰੇਜ਼ਾਂ ਦਾ ਕੱਟੜ ਪ੍ਰਸ਼ੰਸਕ ਬਣ ਗਿਆ। ਉਸ ਅਨੁਸਾਰ, "ਉਹ ਸੱਚਾਈ ਪਸੰਦ ਲੋਕ ਹਨ ਜਿਨ੍ਹਾਂ ਦਾ ਭਾਰਤ ਵਿੱਚ ਸਦਾਚਾਰਕ ਤੇ ਇਤਿਹਾਸਕ ਉਦੇਸ਼ ਹੈ।" ਅੰਗਰੇਜ਼ੀ ਸਰਕਾਰ ਨੇ ਉਸ ਦੇ ਐਲਾਨੇ ਵਿਚਾਰਾਂ ਦਾ ਹਿੰਦੀ ਅਨੁਵਾਦ ਕਰਵਾ ਕੇ ਭਾਰਤ ਵਿੱਚ ਮੁਫ਼ਤ ਵੰਡਿਆ।

ਹਰਦਿਆਲ ਕੋਲ ਕਿਸੇ ਨਿਰਪੱਖ ਮੁਲਕ ਵਿੱਚ ਜਾਣ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ। ਉਸ ਨੇ ਇਸ ਵਾਸਤੇ ਸਵੀਡਨ ਚੁਣਿਆ। ਉਸ ਨੇ ਸਵੀਡਿਸ਼ ਇਸਤਰੀ ਆਮਦਾ ਏਰਿਕਸਨ ਨਾਲ ਵਿਆਹ ਕਰਵਾਇਆ ਤੇ ਕੁਝ ਖੇਚਲ ਕਰਕੇ ਸਵੀਡਨ ਦਾ ਵੀਜ਼ਾ ਪ੍ਰਾਪਤ ਕਰ ਲਿਆ। ਉਸ ਨੇ ਸਵੀਡਨ ਵਿੱਚ ਕਈ ਸਾਲ ਗੁਜ਼ਾਰੇ। ਉਸ ਨੇ ਸਵੀਡਨ ਦੀ

ਭਾਸ਼ਾ ਤੇ ਹੋਰ 13 ਭਾਸ਼ਾਵਾਂ ਬੋਲਣੀਆਂ ਸਿੱਖ ਲਈਆਂ। ਉਹ ਆਮਦਾ ਨਾਲ ਰਿਹਾ ਜੋ ਆਪਣੇ ਆਪ ਨੂੰ ਹਰਦਿਆਲ ਦੀ ਪਤਨੀ ਕਹਿੰਦੀ ਸੀ। ਉਸ ਨੇ ਕਈ ਪੁਸਤਕਾਂ ਵੀ ਲਿਖੀਆਂ ਜਿਨ੍ਹਾਂ ਵਿੱਚੋਂ 'ਹਿੰਟਸ ਆਨ ਸੈਲਫ਼ ਕਲਚਰ' ਸਭ ਤੋਂ ਉੱਘੀ ਹੈ ਤੇ ਅੱਜ ਤੱਕ ਵੀ ਉਸ ਦੀ ਬਹੁਤ ਮੰਗ ਹੈ। ਉਸ ਨੂੰ ਇੰਗਲੈਂਡ ਪਰਤਣ ਦੀ ਆਗਿਆ ਮਿਲ ਗਈ ਸੀ ਤੇ ਅੰਤ ਨੂੰ ਅੰਗਰੇਜ਼ਾਂ ਨੇ ਉਸ ਨੂੰ ਆਮ ਮਾਫ਼ੀ ਤੇ ਭਾਰਤ ਨੂੰ ਮੁੜ ਜਾਣ ਦੀ ਆਗਿਆ ਵੀ ਦੇ ਦਿੱਤੀ, ਪਰ ਉਹ ਕਦੇ ਅਜਿਹਾ ਨਾ ਕਰ ਸਕਿਆ। ਜਦੋਂ ਉਹ ਅਮਰੀਕਾ ਵਿੱਚ ਲੈਕਚਰ ਕਰਨ ਗਿਆ ਸੀ ਤਾਂ ਉਹ 4 ਮਾਰਚ, 1959 ਨੂੰ ਫਿਲਡੇਲਫੀਆ ਵਿੱਚ ਰਾਤ ਨੂੰ ਸੁੱਤਾ ਹੀ ਮਰ ਗਿਆ। ਉਸ ਦੀ ਉਮਰ ਉਸ ਸਮੇਂ 54 ਸਾਲ ਦੀ ਸੀ।

ਟੁੱਟੇ ਦਿਲ ਨਾਲ ਆਮਦਾ ਏਰਿਕਸਨ ਉਸ ਦੀ ਬਭੂਤੀ ਆਪਣੀ ਮਾਤ੍ਰ-ਭੂਮੀ ਸਵੀਡਨ ਲੈ ਗਈ। ਮਹਾਨ ਹਰਦਿਆਲ ਉਸ ਲਈ ਉਹੋ ਕੁਝ ਛੱਡ ਗਿਆ ਸੀ। ਸੰਸਾਰਕ ਸੰਪਤੀ, ਜਿੰਨੀ ਕੁ ਸੀ, ਉਹ ਆਪਣੀ ਪਤਨੀ ਤੇ ਆਪਣੀ ਪੁੱਤਰੀ 'ਸ਼ਾਂਤੀ' ਲਈ ਛੱਡ ਗਿਆ ਜਿਨ੍ਹਾਂ ਨੂੰ ਉਹ ਫਿਰ ਕਦੇ ਮਿਲਿਆ ਨਹੀਂ ਸੀ।

ਆਰ. ਜੀ. ਕੇ. : ਆਪਾ-ਨਿਕਾਰਨ ਦੀ ਮਿਸਾਲ

ਕੁਝ ਲੋਕ ਅਜਿਹੇ ਹੁੰਦੇ ਹਨ ਜੋ ਸਮਝਦੇ ਹਨ ਕਿ ਉਹਨਾਂ ਦਾ 'ਕਰਮ' ਇਹੋ ਹੈ ਕਿ ਆਪਣੀ ਪੂਰੀ ਤਨਦੇਹੀ ਨਾਲ ਮਾਨਤਾ ਜਾਂ ਮਾਇਕ ਮੁਆਵਜ਼ੇ ਦਾ ਫ਼ਿਕਰ ਕੀਤੇ ਬਿਨਾਂ ਕਾਰਜ ਕਰੀ ਜਾਣ। ਅਜਿਹੇ ਲੋਕ ਭਾਗਵਦ ਗੀਤਾ ਦੇ ਉਪਦੇਸ਼ ਦੀ ਵਧੀਆ ਉਦਾਹਰਨ ਹਨ ਕਿ ਮਨੁੱਖ ਨੂੰ ਫਲ ਦੀ ਆਸ ਕੀਤੇ ਬਿਨਾਂ ਆਪਣਾ ਕਰਤੱਵ ਨਿਭਾਉਣਾ ਚਾਹੀਦਾ ਹੈ। ਅਜਿਹਾ ਇਕ ਆਦਮੀ ਆਰ. ਜੀ. ਕੇ. ਸੀ, ਜੋ ਮੇਰੀ ਜ਼ਿੰਦਗੀ ਵਿੱਚ ਪੂਰੇ 9 ਸਾਲ ਰਿਹਾ। ਜਦੋਂ ਮੈਂ 'ਦੀ ਇਲਸਟਰੇਟਡ ਵੀਕਲੀ ਆਫ ਇੰਡੀਆ' ਦਾ ਸੰਪਾਦਕ ਬਣਿਆ ਤਾਂ ਉਹ ਉਸਦੇ ਅਮਲੇ (ਸਟਾਫ਼) ਵਿੱਚ ਸੀ। ਜਦੋਂ ਮੈਨੂੰ ਬਰਖ਼ਾਸਤ ਕਰ ਦਿੱਤਾ ਗਿਆ ਤਾਂ ਵੀ ਉਹ ਉਥੇ ਕੰਮ ਕਰਦਾ ਰਿਹਾ। ਪ੍ਰਬੰਧਕਾਂ ਨੇ ਮੇਰੀ ਇਸ ਸਿਫ਼ਾਰਸ਼ ਨੂੰ ਅਣਗੌਲਿਆ ਕਰ ਦਿੱਤਾ ਕਿ ਮੇਰੇ ਮਗਰੋਂ ਉਸ ਨੂੰ ਵਾਗਡੋਰ ਸੌਂਪੀ ਜਾਵੇ। ਉਹ ਬੇਫ਼ਿਕਰ ਹੋ ਕੇ ਕਾਮਥ, ਖੰਨਾ, ਪ੍ਰਤੀਸ਼ਨੰਦੀ ਵਰਗੇ ਸੰਪਾਦਕਾਂ ਦੇ ਸਿਲਸਿਲੇ ਅਧੀਨ ਨਿਰੰਤਰ ਕੰਮ ਕਰਦਾ ਰਿਹਾ। ਉਹ ਕੁਝ ਹਫ਼ਤੇ ਪਹਿਲਾਂ ਅਣਸਨਮਾਨਿਤ ਤੇ ਅਣਗੌਲਿਆ, ਅਣਗਾਇਆ ਮਰ ਗਿਆ।

ਉਹਦੇ ਨਾਲ ਰੋਜ਼ਾਨਾ ਲਗਭਗ ਦਸ ਸਾਲ ਵਾਹ ਪੈਣ ਦੇ ਬਾਵਜੂਦ ਜਦੋਂ ਕਿ ਉਹ ਮੈਥੋਂ ਦੂਸਰੇ ਨੰਬਰ 'ਤੇ ਸੀ, ਮੈਨੂੰ ਉਸ ਬਾਰੇ ਇਸ ਤੋਂ ਵੱਧ ਕੋਈ ਜਾਣਕਾਰੀ ਨਹੀਂ ਸੀ ਕਿ ਉਸ ਦੇ ਨਾਮ ਆਰ. ਜੀ. ਕੇ. ਦੇ 'ਜੀ' ਦਾ ਭਾਵ 'ਗੋਪਾਲ' ਹੈ ਜਿਸ ਨਾਮ ਨਾਲ ਅਸੀਂ ਉਸ ਨੂੰ ਬੁਲਾਉਂਦੇ ਸੀ। ਉਹ ਅਮਲੇ ਦੇ ਕਿਸੇ ਹੋਰ ਕਰਮਚਾਰੀ ਨਾਲੋਂ 'ਵੀਕਲੀ' ਵਾਸਤੇ ਕਿਤੇ ਜ਼ਿਆਦਾ ਲਿਖਦਾ ਸੀ ਪਰ ਉਹ ਇਸ ਦੇ ਇਵਜ਼ ਕੋਈ ਲਾਭ ਜਾਂ ਭੱਲ ਦਾ ਇਛੁੱਕ ਨਹੀਂ ਸੀ ਜਾਂ ਆਪਣੇ ਨਾਮ ਦੇ ਪਹਿਲੇ ਅੱਖਰਾਂ, ਭਾਵ ਦਸਤਖ਼ਤਾਂ ਤੋਂ ਬਿਨਾਂ ਇਕ ਸਤਰ ਵੀ ਜੋੜਨ ਦਾ ਚਾਹਵਾਨ ਨਹੀਂ ਸੀ। ਉਹ ਕੇਵਲ ਇਕੋ ਵਿਅਕਤੀ ਹੀ ਸੀ ਜਿਸ ਉਪਰ ਅਸੀਂ ਹਿੰਦੂ ਧਰਮ ਦੇ ਭਿੰਨ-ਭਿੰਨ ਪਹਿਲੂਆਂ ਉੱਪਰ ਲਿਖਵਾਉਣ ਲਈ ਨਿਰਭਰ ਕਰਦੇ ਸਾਂ ਕਿਉਂਕਿ ਉਹ ਸਭ ਪਵਿੱਤਰ ਗ੍ਰੰਥਾਂ ਨੂੰ ਮੂਲ ਸੰਸਕ੍ਰਿਤ ਵਿੱਚ ਪੜ੍ਹਨ ਦੇ ਸਮਰੱਥ ਸੀ।

'ਪੱਤਰ' ਦੇ ਲਿਖਣ ਲਈ ਸਾਰਾ ਸਮਾਂ ਉਹ ਇਕ ਵੱਡੇ ਹਾਲ ਵਿੱਚ ਇਕ ਕੋਨੇ ਵਿੱਚ ਬੈਠਾ ਰਹਿੰਦਾ, ਜਿਸ ਵਿੱਚ 'ਫ਼ਿਲਮਫੇਅਰ', ਫ਼ੈਮਿਨਾ ਤੇ ਧਰਮਯੁੱਗ ਦੇ ਅਮਲੇ ਦੇ ਬੈਠਣ ਦੀ ਵਿਵਸਥਾ ਵੀ ਸੀ। ਉਸ ਦੇ ਪਿਛਲੇ ਪਾਸੇ ਪਿਸ਼ਾਬਘਰ ਤੇ ਟੱਟੀ-ਖ਼ਾਨਾ ਸੀ। ਹਰ ਨਵਾਂ ਆਉਣ ਵਾਲਾ ਜਾਂ ਮੁਲਾਕਾਤੀ 'ਮੂਤਰਾਲਯ' ਬਾਰੇ ਪੁੱਛ-ਪੁੱਛ ਕੇ ਉਹਦੇ ਕੰਮ ਵਿੱਚ ਖ਼ਲਲ ਪਾਉਂਦਾ। ਉਸ ਨੇ ਆਪਣੀ ਮੇਜ਼ 'ਤੇ ਇਕ ਫੱਟੀ ਰੱਖੀ ਹੋਈ ਸੀ, ਜਿਸ 'ਤੇ ਲਿਖਿਆ ਹੋਇਆ ਸੀ, "ਟੱਟੀਖ਼ਾਨਾ ਸਿੱਧਾ ਅੱਗੇ ਹੈ।" ਉਹਦਾ ਸੁਭਾਅ ਹਾਸ-ਵਿਨੋਦ

ਵਾਲਾ ਨਹੀਂ ਸੀ। ਮੈਂ ਉਸ ਨੂੰ ਕਦੇ ਹੱਸਦੇ ਨਹੀਂ ਸੁਣਿਆ ਸੀ ਤੇ ਨਾ ਹੀ ਉਹਦੇ ਚਿਹਰੇ 'ਤੇ ਕਦੇ ਮੁਸਕਰਾਹਟ ਦੇਖੀ ਸੀ। ਅਸੀਂ ਇਹ ਤਾਂ ਜਾਣਦੇ ਸੀ ਕਿ ਉਹ ਦੱਖਣ ਭਾਰਤ ਦਾ ਹੈ, ਪਰ ਇਹ ਉੱਕਾ ਹੀ ਪਤਾ ਨਹੀਂ ਸੀ ਕਿ ਉਹ ਆਂਧਰਾ, ਕਰਨਾਟਕ, ਤਾਮਿਲਨਾਡੂ ਜਾਂ ਕੇਰਲ ਤੋਂ ਹੈ। ਇਕ ਵਾਰ ਬਿਕਰਮ ਵੋਹਰਾ ਨੇ ਆਰ. ਜੀ. ਕੇ. ਨੂੰ ਪੁੱਛਿਆ, "ਤੁਸੀਂ ਮਲਯਾਲੂ ਹੋ?" ਆਰ. ਜੀ. ਕੇ. ਨੇ ਉੱਤਰ ਦਿੱਤਾ, "ਜੇ ਮੈਂ ਤੁਹਾਨੂੰ ਪੁੱਛਾਂ ਕਿ ਤੁਸੀਂ ਪੰਜਾਬੂ ਹੋ ਤਾਂ ਤੁਹਾਨੂੰ ਕੈਸਾ ਲੱਗੇ?" ਤੇ ਗੱਲ ਮੁੱਕ ਗਈ।

'ਟਾਈਮਜ਼ ਆਫ਼ ਇੰਡੀਆ' ਅਖ਼ਬਾਰ ਸਮੂਹ ਦੇ ਬਹੁਤੇ ਲੋਕਾਂ ਨੂੰ ਆਰ. ਜੀ. ਕੇ. ਦੇ ਅਸਤਿਤਵ ਬਾਰੇ ਕੋਈ ਜਾਣਕਾਰੀ ਨਹੀਂ ਸੀ। ਜੇ ਦੁਨੀਆਂ ਵਿੱਚ ਕੋਈ ਵੀ ਉਸ ਬਾਰੇ ਨਾ ਜਾਣਦਾ ਹੁੰਦਾ ਤਾਂ ਵੀ ਉਸ ਨੂੰ ਕੋਈ ਫ਼ਿਕਰ ਨਹੀਂ ਹੋਣਾ ਸੀ। ਗਰੇ ਦੀਆਂ ਸਤਰਾਂ ਉਸ 'ਤੇ ਇੰਨ-ਬਿੰਨ ਢੁੱਕਦੀਆਂ ਹਨ—

"ਸ਼ੁੱਧ ਹੀਰੇ, ਸਾਗਰ ਦੀਆਂ ਅਣਮਾਪੀਆਂ ਹਨੇਰੀਆਂ ਤਹਿਆਂ 'ਚ ਲੁਕੇ ਪਏ ਹਨ। ਅਨੇਕਾਂ ਫੁੱਲ ਅਣਦੇਖੇ ਹੀ ਮਾਰੂਥਲੀ ਹਵਾ ਵਿੱਚ ਮਹਿਕ ਖਿੰਡਾ ਕੇ ਝੜ ਜਾਂਦੇ ਹਨ।"

ਇਕ ਮੋਢੀ ਆਗੂ ਨੂੰ ਯਾਦ ਕਰਦਿਆਂ

1940 ਦੇ ਦਹਾਕੇ ਵਿੱਚ ਸਾਹਿੱਤਕ ਅਭਿਲਾਸ਼ਾਵਾਂ ਵਾਲੇ ਕੁਝ ਮਿੱਤਰਾਂ ਨੇ ਇਕ ਮੰਡਲ ਬਣਾਇਆ, ਜਿਸ ਦੀ ਮਿਲਣੀ ਹਫ਼ਤੇ ਵਿੱਚ ਇਕ ਵਾਰ ਕਵਿਤਾਵਾਂ ਜਾਂ ਕਹਾਣੀਆਂ ਪੜ੍ਹਨ ਲਈ ਹੁੰਦੀ ਜੋ ਅਸੀਂ ਲਿਖਿਆ ਕਰਦੇ ਸੀ। ਇਹ ਪਰਸਪਰ ਇਕ-ਦੂਸਰੇ ਦੀ ਵਡਿਆਈ ਕਰਨ ਵਾਲੀ ਸਭਾ ਸੀ ਜਿੱਥੇ ਹਰ ਪਾਠ ਪਿੱਛੋਂ ਵਿਸਕੀ ਦੇ ਜਾਮ ਛਲਕਾਏ ਜਾਂਦੇ ਸਨ। ਅਸੀਂ ਸੁਣਿਆ ਹੋਇਆ ਸੀ ਕਿ ਮੁਲਕ ਰਾਜ ਆਨੰਦ ਤੇ ਆਰ. ਕੇ. ਨਾਰਾਇਣ ਜਿਹੇ ਭਾਰਤੀ ਲੇਖਕ ਇੰਗਲੈਂਡ ਵਿੱਚ ਆਪਣੇ ਨਾਵਲਾਂ ਦੇ ਛਪਣ ਨਾਲ ਪ੍ਰਸਿੱਧੀ ਪ੍ਰਾਪਤ ਕਰ ਰਹੇ ਹਨ। ਅਸੀਂ ਬੜੀ ਤੀਬਰਤਾ ਨਾਲ ਉਹਨਾਂ ਦੀਆਂ ਪੁਸਤਕਾਂ ਪੜ੍ਹਦੇ ਤੇ ਆਪਣੀਆਂ ਬੈਠਕਾਂ ਵਿੱਚ ਉਹਨਾਂ ਉਪਰ ਚਰਚਾ ਕਰਦੇ। ਸਾਡੀ ਜੁੰਡਲੀ ਬੜੀ ਅਭਿਮਾਨੀ ਸੀ ਤੇ ਅਸੀਂ ਆਮ ਹੀ ਇਸ ਵਿਚਾਰ ਵਿੱਚ ਇਕਮੱਤ ਹੁੰਦੇ ਸੀ ਕਿ ਜੇ ਮੁਲਕ ਰਾਜ ਤੇ ਨਾਰਾਇਣ ਨੂੰ ਵਿਦੇਸ਼ਾਂ ਵਿੱਚ ਪ੍ਰਕਾਸ਼ਕ ਛਾਪ ਸਕਦੇ ਹਨ ਤਾਂ ਸਾਨੂੰ ਵੀ ਛਾਪਣਗੇ। ਜਦੋਂ ਮੁਲਕ ਰਾਜ ਇੰਗਲੈਂਡ ਵਿੱਚ ਨਾਮ ਕਮਾ ਕੇ ਪੰਜਾਬ ਆਇਆ ਤਾਂ ਉਸ ਦਾ ਇਕ ਭਾਰਤੀ-ਅੰਗਰੇਜ਼ੀ (ਇੰਡੋ-ਐਂਗਲੀਅਨ) ਦੇ ਮੋਢੀ ਲੇਖਕ ਵਜੋਂ ਭਰਪੂਰ ਸੁਆਗਤ ਕੀਤਾ ਗਿਆ। ਉਹ ਸਾਡੀ ਇਕ ਬੈਠਕ ਵਿੱਚ ਆਉਣ ਲਈ ਸਹਿਮਤ ਹੋ ਗਿਆ। ਉਸ ਨੂੰ ਬੜੇ ਠਾਠ--ਭਰਪੂਰ ਸੁਆਗਤ ਦੀ ਆਸ ਸੀ, ਪ੍ਰੰਤੂ ਉਹ ਉਤਸ਼ਾਹ-ਰਹਿਤ ਸੁਆਗਤ ਵੇਖ ਕੇ ਪ੍ਰੇਸ਼ਾਨ ਹੋ ਗਿਆ।

ਉਸ ਨੇ ਸਾਨੂੰ ਡਾਂਟਦਿਆਂ ਹੋਇਆਂ ਕਿਹਾ, "ਤੁਹਾਨੂੰ ਛੋਕਰਿਆਂ ਨੂੰ ਕੀ ਪਤਾ ਹੈ ਕਿ ਨਾਵਲ ਲਿਖਣ ਲਈ ਕੀ ਕਰਨਾ ਪੈਂਦਾ ਹੈ? ਮੇਰੇ ਨਾਲ ਉਦੋਂ ਗੱਲ ਕਰਨਾ ਜਦੋਂ ਕੋਈ ਇਕ ਪ੍ਰਕਾਸ਼ਕ ਵੀ ਤੁਹਾਨੂੰ ਛਾਪਣ ਲਈ ਤਿਆਰ ਹੋ ਗਿਆ।" ਉਸ ਦਾ ਸਾਨੂੰ ਝਿੜਕਣ ਦਾ ਉੱਚਿਤ ਅਧਿਕਾਰ ਸੀ।

ਮੁਲਕ ਤੇ ਨਾਰਾਇਣ ਬਾਰੇ ਮੇਰੇ ਵਿਚਾਰਾਂ ਵਿੱਚ ਕਈ ਸਾਲ ਲੰਘ ਜਾਣ 'ਤੇ ਵੀ ਕੋਈ ਤਬਦੀਲੀ ਨਹੀਂ ਆਈ। ਦੋਵੇਂ ਹੀ ਇੰਡੋ-ਐਂਗਲੀਅਨ ਗਲਪ ਦੇ ਆਪਣੇ-ਆਪਣੇ ਢੰਗ ਨਾਲ ਮੋਢੀ ਹਨ। ਦੋਹਾਂ ਨੇ ਕਾਫ਼ੀ ਜ਼ਿਆਦਾ ਲਿਖਿਆ ਪਰ ਉਹ ਹੁਨਰੀ ਜਾਂ ਸ਼ਿਲਪ ਪੱਖੋਂ ਔਸਤ ਦਰਜੇ ਦੇ ਲੇਖਕ ਸਨ। ਮੁਲਕ ਦੇ ਨਾਵਲ ਤਾਂ ਕੁਝ ਗਲਪਮਈ ਆਭਾ ਵਾਲੇ ਨਾਵਲਾਂ-ਅਛੂਤ, (ਅਨਟਚੇਬਲ), ਕੁਲੀ, ਦੋ ਪੱਤੇ ਤੇ ਇਕ ਕਲੀ ਵਰਗੇ ਜ਼ਿਆਦਾਤਰ ਤਾਂ ਪ੍ਰਚਾਰ ਸਮੱਗਰੀ ਨਾਲ ਹੀ ਤੂੜੇ ਪਏ ਸਨ। ਉਹਨਾਂ ਦਾ ਉਦੇਸ਼ ਪਾਠਕਾਂ ਦੀ ਜ਼ਮੀਰ ਨੂੰ ਉਸ ਅਪਮਾਨ ਪ੍ਰਤੀ ਸੁਚੇਤ ਕਰਨਾ ਸੀ ਜੋ ਅਮੀਰਾਂ ਹੱਥੋਂ ਗ਼ਰੀਬਾਂ ਦਾ ਹੁੰਦਾ ਹੈ ਤੇ ਅੰਗਰੇਜ਼ਾਂ ਨੂੰ ਵੀ ਉਹਨਾਂ ਦੇ ਬਸਤੀਵਾਦੀ ਜਾਤੀਵਾਦ ਦਾ ਅਹਿਸਾਸ ਕਰਾਉਣਾ ਸੀ। ਉਸ ਦੀ ਉੱਚਿਤ ਰੂਪ ਵਿੱਚ ਅੰਗਰੇਜ਼ ਉਦਾਰਵਾਦੀਆਂ ਤੇ

ਪੱਖੀ ਪੱਖੀਆਂ ਨੇ ਉਸਤਤ ਕੀਤੀ। ਨਾਰਾਇਣ ਵੀ ਇਕ ਕਲਪਿਤ ਉਪਨਗਰ ਮਾਲਗੁੱਡੀ ਦੇ ਲੋਕਾਂ ਦੀ ਧੀਮੀ ਗਤੀ ਨਾਲ ਚੱਲ ਰਹੀ ਜ਼ਿੰਦਗੀ ਬਾਰੇ ਸਾਧਾਰਨ ਵਿਸ਼ੇ ਲੈ ਕੇ ਇਕ ਕਥਾਕਾਰ ਵਜੋਂ ਸੰਤੁਸ਼ਟ ਰਿਹਾ। ਉਸ ਨੂੰ ਦੱਖਣੀ ਭਾਰਤ ਵਿੱਚ ਮੁਲਕ ਰਾਜ ਆਨੰਦ ਦੇ ਮੁਕਾਬਲੇ 'ਤੇ ਵਧੇਰੇ ਪ੍ਰਸਿੱਧਤਾ ਮਿਲੀ। ਦੋਹਾਂ ਦੀ ਇਕ ਚੀਜ਼ ਸਾਂਝੀ ਸੀ। ਉਹ ਦੋਵੇਂ ਹੀ ਸੱਚੀ ਪੱਥ-ਪ੍ਰਦਰਸ਼ਕ ਸਨ।

ਮੁਲਕ ਰਾਜ ਆਨੰਦ ਦਾ ਜਨਮ 12 ਦਸੰਬਰ, 1905 ਨੂੰ ਪਿਸ਼ਾਵਰ ਵਿੱਚ ਹੋਇਆ ਸੀ, ਪਰੰਤੂ ਉਸ ਦੇ ਵਿਅਕਤਿਤੱਵ ਦੀ ਉਸਾਰੀ ਵਾਲੇ ਸਾਲ ਅੰਮ੍ਰਿਤਸਰ ਦੇ ਸਕੂਲ ਤੇ ਕਾਲਜ ਵਿੱਚ ਲੰਘੇ। ਉਹ ਕਈ ਵਾਰ ਆਪਣੇ ਆਪ ਨੂੰ ਅੰਬਰਸਰੀਆ ਵੀ ਕਿਹਾ ਕਰਦਾ ਸੀ। ਉਸ ਦਾ ਕੱਦ ਮਧਰਾ, ਮੱਥੇ 'ਤੇ ਘੁੰਗਰਾਲੇ ਵਾਲ ਤੇ ਹੇਠਲਾ ਬੁੱਲ੍ਹ ਲਮਕਿਆ ਹੋਇਆ ਸੀ। ਉਸ ਨੂੰ ਕਦੇ ਸ਼ਬਦਾਂ ਦੀ ਥੁੜ ਨਹੀਂ ਹੁੰਦੀ ਸੀ ਤੇ ਜਦੋਂ ਉਸ ਨੂੰ ਵਡਿਆਇਆ ਜਾਂਦਾ ਜਾਂ ਤਿਆਰ ਕੀਤਾ ਜਾਂਦਾ ਤਾਂ ਉਹ ਘੰਟਿਆਂ ਬੱਧੀ ਕੀਲੀ ਰੱਖਦਾ। ਜਦੋਂ ਕਿਸੇ ਸਭਾ ਵਿੱਚ ਭਾਸ਼ਣ ਦੇਣਾ ਹੁੰਦਾ ਜਿਥੇ ਹਰ ਬੁਲਾਰੇ ਨੂੰ 5 ਤੋਂ 10 ਮਿੰਟਾਂ ਦਾ ਬੋਲਣ ਲਈ ਸਮਾਂ ਦਿੱਤਾ ਜਾਂਦਾ ਸੀ ਤਾਂ ਮੁਲਕ ਰਾਜ ਅੱਧੇ ਘੰਟੇ ਤੱਕ ਘੰਟੀ ਵੱਜਣ ਦੀ ਪ੍ਰਵਾਹ ਕੀਤੇ ਬਿਨਾਂ ਜਾਂ ਮੋਢੇ ਦੀ ਥਪਥਪਾਹਟ ਅਣਗੌਲੀ ਕਰਕੇ ਬੇਤੁਕੀਆਂ ਮਾਰੀ ਜਾਂਦਾ। ਕਈ ਵਾਰ ਉਹ ਇਸ ਗੱਲ ਨੂੰ ਵਿਸਥਾਰ ਨਾਲ ਦੱਸੀ ਜਾਂਦਾ ਕਿ ਉਸ ਦਾ ਪਿਉ ਉਸ ਦੀ ਮਾਂ ਨੂੰ ਕਿਵੇਂ ਕੁੱਟਦਾ ਸੀ ਤੇ ਇਸਦਾ ਉਹਦੇ ਬਚਪਨ 'ਤੇ ਕੀ ਪ੍ਰਭਾਵ ਪਿਆ। ਉਸ ਨੇ ਆਪਣੇ ਪਿਤਾ ਨੂੰ ਕਦੇ ਮਾਫ਼ ਨਾ ਕੀਤਾ ਅਤੇ ਡਾ. ਸਿਗਮੰਡ ਫ਼ਰਾਇਡ ਜਿਹੇ ਮਨੋਵਿਗਿਆਨੀ ਦੀ ਚਕਿਤਸਕ ਤਸ਼ਖੀਸ ਅਨੁਸਾਰ ਉਹ ਮਾਤ੍ਰੀ-ਮੋਹ ਦਾ ਰੋਗੀ ਸੀ।

ਮੁਲਕ ਰਾਜ ਨੂੰ ਭਾਰਤੀ ਹੋਣ ਦਾ ਮਾਣ ਸੀ। ਭਾਰਤੀ ਕਲਾ, ਚਿੱਤਰਕਾਰੀ, ਭਵਨ-ਨਿਰਮਾਣ ਸ਼ੈਲੀ, (ਹਵੇਲੀਆਂ) ਜੀਵਨ ਜਿਉਣ ਦੀ ਸ਼ੈਲੀ ਤੇ ਅਚਾਰ ਵਿਵਹਾਰ ਉਪਰ ਉਸ ਨੂੰ ਬਹੁਤ ਮਾਣ ਸੀ। ਇਕ ਵਾਰ ਲੰਡਨ ਵਿੱਚ ਗ਼ਜ਼ਲ ਮਹਿਫ਼ਲ ਵਿੱਚ ਉਹ ਪਹਿਲੀ ਕਤਾਰ ਵਿੱਚ ਬੈਠਾ ਤੇ ਹਰ ਸ਼ਿਅਰ ਦੇ ਅੰਤ 'ਤੇ ਭਰਵੀਂ ਦਾਦ ਦਿੰਦਾ ਰਿਹਾ ਤੇ ਉਸ ਦੀ ਪ੍ਰਸ਼ੰਸਾ ਦਾ ਮੋੜਵਾਂ ਜਵਾਬ ਅਦਬ ਭਰਪੂਰ ਸਲਾਮ ਨਾਲ ਦਿੱਤਾ ਜਾਂਦਾ। ਮਹਿਫ਼ਲ ਵਿੱਚ ਹਾਜ਼ਰ ਕਿਸੇ ਨੂੰ ਇਹ ਪਤਾ ਨਹੀਂ ਸੀ ਕਿ ਇੰਝ ਕਰਨਾ ਸ਼ਿਸ਼ਟਾਚਾਰ ਸੀ। ਇਕ ਅੰਗਰੇਜ਼ ਮਿੱਤਰ ਨੂੰ ਮੈਂ ਨਾਲ ਲੈ ਗਿਆ ਸੀ, ਉਸ ਨੇ ਮੇਰੇ ਕੰਨ ਵਿੱਚ ਕਿਹਾ, "ਜਦੋਂ ਉਹ ਗਾ ਰਿਹਾ ਹੁੰਦਾ ਹੈ ਤਾਂ ਇਹ ਮਧਰਾ ਜਿਹਾ ਆਦਮੀ ਕੌਣ ਹੈ ਜੋ 'ਵਾਓ, ਵਾਓ' ਕਰਕੇ ਭੌਂਕ ਰਿਹਾ ਹੈ?" ਮੈਂ ਉਸ ਨੂੰ ਦੱਸਿਆ ਕਿ ਮੁਲਕ ਰਾਜ ਕੌਣ ਹੈ ਤੇ ਇਹ ਵੀ ਦੱਸਿਆ ਕਿ ਉਹ ਭੌਂਕ ਨਹੀਂ ਰਿਹਾ, ਸਗੋਂ 'ਵਾਹ', 'ਵਾਹ' ਕਰ ਰਿਹਾ ਹੈ ਜਿਸ ਦਾ ਭਾਵ ਸੀ ਕਿ ਗਾਉਣ ਵਾਲੇ ਨੇ ਕਮਾਲ ਕਰ ਦਿੱਤਾ ਹੈ।

ਭਾਵੇਂ ਮੁਲਕ ਰਾਜ ਨੇ ਕੁਝ ਸਮਾਂ ਗਾਂਧੀ ਜੀ ਨਾਲ ਵੀ ਉਸ ਦੇ ਆਸ਼ਰਮ ਵਿੱਚ ਗੁਜ਼ਾਰਿਆ, ਪਰੰਤੂ ਰਾਜਨੀਤੀ ਵਿੱਚ ਉਹ ਕਮਿਊਨਿਸਟ ਪਾਰਟੀ ਦੇ ਵਧੇਰੇ ਨੇੜੇ ਸੀ। ਉਹ ਪ੍ਰੋਗਰੈਸਿਵ ਲੇਖਕਾਂ ਦੀ ਸੰਘ ਤੇ 'ਲੋਕ ਥੀਏਟਰ ਗਰੁੱਪ' ਨਾਲ ਬਹੁਤ ਨੇੜਿਉਂ

ਜੁੜਿਆ ਹੋਇਆ ਸੀ। ਇਸ ਕਾਰਨ ਉਹ ਸੱਜਾਖੜਾ ਲਈ ਹਰਾਮ ਤੇ ਛੇਕਿਆ ਹੋਇਆ ਸੀ। ਇਕ ਵਾਰ ਉਹ ਮੂਰਖਤਾ ਨਾਲ ਉਹਨਾਂ ਦੇ ਨਿਸ਼ਾਨੇ 'ਤੇ ਆ ਗਿਆ। ਉਸ ਨੂੰ ਨਿਊਯਾਰਕ ਦੇ 'ਐਵਰਗਰੀਨ ਰੀਵੀਊ' ਵੱਲੋਂ 'ਭਾਰਤੀ ਕਲਾ ਵਿੱਚ ਕਾਮੁਕਤਾ' ਬਾਰੇ ਲੇਖ ਲਿਖਣ ਲਈ ਨਿਮੰਤਰਣ ਪ੍ਰਾਪਤ ਹੋਇਆ। ਇਕ ਹਫ਼ਤਾ ਮਗਰੋਂ ਉਸ ਦਾ ਇਕ ਲੰਬਾ ਲੇਖ ਖੁਜਰਾਹੋ ਦੇ ਬੁੱਤਾਂ ਦੀਆਂ ਤਸਵੀਰਾਂ ਤੇ ਕਾਮਸੂਤਰ ਵਿੱਚੋਂ ਚਿੱਤਰਾਂ ਨਾਲ ਛਪਿਆ। ਮੈਗਜ਼ੀਨ ਨੂੰ ਸਾਰਾਹ ਲਾਰੰਸ ਕਾਲਜ ਨਿਊਯਾਰਕ ਦੇ ਪ੍ਰੋ. ਕੈਂਪਬੇਲ ਵੱਲੋਂ ਕਾਨੂੰਨੀ ਨੋਟਿਸ ਆ ਗਿਆ ਕਿ ਉਸ ਨੇ ਇਹ ਲੇਖ ਇਸ ਵਿਸ਼ੇ 'ਤੇ ਜਰਮਨ ਭਾਸ਼ਾ ਵਿੱਚ ਉਸ ਦੇ ਛਪੇ ਲੇਖ ਦਾ ਉਤਾਰਾ ਚੋਰੀ ਕਰਕੇ ਛਾਪ ਦਿੱਤਾ ਹੈ। ਵਿਚਾਰੇ ਮੁਲਕ ਨੂੰ ਸਪੱਸ਼ਟੀਕਰਨ ਦੇਣ ਲਈ ਕਿਹਾ ਗਿਆ। ਉਸ ਨੂੰ ਦੋਸ਼-ਮੁਕਤ ਹੋਣ ਲਈ ਬਹੁਤ ਯਤਨ ਕਰਨੇ ਪਏ। ਕਮਿਊਨਿਸਟਾਂ ਨਾਲ ਘ੍ਰਿਣਾ ਕਰਨ ਵਾਲੇ 'ਕਰੰਟ' ਦੇ ਸੰਪਾਦਕ 'ਦੋਸੂ ਕਰਾਕਾ' ਲਈ ਆਪਣੀ ਸਨਸਨੀਖੇਜ਼ ਸਪਤਾਹਿਕ ਪੱਤਰ ਵਿੱਚ ਮੁੱਖ ਪੰਨੇ 'ਤੇ ਖ਼ਬਰ ਉਛਾਲਣ ਲਈ ਇਹ ਵਧੀਆ ਮੌਕਾ ਸੀ। ਉਸ ਨੇ ਵੱਡੀ ਸੁਰਖ਼ੀ ਬਣਾ ਕੇ ਛਾਪ ਦਿੱਤਾ, "ਇਕ ਕਮਿਊਨਿਸਟ ਲੇਖਕ ਰਚਨਾ ਚੋਰੀ ਕਰਦਾ ਬੇਨਕਾਬ।" ਮੁਲਕ ਨੂੰ ਫਿਰ ਜਨਤਕ ਤੌਰ 'ਤੇ ਸਾਹਮਣੇ ਆਉਣ ਲਈ ਕਈ ਮਹੀਨੇ ਲੱਗੇ।

ਮੈਂ ਮੁਲਕ ਦੇ ਹੇਠਲੀ ਮੰਜ਼ਿਲ ਤੇ ਘਰ ਵਿੱਚ 'ਕਫ਼ੀ ਪੈਰੇਡ' ਬੰਬਈ ਵਿੱਚ ਦੋ ਕੁ ਵਾਰ ਗਿਆ ਸੀ। ਉਸ ਨੇ ਇਕ ਵਿਸ਼ੇਸ਼ ਵਿਉਂਤ ਅਨੁਸਾਰ ਉੱਚੀ ਕੁਰਸੀ ਸਾਹਮਣੇ ਇਕ ਫੱਟੀ ਲਗਵਾ ਕੇ, ਕਾਗਜ਼ ਰੱਖਣ ਤੇ ਲਿਖਣ ਲਈ ਬਣਵਾਈ ਹੋਈ ਸੀ। ਇਹ ਇਕ ਬੱਚੇ ਦੀ ਕੁਰਸੀ ਲੱਗਦੀ ਸੀ ਜਿਸ ਨਾਲ ਉਸ ਦਾ ਖਾਣੇ ਵਾਲਾ ਮੇਜ਼ ਵੀ ਹੋਵੇ। ਮੁਲਕ ਰਾਜ ਇਸ ਉਪਰ ਬੈਠ ਕੇ ਅਰਾਮ ਨਾਲ ਹੇਠਲੇ ਡੰਡੇ 'ਤੇ ਪੈਰ ਰੱਖ ਕੇ ਘੰਟਿਆਂ ਬੱਧੀ ਲਿਖਦਾ ਰਹਿੰਦਾ।

ਭਾਵੇਂ ਉਹ ਆਸ਼ਕੀ ਟੱਟੂ ਨਹੀਂ ਸੀ, ਪ੍ਰੰਤੂ ਵੱਖ-ਵੱਖ ਕੌਮੀਅਤਾਂ ਦੀਆਂ ਇਸਤਰੀਆਂ ਉਸ ਵੱਲ ਇਉਂ ਖਿੱਚੀਆਂ ਆਉਂਦੀਆਂ ਸਨ ਜਿਵੇਂ ਭੰਬਟ (ਭਾਵ ਪਤੰਗੇ) ਅੱਗ ਦੀ ਲਾਟ ਵੱਲ ਖਿੱਚੇ ਆਉਂਦੇ ਹਨ। ਉਹ ਪ੍ਰਸਿੱਧ ਹਸਤੀ ਸੀ ਤੇ ਉਹਨਾਂ ਨੂੰ ਉਸ ਕੋਲ ਹੋਣ 'ਚ ਖ਼ੁਸ਼ੀ ਮਿਲਦੀ ਸੀ। ਉਸ ਨੇ ਦੋ ਤੋਂ ਵੱਧ ਵਿਆਹ ਕਰਵਾਏ ਤੇ ਉਸ ਦੇ ਕਈ ਇਸਤਰੀਆਂ ਨਾਲ ਸੰਬੰਧ ਸਨ। ਉਸ ਦੀ ਇਕ ਅੰਗਰੇਜ਼ ਪਤਨੀ ਤੋਂ ਪੈਦਾ ਹੋਏ ਬੇਟੇ ਨੇ ਉਸ ਨਾਲ ਮਿਲ ਕੇ ਸਹਿ ਲੇਖਕ ਵਜੋਂ ਮਹਾਰਾਜਾ ਦਲੀਪ ਸਿੰਘ ਦੀ ਅਤਿਅੰਤ ਪੜ੍ਹਨਯੋਗ ਜੀਵਨੀ ਲਿਖੀ।

ਮੁਲਕ ਦੀ ਸਦੀਵੀ ਵਿਰਾਸਤ 'ਮਾਰਗ' ਰਿਸਾਲਾ ਹੈ, ਜਿਹੜਾ ਕਲਾ ਨੂੰ ਅਰਪਿਤ ਹੈ ਤੇ ਜਿਸ ਦਾ ਸਾਰਾ ਖ਼ਰਚ 'ਟਾਟਾ' ਵਾਲੇ ਦਿੰਦੇ ਹਨ। ਇਸ ਦੀ ਵਿਕਰੀ ਸੀਮਿਤ ਹੀ ਹੈ ਪ੍ਰੰਤੂ ਇਸ ਵਿਸ਼ੇ 'ਤੇ ਇਕੋ ਇਕ ਮੈਗਜ਼ੀਨ ਹੋਣ ਕਰਕੇ ਤੇ ਉੱਚੀ ਪੱਧਰ ਦਾ ਹੋਣ ਕਰਕੇ ਇਹ ਅਦੁੱਤੀ ਵੀ ਹੈ ਤੇ ਪ੍ਰਸਿੱਧ ਵੀ। ਉਸ ਨੂੰ 'ਸਾਹਿਤ ਅਕਾਦਮੀ' ਤੇ 'ਪਦਮ ਭੂਸ਼ਨ' ਸਮੇਤ ਕਈ ਸਨਮਾਨ ਮਿਲੇ। ਸਰਕਾਰੀ ਹਲਕਿਆਂ ਵਿੱਚ ਖ਼ਾਸ ਕਰਕੇ ਵੱਡੇ ਬਾਬੂਆਂ

ਵਿੱਚ ਉਸ ਦੀ ਤੂਤੀ ਬੋਲਦੀ ਸੀ। ਭਾਵੇਂ ਉਹਨਾਂ ਨੇ ਉਹਦੀਆਂ ਪੁਸਤਕਾਂ ਦੇ ਸਿਰਨਾਵਿਆਂ ਤੋਂ ਬਿਨਾਂ ਹੋਰ ਕੁਝ ਪੜ੍ਹਿਆ ਨਹੀਂ ਹੁੰਦਾ ਸੀ, ਪ੍ਰੰਤੂ ਉਹਦੀ ਮਸ਼ਹੂਰੀ ਤੋਂ ਉਹ ਭੈ-ਭੀਤ ਤੇ ਪ੍ਰਭਾਵਿਤ ਸਨ।

ਉਹ ਉਹਨਾਂ ਨੂੰ ਪ੍ਰੇਰਨ ਦੇ ਸਮਰੱਥ ਸੀ ਕਿ ਉਹ ਦਿੱਲੀ ਤੇ ਲੋਨਾਵਾਲਾ ਦੇ 'ਲੇਖਕ ਘਰਾਂ' ਲਈ ਅਨੁਦਾਨ ਦੇਣ। ਆਮ ਕਰਕੇ ਇਹਨਾਂ ਲੇਖਕ ਘਰਾਂ 'ਚ ਰਹਿਣ ਵਾਲਾ ਉਹ ਇਕੱਲਾ ਹੀ ਹੁੰਦਾ ਸੀ। ਉਹ ਹੀ ਉਹਨਾਂ 'ਤੇ ਕਾਬਜ਼ ਹੁੰਦਾ ਸੀ।

ਜੋ ਕੁਝ ਮੈਂ ਲਿਖਿਆ ਹੈ ਸ਼ਾਇਦ ਇਕ ਪ੍ਰਸਿੱਧ ਲੇਖਕ ਲਈ ਢੁਕਵੀਂ ਸ਼ਰਧਾਂਜਲੀ ਨਾ ਜਾਪੇ। ਇਸ ਕਾਰਨ ਮੈਂ ਮੁਲਕ ਰਾਜ ਦੇ ਲੱਖਾਂ ਪ੍ਰਸ਼ੰਸਕਾਂ ਤੋਂ ਮਾਫ਼ੀ ਮੰਗਦਾ ਹਾਂ। ਪਰੰਤੂ ਜਦ ਮੈਨੂੰ 28 ਸਤੰਬਰ, 2004 ਨੂੰ 99 ਸਾਲ ਦੀ ਉਮਰ ਵਿੱਚ ਪੂਨਾ ਵਿਖੇ ਹੋਈ ਉਸ ਦੀ ਮੌਤ ਬਾਰੇ ਪਤਾ ਲੱਗਾ ਤਾਂ ਮੈਂ ਗ਼ਮਗ਼ੀਨ ਹੋ ਗਿਆ। ਇਕ ਲੇਖਕ ਵਜੋਂ ਭਾਵੇਂ ਮੈਂ ਉਹਦੀ ਬਹੁਤ ਇੱਜ਼ਤ ਨਾ ਵੀ ਕਰਦਾ ਹੋਵਾਂ, ਪ੍ਰੰਤੂ ਮੈਂ ਫਿਰ ਵੀ ਬੜੇ ਪਿਆਰ ਸਤਿਕਾਰ ਨਾਲ ਉਸ ਨੂੰ ਯਾਦ ਕਰਦਾ ਹਾਂ।

ਅਦੁੱਤੀ ਨੀਰਦ ਬਾਬੂ

ਇਕ ਲੇਖਕ ਲਈ ਅਣਗੌਲਿਆਂ ਕੀਤੇ ਜਾਣ ਵਰਗਾ ਹੋਰ ਕੁਝ ਵੀ ਭਿਆਨਕ ਨਹੀਂ ਹੁੰਦਾ। ਇਸ ਦੇ ਟਾਕਰੇ 'ਤੇ ਨਿੰਦਾ, ਘ੍ਰਿਣਾ ਤੇ ਵਿਰੋਧਤਾ ਤਾਂ ਇਕ ਖ਼ੁਸ਼ੀ ਦੇਣ ਵਰਗੇ ਸ਼ਬਦ ਹਨ। ਡਾ. ਜਾਨਸਨ ਦੇ ਇਹ ਸ਼ਬਦ ਨੀਰਦ ਚੌਧਰੀ ਨੇ ਮੈਨੂੰ ਭੇਟ ਕੀਤੀ ਗਈ ਆਪਣੀ ਕਿਤਾਬ 'ਇੰਗਲੈਂਡ ਨੂੰ ਜਾਣ ਦਾ ਮਾਰਗ' ਦੀ ਇਕ ਪ੍ਰਤੀ 'ਤੇ ਲਿਖੇ ਸਨ। ਇਹਨਾਂ ਸ਼ਬਦਾਂ ਵਿੱਚ ਨੀਰਦ ਬਾਬੂ ਦੀ ਬੀਤੀ ਜ਼ਿੰਦਗੀ ਤੇ ਉਸ ਦੇ ਅੱਜ ਦੇ ਵਿਕਤਿਤਵ ਨੂੰ ਸਮਝਣ ਦੀ ਕੁੰਜੀ ਹੈ। ਇਹਨਾਂ ਤੋਂ ਉਸ ਆਦਮੀ ਦੀ ਉਪੇਖਿਆ ਕੀਤੇ ਜਾਣ ਦਾ ਪਤਾ ਲੱਗਦਾ ਹੈ ਜੋ ਹਰ ਸਮੇਂ ਹੀ ਮਹੱਤਵਪੂਰਨ ਵਿਅਕਤੀ ਰਿਹਾ ਹੋਵੇਗਾ ਤੇ ਫਿਰ ਉਸ ਨੇ ਲੋਕਾਂ ਦਾ ਧਿਆਨ ਖਿੱਚਣ ਲਈ ਉਹਨਾਂ ਉਪੇਖਿਆ ਕਰਨ ਵਾਲਿਆਂ ਦਾ ਕਟਾਖਸ਼ ਭਰੇ ਅੰਦਾਜ਼ 'ਚ ਅਨਾਦਰ ਕੀਤਾ ਹੋਵੇਗਾ। ਫਿਰ ਉਹ ਆਪਣੀ ਗੁਸਤਾਖ਼ੀ ਤੇ ਅਸ਼ਿਸ਼ਟ ਵਿਹਾਰ ਕਾਰਨ ਉਹਨਾਂ ਦੀ ਨਿੰਦਾ, ਘ੍ਰਿਣਾ ਤੇ ਵਿਰੋਧਤਾ ਪੈਦਾ ਕਰਨ ਕਰਕੇ ਉਹਨਾਂ ਦਾ ਧਿਆਨ ਖਿੱਚਣ ਵਿੱਚ ਸਫਲ ਹੋਇਆ।

ਨੀਰਦ ਬਾਬੂ ਬਹੁਤ ਸਾਲ ਬੰਗਾਲੀ ਭਾਸ਼ਾ ਵਿੱਚ ਲਿਖਦਾ ਰਿਹਾ। ਪਰ ਉਹਦੀ ਅੰਗਰੇਜ਼ੀ ਵਿੱਚ ਛਪੀ ਪੁਸਤਕ 'ਇਕ ਅਗਿਆਤ ਭਾਰਤੀ ਦੀ ਜੀਵਨੀ' ਦੇ ਛਪਣ ਨਾਲ ਉਸ ਵਰਗ ਵਿੱਚ ਉਹਦੇ ਲਈ ਦਿਲਚਸਪੀ ਪੈਦਾ ਹੋਈ, ਜਿਸ ਵਰਗ ਨਾਲ ਉਸ ਦਾ ਸੰਬੰਧ ਸੀ। ਇਸ ਵਰਗ ਨੇ ਕਈ ਸਾਲ ਉਸ ਦੀ ਉਪੇਖਿਆ ਕੀਤੀ। ਉਹ ਇਸ ਅੰਗਰੇਜ਼ੀ ਢੰਗ ਨਾਲ ਜੀਵਨ ਬਤੀਤ ਕਰਨ ਵਾਲੇ ਉੱਚ ਮੱਧ ਵਰਗ ਨੂੰ ਦਿਲੋਂ ਭਰਪੂਰ ਘ੍ਰਿਣਾ ਕਰਦਾ ਸੀ। ਉਹ ਇਹ ਘ੍ਰਿਣਾ ਜਾਣ-ਬੁੱਝ ਕੇ ਤੇ ਗਿਣ-ਮਿੱਥ ਕੇ ਕਰਦਾ ਸੀ। ਉਸ ਨੂੰ ਪਤਾ ਸੀ ਕਿ ਉਹ ਦੋਗਲੇ, ਭਾਰਤੀ ਅੰਗਰੇਜ਼ੀ ਰੰਗ ਵਿੱਚ ਵਧੇਰੇ ਰੰਗੇ ਹੋਏ ਹਨ ਪਰ ਉਹ ਅੰਗਰੇਜ਼ਾਂ ਦੀ ਕੀਮਤ 'ਤੇ ਦੇਸ਼ ਭਗਤ ਹੋਣ ਦਾ ਦਾਅਵਾ ਕਰ ਰਹੇ ਹਨ। ਉਹ ਅਜਿਹੀ ਨਸਲ ਸੀ ਜੋ ਆਪਣੇ ਰੀਤੀ ਰਿਵਾਜ ਭੁਲਾ ਚੁੱਕੀ ਸੀ ਤੇ ਅੰਗਰੇਜ਼ੀ ਰਿਵਾਇਤ ਰੋਕਣ ਦੇ ਪੂਰੀ ਤਰ੍ਹਾਂ ਸਮਰੱਥ ਨਾ ਹੋਣ ਕਰਕੇ ਉਹ ਬੌਧਿਕਵਾਦ ਦਾ ਪਖੰਡ ਕਰਦੇ ਸਨ ਜਦੋਂ ਕਿ ਉਹ ਕਿਤਾਬ ਦੀ ਸਮੀਖਿਆ ਜਾਂ ਬਾਹਰਲੀ ਜਿਲਦ ਤੋਂ ਅੱਗੇ ਕੁਝ ਨਹੀਂ ਪੜ੍ਹਦੇ ਸਨ।

ਇਸ ਲਈ ਉਸ ਨੇ ਆਪਣੀ ਰਚਨਾ ਬਰਤਾਨਵੀ ਸਾਮਰਾਜ ਨੂੰ ਸਮਰਪਿਤ ਕੀਤੀ। ਦੋਗਲੀ ਨਸਲ ਉਸ ਦੀ ਕੁੰਡੀ 'ਚ ਫਸ ਗਈ। ਉਹਨਾਂ ਸਿਰਫ਼ ਸਮਰਪਣ ਪੜ੍ਹ ਕੇ ਹੀ ਵਿਰੋਧ 'ਚ ਚਾਂਗਰਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਜਿਹੜੇ ਲੋਕ, ਜੋ ਉਂਝ ਇਹ ਜੀਵਨੀ ਨਾ ਵੀ ਪੜ੍ਹਦੇ, ਇਹ ਜਾਣ ਕੇ ਹੈਰਾਨ ਹੋਏ ਕਿ ਉਸ ਦੇ ਪੰਨਿਆਂ ਵਿੱਚ ਭਾਰਤ ਵਿਰੁੱਧ ਕੁਝ ਵੀ ਨਹੀਂ ਸੀ। ਇਸ ਦੇ ਵਿਪਰੀਤ ਇਸ ਵਿੱਚ ਪੂਰਬੀ ਬੰਗਾਲ ਦਾ ਖ਼ੂਬਸੂਰਤ

ਚਿੱਤਰ ਸੀ ਜੋ ਪਹਿਲਾਂ ਕਿਸੇ ਨੇ ਇਤਨੀ ਸੁੰਦਰਤਾ ਨਾਲ ਨਾ ਚਿਤਰਿਆ ਤੇ ਨਾ ਵਰਨਣ ਕੀਤਾ ਸੀ।

ਤੇ ਆਖ਼ਰ ਭਾਰਤ ਨੇ ਇਕ ਅਜਿਹਾ ਲੇਖਕ ਪੈਦਾ ਕਰ ਹੀ ਦਿੱਤਾ ਜਿਸ ਨੇ ਆਪਣੇ ਸਧਾਰਨ ਭਾਰਤੀਵਾਦ ਦਾ ਲਾਹਾ ਨਹੀਂ ਲਿਆ, ਸਗੋਂ ਅੰਗਰੇਜ਼ੀ ਇਸ ਤਰ੍ਹਾਂ ਲਿਖੀ ਜਿਵੇਂ ਇਹ ਲਿਖੀ ਜਾਣੀ ਚਾਹੀਦੀ ਸੀ ਤੇ ਜਿਸ ਤਰ੍ਹਾਂ ਦੀ ਕੁਝ ਹੀ ਜਿਉਂਦੇ ਅੰਗਰੇਜ਼ ਲੇਖਕ, ਜੇ ਉਹ ਜ਼ਿੰਦਾ ਹੋਣ, ਤਾਂ ਲਿਖ ਸਕਦੇ ਸਨ।

ਹੁਣ ਕੋਈ ਨੀਰਦ ਚੋਧਰੀ ਦੀ ਉਪੇਖਿਆ ਕਰਨ ਦਾ ਸਾਹਸ ਨਹੀਂ ਕਰ ਸਕਦਾ ਸੀ। ਉਹਦੀ ਅਤੇ ਉਸਦੀ ਪਤਨੀ ਅਮੀਆ ਦੀ ਦਿੱਲੀ ਦੇ ਉੱਚ-ਵਰਗ ਵਿੱਚ ਬੜੀ ਪੁੱਛ-ਗਿੱਛ ਹੋਣ ਲੱਗੀ। ਰਾਤ ਦੇ ਖਾਣਿਆਂ 'ਤੇ ਉਹਦੇ ਵਿਸ਼ਾਲ ਗਿਆਨ ਦੇ ਕਿੱਸੇ ਸਭ ਦੀ ਪਸੰਦ ਬਣ ਗਏ।

ਨੀਰਦ ਪਰਿਵਾਰ ਬਾਰੇ ਜੋ ਮੈਂ ਪਹਿਲੀ ਕਹਾਣੀ ਸੁਣੀ ਉਹ ਸਵਰਗੀ ਕਰਨਲ ਲਕਸ਼ਮਣ, ਆਲ ਇੰਡੀਆ ਰੇਡੀਓ ਦੇ ਡਾਇਰੈਕਟਰ ਜਨਰਲ ਵੱਲੋਂ ਦਿੱਤੀ ਗਈ ਕਾਕਟੇਲ ਪਾਰਟੀ ਬਾਰੇ ਸੀ। ਨੀਰਦ ਚੋਧਰੀ ਆਪਣੀ ਪਤਨੀ ਤੇ ਲੜਕਿਆਂ ਨੂੰ (ਨਿੱਕਰਾਂ ਤੇ ਲੰਮੇ ਬੂਟਾਂ ਵਿੱਚ) ਸਮਾਗਮ ਵਿੱਚ ਲਿਆਇਆ। ਜਾਣ-ਪਛਾਣ ਕਰਾਉਣ ਪਿੱਛੋਂ ਮੇਜ਼ਬਾਨ ਨੇ ਨੀਰਦ ਬਾਬੂ ਨੂੰ ਪੁੱਛਿਆ ਕਿ ਉਹ ਕੀ ਪੀਣਾ ਪਸੰਦ ਕਰਨਗੇ ਤੇ ਇਹ ਜ਼ਿਕਰ ਵੀ ਕੀਤਾ ਕਿ ਉਸ ਕੋਲ ਬੜੀ ਵਧੀਆ ਸ਼ੈਰੀ ਹੈ।

ਮੁੱਖ ਮਹਿਮਾਨ ਨੇ ਕਿਹਾ, "ਕਿਸ ਕਿਸਮ ਦੀ ਸੈਰੀ?" ਕਰਨਲ ਲਕਸ਼ਮਣ ਨੂੰ, ਬਹੁਤ ਲੋਕਾਂ ਵਾਂਗ ਦੋ ਕਿਸਮਾਂ ਬਾਰੇ ਹੀ ਜਾਣਕਾਰੀ ਸੀ। ਉਸਨੇ ਉੱਤਰ ਦਿੱਤਾ, "ਦੋਵੇਂ ਤਰ੍ਹਾਂ ਦੀ।" "ਕੀ ਤੁਸੀਂ ਸੁੱਕੀ ਪੀਵੋਗੇ ਜਾਂ ਮਿੱਠੀ?" ਇਹ ਨੀਰਦ ਬਾਬੂ ਨੂੰ ਚੰਗਾ ਨਾ ਲੱਗਾ ਤੇ ਉਸ ਨੇ ਆਪਣੇ ਬੇਟੇ ਨੂੰ ਕਿਹਾ ਕਿ ਤੂੰ ਇਸ ਦਾ ਸੁਆਦ ਵੇਖ ਤੇ ਦੱਸ। 13 ਸਾਲ ਦੇ ਲੜਕੇ ਨੇ ਘੁੱਟ ਭਰੀ ਤੇ ਆਪਣੀ ਜ਼ੁਬਾਨ 'ਤੇ ਰੱਖ ਕੇ ਘੁਮਾਉਂਦਿਆਂ ਕੁਝ ਪਲ ਸੋਚ ਕੇ ਉੱਤਰ ਦਿੱਤਾ, "ਇਹ 1947 ਦੀ ਓਲਰੋਸੋ ਹੋਵੇਗੀ।"

ਨੀਰਦ ਬਾਬੂ ਇਸ ਵਿਸ਼ਵ ਦੇ ਕਿਸੇ ਵੀ ਵਿਸ਼ੇ ਬਾਰੇ ਗੱਲਬਾਤ ਕਰ ਸਕਦਾ ਸੀ। ਕੋਈ ਪੰਛੀ, ਦਰੱਖ਼ਤ, ਤਿੱਤਲੀ ਜਾਂ ਕੀੜਾ ਅਜਿਹਾ ਨਹੀਂ ਸੀ ਜਿਸ ਦਾ ਨਾਮ ਉਹ ਲਾਤੀਨੀ, ਸੰਸਕ੍ਰਿਤ, ਹਿੰਦੀ ਜਾਂ ਬੰਗਾਲੀ ਵਿੱਚ ਨਹੀਂ ਜਾਣਦਾ ਸੀ। ਲੰਡਨ ਜਾਣ ਤੋਂ ਬਹੁਤ ਪਹਿਲਾਂ ਉਹ ਸਿਰਫ਼ ਅਜਾਇਬਘਰ ਤੇ ਪੁਰਾਤਨ ਸਮਾਰਕਾਂ ਤੇ ਇਮਾਰਤਾਂ ਬਾਰੇ ਹੀ ਨਹੀਂ ਜਾਣਦਾ ਸੀ ਸਗੋਂ ਉਸ ਨੂੰ ਬਹੁਤ ਪ੍ਰਸਿੱਧ ਰੈਸਟੋਰੈਂਟਾਂ ਦੀ ਸਥਿਤੀ 'ਤੇ ਸਥਾਨਾਂ ਦੀ ਵੀ ਜਾਣਕਾਰੀ ਸੀ। ਮੈਂ ਇਹ ਵੀ ਸੁਣਿਆ ਸੀ ਕਿ ਉਸ ਨੇ ਇਕ ਸੁਆਣੀ ਦੀ ਜੋ ਰੋਮ ਵਿੱਚ ਛੇ ਸਾਲ ਰਹੀ ਸੀ, ਕੋਲੋਸੀਅਮ ਤੋਂ ਨਿਕਲਦੇ ਬਜ਼ਾਰ ਬਾਰੇ ਜਾਣਕਾਰੀ ਨੂੰ ਰੱਦ ਹੀ ਨਹੀਂ ਕੀਤਾ ਸਗੋਂ ਆਪਣੇ ਆਪ ਨੂੰ ਸਹੀ ਵੀ ਸਿੱਧ ਕੀਤਾ।

ਮੈਂ ਉਸ ਨੂੰ ਤਾਰਾ ਵਿਗਿਆਨੀਆਂ ਨਾਲ ਤਾਰਿਆਂ ਬਾਰੇ ਵਾਦ-ਵਿਵਾਦ ਕਰਦਿਆਂ ਸੁਣਿਆ ਹੈ, ਮੈਂ ਉਸ ਨੂੰ ਪੰਦਰਵੀਂ ਸਦੀ ਦੀ ਇਕ ਅਗਿਆਤ ਫ਼ਰਾਂਸੀਸੀ ਸਾਹਿੱਤਕ ਰਚਨਾ ਤੋਂ ਕੁਝ ਸਤਰਾਂ ਪੜ੍ਹਦਿਆਂ ਸੁਣਿਆ ਹੈ, ਤੇ ਇਕ ਸ਼ਰਾਬ ਵਿਕਰੇਤਾ ਨੂੰ ਬਰਗੰਡੀ ਦੀ ਵਧੀਆ ਸ਼ਰਾਬ ਬਾਰੇ ਸਲਾਹ ਦਿੰਦਿਆਂ ਵੀ ਸੁਣਿਆ ਹੈ। ਸਾਹਿੱਤ ਲਈ ਨੋਬਲ

ਇਨਾਮ ਜਿੱਤਣ ਵਾਲੇ ਆਈਸਲੈਂਡ ਦੇ ਲੈਕਸਨੈਸ ਦੇ ਸਤਿਕਾਰ ਵਿੱਚ ਦਿੱਤੇ ਸਮਾਗਮ ਵਿੱਚ ਮੈਂ ਨੀਰਦ ਬਾਬੂ ਵੱਲੋਂ ਉਸ ਨੂੰ ਆਈਸਲੈਂਡ ਦੇ ਸਾਹਿਤ ਬਾਰੇ ਭਾਸ਼ਣ ਦਿੰਦਿਆਂ ਵੀ ਸੁਣਿਆ।

ਨੀਰਦ ਬਾਬੂ ਇਕ ਛੋਟਾ, ਕਮਜ਼ੋਰ ਤੇ ਪੰਜ ਫੁੱਟ ਮਧਰਾ ਆਦਮੀ ਸੀ। ਉਹ ਦੋਹਰਾ ਜੀਵਨ ਜਿਉਂਦਾ ਸੀ। ਘਰ ਵਿੱਚ ਉਹ ਧੋਤੀ ਕੁਰਤਾ ਪਹਿਨਦਾ ਤੇ ਫ਼ਰਸ਼ 'ਤੇ ਬੈਠ ਕੇ ਲਿਖਦਾ ਪੜ੍ਹਦਾ। ਜਦੋਂ ਉਹ ਕੰਮ 'ਤੇ ਜਾਂਦਾ ਉਹ ਕੋਟ, ਟਾਈ, ਪੈਂਟ ਤੇ ਅਜੀਬ ਖਾਕੀ ਟੋਪੀ ਜੋ ਗਰਮ ਦੇਸ਼ਾਂ ਵਿੱਚ ਇਕ ਦਰੱਖ਼ਤ ਦੇ ਗੁੱਦੇ ਤੋਂ ਬਣਾਈ ਜਾਂਦੀ ਹੈ, ਪਹਿਨਦਾ ਤੇ ਇਸ ਤਰ੍ਹਾਂ ਯੂਰਪੀਨ ਲਿਬਾਸ ਵਿੱਚ ਹੁੰਦਾ। ਜਦੋਂ ਹੀ ਉਹ ਘਰੋਂ ਬਾਹਰ ਨਿਕਲਦਾ, ਛੋਟੇ-ਛੋਟੇ ਬੱਚੇ ਉਸ ਨੂੰ ਜਾਨੀਵਾਕਰ ਕਹਿੰਦੇ ਜੋ 'ਲੈਫ਼ਟ ਰਾਈਟ' ਕਰਦਾ ਜਾ ਰਿਹਾ ਹੁੰਦਾ।

ਨੀਰਦ ਬਾਬੂ ਨਿਮਰ ਤੇ ਸ਼ਿਸ਼ਟ ਵਿਅਕਤੀ ਨਹੀਂ ਸੀ। ਉਸਦੇ ਢੀਠ ਤੇ ਅਸ਼ਿਸ਼ਟ ਹੋਣ ਦੇ ਵੱਡੇ ਕਾਰਨ ਸਨ। ਕੋਈ ਵੀ ਜੀਵਤ ਜਾਂ ਸਵਰਗੀ ਭਾਰਤੀ ਉਹਦੇ ਜਿਹੀ ਵਧੀਆ ਅੰਗਰੇਜ਼ੀ ਨਹੀਂ ਲਿਖ ਸਕਦਾ ਸੀ। ਉਹ ਇਕ ਗੁਸੈਲਾ ਵਿਅਕਤੀ ਵੀ ਸੀ। ਜਦੋਂ ਉਸ ਨੂੰ ਪੂਰੀ ਤਰ੍ਹਾਂ ਕੱਚਪਿਲੇ ਜਿਹੇ ਸੂਚਨਾ ਤੇ ਪ੍ਰਸਾਰਣ ਮੰਤਰੀ ਡਾ. ਬੀ.ਵੀ. ਕੇਸਕਰ ਨੇ ਨੌਕਰੀ ਤੋਂ ਬਰਖ਼ਾਸਤ ਕਰ ਦਿੱਤਾ ਤਾਂ ਉਹ ਗ਼ੁਸੇ ਵਿੱਚ ਭੜਕ ਉੱਠਿਆ। ਕਈ ਸਾਲ ਪਿੱਛੋਂ ਭਾਰਤ ਸਰਕਾਰ ਨੇ ਇੱਛਾ ਜ਼ਾਹਿਰ ਕੀਤੀ ਕਿ ਉਹ ਪੂਰਬੀ ਪਾਕਿਸਤਾਨ ਵਿੱਚ ਘੱਟ ਗਿਣਤੀਆਂ ਦੀ ਦਸ਼ਾ 'ਤੇ ਕਿਤਾਬਚਾ ਲਿਖੇ ਤੇ ਸੇਵਾ ਫਲ ਵਜੋਂ ਖ਼ਾਲੀ ਚੈੱਕ ਦੀ ਪੇਸ਼ਕਸ਼ ਕੀਤੀ।

ਨੀਰਦ ਬਾਬੂ ਜਿਸ ਨੂੰ ਕਾਫ਼ੀ ਮਾਇਕ ਤੰਗੀ ਵੀ ਸੀ, ਉਸ ਨੇ ਇਹ ਬੇਨਤੀ ਘ੍ਰਿਣਾ ਨਾਲ ਰੱਦ ਕਰ ਦਿੱਤੀ। ਜਦੋਂ ਮੈਂ ਵਿੱਤ ਮੰਤਰੀ ਕ੍ਰਿਸ਼ਨਮਾਚਾਰੀ ਦੀ ਤਜਵੀਜ਼ ਉਸ ਨੂੰ ਦੱਸੀ ਤਾਂ ਉਸ ਨੇ ਕਿਹਾ, "ਸਰਕਾਰ ਨੇ ਭਾਵੇਂ ਨੀਰਦ ਚੌਧਰੀ ਤੋਂ ਪਾਬੰਦੀ ਹਟਾ ਲਈ ਹੋਵੇ, ਪਰ ਨੀਰਦ ਚੌਧਰੀ ਨੇ ਭਾਰਤ ਸਰਕਾਰ ਤੋਂ ਪਾਬੰਦੀ ਵਾਪਸ ਨਹੀਂ ਲਈ।"

ਨੀਰਦ ਬਾਬੂ ਦੀ ਦੂਸਰੀ ਪੁਸਤਕ, 'ਇੰਗਲੈਂਡ ਨੂੰ ਇਕ ਮਾਰਗ' ਦੀ ਅੰਗਰੇਜ਼ੀ ਸਮਾਚਾਰ ਪੱਤਰਾਂ ਵਿੱਚ ਬੜੀ ਸ਼ਾਨਦਾਰ ਸਮੀਖਿਆ ਹੋਈ। ਧੜਾਧੜ ਤਿੰਨ ਸੰਸਕਰਨ ਵਿਕ ਗਏ ਤੇ ਇਕ ਭਾਰਤੀ ਲੇਖਕ ਦੀ ਇਹ ਪਹਿਲੀ ਸਭ ਤੋਂ ਵੱਧ ਵਿਕਣ ਵਾਲੀ ਹਰਮਨ ਪਸੰਦ ਪੁਸਤਕ ਬਣ ਗਈ। ਲੰਡਨ ਦੀ ਸਭ ਤੋਂ ਉੱਘੀ ਪੁਸਤਕਾਂ ਦੀ ਦੁਕਾਨ 'ਫ਼ੁਆਇਜ਼' ਦੀ ਸੜਕ ਵਾਲੇ ਪਾਸੇ ਦੀਆਂ ਖਿੜਕੀਆਂ ਨੀਰਦ ਬਾਬੂ ਦੀਆਂ ਵੱਡ-ਆਕਾਰੀ ਫ਼ੋਟੋਆਂ ਨਾਲ ਸਜਾਈਆਂ ਗਈਆਂ ਸਨ।

ਪਹਿਲਾਂ ਵਾਂਗ, ਕੁਝ ਭਾਰਤੀ ਆਲੋਚਕ ਅਜੇ ਵੀ ਉਹਦੇ ਵਿਰੋਧੀ ਸਨ। ਨੀਰਦ ਬਾਬੂ ਦੀ ਪ੍ਰਤੀਕ੍ਰਿਆ ਵੀ ਉਸੇ ਢੰਗ ਦੀ ਸੀ। ਪਹਿਲਾਂ ਤਾਂ ਉਸ ਨੇ ਕੋਸ਼ਿਸ਼ ਕੀਤੀ ਕਿ ਉਹ ਉਹਨਾਂ ਲੋਕਾਂ ਦੀ ਪ੍ਰਵਾਹ ਨਾ ਕਰੇ ਜਿਨ੍ਹਾਂ ਨੂੰ ਕੁਝ ਪਤਾ ਹੀ ਨਹੀਂ। ਫਿਰ ਉਹ ਭੌਂਕਣ ਵਾਲੇ ਕੁੱਤਿਆਂ ਨੂੰ ਚੋਂਦੀਆਂ-ਚੋਂਦੀਆਂ ਗਾਲ੍ਹਾਂ ਦੇਣ ਲੱਗ ਪਿਆ। ਮੈਂ ਉਸ ਨੂੰ ਪੁੱਛਿਆ ਕਿ ਉਹ ਦੋ ਮੁਤਜ਼ਾਦ ਦ੍ਰਿਸ਼ਟੀਕੋਣਾਂ ਨਾਲ ਕਿਵੇਂ ਸਮਝੌਤਾ ਕਰਦਾ ਹੈ। ਕੁਝ ਚਿਰ ਰੁਕ ਕੇ ਉਸ ਨੇ ਉੱਤਰ ਦਿੱਤਾ, "ਜਦੋਂ ਕੁਝ ਲੋਕ ਮੇਰੀਆਂ ਕਿਤਾਬਾਂ ਸਮਝੇ ਬਿਨਾਂ ਹੀ ਕਿ ਮੈਂ ਕੀ ਲਿਖਿਆ ਹੈ, ਭੈੜੀਆਂ ਗੱਲਾਂ ਕਹਿੰਦੇ ਹਨ ਤਾਂ ਮੈਂ ਉਸ ਪਿਤਾ ਵਾਂਗ

ਮਹਿਸੂਸ ਕਰਦਾ ਹਾਂ ਜੋ ਕਿਸੇ ਸ਼ਰਾਬੀ ਨੂੰ ਆਪਣੀ ਲੜਕੀ ਵੱਲ ਅਸ਼ਲੀਲ ਤੇ ਭੱਦੇ ਇਸ਼ਾਰੇ ਕਰਕੇ ਹੁੰਦਾ ਹੈ।

ਮੈਂ ਉਸ ਦਾ ਪਿਛਾ ਕਰਕੇ ਉਸ ਨੂੰ ਸਜ਼ਾ ਦੇਣੀ ਚਾਹੁੰਦਾ ਹਾਂ। ਫਿਰ ਉਸ ਨੇ ਵਿਸ਼ੇਸ਼ ਬੰਗਾਲੀ ਅੰਦਾਜ਼ ਵਿੱਚ ਦੰਡ ਦੇ ਰੂਪ ਦਾ ਮੁਜ਼ਾਹਰਾ ਕਰਦਿਆਂ ਕਿਹਾ, "ਮੈਂ ਉਸ ਨੂੰ ਆਪਣੀ ਚਪਲ ਨਾਲ ਕੁੱਟਣਾ ਚਾਹੁੰਦਾ ਹਾਂ।"

ਕੁਝ ਸਾਲ ਪਹਿਲਾਂ ਉਸ ਨੇ ਲੰਡਨ ਦੇ ਇਕ ਵਸ਼ਿਸ਼ਟ ਹਫ਼ਤਾਵਾਰ ਵਿੱਚ ਇਹ ਜ਼ਿਕਰ ਕੀਤਾ ਕਿ ਉਹ ਔਕਸਫੋਰਡ ਵਿੱਚ ਕਿਤਾਬਾਂ ਤੋਂ ਮਿਲਦੇ ਸੇਵਾਫਲ ਨਾਲ ਕਿਵੇਂ ਔਖੀ ਆਰਥਿਕ ਦਸ਼ਾ 'ਚੋਂ ਲੰਘ ਰਿਹਾ ਹੈ। ਮੈਂ ਉਸ ਦਾ ਸਾਰ ਆਪਣੇ ਕਾਲਮ ਵਿੱਚ ਛਾਪ ਦਿੱਤਾ। ਕੇ.ਕੇ. ਬਿਰਲਾ ਨੇ ਮੈਨੂੰ ਲਿਖਿਆ ਕਿ ਮੈਂ ਨੀਰਦ ਬਾਬੂ ਨੂੰ ਪੱਤਰ ਲਿਖ ਦਿਆਂ ਕਿ ਉਸ ਨੂੰ ਜੀਵਨ ਭਰ ਲਈ ਕਿਸੇ ਵੀ ਮੁਲਕ ਦੇ ਸਿੱਕੇ ਵਿੱਚ ਜਿੰਨੀ ਰਕਮ ਉਹ ਚਾਹੇ, ਦੇ ਕੇ ਖ਼ੁਸ਼ੀ ਹੋਵੇਗੀ। ਮੈਂ ਬਿਰਲਾ ਦਾ ਪੱਤਰ ਨੀਰਦ ਬਾਬੂ ਨੂੰ ਅੱਗੇ ਭੇਜ ਦਿੱਤਾ। ਉਸ ਨੇ ਮੈਨੂੰ ਮੋੜਵਾਂ ਉੱਤਰ ਦਿੰਦਿਆਂ ਲਿਖਿਆ ਕਿ ਮੈਂ ਬਿਰਲਾ ਦਾ ਧੰਨਵਾਦ ਕਰ ਦੇਵਾਂ ਪਰ ਉਸ ਨੇ ਉਸ ਦੀ ਪੇਸ਼ਕਸ਼ ਪ੍ਰਵਾਨ ਕਰਨ ਤੋਂ ਨਾਂਹ ਕਰ ਦਿੱਤੀ।

ਇਹ ਅਫ਼ਸੋਸਨਾਕ ਹੈ ਕਿ ਉਸ ਨੇ ਬਰਤਾਨਵੀ ਸਰਕਾਰ ਵੱਲੋਂ ਦਿੱਤੀ ਸੀ.ਬੀ.ਈ. (ਬ੍ਰਿਟਿਸ਼ ਸਾਮਰਾਜ ਦੇ ਸੈਨਾਪਤੀ) ਦੀ ਪਦਵੀ ਪ੍ਰਵਾਨ ਕਰ ਲਈ। ਉਹਦਾ ਹੱਕ ਕੁਲੀਨ ਦੀ ਪਦਵੀ ਦਾ ਬਣਦਾ ਸੀ ਕਿਉਂਕਿ ਉਹ ਬੌਧਿਕ ਤੌਰ 'ਤੇ ਸਾਹਿੱਤਕ ਪ੍ਰਾਪਤੀਆਂ ਵਿੱਚ ਬੇਜੋੜ ਤੇ ਅਦਭੁੱਤ ਵਿਅਕਤੀ ਸੀ।

ਨੰਗੀ ਧੁੱਪ ਵਾਲਾ ਬਲਵੰਤ ਗਾਰਗੀ—

ਨੰਗੀ ਧੁੱਪ ਨੇ ਮਿੱਤਰਾਂ ਨਾਲੋਂ ਵਧੇਰੇ ਦੁਸ਼ਮਣ ਬਣਾਏ

ਸੱਠ ਸਾਲਾਂ ਦੀ ਦੋਸਤੀ ਦਾ 22 ਅਪ੍ਰੈਲ, 2003 ਨੂੰ ਅੰਤ ਹੋ ਗਿਆ। ਬਲਵੰਤ ਗਾਰਗੀ, ਜਿਸ ਨਾਲ ਮੈਂ ਲਾਹੌਰ ਰਹਿਣ ਦੇ ਦਿਨਾਂ ਵਿੱਚ ਦੋਸਤੀ ਕਾਇਮ ਕੀਤੀ ਸੀ, ਮੁੰਬਈ ਵਿੱਚ ਪ੍ਰਾਣ ਤਿਆਗ ਗਿਆ। ਉਸ ਦੀ ਮ੍ਰਿਤਕ ਦੇਹ, ਸਸਕਾਰ ਕਰਨ ਲਈ ਜਹਾਜ਼ 'ਤੇ ਦਿੱਲੀ ਲਿਆਂਦੀ ਗਈ। ਉਸ ਦੇ ਸਸਕਾਰ ਸਮੇਂ ਹਾਜ਼ਰ ਪੰਜਾਬੀ ਸਾਹਿੱਤਕਾਰਾਂ ਵਿੱਚ ਭਾਰਤ ਦੇ ਰਹਿ ਚੁੱਕੇ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਵੀ ਸਨ। ਫ਼ਿਲਮ ਜਗਤ ਦੀ ਪ੍ਰਤਿਨਿਧਤਾ ਅਨੁਪਮ ਖੇਰ ਨੇ ਕੀਤੀ। ਬਦਕਿਸਮਤੀ ਇਹ ਸੀ ਕਿ ਇਸ ਬਹੁ-ਪੱਖੀ ਪ੍ਰਤਿਭਾ ਦੇ ਮਾਲਕ ਨੂੰ ਕੇਵਲ ਪੰਜਾਬੀ ਅਖ਼ਬਾਰਾਂ ਵੱਲੋਂ ਹੀ ਸ਼ਰਧਾਂਜਲੀ ਭੇਂਟ ਕੀਤੀ ਗਈ ਕਿਉਂਕਿ ਦੋ-ਤਿੰਨ ਪੁਸਤਕਾਂ ਨੂੰ ਛੱਡ ਕੇ ਉਸ ਨੇ ਲਗਭਗ ਸਾਰਾ ਸਾਹਿੱਤ ਗੁਰਮੁਖੀ ਲਿੱਪੀ ਵਿੱਚ ਹੀ ਲਿਖਿਆ ਸੀ।

ਬਲਵੰਤ ਬਠਿੰਡੇ ਦਾ ਬਾਣੀਆ ਸੀ। ਉਹ ਲਾਹੌਰ ਚਲਾ ਗਿਆ ਜੋ ਕਦੇ ਪੰਜਾਬੀ ਸਾਹਿੱਤਕਾਰੀ ਦਾ ਗੜ੍ਹ ਸੀ। ਉਸ ਨੇ ਇਕ ਨਾਟਕਕਾਰ, ਨਿਰਦੇਸ਼ਕ ਤੇ ਵਿਅੰਗਕਾਰ ਵਜੋਂ ਪ੍ਰਸਿੱਧਤਾ ਪ੍ਰਾਪਤ ਕੀਤੀ। ਉਸ ਦੇ ਪ੍ਰਸਿੱਧ ਲੇਖਕਾਂ ਬਾਰੇ ਲਿਖੇ ਗਏ ਸ਼ਬਦ-ਚਿੱਤਰ ਚੋਭਵੇਂ ਵਿਅੰਗ ਤੇ ਤਨਜ਼ ਨਾਲ ਭਰਪੂਰ ਸਨ।

ਵੰਡ ਪਿੱਛੋਂ ਉਹ ਦਿੱਲੀ ਚਲਾ ਗਿਆ, ਜਿੱਥੇ ਉਸ ਨੂੰ ਇਕ ਕਮਰੇ ਵਾਲਾ ਹੇਠਲੀ ਮੰਜ਼ਿਲ 'ਤੇ ਛੋਟਾ ਜਿਹਾ ਮਕਾਨ ਮਿਲ ਗਿਆ, ਜਿਸਦਾ ਛੋਟਾ ਜਿਹਾ ਵਿਹੜਾ ਸੀ, ਇਕ ਪਾਸੇ ਰਸੋਈ ਘਰ ਤੇ ਦੂਸਰੇ ਪਾਸੇ ਗੁਸਲਖ਼ਾਨਾ ਤੇ ਪਾਖ਼ਾਨਾ ਸੀ। ਉਹ ਆਪਣੇ ਮਿੱਤਰਾਂ ਦੀ ਖ਼ਾਤਰਦਾਰੀ ਆਪਣੇ ਸੌਣ, ਬੈਠਣ ਤੇ ਖਾਣਾ ਖਾਣ ਵਾਲੇ ਇਕੋ ਇਕ ਕਮਰੇ ਵਿੱਚ ਹੀ ਕਰਿਆ ਕਰਦਾ ਸੀ।

ਕਮਰੇ ਵਿੱਚ ਕੁਰਸੀਆਂ, ਮੇਜ਼ ਆਦਿ ਕੋਈ ਵੀ ਫ਼ਰਨੀਚਰ ਨਹੀਂ ਸੀ ਤੇ ਮਹਿਮਾਨਾਂ ਨੂੰ ਸ਼ਰਾਬ ਪੀਣ ਜਾਂ ਖਾਣਾ ਖਾਣ ਵੇਲੇ ਫ਼ਰਸ਼ 'ਤੇ ਭੁੰਜੇ ਹੀ ਬੈਠਣਾ ਪੈਂਦਾ ਸੀ ਜਾਂ ਚੌਂਫਾਲ ਪੈਣਾ ਪੈਂਦਾ ਸੀ। ਉਸ ਦੇ ਘਰ ਵਿੱਚ ਸੱਦੇ ਜਾਣ ਵਾਲੇ ਕੁਝ ਵਿਸ਼ੇਸ਼ ਅਧਿਕਾਰਿਤ ਅਤਿਥੀ ਹੀ ਹੁੰਦੇ ਸਨ। ਭਾਵੇਂ ਉਹ ਮੋਟਾ ਤੇ ਢਿੱਲੜ ਬਾਣੀਆ ਸੀ ਤੇ ਸਦਾ ਹੀ ਬਿਨਾਂ ਸਾਬਣ ਦੇ ਹੱਥ ਧੋਂਦਾ ਰਹਿੰਦਾ ਸੀ, ਪ੍ਰੰਤੂ ਉਸ ਦੀ ਅੱਖ ਸਦਾ ਹੀ ਸੁੰਦਰ ਇਸਤਰੀਆਂ, ਵਿਸ਼ੇਸ਼ ਕਰਕੇ ਸਰਦਾਰਨੀਆਂ (ਸਿੱਖ ਤੀਵੀਆਂ) 'ਤੇ ਹੁੰਦੀ ਸੀ। ਮੈਂ ਕਈ ਵਾਰ ਉਸ ਨੂੰ ਡਾਂਟਿਆ ਕਰਦਾ ਸੀ ਤੇ ਕਿਹਾ ਕਰਦਾ ਸੀ ਕਿ "ਸਿੱਖ ਤੀਵੀਆਂ ਪ੍ਰਤੀ ਤੇਰੇ ਚਸਕੇ ਦਾ

ਕਾਰਨ ਸ਼ਾਇਦ ਇਹੋ ਹੈ ਕਿ ਕੇਵਲ ਸਿੱਖ ਤੀਵੀਆਂ ਹੀ ਗੁਰਮੁਖੀ ਲਿਪੀ ਵਿੱਚ ਤੇਰੀਆਂ ਲਿਖੀਆਂ ਰਚਨਾਵਾਂ ਪੜ੍ਹ ਸਕਦੀਆਂ ਹਨ।"

ਮੈਂ ਉਸ ਨੂੰ ਅੰਗਰੇਜ਼ੀ ਵਿੱਚ ਲਿਖਣ ਲਈ ਪ੍ਰੇਰਿਤ ਕੀਤਾ ਤਾਂ ਜੋ ਉਸ ਦੇ ਪ੍ਰਸ਼ੰਸਕਾਂ ਦਾ ਘੇਰਾ ਵਿਸ਼ਾਲ ਹੋ ਜਾਏ। ਉਸ ਨੇ ਲਿਖਿਆ ਵੀ। ਉਸ ਦੀ ਭਾਰਤੀ ਰੰਗਮੰਚ ਬਾਰੇ ਲਿਖੀ ਪੁਸਤਕ ਦੀ ਕਾਫ਼ੀ ਚਰਚਾ ਵੀ ਹੋਈ। ਉਸ ਨੂੰ ਨਾਟਕ ਪੜ੍ਹਾਉਣ ਲਈ ਵਾਸ਼ਿੰਗਟਨ ਸਟੇਟ ਯੂਨੀਵਰਸਿਟੀ (ਸੀਆਟਲ) ਵੱਲੋਂ ਨਿਮੰਤਰਣ ਆ ਗਿਆ। ਪਹਿਲੀ ਵਾਰ ਉਸ ਨੂੰ ਕੁਝ ਪੈਸਾ ਵੀ ਹੱਥ ਲੱਗਾ। ਉਹ ਅਮਰੀਕਾ ਤੋਂ ਇਕ ਵੱਡੀ ਕਾਰ 'ਤੇ ਜੀਨੀ ਨਾਮ ਦੀ ਸੁੰਦਰ ਅਮਰੀਕਨ ਪਤਨੀ ਲੈ ਕੇ ਦੇਸ਼ ਪਰਤਿਆ। ਉਹ ਚੰਡੀਗੜ੍ਹ ਚਲੇ ਗਏ ਜਿੱਥੇ ਉਸ ਨੂੰ ਨਾਟਕ ਵਿਭਾਗ ਦੇ ਪ੍ਰੋਫ਼ੈਸਰ ਵਜੋਂ ਨਿਯੁਕਤ ਕਰ ਲਿਆ ਗਿਆ। ਜੋ ਵੀ ਜੀਨੀ ਨੂੰ ਮਿਲਦਾ ਉਹ ਹੀ ਉਸ ਨਾਲ ਪਿਆਰ ਕਰਨ ਲੱਗ ਜਾਂਦਾ। ਪ੍ਰੰਤੂ ਉਹ ਆਪਣੇ ਪਤੀ ਪ੍ਰਤੀ ਵਫ਼ਾਦਾਰ ਰਹੀ। ਉਸ ਦੀ ਇਕੋ ਇਕ ਕਮਜ਼ੋਰੀ ਉਸਦੀ ਖਾਣਾ ਖਾਣ ਦੀ ਅਤਿਅਧਿਕ ਭੁੱਖ ਸੀ--ਇਕ ਵਾਰ ਬੈਠੀ ਬੈਠੀ ਉਹ ਤਿੰਨ ਵਿਅਕਤੀਆਂ ਦਾ ਖਾਣਾ ਖਾ ਸਕਦੀ ਸੀ। ਉਸ ਦੀ ਦੂਸਰੀ ਕਮਜ਼ੋਰੀ ਪੰਜਾਬੀ ਸਿੱਖਣ ਤੋਂ ਉਸ ਦਾ ਇਨਕਾਰ ਸੀ। ਭਾਵੇਂ ਉਸ ਨੇ ਬਲਵੰਤ ਦੇ ਦੋ ਬੱਚਿਆਂ-ਇਕ ਲੜਕਾ ਤੇ ਇਕ ਲੜਕੀ-ਨੂੰ ਜਨਮ ਦਿੱਤਾ, ਪ੍ਰੰਤੂ ਉਹ ਪੰਜਾਬੀ ਸਿੱਖਣ ਤੋਂ ਇਨਕਾਰੀ ਹੋਣ ਕਾਰਨ, ਬਲਵੰਤ ਗਾਰਗੀ ਦੀਆਂ ਰਚਨਾਵਾਂ ਪੜ੍ਹ ਕੇ, ਉਸ ਨੂੰ ਉਹ ਪ੍ਰਸ਼ੰਸਾ ਨਾ ਦੇ ਸਕੀ ਜਿਸ ਦੀ ਉਸ ਨੂੰ ਬਹੁਤ ਜ਼ਿਆਦਾ ਭੁੱਖ ਤੇ ਖ਼ਾਹਿਸ਼ ਸੀ। ਇਸ ਕਾਰਨ ਬਲਵੰਤ ਪ੍ਰਸ਼ੰਸਾ ਲਈ ਦੂਸਰੀਆਂ ਤੀਵੀਆਂ ਵੱਲ ਮੁੜ ਗਿਆ, ਜਿਨ੍ਹਾਂ ਵਿੱਚੋਂ ਇਕ ਤਲਾਕਸ਼ੁਦਾ ਸੁੰਦਰ ਇਸਤਰੀ ਵੀ ਸੀ ਜੋ ਉਹਦੀ ਵਿਦਿਆਰਥਣ ਵੀ ਰਹੀ ਸੀ। ਕਹਿਣ ਦੀ ਲੋੜ ਨਹੀਂ ਕਿ ਉਹ ਸਰਦਾਰਨੀ ਸੀ ਤੇ ਉਹ ਵਿਆਹ ਤੋਂ ਪਹਿਲਾਂ ਵੀ ਉਸ ਦੀ ਪ੍ਰੇਮਿਕਾ ਰਹੀ ਸੀ। ਜੀਨੀ ਨੇ ਬਲਵੰਤ ਗਾਰਗੀ ਨੂੰ ਤਲਾਕ ਦੇ ਦਿੱਤਾ ਤੇ ਇਕ ਹੋਰ ਭਾਰਤੀ ਨਾਲ ਵਿਆਹ ਕਰਵਾ ਲਿਆ ਤੇ ਆਪਣੀ ਲੜਕੀ ਨੂੰ ਨਾਲ ਲੈ ਕੇ ਅਮਰੀਕਾ ਚਲੀ ਗਈ। ਬਲਵੰਤ ਕੋਲ ਉਸ ਦਾ ਬੇਟਾ ਤੇ ਮਨਮੱਤੀਆਂ ਕਰਨ ਵਾਲੀ ਪ੍ਰੇਮਿਕਾ ਰਹਿ ਗਏ। ਜਦੋਂ ਉਸ ਨੇ, ਉਸ ਨੂੰ ਅੱਧ ਵਿਚਾਲੇ ਛੱਡ ਕੇ ਕਿਸੇ ਹੋਰ ਮਰਦ ਨਾਲ ਵਿਆਹ ਕਰਵਾ ਲਿਆ ਤਾਂ ਬਲਵੰਤ ਗਾਰਗੀ ਨੇ ਅੰਗਰੇਜ਼ੀ ਵਿੱਚ ਸ੍ਵੈ-ਜੀਵਨੀ-ਮੂਲਕ ਨਾਵਲ 'ਨੰਗੀ ਧੁੱਪ' ਲਿਖ ਕੇ ਉਸ ਤੋਂ ਬਦਲਾ ਲਿਆ। ਇਹ ਤਲਖ਼ੀ ਤੇ ਕੁੜੱਤਣ ਨਾਲ ਭਰਿਆ ਭੈੜਾ ਨਾਵਲ ਸੀ। ਇਸ ਨਾਲ ਹੋਰ ਪ੍ਰਸ਼ੰਸਕ ਪ੍ਰਾਪਤ ਕਰਨ ਦੀ ਥਾਂ, ਉਸ ਦੇ ਪਹਿਲੇ ਪ੍ਰਸ਼ੰਸਕਾਂ ਦੀ ਗਿਣਤੀ ਵੀ ਘਟ ਗਈ।

ਮੈਂ ਬਲਵੰਤ ਗਾਰਗੀ ਦੇ ਵਿਅਕਤੀਤਵ ਦੇ ਬਹੁਤ ਪੱਖ ਦੇਖੇ ਹਨ। ਉਹ ਬੰਨ੍ਹ ਕੇ ਬਿਠਾ ਸਕਣ ਵਾਲਾ ਗਾਲੜੀ ਸੀ। ਉਸ ਰਾਹੀਂ ਹੀ ਮੇਰੀ ਮੁਲਾਕਾਤ ਪਰਵੀਨ ਬੌਬੀ ਨਾਲ ਹੋਈ ਸੀ ਜੋ 'ਬਾਲੀਵੁੱਡ ਦੀ ਮਲਕਾ' ਸੀ। ਉਮਾ ਵਾਸੂਦੇਵ ਵੀ ਰਾਤ ਦੇ ਖਾਣੇ ਸਮੇਂ ਸਦਾ ਚਿਪਕੀ ਰਹਿੰਦੀ ਸੀ।

ਬਲਵੰਤ ਗਾਰਗੀ ਨੂੰ ਆਪਣੇ ਅੰਤ ਦਾ ਚਾਰ ਸਾਲ ਪਹਿਲਾਂ ਹੀ ਅਨੁਭਵ ਹੋ

ਗਿਆ ਸੀ। ਉਸ ਨੇ ਮੈਨੂੰ ਪਟਿਆਲੇ ਤੋਂ ਉਸ ਪ੍ਰਤੀ ਮੇਰੇ ਵੱਲੋਂ ਕੀਤੇ ਕੰਮਾਂ ਲਈ ਧੰਨਵਾਦ ਕਰਨ ਲਈ ਫ਼ੋਨ ਕੀਤਾ। ਇਸ ਦੀ ਅਸਲੋਂ ਹੀ ਕੋਈ ਲੋੜ ਨਹੀਂ ਸੀ ਕਿਉਂਕਿ ਉਸ ਨੂੰ ਜਦੋਂ ਕਦੇ ਲੋੜ ਹੁੰਦੀ, ਮੈਂ ਕੁਝ ਰੁਪਿਆ ਉਧਾਰ ਦੇਣ ਤੋਂ ਬਿਨਾਂ ਕੁਝ ਨਹੀਂ ਕੀਤਾ ਸੀ ਜੋ ਉਹ ਵਾਪਸ ਕਰ ਦਿਆ ਕਰਦਾ ਸੀ। ਇਸ ਤੋਂ ਬਿਨਾਂ ਮੈਂ ਉਸ ਨੂੰ ਅੰਗਰੇਜ਼ੀ ਵਿੱਚ ਲਿਖਣ ਦੀ ਸਲਾਹ ਦਿੱਤੀ ਸੀ। ਮੈਂ ਉਸ ਨੂੰ ਕਿਹਾ, "ਤੈਨੂੰ ਕੀ ਹੋ ਗਿਆ ਹੈ" ਤੇ "ਤੂੰ ਮੇਰਾ ਕੁਝ ਵੀ ਦੇਣਦਾਰ ਨਹੀਂ।" ਅਸੀਂ ਪੁਰਾਣੇ ਮਿੱਤਰ ਹਾਂ।

ਉਹ ਜਾਣਦਾ ਸੀ ਕਿ ਉਸ ਨੂੰ ਐਲਜ਼ੀਮੇਰ ਦਾ ਰੋਗ ਹੈ ਤੇ ਛੇਤੀ ਹੀ ਉਸ ਦੀ ਯਾਦਦਾਸ਼ਤ ਜੁਆਬ ਦੇ ਜਾਵੇਗੀ। ਉਸ ਨੇ ਉਮਰ ਦੇ ਆਖ਼ਰੀ ਸਾਲ ਆਪਣੇ ਅਭਿਨੇਤਾ ਪੁੱਤਰ ਕੋਲ ਗੁਜ਼ਾਰੇ, ਜਿੱਥੇ ਉਸ ਦੀ ਦੇਖਭਾਲ ਇਕ ਵਫ਼ਾਦਾਰ ਨੌਕਰ ਨੇ ਤੇ ਇਕ ਮਿੱਤਰ ਸਰਦਾਰਨੀ ਨੇ ਕੀਤੀ।

ਮਾਲਗੁੱਡੀ ਵਾਲਾ ਆਰ. ਕੇ. ਨਾਰਾਇਣ ਨਹੀਂ ਰਿਹਾ

95 ਸਾਲ ਦੀ ਉਮਰ ਵਿੱਚ ਮੌਤ ਹੋਣ ਤੋਂ ਹਫ਼ਤਾ ਪਹਿਲਾਂ ਹੀ ਉਹਦੀ ਵਿਗੜ ਰਹੀ ਸਿਹਤ ਬਾਰੇ ਖ਼ਬਰਾਂ ਸਾਰੇ ਰਾਸ਼ਟਰੀ ਅਖ਼ਬਾਰਾਂ ਵਿੱਚ ਆਉਣੀਆਂ ਸ਼ੁਰੂ ਹੋ ਗਈਆਂ ਸਨ। ਮੈਨੂੰ ਬੀ.ਬੀ.ਸੀ. ਤੇ ਹੋਰ ਟੀ.ਵੀ. ਚੈਨਲਾਂ ਤੋਂ ਅਜਿਹੀ ਸਥਿਤੀ ਵਿੱਚ ਸ਼ਰਧਾਂਜਲੀ ਦੇਣ ਲਈ ਟੈਲੀਫ਼ੋਨ ਤੋਂ ਬੁਲਾਵੇ ਆਏ। ਇਸ ਤੋਂ ਜ਼ਾਹਿਰ ਹੁੰਦਾ ਸੀ ਕਿ ਸੰਸਾਰ ਭਰ ਦੇ ਲੋਕ ਆਰ.ਕੇ. ਨਾਰਾਇਣ ਲਈ ਕਿੰਨੇ ਫ਼ਿਕਰਮੰਦ ਸਨ ਤੇ ਉਸ ਦੀ ਕਿੰਨੀ ਇੱਜ਼ਤ ਕਰਦੇ ਸਨ। 13 ਮਈ, 2001 ਨੂੰ 5 ਵਜੇ ਸਵੇਰੇ, ਐਤਵਾਰ ਵਾਲੇ ਦਿਨ ਟੈਲੀਫ਼ੋਨ ਦੀ ਘੰਟੀ ਵੱਜੀ। ਇਹ ਬੀ.ਬੀ.ਸੀ. ਲੰਡਨ ਤੋਂ ਸੀ। ਮੈਨੂੰ ਦੱਸਿਆ ਗਿਆ ਕਿ ਨਾਰਾਇਣ ਦੋ ਘੰਟੇ ਪਹਿਲਾਂ ਚਲਾਣਾ ਕਰ ਗਿਆ ਹੈ ਤੇ ਮੈਨੂੰ ਕੁਝ ਸ਼ਬਦ ਕਹਿਣ ਲਈ ਬੇਨਤੀ ਕੀਤੀ ਗਈ। ਮੈਂ ਹਿੰਦੀ ਤੇ ਅੰਗਰੇਜ਼ੀ ਵਿੱਚ, ਹਿੰਦੀ ਦੀ ਘਰੇਲੂ ਸੇਵਾ ਲਈ ਸ਼ਰਧਾਂਜਲੀ ਵਜੋਂ ਸ਼ਬਦ ਕਹੇ।

ਨਾਰਾਇਣ ਦਿੱਤੀ ਗਈ ਪ੍ਰਸ਼ੰਸਾ ਦਾ ਹੱਕਦਾਰ ਸੀ। ਉਹ ਰਾਜਾ ਰਾਓ, ਮੁਲਕ ਰਾਜ ਆਨੰਦ ਤੇ ਗੋਬਿੰਦ ਡਿਸਾਈ 'ਤੇ ਨਿਰਧਾਰਿਤ ਚੌਕੜੀ ਦਾ ਆਗੂ ਸੀ ਜਿਸ ਨੇ ਅੰਗਰੇਜ਼ੀ ਬੋਲਦੇ ਸੰਸਾਰ ਨੂੰ ਸਾਬਤ ਕਰ ਦਿੱਤਾ ਸੀ ਕਿ ਭਾਰਤੀ ਇਸ ਭਾਸ਼ਾ ਦੀ ਵਰਤੋਂ ਉਤਨੀ ਹੀ ਚੰਗੀ ਤਰ੍ਹਾਂ ਕਰ ਸਕਦੇ ਹਨ ਜਿਤਨੀ ਚੰਗੀ ਤਰ੍ਹਾਂ ਜਨਮ ਤੋਂ ਇਸ ਨੂੰ ਬੋਲਣ ਵਾਲੇ ਕਰ ਸਕਦੇ ਹਨ। ਨਾਰਾਇਣ ਆਪਣੇ ਸਮਕਾਲੀਆਂ ਨਾਲੋਂ ਇਸ ਪੱਖੋਂ ਖ਼ੁਸ਼ਕਿਸਮਤ ਸੀ ਕਿ ਉਸ ਨੂੰ ਗ੍ਰਾਹਮ ਗ੍ਰੀਨ ਵਰਗਾ ਉਤਸ਼ਾਹ ਦੇਣ ਵਾਲਾ ਸਰਪ੍ਰਸਤ ਮਿਲ ਗਿਆ ਜਿਸ ਨੇ ਇਕ ਲੇਖਕ ਵਜੋਂ ਉਸਦੀ ਬੇੜੀ ਠੇਲ੍ਹੀ ਤੇ ਪ੍ਰਕਾਸ਼ਕਾਂ ਨੂੰ ਪ੍ਰੇਰਨਾ ਦਿੱਤੀ ਕਿ ਉਹ ਉਸ ਨਾਲ ਲਾਹੇਵੰਦ ਇਕਰਾਰਨਾਮੇ ਕਰਨ। ਉਹ ਪਹਿਲਾ ਵਿਅਕਤੀ ਸੀ ਜਿਸ ਨੇ ਇਹ ਭਾਂਪ ਲਿਆ ਕਿ ਨਾਰਾਇਣ ਦੀ ਵਾਰਤਕ ਵੈਂਗਣੀ ਪੈਰਿਆਂ ਤੋਂ ਮੁਕਤ ਤੇ ਮੋਹ ਲੈਣ ਵਾਲੀ ਸਾਦਗੀ ਨਾਲ ਭਰਪੂਰ ਸੀ, ਜੋ ਕਾਮ ਜਾਂ ਹਿੰਸਾ ਤੋਂ ਵੀ ਨਿਰਲੇਪ ਸੀ ਤੇ ਜਿਸ ਦੀ ਵਰਤੋਂ ਬਹੁਤੇ ਲੇਖਕ ਪਾਠਕਾਂ ਦੀ ਦਿਲਚਸਪੀ ਕਾਇਮ ਰੱਖਣ ਲਈ ਕਰਦੇ ਹਨ। ਨਾਰਾਇਣ ਨੇ ਆਪਣਾ ਯੱਕੇ ਵਾਲਾ ਕਲਪਿਤ ਨਗਰ ਮਾਲਗੁੱਡੀ ਸੰਸਾਰ ਭਰ ਵਿੱਚ ਪ੍ਰਸਿੱਧ ਕਰ ਦਿੱਤਾ। ਉਸ ਦੇ ਸੁਸਤ ਚਾਲ ਵਾਲੇ, ਕਮਜ਼ੋਰ ਪਲਾਟ ਤੇ ਪਾਤਰ ਦੱਖਣ ਭਾਰਤ ਦੇ ਜੀਵਨ ਅਤੇ ਲੋਕਾਂ ਦੀ ਹੂਬਹੂ ਨਕਲ ਸਨ। ਉਸਦੇ ਸਰਗਰਮ ਪ੍ਰਸ਼ੰਸਕਾਂ ਵਿੱਚ ਐੱਨ. ਰਾਮ ਤੇ ਉਸ ਦੀ ਅੰਗਰੇਜ਼ ਪਤਨੀ ਸੂਸਨ ਸਨ ਜਿਨ੍ਹਾਂ ਮਿਲ ਕੇ ਤੇ ਖੋਜ ਕਰਕੇ ਉਸ ਦੀ ਭਾਰੀ ਭਰਕਮ ਜੀਵਨੀ ਲਿਖੀ ਤੇ ਉਸ ਨੂੰ 'ਦੀ ਹਿੰਦੂ' ਦੇ ਕਾਲਮਾਂ ਰਾਹੀਂ ਦੱਖਣ ਵਿੱਚ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਇੰਡੋ-ਐਂਗਲੀਅਨ ਲੇਖਕ ਬਣਾਇਆ। ਉੱਤਰੀ ਭਾਰਤ ਵਿੱਚ ਉਸ ਦੇ ਸ਼ਿਲਪ ਨੂੰ ਬੜੇ ਸੰਕੋਚ ਭਰੇ ਢੰਗ ਨਾਲ ਬਹੁਤ ਮਗਰੋਂ

ਪ੍ਰਵਾਨ ਕੀਤਾ ਗਿਆ। ਵਰਤਮਾਨ ਸਮੇਂ ਦੇ ਪ੍ਰਸਿੱਧ ਸੰਪਾਦਕ ਫ਼ਰੈਂਕ ਮੋਰੇਸ ਨੂੰ ਉਸਦੇ ਨਾਵਲ ਪੜ੍ਹਨ ਵਿੱਚ ਅਰੋਚਕ ਤੇ ਅਕਾ ਦੇਣ ਵਾਲੇ ਜਾਪੇ।

ਮੈਂ ਪਹਿਲੀ ਵਾਰ ਨਾਰਾਇਣ ਨੂੰ ਉਸ ਸਮੇਂ ਮਿਲਿਆ ਜਦੋਂ ਉਹ ਮੈਸੂਰ ਦੇ ਉਪ-ਨਗਰਾਂ ਵਿੱਚ ਰਿਹਾ ਕਰਦਾ ਸੀ। ਉਹ ਸਵੇਰ ਵੇਲੇ ਕੰਮ ਕਰਦਾ ਤੇ ਸ਼ਹਿਰ ਵਿੱਚ ਦੁਪਹਿਰ ਪਿੱਛੋਂ ਆਉਂਦਾ। ਮੈਂ ਉਸ ਨਾਲ ਉਹਦੀ ਸੈਰ ਵੇਲੇ ਬਜ਼ਾਰ ਵਿੱਚ ਉਹਦੇ ਨਾਲ ਹੁੰਦਾ। ਉਹ ਹੌਲੀ-ਹੌਲੀ ਚਲਦਾ ਸੀ ਤੇ ਕੁਝ ਗਜ਼ ਜਾ ਕੇ ਗੱਲ ਪੂਰੀ ਕਰਨ ਲਈ ਰੁਕ ਜਾਂਦਾ ਸੀ। ਉਹ ਬਹੁਤ ਸਾਰੀਆਂ ਦੁਕਾਨਾਂ ਉਪਰ ਦੁਕਾਨਦਾਰਾਂ ਨਾਲ ਨਮਸਕਾਰ ਕਰਨ ਲਈ ਰੁਕਦਾ, ਉਹਨਾਂ ਨਾਲ ਮੇਰੀ ਜਾਣ-ਪਹਿਚਾਣ ਕਰਾਉਂਦਾ ਤੇ ਕੰਨੜ ਜਾਂ ਤਾਮਿਲ ਵਿੱਚ ਉਹਨਾਂ ਨਾਲ ਗੱਲ ਕਰਦਾ ਜੋ ਮੈਂ ਜਾਣਦਾ ਨਹੀਂ ਸੀ। ਫਿਰ ਅਸੀਂ ਹੌਲੀ-ਹੌਲੀ ਆਪਣੀ ਸੈਰ 'ਤੇ ਨਿਕਲ ਤੁਰਦੇ।

ਜਦੋਂ ਉਹ ਦਿੱਲੀ ਵਿੱਚ ਹੁੰਦਾ ਤਾਂ ਮੇਰੇ ਕੋਲ ਕਾਫ਼ੀ ਦਾ ਕੱਪ ਪੀਣ ਜਾਂ ਗੱਪ ਸ਼ੱਪ ਮਾਰਨ ਲਈ ਜਿੰਨੀ ਵਾਰ ਸੰਭਵ ਹੁੰਦਾ, ਉਹ ਆ ਜਾਂਦਾ। ਅਸੀਂ ਅਮਰੀਕਾ ਤੇ ਇੰਗਲੈਂਡ ਵਿੱਚ ਲੇਖਕਾਂ ਦੀਆਂ ਕਾਨਫ਼ਰੰਸਾਂ ਵਿੱਚ ਵੀ ਮਿਲਦੇ। ਇਕ ਮੁਲਾਕਾਤ ਜੋ ਮੇਰੇ ਮਨ ਵਿੱਚ ਖੁਭੀ ਹੋਈ ਹੈ, ਉਹ ਹੈ 'ਹਵਾਈ' ਵਿੱਚ ਬਤੀਤ ਕੀਤਾ ਇਕ ਹਫ਼ਤਾ। ਆਪਣਾ ਕੰਮ ਨਿਪਟਾਉਣ ਪਿੱਛੋਂ ਅਸੀਂ ਸ਼ਾਮ ਇਕੱਠੇ ਗੁਜ਼ਾਰਦੇ। ਉਹ ਇਕ ਵਧੀਆ ਸਾਥੀ ਨਹੀਂ ਸੀ। ਜੋ ਕੁਝ ਬੋਲ ਰਿਹਾ ਹੁੰਦਾ ਉਸ ਨੂੰ ਖਲੋ ਕੇ ਖ਼ਤਮ ਕਰਨ ਦੀ ਉਸਦੀ ਆਦਤ ਮੈਨੂੰ ਬੜਾ ਉਤਾਵਲਾ ਕਰਦੀ। ਰਾਤ ਦਾ ਖਾਣਾ ਖਾਣ ਲਈ ਚੰਗੀ ਥਾਂ ਭਾਲਣ ਦੀ ਵੀ ਸਮੱਸਿਆ ਹੁੰਦੀ। ਉਹ ਸ਼ਾਕਾਹਾਰੀ ਤੇ ਸੋਫ਼ੀ ਸੀ ਤੇ ਮੈਂ ਇਸ ਦੇ ਉਲਟ। ਉਹ ਇਕ ਪਨਸਾਰੀ ਦੀ ਦੁਕਾਨ 'ਤੇ ਜਾਂਦਾ ਤੇ ਦਹੀਂ ਵਾਲੀ ਗੱਤੇ ਦੀ ਡੱਬੀ ਖ਼ਰੀਦ ਲੈਂਦਾ। ਫਿਰ ਅਸੀਂ ਇਕ ਢਾਬੇ ਤੋਂ ਦੂਸਰੇ ਢਾਬੇ 'ਤੇ, ਇਹ ਪਤਾ ਕਰਨ ਜਾਂਦੇ, ਜਿੱਥੋਂ ਨਾਰਾਇਣ ਲਈ ਲੋੜ ਅਨੁਸਾਰ ਚੀਜ਼ ਮਿਲਦੀ। ਉਹ ਪੁੱਛਦਾ, "ਕੀ ਤੁਹਾਡੇ ਪਾਸ ਸਾਦਾ ਉਬਲੇ ਹੋਏ ਚਾਵਲ ਹਨ?" ਆਮ ਤੌਰ 'ਤੇ ਉੱਤਰ ਨਾਂਹ ਵਿੱਚ ਹੁੰਦਾ। ਜਦੋਂ ਸਾਨੂੰ ਐਸੀ ਦੁਕਾਨ ਲੱਭ ਜਾਂਦੀ, ਨਾਰਾਇਣ ਉਬਲੇ ਚਾਵਲਾਂ ਦੀ ਥਾਲ੍ਹੀ ਵਿੱਚ ਦਹੀਂ ਦੀ ਭਰੀ ਡੱਬੀ ਉਲਟ ਦਿੰਦਾ। ਉਹ ਭਾਵੇਂ ਉਂਗਲਾਂ ਨਾਲ ਹੀ ਚਾਵਲ ਖਾਣੇ ਪਸੰਦ ਕਰਦਾ ਪਰ ਉਸ ਨੂੰ ਚਮਚੇ ਨਾਲ ਖਾਣ ਲਈ ਹੀ ਸਮਝੌਤਾ ਕਰਨਾ ਪੈਂਦਾ।

ਇਕ ਦਿਨ ਮੈਂ ਉਸ ਤੋਂ ਪਿੱਛਾ ਛੁਡਾ ਕੇ ਜਾਂ ਤਾਂ ਹੋਰ ਵਧੇਰੇ ਨਿਰਸੰਕੋਚ ਸਾਥੀ ਦੀ ਭਾਲ ਕਰਨ ਜਾਂ ਇਕੱਲੇ ਜਾਣ ਦਾ ਮਨ ਬਣਾ ਲਿਆ। ਜਦੋਂ ਉਹ ਮੈਨੂੰ ਲੈਣ ਲਈ ਆਇਆ, ਮੈਂ ਉਸ ਨੂੰ ਕਿਹਾ ਕਿ ਮੈਂ ਕਾਮੁਕ ਫ਼ਿਲਮ ਦੇਖਣ ਜਾਣਾ ਹੈ ਜੋ ਉਹ ਸ਼ਾਇਦ ਦੇਖਣਾ ਨਾ ਚਾਹੇ। ਉਸ ਨੇ ਮੈਨੂੰ ਭਰੋਸਾ ਦਿੱਤਾ, "ਮੈਂ ਨਾਲ ਚੱਲਾਂਗਾ, ਮੈਂ ਇਸਦਾ ਕੋਈ ਬੁਰਾ ਨਹੀਂ ਮਨਾਉਂਦਾ।" ਅਸੀਂ ਹੋਨੋਲੂਲੂ ਦੇ ਭੈੜੇ ਇਲਾਕੇ ਵਿੱਚ ਚਲੇ ਗਏ ਜਿੱਥੇ ਗੰਦੀਆਂ ਫ਼ਿਲਮਾਂ ਦਿਖਾਉਣ ਵਾਲੇ ਕਈ ਸਿਨਮਾ ਘਰ ਸਨ। ਅਸੀਂ ਇਕ ਵਿੱਚ ਟਿਕਟਾਂ ਲੈ ਕੇ ਅੰਦਰ ਚਲੇ ਗਏ। ਉਥੇ ਕਾਮਦ੍ਰਿਸ਼ ਬੜੇ ਭੱਦੇ ਤੇ ਉਜੱਡਤਾ ਭਰੇ ਢੰਗ ਨਾਲ ਦਿਖਾਏ ਜਾ ਰਹੇ ਸਨ। ਮੈਂ ਸੋਚਿਆ ਨਾਰਾਇਣ ਬਾਹਰ ਚਲਾ ਜਾਵੇਗਾ ਜਾਂ ਸਿਰ ਸੁੱਟ ਕੇ

ਪੈ ਜਾਏਗਾ। ਉਹ ਚੁੱਪ ਚਾਪ ਬਿਨਾਂ ਕਿਸੇ ਟਿੱਪਣੀ ਕਰਨ ਦੇ ਬੈਠਾ ਰਿਹਾ। ਮੈਂ ਹੀ ਕਿਹਾ, "ਆਓ ਚੱਲੀਏ।" ਉਸ ਨੇ ਮੇਰੇ ਵੱਲ ਬੜੀ ਨਰਮੀ ਨਾਲ ਦੇਖਿਆ ਤੇ ਪੁੱਛਿਆ, "ਕੀ ਤੇਰਾ ਦਿਲ ਭਰ ਗਿਆ ਹੈ?"

ਨਾਰਾਇਣ ਦਾ ਸਾਊ ਸ਼ਰਮਾਕਲ ਤੇ ਪਿੱਛੇ-ਪਿੱਛੇ ਰਹਿਣ ਦੇ ਰੰਗ ਢੰਗ ਤੋਂ ਇਹ ਪ੍ਰਭਾਵ ਪੈਂਦਾ ਸੀ ਕਿ ਉਹ ਨਮਰ ਤੇ ਸਿੱਧੜ ਵਿਅਕਤੀ ਸੀ। ਉਹ ਨਮਰ ਤਾਂ ਸੀ, ਪਰ ਸਿੱਧੜ ਨਹੀਂ ਸੀ। ਇਕ ਵਾਰ ਜਦੋਂ ਆਲ ਇੰਡੀਆ ਰੇਡੀਓ ਨੇ ਲੇਖਕਾਂ ਨੂੰ ਸਾਹਿੱਤ ਉੱਪਰ ਵਾਰਤਾ ਬੋਲਣ ਲਈ ਆਮ ਨਾਲੋਂ ਬਹੁਤ ਜ਼ਿਆਦਾ ਸੇਵਾਫਲ ਦੇਣ ਦੀ ਪੇਸ਼ਕਸ਼ ਕਰਕੇ ਬੁਲਾਇਆ ਤਾਂ ਸਭ ਲੇਖਕਾਂ ਨੇ ਸੇਵਾਫਲ ਪ੍ਰਵਾਨ ਕਰ ਲਿਆ। ਕੇਵਲ ਨਾਰਾਇਣ ਨੇ ਇਹ ਸ਼ਰਤ ਲਾਈ ਕਿ ਉਸ ਨੂੰ ਕਿਸੇ ਹੋਰ ਨਾਲੋਂ ਘੱਟੋ ਘੱਟ ਇਕ ਰੁਪਿਆ ਵੱਧ ਦਿੱਤਾ ਜਾਵੇ।

'ਮੇਰਾ ਮਿਤੀਓਂ ਬਿਨਾਂ ਰੋਜ਼ਨਾਮਚਾ' ਉਸ ਨੇ ਆਪਣੇ ਸਤਿਕਾਰ ਵਿੱਚ ਦਿੱਤੇ ਦੁਪਹਿਰੀ ਖਾਣੇ ਬਾਰੇ ਲਿਖਿਆ। ਗੱਲਬਾਤ ਦੇ ਦੌਰਾਨ ਕਿਸੇ ਮਹਿਮਾਨ ਨੇ ਟਿੱਪਣੀ ਕੀਤੀ ਕਿ ਉਸ ਦੇ ਖ਼ਿਆਲ ਵਿੱਚ ਸਮਕਾਲੀਆਂ ਵਿੱਚੋਂ ਆਰ.ਕੇ. ਨਾਰਾਇਣ ਪਹਿਲੇ ਤਿੰਨ ਨਾਵਲਕਾਰਾਂ ਵਿੱਚੋਂ ਇਕ ਹੈ ਤੇ ਨਾਲ ਹੀ ਉਸ ਨੇ ਦੂਸਰੇ ਦੋ ਨਾਵਲਕਾਰਾਂ ਦੇ ਨਾਮ ਵੀ ਲੈ ਦਿੱਤੇ। ਇਕ ਹੋਰ ਮਹਿਮਾਨ ਨੇ ਦੋ ਹੋਰਾਂ ਬਾਰੇ ਅਸਹਿਮਤੀ ਪ੍ਰਗਟ ਕਰਦਿਆਂ ਤਿੰਨ ਹੋਰ ਨਾਮ ਲੈ ਦਿੱਤੇ, ਜਿਨ੍ਹਾਂ ਵਿੱਚ ਨਾਰਾਇਣ ਦਾ ਨਾਮ ਸ਼ਾਮਿਲ ਸੀ। ਮੈਂ ਇਸ ਦਾ ਜ਼ਿਕਰ ਆਪਣੇ ਕਾਲਮ ਵਿੱਚ ਕੀਤਾ। ਉਸ ਪਿੱਛੋਂ ਨਾਰਾਇਣ ਮੇਰੇ ਨਾਲ ਕਦੇ ਨਾ ਬੋਲਿਆ।

ਹੁਣ ਕਿਉਂਕਿ ਉਹ ਨਹੀਂ ਰਿਹਾ, ਉਸ ਦੀ ਯਾਦ ਉਹਦੇ ਲੱਖਾਂ ਪ੍ਰਸ਼ੰਸਕਾਂ ਵਾਂਗ ਮੈਨੂੰ ਵੀ ਆਉਂਦੀ ਹੈ। ਉਸ ਨੂੰ ਸਭ ਤੋਂ ਢੁਕਵੀਂ ਸ਼ਰਧਾਂਜਲੀ ਕਰਨਾਟਕ ਜਾਂ ਤਾਮਿਲਨਾਡੂ ਵਿੱਚ ਕਿਸੇ ਸ਼ਹਿਰ ਦਾ ਨਾਮ ਉਸ ਦੇ ਨਾਵਲਾਂ ਤੇ ਕਹਾਣੀਆਂ ਵਿਚਲੇ ਉੱਘੇ ਸਥਾਨ ਮਾਲਗੁੜੀ ਉੱਪਰ ਰੱਖਣਾ ਹੋਵੇਗਾ।

ਤਪਦੀ ਭਖਦੀ ਸ਼ਾਇਰੀ ਵਾਲਾ ਸ਼ਾਇਰ—ਅਲੀ ਸਰਦਾਰ ਜਾਫ਼ਰੀ

ਜਿਸ ਦਿਨ ਅਲੀ ਸਰਦਾਰ ਜਾਫ਼ਰੀ ਪਹਿਲੀ ਅਗਸਤ, 2000 ਨੂੰ ਬੰਬਈ ਵਿੱਚ ਚਲਾਣਾ ਕਰ ਗਿਆ ਤਾਂ ਮੈਂ ਮਨ ਵਿੱਚ ਧਾਰ ਲਿਆ ਕਿ ਪਾਕਿਸਤਾਨ ਟੀ.ਵੀ. ਇਹ ਜਾਨਣ ਲਈ ਜ਼ਰੂਰ ਵੇਖਾਂਗਾ ਕਿ ਉਹ ਇਸ ਮੌਕੇ ਕੀ ਕਹਿੰਦੇ ਹਨ। ਉਹ ਵਰਤਮਾਨ ਜ਼ਮਾਨੇ ਦੇ ਉਰਦੂ ਸ਼ਾਇਰਾਂ ਵਿੱਚੋਂ ਪਹਿਲੀ ਕਤਾਰ ਦਾ ਸ਼ਾਇਰ ਹੀ ਨਹੀਂ ਸੀ ਸਗੋਂ ਉਹ ਸੁਲਹ-ਸਫ਼ਾਈ ਦੀ ਲਹਿਰ ਦਾ ਆਗੂ ਵੀ ਸੀ। ਪਾਕਿਸਤਾਨ ਟੀ.ਵੀ. ਨੇ ਜਾਫ਼ਰੀ ਦੀ ਮੌਤ ਬਾਰੇ ਸਰਸਰੀ ਜਿਹਾ ਸੰਕੇਤ ਦਿੰਦਿਆਂ ਕਿਹਾ ਕਿ ਉਸ ਨੇ ਲੋਕਾਂ ਵਿੱਚ ਮੁਹੱਬਤ ਤੇ ਸਦਭਾਵਨਾ ਦੀ ਜ਼ਰੂਰਤ ਬਾਰੇ ਲਿਖਿਆ। ਮੈਨੂੰ ਇਸ ਤੋਂ ਨਿਰਾਸਤਾ ਹੋਈ। ਇਹੋ ਹਾਲ ਉਸ ਦੀ ਮੌਤ ਬਾਰੇ ਵੇਰਵੇ ਦੇਣ ਵਿੱਚ ਭਾਰਤ ਦੇ ਲਿਖਤੀ ਤੇ ਬਿਜਲਾਣੂ ਵਿਗਿਆਨ ਭਾਵ ਅਖ਼ਬਾਰਾਂ ਤੇ ਰੇਡੀਓ ਅਤੇ ਟੀ.ਵੀ. ਦਾ ਸੀ। ਸਮੇਂ ਦੀ ਲੋੜ ਅਨੁਸਾਰ ਕਾਹਲੀ-ਕਾਹਲੀ ਸ਼ਰਧਾਂਜਲੀਆਂ ਤੇ ਜ਼ਮੀਮਿਆਂ ਤੋਂ ਵਧੀਕ ਵੀ ਉਸ ਬਾਰੇ ਕਹਿਣ ਲਈ ਬਹੁਤ ਕੁਝ ਸੀ।

ਮੈਂ ਸਰਦਾਰ ਅਲੀ ਜਾਫ਼ਰੀ ਤੇ ਉਸ ਦੀ ਸੁਹਣੀ ਸੁਨੱਖੀ ਬੀਵੀ ਦਾ 30 ਸਾਲ ਤੋਂ ਅਧਿਕ ਸਮੇਂ ਦਾ ਜਾਣੂ ਸੀ। ਬੰਬਈ ਵਿੱਚ ਮੇਰੇ ਕੰਮ ਕਰਨ ਦੇ ਦਿਨਾਂ ਵਿੱਚ ਅਸੀਂ ਇਕ-ਦੂਸਰੇ ਨੂੰ ਹਰ ਦੂਸਰੇ ਹਫ਼ਤੇ ਮਿਲਿਆ ਕਰਦੇ ਸੀ। ਕਮਿਊਨਿਜ਼ਮ ਬਾਰੇ ਪ੍ਰਤਿਬੱਧ ਹੋਣ ਦੇ ਬਾਵਜੂਦ ਉਹ ਜ਼ਿੰਦਗੀ ਦੀਆਂ ਬਿਹਤਰੀਨ ਵਸਤੂਆਂ, ਜਿਵੇਂ ਚੰਗੀ ਸਕਾਚ, ਚੰਗਾ ਭੋਜਨ ਤੇ ਅਰਾਮ ਵਾਲੀ ਜ਼ਿੰਦਗੀ ਦਾ ਸ਼ੌਕੀਨ ਸੀ। ਉਹ ਪੇਡਰ ਰੋਡ ਤੋਂ ਦੁਰੇਡੇ ਤਿੰਨ ਕਮਰਿਆਂ ਵਾਲੇ ਤੰਗ ਜਿਹੇ ਘਰ ਵਿੱਚ ਰਹਿੰਦਾ ਸੀ। ਉਸ ਦੀ ਪਤਨੀ ਤੇ ਤਿੰਨ ਬੱਚਿਆਂ ਤੋਂ ਬਿਨਾਂ ਜੋ ਵਧੇਰੇ ਕਰਕੇ ਉਹਦੇ ਨਾਲ ਹੀ ਰਹਿੰਦੇ ਸਨ, ਉਸ ਦੇ ਉਸ ਘਰ ਦੋ ਵਿਧਵਾ ਭੈਣਾਂ ਵੀ ਸਨ।

ਉਸ ਦੀਆਂ ਬਹੁਤੀਆਂ ਕਿਤਾਬਾਂ ਉਸ ਮੰਜੇ ਹੇਠ ਹੀ ਰੱਖੀਆਂ ਹੁੰਦੀਆਂ ਜਿਸ 'ਤੇ ਬੈਠ ਕੇ ਉਹ ਪੜ੍ਹਦਾ, ਲਿਖਦਾ ਤੇ ਸੌਂਦਾ ਸੀ। ਮੈਂ ਸਕਾਚ ਦੀ ਬੋਤਲ ਲੈ ਕੇ ਪਹੁੰਚ ਜਾਂਦਾ। ਉਹ ਆਪਣੇ ਘਰ ਦੇ ਸਾਹਮਣੇ ਵਾਲੇ ਰੈਸਤੋਰਾਂ 'ਅੱਲਾ ਬੇਲੀ' 'ਚੋਂ ਸੋਡਾ ਤੇ ਬਰਿਆਨੀ ਮੰਗਵਾ ਲੈਂਦਾ। ਮੈਂ ਉਹਦੇ ਸਾਥ ਦਾ ਮੁਤਲਾਸ਼ੀ ਸੀ ਕਿਉਂਕਿ ਮੇਰੇ ਸਭ ਜਾਣਕਾਰ ਲੇਖਕਾਂ ਵਿੱਚੋਂ ਉਹ ਸਰਵੋਤਮ ਵਿਦਵਾਨ ਸੀ।

ਅਲੀ ਸਰਦਾਰ ਜਾਫ਼ਰੀ ਦੀ ਯਾਦ-ਸ਼ਕਤੀ ਅਲੌਕਿਕ ਸੀ। ਜੇ ਮੈਂ ਕਿਸੇ ਉਰਦੂ ਸ਼ਾਇਰ ਦੀ ਇਕ ਪੰਗਤੀ ਬੋਲਦਾ ਤਾਂ ਉਹ ਬਾਕੀ ਦੀ ਸਾਰੀ ਨਜ਼ਮ ਬੋਲ ਦਿੰਦਾ ਤੇ ਉਹ

ਨਜ਼ਮ ਦੇ ਹਰ ਅੱਖਰ ਦੀ ਫ਼ਾਰਸੀ ਸ਼ਾਇਰਾਂ—ਰੂਮੀ, ਹਾਫ਼ਿਜ਼ ਤੋਂ ਲੈ ਕੇ ਗ਼ਾਲਿਬ ਤੇ ਅਲਾਮਾ ਇਕਬਾਲ 'ਚੋਂ ਹਵਾਲੇ ਦੇ ਕੇ ਵਿਆਖਿਆ ਕਰ ਦਿੰਦਾ। ਜਦੋਂ ਮੈਂ ਇਕਬਾਲ ਦੀਆਂ ਰਚਨਾਵਾਂ 'ਸ਼ਿਕਵਾ' ਤੇ 'ਜਵਾਬੀ ਸ਼ਿਕਵਾ' ਦਾ ਅਨੁਵਾਦ ਕਰਨਾ ਸ਼ੁਰੂ ਕੀਤਾ ਤਾਂ ਮੈਂ ਉਹਦੀ ਸਹਾਇਤਾ ਲੈਣ ਲਈ ਬੰਬਈ ਜਾ ਪਹੁੰਚਿਆ। ਦੋ ਦਿਨ ਲਈ ਅਲੀ ਸਰਦਾਰ ਤੇ ਸੁਲਤਾਨਾ ਮੇਰੇ ਹੋਟਲ ਵਿੱਚ ਸਵੇਰ ਵੇਲੇ ਆਉਂਦੇ ਤੇ ਅਸੀਂ ਦੁਪਹਿਰ ਦੇ ਖਾਣੇ ਤੱਕ ਕੰਮ ਵਿੱਚ ਰੁੱਝੇ ਰਹਿੰਦੇ। ਉਸ ਵੇਲੇ ਰਫ਼ੀਕ ਜ਼ਕਰੀਆ ਤੇ ਉਸ ਦੀ ਬੀਵੀ ਫ਼ਾਤਮਾ ਸਾਡੇ ਕੋਲ ਇਹ ਪਤਾ ਕਰਨ ਆ ਜਾਂਦੇ ਕਿ ਕੰਮ ਕਿਵੇਂ ਹੋ ਰਿਹਾ ਹੈ। ਜਦੋਂ ਉਹ ਚਲੇ ਜਾਂਦੇ ਤਾਂ ਅਸੀਂ ਆਥਣ ਵੇਲੇ ਨਸ਼ਾ ਪਾਣੀ ਕਰਨ ਤੱਕ ਕੰਮ ਵਿੱਚ ਰੁੱਝੇ ਰਹਿੰਦੇ।

ਮੈਂ ਆਮ ਹੀ ਅਲੀ ਸਰਦਾਰ ਜਾਫ਼ਰੀ ਨੂੰ ਕਮਿਊਨਿਸਟਾਂ ਬਾਰੇ ਛੇੜਦਾ ਰਹਿੰਦਾ। ਉਹ ਉਹਨਾਂ ਦਾ ਪਾਰਟੀ ਮੈਂਬਰ ਸੀ ਤੇ ਉਸ ਨੂੰ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਵਿੱਚੋਂ ਕੱਢ ਦਿੱਤਾ ਗਿਆ ਸੀ। ਉਸੇ ਯੂਨੀਵਰਸਿਟੀ ਨੇ ਪਿੱਛੋਂ ਉਸ ਨੂੰ ਆਨਰੇਰੀ ਡਿਗਰੀ ਵੀ ਪ੍ਰਦਾਨ ਕੀਤੀ।

ਉਸ ਨੇ 18 ਮਹੀਨੇ ਅੰਗਰੇਜ਼ੀ ਰਾਜ ਦੌਰਾਨ ਜੇਲ੍ਹ ਵਿੱਚ ਗੁਜ਼ਾਰੇ ਤੇ ਫਿਰ ਅਜ਼ਾਦੀ ਪਿੱਛੋਂ ਮੁਰਾਰਜੀ ਦੇ ਸਮੇਂ ਵੀ ਜੇਲ੍ਹ ਕੱਟੀ। ਭਾਵੇਂ ਉਹ ਹੁਣ ਪਾਰਟੀ ਦਾ ਕਾਰਡਧਾਰੀ ਮੈਂਬਰ ਨਹੀਂ ਰਿਹਾ ਸੀ ਤਾਂ ਵੀ ਉਹ ਬੜੇ ਧੜੱਲੇ ਨਾਲ ਮਾਰਕਸੀ ਸਿਧਾਂਤਾਂ ਦੇ ਪੱਖ ਦੀ ਪੁਸ਼ਟੀ ਕਰਦਾ। ਮੇਰੀ ਸਮਝ ਤੋਂ ਇਹ ਗੱਲ ਬਾਹਰ ਸੀ ਕਿ ਨਾਸਤਕ ਹੁੰਦਿਆਂ ਉਹ ਮੁਹੱਰਮ ਦੇ ਮਹੀਨੇ ਆਮ ਹੀ ਮਾਤਮੀ ਲਿਬਾਸ ਪਹਿਨਦਾ ਤੇ 'ਸ਼ੀਆ' ਧਰਮ ਦੀਆਂ ਮਜਲਿਸਾਂ ਵਿੱਚ ਹਾਜ਼ਰੀ ਭਰਦਾ ਤੇ ਸ਼ਰਾਬ ਤੋਂ ਪ੍ਰਹੇਜ਼ਗਾਰ ਰਹਿੰਦਾ। ਇਕ ਟੀ.ਵੀ. ਮੁਲਾਕਾਤ ਵਿੱਚ ਮੇਰੇ ਵੱਲੋਂ ਜਦੋਂ ਉਸ ਨੂੰ ਉਰਦੂ ਸ਼ਾਇਰੀ ਬਾਰੇ ਸੁਆਲ ਪੁੱਛੇ ਜਾਣ ਦੀ ਉਮੀਦ ਸੀ, ਮੈਂ ਇਸਲਾਮ ਤੇ ਮਾਰਕਸਵਾਦ ਬਾਰੇ ਉਸ ਦੇ ਮੁਤਜ਼ਾਦ ਵਿਚਾਰਾਂ ਨੂੰ ਲੈ ਕੇ ਰੂਬਰੂ ਹੋਇਆ। ਉਹ ਸਪੱਸ਼ਟ ਰੂਪ ਵਿੱਚ ਘਬਰਾ ਗਿਆ ਤੇ ਉਸ ਨੂੰ ਸਹੀ ਸ਼ਬਦ ਨਹੀਂ ਅਹੁੜਦੇ ਸਨ। ਉਸ ਨੇ ਇਸ ਦਾ ਬਦਲਾ ਮੁਲਾਕਾਤ ਤੋਂ ਮਗਰੋਂ ਲਿਆ। ਉਸ ਨੇ ਮੈਨੂੰ 'ਹਰਾਮਜ਼ਾਦਾ' ਕਹਿਣ ਤੋਂ ਬਿਨਾਂ ਦੁਨੀਆਂ ਦੀ ਹਰ ਗਾਲ੍ਹ ਦਿੱਤੀ। ਮੇਰਾ ਪੱਕਾ ਯਕੀਨ ਹੈ ਕਿ ਜੇ ਉਹ ਸਾਮਵਾਦ (ਕਮਿਊਨਿਸਟ) ਤੇ ਸਮਾਜਿਕ ਸਮੱਸਿਆ ਪ੍ਰਤੀ ਖ਼ਬਤੀ ਨਾ ਹੁੰਦਾ ਤਾਂ ਹੋਰ ਵੀ ਵੱਡਾ ਸ਼ਾਇਰ ਹੁੰਦਾ।

ਮੈਂ ਉਸ ਨੂੰ ਆਮ ਹੀ ਮਿਲਦਾ ਰਿਹਾ ਜਦ ਉਹ ਸਮਕਾਲੀ ਉਰਦੂ ਸ਼ਾਇਰਾਂ ਦੇ ਸੰਬੰਧ ਵਿੱਚ ਕਾਮਨਾ ਪ੍ਰਸਾਦ ਦੀ ਕਹਿਕਸ਼ਾਂ ਰੀਕਾਰਡ ਕਰਨ ਆਇਆ। ਪਿੱਛੋਂ ਮੈਂ ਉਸ ਨੂੰ ਉਸ ਸਮੇਂ ਵੀ ਮਿਲਿਆ ਜਦੋਂ ਕਾਮਨਾ ਨੇ ਪਾਕਿਸਤਾਨੀ ਤੇ ਹਿੰਦੁਸਤਾਨੀ ਉਰਦੂ ਸ਼ਾਇਰਾਂ ਨੂੰ ਹਰ ਸਾਲ ਇਕ ਸਟੇਜ 'ਤੇ ਇਕੱਠੇ ਕਰਨ ਲਈ 'ਜਸ਼ਨ-ਇ-ਬਹਾਰ' ਨਾਮ ਹੇਠ ਮੁਸ਼ਾਇਰਿਆਂ ਦਾ ਆਯੋਜਨ ਕੀਤਾ ਤਾਂ ਉਹ ਵੀ ਉਹਨਾਂ ਵਿੱਚ ਹਿੱਸਾ ਲੈਣ ਆਇਆ। ਉਸ ਨੇ ਆਪਣੀ ਮੌਤ ਤੋਂ ਕੁਝ ਮਹੀਨੇ ਪਹਿਲਾਂ ਹੋਏ ਮੁਸ਼ਾਇਰੇ ਦੀ ਸਦਾਰਤ ਵੀ ਕੀਤੀ।

ਉਸ ਦੀ ਮੌਜੂਦਗੀ ਧੱਕੜਲੇਦਾਰ ਸੀ। ਉਹ ਲਿੱਸਾ ਤੇ ਲੰਬਾ ਆਦਮੀ ਸੀ ਜਿਸ ਦੇ

ਘਸਮੈਲੇ ਲਮਕਦੇ ਚਿੱਟੇ ਵਾਲ, ਚਮਕਦੀਆਂ ਕਾਲੀਆਂ ਅੱਖਾਂ ਤੇ ਚਿਹਰਾ ਸਦਾ ਹਸੂੰ-ਹਸੂੰ ਕਰਦਾ ਸੀ। ਉਸ ਦੀ ਅਵਾਜ਼ ਸਰੋਤਿਆਂ ਨੂੰ ਕੀਲ ਕੇ ਰੱਖਦੀ ਸੀ। ਜਦੋਂ ਹਿੰਦੁਸਤਾਨ ਤੇ ਪਾਕਿਸਤਾਨ ਦੇ ਸੰਬੰਧ ਬਹੁਤ ਭੈੜੇ ਸਨ ਤਾਂ ਉਸ ਨੇ ਪਾਕਿਸਤਾਨ ਨੂੰ ਇਹ ਸੰਦੇਸ਼ ਦਿੱਤਾ-

ਤੁਮ ਆਓ ਗੁਲਸ਼ਨ-ਇ-ਲਾਹੌਰ ਸੇ ਚਮਨ ਬਰਦੋਸ਼
ਹਮ ਆਏਂ ਸੁਬਹ-ਇ ਬਨਾਰਸ ਕੀ ਰੌਸ਼ਨੀ ਲੇਕਰ
ਹਿਮਾਲੇ ਕੀ ਹਵਾਓਂ ਕੀ ਤਾਜ਼ਗੀ ਲੇਕਰ
ਔਰ ਇਸ ਕੇ ਬਾਅਦ ਯਿਹ ਪੂਛੇਂ ਕਿ ਕੌਨ ਦੁਸ਼ਮਣ ਹੈ ?

(ਤੁਸੀਂ ਲਾਹੌਰ ਦੇ ਬਾਗ ਦੇ ਫੁੱਲਾਂ ਨਾਲ ਲੱਦੇ ਆਓ ਤੇ ਅਸੀਂ ਬਨਾਰਸ ਦੀ ਸਵੇਰ ਦੀ ਰੌਸ਼ਨੀ ਦੇ ਨਾਲ ਹਿਮਾਲਾ ਦੀਆਂ ਉਚਾਈਆਂ ਤੋਂ ਠੰਡੀ ਹਵਾ ਲਿਆਈਏ ਤੇ ਫਿਰ ਅਸੀਂ ਇਕੱਠੇ ਹੋ ਕੇ ਪੁੱਛੀਏ ਕਿ ਦੁਸ਼ਮਣ ਕੌਣ ਹੈ?)

ਅਲੀ ਸਰਦਾਰ ਜਾਫ਼ਰੀ ਪੱਕਾ ਆਸ਼ਾਵਾਦੀ ਸੀ। ਰੂਮੀ ਦੀਆਂ ਇਹਨਾਂ ਪੰਗਤੀਆਂ ਤੋਂ ਪ੍ਰੇਰਿਤ ਹੋ ਕੇ ਕਿ "ਅਸੀਂ ਧਰਤੀ ਦੀ ਹਰਿਆਵਲ ਵਾਂਗ ਸਦਾ ਹੀ ਵਧਦੇ ਰਹਿੰਦੇ ਹਾਂ।"

(ਹਮ ਚੋ ਸਬਜਾ ਬ੍ਰ ਬੜ੍ਹਾ ਰਵੀਦਾ ਆਇਮ) ਉਸ ਨੇ ਆਪਣੀ ਜੀਵਨੀ 'ਮੇਰਾ ਸਫ਼ਰ' ਦਾ ਸਾਰ ਕੁਝ ਯਾਦਗਾਰੀ ਪੰਗਤੀਆਂ ਵਿੱਚ ਇੰਝ ਦਿੱਤਾ ਹੈ :—

"ਮੈਂ ਰਾਤ ਦਿਨ ਦੇ ਤਲਿਸਮੀ ਘਰ ਵਿੱਚ ਇਕ ਗੁਜ਼ਰਦਾ ਪਲ ਹਾਂ। ਮੈਂ ਭੂਤ ਦੀ ਬੋਤਲ 'ਚੋਂ ਭਵਿੱਖਤ ਦੇ ਪਿਆਲੇ ਵਿੱਚ ਡਿੱਗਦਾ ਬੇਤਾਬ ਸਦੀਵੀ ਸਫ਼ਰ ਕਰਦਾ ਇਕ ਕਤਰਾ ਹਾਂ। ਮੈਂ ਸੌਂ ਜਾਂਦਾ ਹਾਂ, ਜਾਗਦਾ ਹਾਂ ਤੇ ਜਾਗਣ ਪਿੱਛੋਂ ਫਿਰ ਸੌਂ ਜਾਂਦਾ ਹਾਂ। ਮੈਂ ਸਮੇਂ ਦੇ ਰੰਗਮੰਚ 'ਤੇ ਖੇਡਦਾ ਪਾਤਰ ਹਾਂ। ਮੈਂ ਅਮਰ ਹੋਣ ਲਈ ਹੀ ਮਰਦਾ ਹਾਂ।"

ਅਲੀ ਸਰਦਾਰ ਜਾਫ਼ਰੀ 29 ਨਵੰਬਰ, 1913 ਨੂੰ ਉੱਤਰ ਪ੍ਰਦੇਸ਼ ਦੇ ਬਲਰਾਮਪੁਰ ਵਿੱਚ ਇਕ ਜ਼ਿਮੀਂਦਾਰ ਘਰਾਣੇ ਵਿੱਚ ਪੈਦਾ ਹੋਇਆ। ਉਸ ਨੇ ਆਪਣੀਆਂ ਨਜ਼ਮਾਂ, ਛੋਟੀਆਂ ਕਹਾਣੀਆਂ, ਨਾਟਕਾਂ ਤੇ ਲੇਖਾਂ ਲਈ ਅਨੇਕ ਇਨਾਮ ਜਿੱਤੇ ਤੇ ਪੁਰਸਕਾਰ ਪ੍ਰਾਪਤ ਕੀਤੇ। ਉਨ੍ਹਾਂ ਵਿੱਚ 'ਇਕਬਾਲ ਸੱਮਾਨ' 'ਸੋਵੀਅਤ ਲੈਂਡ ਨਹਿਰੂ ਅਵਾਰਡ' 'ਗਿਆਨੇਸ਼ਵਰ ਅਵਾਰਡ' ਤੇ 'ਗਿਆਨ ਪੀਠ ਅਵਾਰਡ' ਸ਼ਾਮਿਲ ਸਨ। ਇਹਨਾਂ ਸਭ ਨਾਲੋਂ ਵੱਡੀ ਗੱਲ ਤਾਂ ਇਹ ਸੀ ਕਿ ਜਿਥੇ ਵੀ ਉਹ ਗਿਆ ਉਸ ਦਾ ਭਰਪੂਰ ਸੁਆਗਤ ਹੋਇਆ, ਆਪਣੇ ਲੋਕਾਂ ਤੋਂ ਮਿਲੀ ਇੱਜ਼ਤ ਤੇ ਪਿਆਰ ਨੇ ਉਸ ਨੂੰ ਔਖੇ ਦਿਨਾਂ ਵਿੱਚ ਸਹਾਰਾ ਦਿੱਤਾ। ਉਸ ਨੇ ਮਿਲੇ ਹੋਏ ਇਸ ਪਿਆਰ ਨੂੰ ਪੂਰੀ ਤਰ੍ਹਾਂ ਲੋਕਾਂ ਤੱਕ ਪਹੁੰਚਾਇਆ। ਕਾਮਲਾ ਦੀ ਚਾਰ ਸਾਲ ਦੀ ਬੇਟੀ 'ਜੀਆ' ਨੂੰ ਦਿੱਤੇ ਨਜ਼ਮਾਂ ਦੇ ਆਪਣੇ ਇਕ ਸੰਗ੍ਰਹਿ ਵਿੱਚ ਉਸ ਨੇ 'ਪਿਆਰ' ਸ਼ਬਦ ਉਰਦੂ ਵਿੱਚ 20 ਸਤਰਾਂ ਵਿੱਚ ਤੇ ਹਰ ਸਤਰ ਵਿੱਚ 5 ਵਾਰ ਲਿਖਿਆ।

ਇਹੋ ਉਸ ਦਾ ਦੁਨੀਆਂ ਨੂੰ ਆਖ਼ਰੀ ਸੰਦੇਸ਼ ਸੀ।

ਫ਼ੈਜ਼ ਅਹਿਮਦ ਫ਼ੈਜ਼—ਮਾਰਕਸੀ, ਪ੍ਰੇਮੀ ਤੇ ਕਵੀ

ਉੱਤਰੀ ਭਾਰਤ ਦੇ 'ਸ਼ੀਆ' ਮੁਸਲਮਾਨਾਂ ਵਿੱਚ ਲੰਬੇ ਸਫ਼ਰ 'ਤੇ ਜਾਣ ਵਾਲੇ ਮੁਸਾਫ਼ਰ ਦੀ ਬਾਂਹ 'ਤੇ 'ਇਮਾਜ਼ ਜ਼ਾਮਿਨ' ਨਾਮ ਦਾ 'ਤਾਵੀਜ਼' ਬੰਨ੍ਹਣ ਦਾ ਰਿਵਾਜ ਹੈ। ਇਹ ਤਵੀਤ ਇਕ ਚਾਂਦੀ ਦਾ ਸਿੱਕਾ ਜਾਂ ਨੋਟ ਰੁਮਾਲ ਵਿੱਚ ਵਲੇਟ ਕੇ ਤੇ ਪੰਧ 'ਤੇ ਜਾਣ ਵਾਲੇ ਪਾਂਧੀ (ਮੁਸਾਫ਼ਰ) ਦੀ ਬਾਂਹ ਉਦਾਲੇ ਗੰਢਾਂ ਮਾਰ ਕੇ ਕੁਝ ਪ੍ਰਾਰਥਨਾ ਦੇ ਸ਼ਬਦ ਉਸਦੀ ਸੁਰੱਖਿਆ ਲਈ ਪੜ੍ਹ ਕੇ ਬਣਾਇਆ ਜਾਂਦਾ ਹੈ। ਆਲ ਇੰਡੀਆ ਰੇਡੀਓ ਸਰਵਿਸ ਦੇ ਪ੍ਰੋਡਿਊਸਰ ਮੇਰੇ ਮਿੱਤਰ ਮੁਹੰਮਦ ਹਾਸ਼ਮੀ ਦੀ ਰਾਏ ਹੈ ਕਿ ਯਾਤਰੀਆਂ ਦੇ ਸਰਪ੍ਰਸਤ ਸੰਤ ਕ੍ਰਿਸਟੋਫਰ ਦੇ ਟਾਕਰੇ 'ਤੇ ਸ਼ਾਇਰ ਇਮਾਮ ਜ਼ਾਮਿਨ, ਜੋ ਸਤਾਰ੍ਹਵੀਂ ਸਦੀ ਦੇ ਮਗਰੋਂ ਕੁਤਬ ਮੀਨਾਰ ਦੇ ਅਲੀ ਦਰਵਾਜ਼ੇ ਦੀ ਪੂਰਬੀ ਬਾਹੀ ਵਿੱਚ ਦਫ਼ਨਾਇਆ ਗਿਆ ਸੀ, ਦੇ ਨਾਮ ਨਾਲ ਇਹ ਮਨਸੂਬ ਕੀਤਾ ਗਿਆ ਹੈ। ਇਹ ਰਿਵਾਜ ਕੇਵਲ ਸ਼ੀਆ ਮੁਸਲਮਾਨਾਂ ਤੱਕ ਹੀ ਸੀਮਿਤ ਨਹੀਂ ਹੈ, ਸਗੋਂ ਮਹਾਰਾਸ਼ਟਰ ਦੇ ਸੁੰਨੀ ਮੋਮਨਾਂ ਵਿੱਚ ਵੀ ਪ੍ਰਚੱਲਿਤ ਹੈ। ਇਸ ਰਿਵਾਜ ਦਾ ਕੁਝ ਬਦਲਿਆ ਰੂਪ ਪੰਜਾਬੀ ਹਿੰਦੂਆਂ ਤੇ ਸਿੱਖਾਂ ਵਿੱਚ ਵੀ 'ਸਿਰਵਾਰਨਾ' ਦੇ ਰੂਪ ਵਿੱਚ ਪ੍ਰਚੱਲਿਤ ਹੈ। ਉਥੇ ਸਫ਼ਰ 'ਤੇ ਜਾ ਰਹੇ ਵਿਅਕਤੀ ਦੇ ਸਿਰ ਤੋਂ ਕੁਝ ਰੁਪਏ ਵਾਰ ਕੇ ਉਸ ਨੂੰ ਰਾਹ ਦੇ ਖ਼ਰਚ ਲਈ ਦਿੱਤੇ ਜਾਂਦੇ ਹਨ। ਮੇਰੀ ਦਾਦੀ, ਜਿਸ ਦੀ ਬਖ਼ਸ਼ੀਸ਼ ਇਕ ਰੁਪਏ ਤੋਂ ਕਦੇ ਵੱਧ ਨਹੀਂ ਹੁੰਦੀ ਸੀ, ਇਕ ਦੋਹਾ ਵੀ ਨਾਲ ਗਾਇਆ ਕਰਦੀ ਸੀ, ਜਿਸਦਾ ਭਾਵ ਸੀ :

"ਰੱਦ ਬਲਾਈਂ ਦੂਰ ਤਾਈਂ, ਤੋੜ ਤਾਈਂ, ਰੱਖੇ ਸਾਈਂ।"

ਇਸ ਵਾਰ ਜਦ ਮੈਂ ਵਿਦੇਸ਼ਾਂ ਵਿੱਚ ਜਾਪਾਨ, ਕੋਰੀਆ ਤੇ ਹਾਂਗਕਾਂਗ ਗਿਆ, ਕਿਸੇ ਨੇ ਵੀ ਮੇਰਾ 'ਸਿਰਵਾਰਨਾ' ਨਾ ਕੀਤਾ ਤੇ ਨਾ ਹੀ ਮੇਰੀ ਬਾਂਹ 'ਤੇ 'ਇਮਾਮ ਜ਼ਾਮਨ' ਬੰਨ੍ਹਿਆ। ਇਸ ਦੇ ਬਾਵਜੂਦ ਮੈਨੂੰ ਜ਼ਿਆਦਾ ਸ਼ਰਾਬ ਪੀਣ ਤੇ ਖਾਣਾ ਖਾਣ ਦੀਆਂ ਆਪਣੇ ਨਾਲ ਕੀਤੀਆਂ ਵਧੀਕੀਆਂ ਤੋਂ ਬਿਨਾਂ ਹੋਰ ਕੋਈ ਨੁਕਸਾਨ ਨਾ ਪਹੁੰਚਿਆ। ਮੇਰੇ ਕੋਲ ਕਰਨ ਲਈ ਕੋਈ ਕੰਮ ਨਹੀਂ ਸੀ ਤੇ ਮੇਰੇ ਸੁਆਗਤ ਵਿੱਚ ਅਨੇਕਾਂ ਸਮਾਗਮ ਸਨ ਜਿਥੇ ਮੈਂ ਹਾਜ਼ਰ ਹੋਣਾ ਹੁੰਦਾ ਤੇ ਬਾਜ਼-ਅੱਖਾਂ ਨਾਲ ਮੇਰੀ ਪਤਨੀ ਮੈਨੂੰ ਔਝੜ ਵਿੱਚ ਜਾਣ ਅਤੇ ਕੁਰਾਹੇ ਪੈਣ ਤੋਂ ਰੋਕਣ ਲਈ ਨਜ਼ਰ ਰੱਖ ਰਹੀ ਸੀ। ਮੇਰਾ ਇਕੋ ਇਕ ਸ਼ੁਗਲ ਚੀਨੀ ਤੇ ਕੋਰੀਆ ਦੇ ਸੁਆਦੀ ਵਿਅੰਜਨ ਖਾ ਕੇ ਸੂਰ ਵਾਂਗ ਫਿੱਟਣਾ ਹੀ ਰਹਿ ਗਿਆ ਸੀ। ਜਦ ਤੱਕ ਮੈਂ ਆਪਣਾ ਵਧਾਇਆ ਹੋਇਆ ਕੁਝ ਵਜ਼ਨ ਘਟਾ ਨਾ ਲਿਆ ਤਦ ਤੱਕ ਮੈਨੂੰ ਭਾਰ ਤੋਲਣ ਵਾਲੀ ਮਸ਼ੀਨ ਤੋਂ ਡਰ ਲੱਗਦਾ ਰਿਹਾ।

ਮੈਂ ਮੰਨਦਾ ਹਾਂ ਕਿ ਇਹ ਪਹਿਲੀ ਵਾਰ ਸੀ ਜਦੋਂ ਮੈਂ ਆਪਣੇ ਮੁਲਕ ਵਿੱਚ ਵਾਪਰਦੀਆਂ ਘਟਨਾਵਾਂ ਤੋਂ ਜਾਣੂ ਨਾ ਹੋਣ ਬਾਰੇ ਫ਼ਿਕਰਮੰਦ ਨਹੀਂ ਸੀ। ਇਹ ਮੈਨੂੰ

ਵਾਪਸੀ 'ਤੇ ਹੀ ਪਤਾ ਲੱਗਾ ਕਿ ਯਸਵੰਤ ਰਾਓ ਜੀ ਚਲਾਣਾ ਕਰ ਗਏ ਹਨ। ਮੇਰੇ ਮਨ ਵਿੱਚ ਉਹਦੇ ਵਿਅਕਤਿਤਵ ਲਈ ਬਹੁਤ ਸਨੇਹ ਤੇ ਇੱਜ਼ਤ ਸੀ ਪਰ ਇਕ ਸਿਆਸਤਦਾਨ ਵਜੋਂ ਮੇਰੇ ਮਨ ਵਿੱਚ ਉਸ ਬਾਰੇ ਕੋਈ ਸਤਿਕਾਰ ਨਹੀਂ ਸੀ। ਮੇਰੇ ਬਹੁਤ ਸਾਰੇ ਅਕਾਂਖਸ਼ਾਵਾਦੀ ਸਿਆਸੀ ਮਿੱਤਰਾਂ ਨੂੰ ਅਗਾਮੀ ਚੋਣਾਂ ਵਿੱਚ ਪਾਰਟੀ ਟਿਕਟ ਦੇਣ ਤੋਂ ਨਾਂਹ ਕਰ ਦਿੱਤੀ ਗਈ ਸੀ। ਉਹਨਾਂ ਵਿੱਚੋਂ ਕੁਝ ਬਾਰੇ ਮੈਨੂੰ ਅਫ਼ਸੋਸ ਸੀ, ਪਰ ਸਭ ਤੋਂ ਵੱਧ ਦੁੱਖ ਮੈਨੂੰ ਇਹ ਜਾਣ ਕੇ ਹੋਇਆ ਕਿ 20 ਨਵੰਬਰ ਨੂੰ ਜਦੋਂ ਮੈਂ ਟੋਕੀਓ ਵਿੱਚ ਸ਼ਾਹਾਨਾ ਠਾਠ ਨਾਲ ਸਮਾਂ ਬਤੀਤ ਕਰ ਰਿਹਾ ਸੀ, ਮੇਰਾ ਮਿੱਤਰ ਫ਼ੈਜ਼ ਅਹਿਮਦ ਫ਼ੈਜ਼ ਲਾਹੌਰ ਵਿੱਚ ਮਰ ਰਿਹਾ ਸੀ।

ਮੈਂ ਚਵਾਨ ਬਾਰੇ ਬਹੁਤਾ ਕੁਝ ਨਹੀਂ ਲਿਖਾਂਗਾ ਕਿਉਂਕਿ ਉਸ ਬਾਰੇ ਪਹਿਲਾਂ ਹੀ ਬਹੁਤ ਕੁਝ ਲਿਖਿਆ ਜਾ ਚੁੱਕਾ ਹੈ। ਇਸ ਦੀ ਥਾਂ 'ਤੇ ਮੈਂ ਫ਼ੈਜ਼ ਬਾਰੇ ਲਿਖਾਂਗਾ ਕਿਉਂਕਿ ਬਹੁਤ ਥੋੜ੍ਹੇ ਭਾਰਤੀ ਹਨ ਜੋ ਉਸ ਬਾਰੇ ਮੇਰੇ ਜਿੰਨਾ ਜਾਣਦੇ ਹਨ। ਉਹ ਕਾਲਜ ਵਿੱਚ ਮੈਥੋਂ ਦੋ ਸਾਲ ਅੱਗੇ ਸੀ ਤੇ ਮੇਰੀ ਪਤਨੀ ਨਾਲੋਂ ਉਹ ਇਕੋ ਸਮੇਂ ਜਨਮ ਲੈਣ ਦੇ ਬਾਵਜੂਦ ਐਨ ਪੰਜ ਸਾਲ ਵੱਡਾ ਸੀ। ਉਹ ਅੰਗਰੇਜ਼ੀ ਤੇ ਅਰਬੀ ਭਾਸ਼ਾ ਦੀ ਐਮ.ਏ. ਕਰ ਰਿਹਾ ਸੀ। ਭਾਵੇਂ ਉਹ ਵਿਦਿਆਰਥੀ ਸੀ ਤਾਂ ਵੀ ਉਸ ਨੂੰ ਲਾਹੌਰ ਦੇ ਸੁਹਜਵਾਦੀਆਂ ਦੀ ਕਲੱਬ ਵਿੱਚ ਸ਼ਾਮਿਲ ਕਰ ਲਿਆ ਗਿਆ ਸੀ ਜਿਸਦੇ ਮੈਂਬਰਾਂ ਵਿੱਚ ਪ੍ਰੋਫ਼ੈਸਰ ਏ.ਐੱਸ. ਬੁਖ਼ਾਰੀ, ਇਮਤਿਆਜ਼ ਅਲੀ ਤਾਜ, ਤਾਸੀਰ ਤੇ ਸੂਫ਼ੀ ਤਬੱਸਮ ਸ਼ਾਮਿਲ ਸਨ। ਅਜਿਹਾ ਉਸ ਦੀ ਇਕ ਹੋਣਹਾਰ ਸ਼ਾਇਰ ਵਜੋਂ ਪ੍ਰਸਿੱਧੀ ਕਰਕੇ ਸੰਭਵ ਹੋਇਆ ਸੀ। ਉਹ 16 ਸਾਲ ਦੀ ਉਮਰ ਤੋਂ ਕਵਿਤਾ ਲਿਖਦਾ ਆ ਰਿਹਾ ਸੀ ਤੇ ਸਿਆਲਕੋਟ ਦੇ ਮੱਰੇ ਕਾਲਜ ਵਿੱਚ, ਜਿੱਥੋਂ ਉਸ ਨੇ ਬੀ.ਏ. ਦੀ ਡਿਗਰੀ ਲਈ ਸੀ, ਪਹਿਲੇ ਹੀ ਮੁਸ਼ਾਇਰੇ ਵਿੱਚ ਉਸ ਨੇ ਇਕ ਸ਼ਿਅਰ ਨਾਲ ਧਾਂਕ ਜਮਾ ਲਈ ਸੀ :

ਲਬ ਬੰਦ ਹੈਂ ਸਾਕੀ, ਮੇਰੀ ਆਂਖੋਂ ਕੋ ਪਿਲਾਓ,
ਵੁਹ ਜਾਮ ਜੋ ਮਿੰਨਤਕਸ਼-ਇ-ਸਹਿਬਾ ਨਹੀਂ ਹੋਤਾ।

ਕੁਝ ਸਾਲ ਮਗਰੋਂ ਜਦੋਂ ਮੈਂ ਇੰਗਲੈਂਡ ਤੋਂ ਵਾਪਸ ਆ ਕੇ ਲਾਹੌਰ ਰਹਿਣਾ ਸ਼ੁਰੂ ਕਰ ਦਿੱਤਾ ਤਾਂ ਸਾਡੀ ਜਾਣ-ਪਛਾਣ ਫਿਰ ਕਾਇਮ ਹੋ ਗਈ। ਕਮਿਊਨਿਸਟ ਪਾਰਟੀ ਦੇ ਆਦੇਸ਼ 'ਤੇ ਫ਼ੈਜ਼ ਨੇ ਅੰਗਰੇਜ਼ੀ ਫ਼ੌਜ ਵਿੱਚ ਭਰਤੀ ਹੋ ਕੇ ਅਫ਼ਸਰੀ ਵਰਦੀ ਪਹਿਨ ਲਈ। ਇਸ ਸਮੇਂ ਹੀ ਐਲੀਸ ਜਿਸਦੀ ਵੱਡੀ ਭੈਣ ਤਾਸੀਰ ਨਾਲ ਵਿਆਹੀ ਹੋਈ ਸੀ, ਭਾਰਤ ਵਿੱਚ ਹਰਕੀਰਤ ਸਿੰਘ, ਜੋ ਮਗਰੋਂ ਜਨਰਲ ਬਣਿਆ, ਨਾਲ ਵਿਆਹ ਕਰਾਉਣ ਆਈ, ਜਿਸ ਨਾਲ ਉਸ ਦੀ ਮੰਗਣੀ ਸੈਂਡਹਰਸਟ ਵਿੱਚ ਕੈਡਿਟ ਹੋਣ ਦੇ ਸਮੇਂ ਹੋਈ ਸੀ। ਉਸ ਸਮੇਂ ਤੱਕ ਹਰਕੀਰਤ ਸਿੰਘ ਦਾ ਵਿਆਹ ਪਹਿਲਾਂ ਹੀ ਇਕ ਸਿੱਖ ਲੜਕੀ ਨਾਲ ਹੋ ਚੁੱਕਾ ਸੀ। ਐਲੀਸ ਦਾ ਦਿਲ ਟੁੱਟ ਗਿਆ। ਇਸ ਅਸਫਲਤਾ 'ਤੇ ਪ੍ਰਤਿਕ੍ਰਿਆ ਵਜੋਂ ਉਸ ਨੇ ਫ਼ੈਜ਼ ਨਾਲ ਵਿਆਹ ਕਰਵਾ ਲਿਆ ਤੇ ਉਸ ਦੀਆਂ ਦੋ ਬੇਟੀਆਂ ਸਲੀਮਾ ਤੇ ਮਨੀਜ਼ਾ ਨੂੰ ਜਨਮ ਦਿੱਤਾ।

ਫ਼ੈਜ਼ ਕੋਈ ਇਸਤਰੀਆਂ ਦਾ ਦਿਲ ਮੋਹ ਲੈਣ ਵਾਲਾ ਰਾਂਝਾ ਨਹੀਂ ਸੀ। ਉਸ ਦਾ

ਕੱਦ ਮਧਰਾ ਤੇ ਰੰਗ ਕਣਕ-ਵੰਨਾ ਸੀ ਤੇ ਇਉਂ ਜਾਪਦਾ ਸੀ ਜਿਵੇਂ ਉਸ ਦੀ ਤੇਲ ਨਾਲ ਮਾਲਿਸ਼ ਕੀਤੀ ਗਈ ਹੋਵੇ। ਉਹ ਥੋੜ੍ਹਾ ਬੋਲਣ ਵਾਲਾ, ਮਿੱਠ ਬੋਲੜਾ ਤੇ ਜਜ਼ਬਾਤ ਰਹਿਤ ਸ਼ਾਂਤ ਵਿਅਕਤੀ ਸੀ। ਉਸ ਦੀ ਗੱਲਬਾਤ ਨਹੀਂ ਸਗੋਂ ਉਸ ਦੀ ਸ਼ਾਇਰੀ ਹੀ ਉਸ ਨੂੰ ਹਰ ਮਹਿਫ਼ਲ ਵਿੱਚ ਆਕ੍ਰਸ਼ਣ ਦਾ ਕੇਂਦਰ ਬਣਾ ਦਿੰਦੀ ਸੀ। ਉੱਚੀ ਪ੍ਰਤਿਭਾ ਤੋਂ ਬਿਨਾਂ ਉਹ ਹਰ ਕਿਸਮ ਦੇ ਜ਼ਾਤੀ ਜਾਂ ਧਾਰਮਿਕ ਪੱਖਪਾਤ ਜਾਂ ਕੱਟੜਤਾ ਤੋਂ ਮੁਕਤ ਸੀ। ਉਸ ਦੇ ਬਹੁਤ ਗੂੜ੍ਹੇ ਮਿੱਤਰ ਹਿੰਦੂ ਜਾਂ ਸਿੱਖ ਸਨ। ਉਹ ਸਹੀ ਅਰਥਾਂ ਵਿੱਚ ਮਾਨਵਵਾਦੀ ਸੀ। ਉਸ ਦੇ ਚਰਿਤਰ ਵਿੱਚ ਕਈ ਆਪਾ-ਵਿਰੋਧੀ ਗੱਲਾਂ ਸਨ। ਉਸ ਨੇ ਆਪਣੀਆਂ ਰਚਨਾਵਾਂ ਵਿੱਚ ਗ਼ਰੀਬਾਂ ਤੇ ਲਿਤਾੜੇ ਹੋਏ ਲੋਕਾਂ ਦਾ ਪੱਖ ਲਿਆ, ਪ੍ਰੰਤੂ ਉਸ ਦਾ ਆਪਣਾ ਜੀਵਨ-ਢੰਗ ਅਮੀਰਾਨਾਂ ਤੇ ਸ਼ਾਹੀ ਠਾਠ ਬਾਠ ਵਾਲਾ ਸੀ। ਉਸ ਦੇ ਇਕ ਦਿਨ ਦੀ ਵਧੀਆ ਕਿਸਮ ਦੀ ਸਕਾਚ ਤੇ ਬਾਹਰੋਂ ਮੰਗਵਾਈਆਂ ਸਿਗਰਟਾਂ ਦਾ ਖ਼ਰਚਾ ਇਕ ਗ਼ਰੀਬ ਮਜ਼ਦੂਰ ਦੇ ਪਰਿਵਾਰ ਦਾ ਮਹੀਨੇ ਭਰ ਲਈ ਢਿੱਡ ਭਰਨ ਲਈ ਕਾਫ਼ੀ ਸੀ।

ਪਰੰਤੂ ਜਦ ਉਹ ਜੇਲ੍ਹ ਵਿੱਚ ਹੁੰਦਾ ਤਾਂ ਉਹ ਸੁੱਕੀ ਡਬਲਰੋਟੀ ਤੇ ਪਾਣੀ ਉਪਰ ਗੁਜ਼ਾਰਾ ਕਰ ਲੈਂਦਾ ਸੀ ਤੇ ਬੜੀ ਛੇਤੀ ਹੀ ਇਸ ਐਸ਼ੋ ਇਸ਼ਰਤ ਦੀਆਂ ਵਸਤੂਆਂ ਤੋਂ ਬਿਨਾਂ ਗੁਜ਼ਾਰਾ ਕਰ ਲੈਂਦਾ ਸੀ।

ਦੇਸ਼ ਦੀ ਵੰਡ ਨੇ ਫ਼ੈਜ਼ ਦੇ ਮਨ ਨੂੰ ਡੂੰਘੇ ਜ਼ਖ਼ਮ ਦਿੱਤੇ। ਭਾਵੇਂ ਉਸ ਨੇ ਉਸੇ ਮੁਲਕ ਵਿੱਚ ਰਹਿਣ ਦਾ ਫ਼ੈਸਲਾ ਕੀਤਾ ਜਿੱਥੇ ਉਸ ਦਾ ਜਨਮ ਹੋਇਆ ਸੀ, ਪਰ ਉਸ ਨੇ ਦੇਸ਼ ਦੇ ਲੋਕਾਂ ਦੀ ਵੰਡ ਨੂੰ ਪ੍ਰਵਾਨ ਨਾ ਕੀਤਾ ਤੇ ਆਖ਼ੀਰ ਤੱਕ, ਭਾਰਤੀ, ਪਾਕਿਸਤਾਨੀ ਤੇ ਬੰਗਲਾ ਦੇਸ਼ੀ ਰਿਹਾ। ਉਹ ਕੌਮਾਂ ਦੀ ਵੰਡ ਬਾਰੇ ਉਤਨਾ ਹੀ ਅਸਹਿਣਸ਼ੀਲ ਸੀ ਜਿਤਨਾ ਉਹ ਧਾਰਮਿਕ ਜਾਂ ਨਸਲੀ ਵੰਡ ਦੇ ਵਿਰੁੱਧ ਸੀ। ਉਹ ਕਮਿਊਨਿਸਟ ਸੀ ਪਰ ਉਹ ਸਰਮਾਏਦਾਰਾਂ ਵਿਚਕਾਰ ਵਧੇਰੇ ਸੌਖ ਮਹਿਸੂਸ ਕਰਦਾ ਸੀ। ਉਹ ਰੱਬ ਦੀ ਹੋਂਦ ਨਹੀਂ ਮੰਨਦਾ ਸੀ, ਪਰ ਫਿਰ ਵੀ ਰੱਬ ਦਾ ਭੈ ਮੰਨਦਾ ਸੀ।

ਜਿਉਂ ਹੀ ਪਾਕਿਸਤਾਨ ਹੋਂਦ ਵਿੱਚ ਆ ਗਿਆ, ਫ਼ੈਜ਼ ਮੁਸ਼ਕਿਲ ਵਿੱਚ ਫਸ ਗਿਆ। ਉਹ ਥੋੜ੍ਹਾ ਜਿਹਾ ਸਮਾਂ 'ਪਾਕਿਸਤਾਨ ਟਾਈਮਜ਼' ਦਾ ਸੰਪਾਦਕ ਰਿਹਾ ਸੀ ਤੇ ਫਿਰ ਸੱਜਾਦ ਜ਼ਹੀਰ ਨਾਲ ਗ਼ੱਦਾਰੀ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਇਸ ਮੁਕੱਦਮੇ ਦੌਰਾਨ ਹੀ ਮੁੱਖ ਸਰਕਾਰੀ ਵਕੀਲ ਹਬੀਬਉੱਲਾ ਜੋ ਦਿਨ ਵੇਲੇ ਸਰਕਾਰ ਦਾ ਪ੍ਰਤਿਨਿਧਤੱਵ ਕਰਦਾ ਸੀ, ਸ਼ਾਮ ਵੇਲੇ ਜੇਲ੍ਹ ਵਿੱਚ ਫ਼ੈਜ਼ ਦੀਆਂ ਨਜ਼ਮਾਂ ਸੁਣਨ ਆਉਂਦਾ। ਫ਼ੈਜ਼ ਨੂੰ ਜੇਲ੍ਹ ਵਿੱਚ 7 ਸਾਲ ਦੀ ਸਜ਼ਾ ਹੋਈ। ਜਦੋਂ ਉਹ ਹੈਦਰਾਬਾਦ ਸਿੰਧ ਵਿੱਚ ਸਜ਼ਾ ਭੁਗਤ ਰਿਹਾ ਸੀ ਤਾਂ ਉਹ ਸਖ਼ਤ ਬਿਮਾਰ ਹੋ ਗਿਆ ਤੇ ਉਸ ਨੂੰ ਇਲਾਜ ਲਈ ਕਰਾਚੀ ਦੇ ਹਸਪਤਾਲ ਲਿਜਾਇਆ ਗਿਆ। ਹਸਪਤਾਲ ਦੀ ਇਸਤਰੀ ਸੁਪਰਡੈਂਟ ਆਪਣੀ ਨੌਕਰੀ, ਇੱਜ਼ਤ, ਸ਼ੋਹਰਤ ਤੇ ਜਾਨ ਨੂੰ ਜੋਖ਼ਮ ਵਿੱਚ ਪਾ ਕੇ ਰਾਤ ਭਰ ਲਈ ਉਸ ਦੀ ਸ਼ਾਇਰੀ ਸੁਣਨ ਲਈ ਉਸ ਨੂੰ ਆਪਣੇ ਘਰ ਲੈ ਗਈ। ਜੇਲ੍ਹ ਵਾਲੇ ਸਾਲਾਂ ਵਿੱਚ ਉਸ ਨੇ ਉੱਤਮ ਸ਼ਾਇਰੀ ਕੀਤੀ। ਇਕ ਵਾਰ ਉਸ ਨੇ ਕਿਹਾ ਸੀ ਕਿ ਜੇਲ੍ਹ ਜਾਣਾ ਤਾਂ ਇਕ ਵਾਰ ਮੁੜਕੇ ਪ੍ਰੇਮ ਕਰਨ ਵਾਂਗ ਸੀ :

ਬੁਝਾ ਜਿਹ ਰੌਜ਼ਨਿ-ਜ਼ਿੰਦਾਨ ਤੋ ਦਿਲ ਜਿਹ ਸਮਝਾ ਹੈ
ਕਿ ਤੇਰੀ ਮਾਂਗ ਸਿਤਾਰੋਂ ਸੇ ਭਰ ਗਈ ਹੋਗੀ
ਚਮਕ ਉਠੇ ਹੈਂ ਸਿਲਾਸਿਲ ਤੋ ਹਮ ਨੇ ਜਾਨਾ ਹੈ
ਕਿ ਜਿਹ ਸਹਰ ਤੇਰੇ ਰੁਖ਼ ਪਰ ਬਿਖਰ ਗਈ ਹੋਗੀ।

(ਜਦੋਂ ਮੇਰੀ ਜੇਲ੍ਹ ਦੀ ਖਿੜਕੀ ਵਿੱਚ ਰੌਸ਼ਨੀ ਮੱਧਮ ਹੋ ਜਾਂਦੀ ਹੈ ਤੇ ਰਾਤ ਆ ਜਾਂਦੀ ਹੈ ਤਾਂ ਮੈਨੂੰ ਲੱਗਦਾ ਹੈ ਕਿ ਤੇਰੀ ਮਾਂਗ 'ਚ ਤਾਰੇ ਆ ਗਏ ਹੋਣ। ਜਦ ਰੌਸ਼ਨੀ ਵਿੱਚ ਬੇੜੀਆਂ ਚਮਕਦੀਆਂ ਹਨ ਤਾਂ ਮੈਨੂੰ ਜਾਪਦਾ ਹੈ ਜਿਵੇਂ ਤੇਰੇ ਚਿਹਰੇ 'ਤੇ ਸਵੇਰ ਦੀ ਰੌਸ਼ਨੀ ਖਿੱਲਰ ਗਈ ਹੋਵੇਗੀ।)

ਸਰਕਾਰ ਦੇ ਬਦਲ ਜਾਣ ਨਾਲ ਫ਼ੈਜ਼ ਜੇਲ੍ਹ ਵਿੱਚੋਂ ਬਾਹਰ ਆ ਗਿਆ। ਇਹ ਮੇਰਾ ਮਿੱਤਰ ਸਵਰਗਵਾਸੀ ਮਨਜ਼ੂਰ ਕਾਦਰ ਸੀ, ਜਿਸ ਨੇ ਵਿਦੇਸ਼ ਮੰਤਰੀ ਦੇ ਤੌਰ 'ਤੇ ਸਦਰ ਅਯੂਬ ਖ਼ਾਂ ਨੂੰ ਮਨਾਇਆ ਕਿ ਫ਼ੈਜ਼ ਵਰਗੇ ਆਦਮੀ ਨਾਲ ਨਜਿੱਠਣ ਦਾ ਵਧੀਆ ਢੰਗ ਇਹ ਹੈ ਕਿ ਉਸਦਾ ਮਾਣ-ਸਤਿਕਾਰ ਕੀਤਾ ਜਾਵੇ ਤੇ ਉਸ ਨੂੰ ਵੱਡਾ ਅਹੁਦਾ ਦਿੱਤਾ ਜਾਵੇ। ਉਸ ਨੂੰ ਨੈਸ਼ਨਲ ਕੌਂਸਲ ਆਫ਼ ਆਰਟ ਦਾ ਸਦਰ ਬਣਾ ਦਿੱਤਾ ਗਿਆ ਤੇ ਰਿਹਾਇਸ਼ ਲਈ ਖੁੱਲ੍ਹਾ ਬੰਗਲਾ ਦੇ ਦਿੱਤਾ ਗਿਆ। ਉਸ ਪਿੱਛੋਂ ਗੀਤਾਂ ਦੀ ਥਾਂ ਸਕਾਚ ਦਾ ਦੌਰ ਸ਼ੁਰੂ ਹੋਣ ਲੱਗਾ। ਜਦੋਂ ਮੈਨੂੰ ਇਸਲਾਮਾਬਾਦ ਵੱਲੋਂ ਸੱਦਾ ਪੱਤਰ ਆਇਆ ਤਾਂ ਉਹ ਦੋ ਕੁ ਦਿਨ ਮੇਰੇ ਨਾਲ ਬਿਤਾਉਣ ਲਈ ਆਇਆ ਤੇ ਹੋਟਲ ਵਿੱਚ ਮੇਰੇ ਸਾਹਮਣੇ ਵਾਲਾ ਕਮਰਾ ਇਸ ਇਕਰਾਰ ਨਾਲ ਲੈ ਲਿਆ ਕਿ ਅਸੀਂ ਆਪਣੇ ਸਾਰੇ ਖਾਣੇ ਇਕੱਠੇ ਖਾਇਆ ਕਰਾਂਗੇ। ਜਦੋਂ ਮੈਂ ਸਵੇਰੇ ਉਸਦੇ ਕਮਰੇ ਵਿੱਚ ਗਿਆ ਤਾਂ ਉਹ ਸ਼ਰਾਬ ਪੀ ਰਿਹਾ ਸੀ। ਮੈਂ ਆਪਣਾ ਨਾਸ਼ਤਾ ਲੈ ਚੁੱਕਿਆ ਸੀ ਤੇ ਆਪਣੇ ਕੰਮਾਂ ਧੰਦਿਆਂ ਨੂੰ ਪੂਰਾ ਕਰਨ ਲਈ ਚਲਾ ਗਿਆ। ਜਦੋਂ ਮੈਂ ਦੁਪਹਿਰੇ ਮੁੜਿਆ ਤਾਂ ਉਹ ਅਜੇ ਵੀ ਸ਼ਰਾਬ ਪੀ ਰਿਹਾ ਸੀ। ਮੈਂ ਆਪਣਾ ਦੁਪਹਿਰ ਦਾ ਖਾਣਾ ਖਾ ਕੇ ਸੌਣ ਲਈ ਚਲਾ ਗਿਆ। ਪਿੱਛੋਂ ਸ਼ਾਮ ਵੇਲੇ ਮੈਂ ਉਸ ਨਾਲ ਦੋ ਕੁ ਪੈੱਗ ਲੈ ਕੇ ਰਾਤ ਦਾ ਖਾਣਾ ਖਾ ਲਿਆ। ਉਹ ਫਿਰ ਵੀ ਪੀਂਦਾ ਰਿਹਾ। ਉਸ ਦੀ ਮਹਿਫ਼ਲ ਤੜਕੇ ਤੱਕ ਜਾਰੀ ਰਹੀ। ਫਿਰ ਉਸ ਨੇ ਇਕ ਅਸੱਭਿਆ ਤੇ ਘਟੀਆ ਕਵਿਤਾ ਦਾ ਸ਼ਿਅਰ ਪੜ੍ਹਿਆ :

ਫ਼ੈਜ਼ ਅਹਿਮਦ ਫ਼ੈਜ਼ ਸੇ ਬੜ੍ਹਕਰ ਕੋਈ ਸ਼ਾਇਰ ਨਹੀਂ
ਜੋ ਚਮਨ ਮੇਂ ਰਹਿ ਕਰ ਰੋਜ਼ ਮਾਰੇ ਵੀਰਾਨੇ ਕੀ ਗਾਂਡ।

ਫ਼ੈਜ਼ ਪੰਜਾਬੀ ਗ਼ਲਬੇ ਵਾਲੇ ਪਾਕਿਸਤਾਨ ਦੇ ਪੂਰਬੀ ਪਾਕਿਸਤਾਨ ਨਾਲ ਸਲੂਕ ਤੋਂ ਖ਼ੁਸ਼ ਨਹੀਂ ਸੀ। ਜਿਸ ਢੰਗ ਨਾਲ ਭੁੱਟੋ ਨੇ ਸ਼ੇਖ਼ ਮੁਜੀਬ-ਉਰ-ਰਹਿਮਾਨ ਨੂੰ ਮੁਲਕ ਦੇ ਵਜ਼ੀਰ-ਇ-ਆਜ਼ਮ ਦੀ ਪਦਵੀ ਤੋਂ ਵੰਚਿਤ ਕਰਨ ਲਈ ਚਾਲਾਕੀ ਕੀਤੀ ਤੇ ਜਨਰਲ ਟਿੱਕਾ ਖ਼ਾਂ ਦੀ ਫ਼ੌਜ ਨੇ ਬੇਸਹਾਰਾ ਤੇ ਮਜਬੂਰ ਬੰਗਾਲੀਆਂ 'ਤੇ ਜ਼ੁਲਮ ਢਾਹੇ, ਉਹ ਵੀ ਉਸ ਨੂੰ ਪਸੰਦ ਨਹੀਂ ਸਨ।

ਮੈਂ ਭੁੱਟੋ ਨੂੰ 1971 ਵਿੱਚ ਮਿਲਣ ਗਿਆ ਜਦੋਂ ਉਹ ਮੁਲਕ ਦਾ ਮੁਖੀ ਬਣ ਗਿਆ ਸੀ। ਜਨਰਲ ਟਿੱਕਾ ਖ਼ਾਂ ਨਾਲ ਮੁਲਾਕਾਤ ਕਰਨ ਪਿੱਛੋਂ ਮੈਂ ਫ਼ੈਜ਼ ਕੋਲ ਰਾਤ ਦੇ ਖਾਣੇ

ਲਈ ਚਲਾ ਗਿਆ। ਉਸ ਦੇ ਹੋਰ ਮਹਿਮਾਨਾਂ ਵਿੱਚ ਇਕ ਸੁੰਦਰ ਲੜਕੀ ਸੀ ਜੋ ਭੁੱਟੋ ਤੇ ਟਿੱਕਾ ਖ਼ਾਂ ਵਰਗੇ ਲੋਕਾਂ ਨਾਲ ਮੇਰੀਆਂ ਮੁਲਾਕਾਤਾਂ ਕਾਰਨ ਚੋਭਾਂ ਲਾ ਕੇ ਛੇੜਨ ਲੱਗੀ। ਮੈਂ ਸਪੱਸ਼ਟ ਕਰਨ ਦਾ ਯਤਨ ਕੀਤਾ ਕਿ ਮੈਂ ਇਕ ਪੱਤਰਕਾਰ ਹਾਂ ਤੇ ਮੇਰੇ ਲਈ ਚੰਗੇ ਜਾਂ ਭੈੜੇ ਆਦਮੀ ਨਹੀਂ ਹਨ, ਬੱਸ ਚੰਗੇ ਜਾਂ ਭੈੜੇ ਨਮੂਨੇ ਹਨ। ਇਹ ਬਹਿਸ ਕੁਰੱਖ਼ਤ ਹੋ ਗਈ। ਕੁੜੀ ਨੇ ਮਹਿਸੂਸ ਕਰ ਲਿਆ ਕਿ ਫ਼ੈਜ਼ ਨੂੰ ਉਹਦਾ ਲਹਿਜਾ ਚੰਗਾ ਨਹੀਂ ਸੀ ਲੱਗਾ। ਉਸ ਨੇ ਝੱਟ ਹੀ ਆਪਣਾ ਵਤੀਰਾ ਬਦਲ ਲਿਆ, ਉਸ ਨੇ ਕਿਹਾ ਕਿ ਉਹ ਆਪਣੀ ਗੁਸਤਾਖ਼ੀ ਤੇ ਮਲੀਨਤਾ ਦੀ ਤਲਾਫ਼ੀ ਲਈ ਮੇਰੇ ਲਈ ਗੀਤ ਗਾਵੇਗੀ। ਉਹ ਆਪਣੀ ਜਾਦੂਈ ਮਿੱਠੀ ਸੁਰੀਲੀ ਅਵਾਜ਼ ਵਿੱਚ ਇਕ ਘੰਟਾ ਗਾਉਂਦੀ ਰਹੀ। ਉਹ 'ਨਯਾਰਾ' ਸੀ ਜਿਸ ਦੇ ਰੀਕਾਰਡ ਕੀਤੇ ਇਹ ਗੀਤ ਹਜ਼ਾਰਾਂ ਦੀ ਗਿਣਤੀ ਵਿੱਚ ਵਿਕੇ।

ਤਿੰਨ ਸਾਲ ਪਹਿਲਾਂ ਸੰਸਾਰ ਭਰ ਵਿੱਚ ਉਰਦੂ ਪ੍ਰੇਮੀਆਂ ਨੇ ਫ਼ੈਜ਼ ਦਾ 70ਵਾਂ ਜਨਮ ਦਿਨ ਮਨਾਇਆ। ਫ਼ੈਜ਼ ਭਾਰਤ ਆਇਆ ਤੇ ਜਿੱਥੇ ਵੀ ਉਹ ਗਿਆ ਉਸ ਦਾ ਗਰਮਜੋਸ਼ੀ ਨਾਲ ਸੁਆਗਤ ਹੋਇਆ। ਉਹ ਲੋਕ ਜੋ ਉਰਦੂ ਪੜ੍ਹ ਨਹੀਂ ਸਕਦੇ ਸਨ, ਉਸ ਦੀਆਂ ਨਜ਼ਮਾਂ ਜ਼ਬਾਨੀ ਯਾਦ ਕਰੀ ਫਿਰਦੇ ਸਨ ਤੇ ਜਦੋਂ ਉਹ ਉਹਨਾਂ ਦੇ ਕਹਿਣ 'ਤੇ ਸੁਣਾ ਰਿਹਾ ਸੀ ਤੇ ਉਹ ਇਕੱਠੇ ਇਕ ਸੁਰ ਹੋ ਕੇ ਗਾਉਣ ਲੱਗਦੇ।

ਉਹ ਲੋਕਾਂ ਵਿੱਚ ਮਾਨ-ਸਨਮਾਨਾਂ ਕਰਕੇ ਜਾਂ ਲੈਨਿਨ ਸ਼ਾਂਤੀ ਪੁਰਸਕਾਰ ਜਾਂ ਲੋਟਸ ਪੁਰਸਕਾਰ ਜਾਂ ਉਸ 'ਤੇ ਨਿਛਾਵਰ ਕੀਤੀਆਂ ਡਾਕਟਰੇਟ ਦੀਆਂ ਡਿਗਰੀਆਂ ਕਰਕੇ ਹਰਮਨ ਪਿਆਰਾ ਨਹੀਂ ਸੀ ਸਗੋਂ ਉਸ ਵਿਅਕਤੀ ਦੇ ਤੇ ਉਸਦੀ ਸ਼ਾਇਰੀ ਦੇ ਪ੍ਰੇਮ ਨੇ ਹੀ ਇਸ ਮਹਾਂਦੀਪ ਦੇ ਲੋਕਾਂ ਵਿੱਚ ਉਸ ਨੂੰ ਹਰਮਨ ਪਿਆਰਾ ਬਣਾਇਆ ਸੀ। ਉਹ ਸਾਰੇ ਲੋਕਾਂ ਵਿੱਚੋਂ ਜ਼ਿਆਦਾ ਲੁਭਾਵਣਾ ਸੀ।

ਮੈਨੂੰ ਰਤਾ ਸ਼ੰਕਾ ਨਹੀਂ ਕਿ ਫ਼ੈਜ਼ ਨੂੰ ਆਪਣੀ ਮੌਤ ਦੀ ਪੂਰਵ ਸੂਚਨਾ ਸੀ। ਜੇ ਇੰਝ ਨਹੀਂ ਸੀ ਤਾਂ ਕੋਈ ਉਸਦੀ ਆਖ਼ਰੀ ਨਜ਼ਮ ਦਾ ਹੋਰ ਕੀ ਅਰਥ ਕੱਢ ਸਕਦਾ ਹੈ?

ਆਜ ਕੇ ਹਾਥ ਕੋਈ ਆ ਰਹਾ ਹੈ ਪਰਵਾਨਾ
ਨ ਜਾਨੇ ਆਜ ਕੀ ਫ਼ਹਿਰਿਸਤ ਮੇਂ ਰਕਮ ਕਯਾ ਹੈ?

ਫ਼ੈਜ਼ ਦਾ ਜਨਮ ਪਿੰਡ ਕਾਲਾ ਕਾਦਿਰ ਦਾ ਨਾਮ, ਜਿੱਥੇ ਉਸਦੀ ਆਖ਼ਰੀ ਦਿਨ ਗੁਜ਼ਾਰਨ ਦੀ ਇੱਛਾ ਸੀ, ਹੁਣ ਫ਼ੈਜ਼ ਨਗਰ ਰੱਖ ਦਿੱਤਾ ਗਿਆ ਹੈ।

ਫ਼ੈਜ਼ ਆਪਣੇ ਆਖ਼ਰੀ ਸਫ਼ਰ ਲਈ ਇਸ ਤੋਂ ਵਧੀਆ 'ਇਮਾਮ ਜ਼ਾਮਨ' ਦੀ ਉਮੀਦ ਜਾਂ ਖ਼ਾਹਿਸ਼ ਨਹੀਂ ਕਰ ਸਕਦਾ ਸੀ।

ਜੀ. ਐੱਸ. .ਫਰੇਜ਼ਰ : (ਆਦਿ ਗ੍ਰੰਥ ਦੀ ਬਾਣੀ)—(ਕਵਿਤਾ)

ਜਦੋਂ ਕਿਸੇ ਨੂੰ ਇਹ ਪਤਾ ਲੱਗੇ ਕਿ ਉਸ ਦੇ ਅਤੀਤ ਦਾ ਮਿੱਤਰ ਕਈ ਸਾਲ ਪਹਿਲਾਂ ਮਰ ਗਿਆ ਹੈ ਤਾਂ ਉਸ 'ਤੇ ਕੀ ਗੁਜ਼ਰਦੀ ਹੋਵੇਗੀ? ਲਗਭਗ ਇਕ ਮਹੀਨੇ ਦੇ ਥੋੜ੍ਹੇ ਜਿਹੇ ਸਮੇਂ ਲਈ ਮੈਂ ਜਾਰਜ ਫ਼ਰੇਜ਼ਰ ਨੂੰ ਹਰ ਰੋਜ਼ ਮਿਲਿਆ ਕਰਦਾ ਸੀ ਤੇ ਉਸ ਨਾਲ ਕਈ ਕਈ ਘੰਟੇ ਖਰੜਿਆਂ ਨੂੰ ਉਲੱਟਦਾ ਪਲਟਦਾ ਰਹਿੰਦਾ ਸੀ।

ਸਿੱਖ ਵਿਦਵਾਨਾਂ ਦੇ ਇਕ ਦਲ ਵੱਲੋਂ ਪਹਿਲਾਂ ਅਨੁਵਾਦ ਕੀਤੀ ਹੋਈ ਗੁਰਬਾਣੀ (ਸਿੱਖਾਂ ਦੀਆਂ ਪਵਿੱਤਰ ਰਚਨਾਵਾਂ) ਦੇ ਸੋਧਕ ਵਜੋਂ ਉਸ ਦੇ ਨਾਮ ਦੀ ਸਿਫ਼ਾਰਸ਼ ਕੀਤੀ ਗਈ ਸੀ। ਮੈਂ ਇਹ ਅਨੁਵਾਦਿਤ ਰਚਨਾ ਲੰਡਨ ਲੈ ਕੇ ਗਿਆ ਅਤੇ ਜਾਰਜ ਫ਼ਰੇਜ਼ਰ ਨਾਲ ਜਾਣ-ਪਛਾਣ ਬਣਾਈ। ਉਹ ਇਕ ਉੱਘਾ ਸਾਹਿਤਕ ਆਲੋਚਕ ਤੇ ਸਧਾਰਨ ਸ਼ਾਇਰ ਸੀ, ਪ੍ਰੰਤੂ ਉਹ ਬੇਹੱਦ ਸੰਗਾਊ ਤੇ ਛੇਤੀ ਘਬਰਾਹਟ 'ਚ ਆ ਜਾਣ ਵਾਲਾ, ਭੈੜੇ ਵਸਤਰਾਂ ਵਿਚ ਇਕ ਸ੍ਵੈ-ਵਿਸ਼ਵਾਸ ਤੋਂ ਸੱਖਣਾ ਵਿਅਕਤੀ ਸੀ ਤੇ ਅਜਿਹੇ ਵਿਅਕਤੀ ਨੂੰ ਮੈਂ ਪਹਿਲਾਂ ਕਦੇ ਨਹੀਂ ਮਿਲਿਆ ਸੀ। ਉਹ ਸਿਗਰਟਾਂ ਸੁਲਗਾਉਂਦਾ ਰਹਿੰਦਾ, ਅੱਧ-ਪੀਤੇ ਟੋਟੇ ਘਿਸਾ ਕੇ ਬੁਝਾ ਦਿੰਦਾ ਤੇ ਫਿਰ ਦੁਬਾਰਾ ਉਹਨਾਂ ਨੂੰ ਜਗਾਉਂਦਾ ਰਹਿੰਦਾ। ਇਕ ਸ਼ਾਮ ਮੈਂ ਫ਼ਰੇਜ਼ਰ ਜੋੜੇ ਨੂੰ ਮਨਜ਼ੂਰ ਕਾਦਰ ਨਾਲ ਰਾਤ ਦੇ ਖਾਣੇ 'ਤੇ ਲੈ ਗਿਆ ਜੋ ਪਾਕਿਸਤਾਨ ਦੇ ਵਿਦੇਸ਼ ਮੰਤਰੀ ਵਜੋਂ ਕਿਸੇ ਕਾਨਫ਼ਰੰਸ ਵਿਚ ਭਾਗ ਲੈ ਰਿਹਾ ਸੀ। ਜਾਰਜ ਉੱਚੀ ਪਦਵੀ ਵਾਲੇ ਵਿਅਕਤੀ ਦੀ ਸੰਗਤ ਵਿਚ ਬੜਾ ਅਸੁਖਾਵਾਂ ਅਨੁਭਵ ਕਰ ਰਿਹਾ ਸੀ ਤੇ ਉਹ ਇਕ ਸ਼ਬਦ ਵੀ ਸਾਂਝਾ ਨਾ ਕਰ ਸਕਿਆ। ਅਚਾਨਕ ਸਾਨੂੰ ਕਿਸੇ ਚੀਜ਼ ਦੇ ਸੜਨ ਦੀ ਬੂ ਆਈ ਤੇ ਅਸੀਂ ਆਲੇ-ਦੁਆਲੇ ਇਹ ਵੇਖਣ ਲੱਗੇ ਕਿ ਕਿਤੇ ਕਾਲੀਨ ਨੂੰ ਅੱਗ ਤਾਂ ਨਹੀਂ ਲੱਗ ਗਈ। ਜਾਰਜ ਦੀ ਪਤਨੀ ਨੂੰ ਪਤਾ ਸੀ ਕਿ ਕੀ ਹੋਇਆ ਹੈ। ਉਸ ਨੇ ਚੀਕਦਿਆਂ ਕਿਹਾ, "ਜਾਰਜ, ਤੂੰ ਫਿਰ ਉਹੋ ਗੱਲ ਕਰ ਦਿੱਤੀ!" ਘਬਰਾਹਟ ਵਿਚ ਜਾਰਜ ਨੇ ਬਲਦੀ ਸਿਗਰਟ ਆਪਣੀ ਪੈਂਟ ਦੀ ਜੇਬ ਵਿਚ ਪਾ ਲਈ ਸੀ।

ਖਰੜੇ ਦੀ ਸੁਧਾਈ ਕਰਨ ਦੇ ਕਈ ਮਹੀਨਿਆਂ ਪਿੱਛੋਂ ਤੱਕ ਸਾਡੀ ਅਨਿਯਮਤ ਚਿੱਠੀ-ਚੱਪਠੀ ਜਾਰੀ ਰਹੀ। ਉਸ ਨੇ ਮੈਨੂੰ ਆਪਣੀਆਂ ਕਵਿਤਾਵਾਂ ਦਾ ਸੰਗ੍ਰਹਿ ਭੇਜਿਆ। ਮੈਂ ਉਸ ਨੂੰ 'ਸਿੱਖਾਂ ਦੀਆਂ ਪਵਿੱਤਰ ਰਚਨਾਵਾਂ' (ਗੁਰਬਾਣੀ) ਦੀ ਇਕ ਪਰਤ ਭੇਜੀ ਜਿਸ ਉਪਰ ਡਾਕਟਰ ਰਾਧਾ ਕ੍ਰਿਸ਼ਨਨ ਦੇ ਦਸਤਖ਼ਤ ਸਨ ਤੇ ਉਹੋ ਹੀ ਉਸਦਾ ਭੂਮਿਕਾ ਲੇਖਕ ਸੀ। ਫਿਰ ਅਸੀਂ ਇਕ-ਦੂਸਰੇ ਦਾ ਪਤਾ ਭੁੱਲ ਭੁਲਾ ਗਏ।

ਪਿਛਲੇ ਮਹੀਨੇ ਮੈਂ ਇਕ ਪੁਸਤਕ ਦੀ ਸਮੀਖਿਆ ਪੜ੍ਹੀ; ਪੁਸਤਕ ਦਾ ਨਾਮ ਸੀ- 'ਇਕ ਪ੍ਰਦੇਸੀ ਤੇ ਇਕ ਮਿੱਤਰ'-ਇਕ ਬੁੱਧੀਜੀਵੀ ਦੀ ਆਤਮ ਕਥਾ। ਲੇਖਕ ਸੀ, ਜੀ.ਐੱਸ. ਫ਼ਰੇਜ਼ਰ। ਸਮੀਖਿਆ ਪੜ੍ਹ ਕੇ ਮੈਨੂੰ ਜਾਣਕਾਰੀ ਮਿਲੀ ਕਿ ਜਾਰਜ ਤਿੰਨ ਸਾਲ ਪਹਿਲਾਂ ਮਰ ਗਿਆ ਸੀ। ਪੁਸਤਕ ਦੇ ਸਿਰਨਾਵੇਂ ਵਿੱਚ ਉਸ ਦੇ ਵਿਅਕਤਿੱਤਵ ਦਾ ਬੀਜ-ਕੋਸ਼ ਸੀ। ਉਸ ਨੇ ਆਪਣੀ ਇਕ ਕਵਿਤਾ ਵਿੱਚ ਯੂਨੀਵਰਸਿਟੀ ਵਿੱਚ ਬਿਤਾਏ ਦਿਨਾਂ ਬਾਰੇ ਇਸ ਤਰ੍ਹਾਂ ਲਿਖਿਆ ਹੈ :

ਦਸੰਬਰ ਮਹੀਨੇ ਦੀ ਠੰਡੀ ਰੁੱਤ
ਜਦੋਂ ਨਾਚ ਹਾਲ ਦੇ ਫ਼ਰਸ਼ 'ਤੇ
ਮੁਟਿਆਰਾਂ ਆਪਣੇ ਗੁੱਲਕਾਰੀ ਵਸਤਰ ਪਹਿਨ ਕੇ
ਝੂਮਦੀਆਂ ਤੇ ਗੇੜੇ ਦਿੰਦੀਆਂ ਸਨ
ਕੋਈ ਮੁਟਿਆਰ ਮੇਰੀ ਬਾਂਹ ਦਾ ਆਸਰਾ ਲੈਣ ਕਦੇ ਨ ਝੁਕੀ
ਮੈਂ ਕਲਪਨਾ ਦੀ ਟੀਸੀ ਤੋਂ ਆਪਣੇ ਆਪ ਨੂੰ ਵਗਾਹ ਮਾਰਦਾ
ਤੇ ਬਰੂਹਾਂ ਕੋਲ ਜਾ ਕੇ ਝਿਜਕਦਾ, ਖੜਾ ਰਹਿੰਦਾ।

ਜੇ ਕਿਸੇ ਮਰ ਚੁੱਕੇ ਵਿਅਕਤੀ ਦਾ ਸਨਮਾਨ ਕਰਨ ਦਾ ਕੋਈ ਢੰਗ ਤਰੀਕਾ ਹੋਵੇ ਤਾਂ ਸਿੱਖ ਭਾਈਚਾਰੇ ਪ੍ਰਤੀ ਜੋ ਜਾਰਜ ਫ਼ਰੇਜ਼ਰ ਦਾ ਰਿਣ ਹੈ ਉਹ ਇਸ ਰਿਣ ਨੂੰ ਉਸ ਦੀ ਕਬਰ 'ਤੇ ਸਰੋਪਾ ਚੜ੍ਹਾ ਕੇ ਸ਼ਾਇਦ ਉਤਾਰ ਸਕਦੇ ਹੋਣ।

ਇਥੇ ਇਹ ਦੱਸਣਾ ਵੀ ਪ੍ਰਸੰਗਕ ਹੈ ਕਿ ਇਕ ਹੋਰ ਵਿਅਕਤੀ ਵੀ ਅਣਗੌਲਿਆ ਹੀ ਤੁਰ ਗਿਆ। ਤੇ ਉਹ ਵਿਅਕਤੀ ਹੈ ਸ੍ਰੀ ਲੰਕਨ ਤਾਂਬੀਮੁੱਤੂ, ਜਿਸ ਨੇ ਇੰਗਲੈਂਡ ਵਿੱਚ ਜੀ. ਐੱਸ. ਫ਼ਰੇਜ਼ਰ ਦੀਆਂ ਕਵਿਤਾਵਾਂ ਸਭ ਤੋਂ ਪਹਿਲਾਂ ਛਾਪੀਆਂ ਸਨ।

ਤਾਂਬੀ ਨੇ ਪਿਛਲਾ ਸਿਆਲ ਆਪਣੀ ਬੇਟੀ ਨਾਲ ਦਿੱਲੀ ਵਿੱਚ ਗੁਜ਼ਾਰਿਆ ਸੀ। ਉਸ ਕੋਲ ਇੰਗਲੈਂਡ ਵਿਚਲੇ ਭਾਰਤੀ ਸ਼ਾਇਰਾਂ ਤੇ ਲੇਖਕਾਂ ਦੀਆਂ ਰਚਨਾਵਾਂ ਦੀਆਂ ਬਹੁਤ ਯੋਜਨਾਵਾਂ ਸਨ। ਪਿਛਲੇ ਮਹੀਨੇ ਉਹ ਲੰਡਨ ਵਿੱਚ ਮਰ ਗਿਆ ਤੇ ਜਾਰਜ ਫ਼ਰੇਜ਼ਰ ਵਾਂਗ ਹੀ ਇਸ ਜਹਾਨ ਤੋਂ ਅਣਗੌਲਿਆ ਤੁਰ ਗਿਆ। ਕਿਸੇ ਨੇ ਉਸ ਦੇ ਸਤਿਕਾਰ ਵਿੱਚ ਨਾ ਹੰਝੂ ਕੇਰੇ ਤੇ ਨਾ ਹੀ ਸ਼ੋਕ-ਗੀਤ ਗਾਇਆ।

ਡੋਮਸਕੀ ਲਈ ਈਸ਼ਵਰ ਕੋਲ ਅਰਦਾਸ

ਮੈਂ ਫ਼ਰੈਂਕ ਤੇ ਡੋਮ ਮੋਰੇਸ਼ ਦੋਹਾਂ ਪਿਉ-ਪੁੱਤਰਾਂ ਦੀ ਭਾਰਤ ਤੇ ਇੰਗਲੈਂਡ ਵਿੱਚ ਬਤੀਤ ਕੀਤੀ ਜ਼ਿੰਦਗੀ ਤੋਂ ਜਾਣੂ ਸੀ। ਦੋਹਾਂ ਵਿੱਚ ਬੜੀ ਸਾਂਝ ਸੀ। ਉਹ ਭਾਰਤ ਵਿੱਚ ਪੈਦਾ ਹੋਏ। ਦੋਵੇਂ ਜਨਮ ਤੋਂ ਰੋਮਨ ਕੈਥੋਲਿਕ ਸਨ ਪਰੰਤੂ ਦੋਵੇਂ ਹੀ ਅਮਲੀ ਰੂਪ ਵਿੱਚ ਈਸਾਈ ਧਰਮ ਦੇ ਅਨੁਯਾਈ ਨਹੀਂ ਸਨ। ਦੋਹਾਂ ਦਾ ਰੰਗ ਕਾਲਾ ਸੀ ਜਿਵੇਂ ਕਿ ਗੋਆ ਦੇ ਵਸਨੀਕਾਂ ਦਾ ਹੁੰਦਾ ਹੈ। ਦੋਵੇਂ ਕਿਸੇ ਵੀ ਭਾਰਤੀ ਭਾਸ਼ਾ ਦਾ ਇਕ ਸ਼ਬਦ ਵੀ ਨਹੀਂ ਬੋਲਦੇ ਸਨ। ਉਹਨਾਂ ਦੀ ਮਾਤ ਭਾਸ਼ਾ ਅੰਗਰੇਜ਼ੀ ਸੀ। ਦੋਵੇਂ ਅੰਗਰੇਜ਼ੀ ਇੱਕੋ ਜਿਹੀ ਨਜ਼ਾਕਤ ਨਾਲ ਲਿਖਦੇ-ਬੋਲਦੇ ਸਨ—ਫ਼ਰੈਂਕ ਤਾਂ ਆਪਣੇ ਸਮੇਂ ਦਾ ਉੱਘਾ ਪੱਤਰਕਾਰ ਸੀ ਤੇ ਡੋਮ ਸੰਗੀਤਮਈ ਵਾਰਤਕ ਦਾ ਲੇਖਕ ਤੇ ਭਾਰਤ ਦਾ ਵਧੀਆ ਅੰਗਰੇਜ਼ੀ ਕਵੀ ਸੀ। ਦੋਵੇਂ ਪੱਕੇ ਸ਼ਰਾਬੀ ਸਨ। ਪਿਉ ਤਾਂ ਜਿਗਰ ਦੇ ਰੋਗ ਨਾਲ ਤੇ ਪੁੱਤਰ ਕੈਂਸਰ ਨਾਲ ਮਰਿਆ। ਨਿਰਸੰਦੇਹ ਇਹਨਾਂ ਰੋਗਾਂ ਦਾ ਕਾਰਨ ਬਹੁਤੀ ਸ਼ਰਾਬ ਹੀ ਸੀ।

ਉਹਨਾਂ ਦੇ ਜੀਵਨ ਉਪਰ ਇਕ ਇਸਤਰੀ ਫ਼ਰੈਂਕ ਦੀ ਪਤਨੀ ਤੇ ਡੋਮ ਦੀ ਮਾਤਾ ਦਾ ਪਾਗਲ ਹੋ ਜਾਣ ਦਾ ਪ੍ਰਭਾਵ ਇਕ ਕਾਲੀ ਬਦਲੀ ਵਾਂਗ ਸੀ। ਉਸ ਨੂੰ ਮੈਂਟਲ ਹਸਪਤਾਲ ਭੇਜਣਾ ਪਿਆ ਸੀ।

ਕਵਿਤਾ ਵਿੱਚ ਡੋਮ ਦੀ ਦਿਲਚਸਪੀ ਮੁੱਢ ਤੋਂ ਹੀ ਹੋ ਗਈ ਸੀ। ਉਸ ਨੇ 19 ਸਾਲ ਦੀ ਉਮਰ ਵਿੱਚ ਕਾਵਿ-ਸੰਗ੍ਰਹਿ 'ਇਕ ਆਰੰਭ' (A Beginning) ਛਾਪਿਆ ਜਿਸ ਨਾਲ ਉਸ ਨੂੰ ਸਾਹਿਤ ਦਾ 'ਹਾਥੋਰਨਡੇਨ' (Hawthornden) ਪੁਰਸਕਾਰ ਮਿਲਿਆ। ਡੋਮ ਨੇ ਜੋ ਕੁਝ ਵੀ ਲਿਖਿਆ ਉਸ ਵਿੱਚ ਮਹਾਨਤਾ ਦੀਆਂ ਸੰਭਾਵਨਾਵਾਂ ਸਨ। ਉਸ ਦੀਆਂ ਦੋ ਸ੍ਵੈ-ਜੀਵਨੀਆਂ, ਯਹੂਦੀ ਭਾਸ਼ਾ ਵਿੱਚੋਂ ਅਨੁਵਾਦ, ਅਨੇਕ-ਸਫ਼ਰਨਾਮੇ, ਇਸਰਾਈਲ ਦੀਆਂ ਆਪਣੇ ਗੁਆਂਢੀਆਂ ਨਾਲ ਲੜਾਈਆਂ, ਨਾਜ਼ੀ ਹਤਿਆਰੇ ਆਈਕਮਾਨ ਦਾ ਮੁਕੱਦਮਾ ਤੇ ਫਾਂਸੀ ਸਭ ਹੀ ਪੜ੍ਹਨਯੋਗ ਹਨ। ਆਪਣੀ ਪਾਗਲ ਮਾਂ ਦੇ ਭੂਤ ਵਾਂਗ ਮੌਤ ਦਾ ਵਹਿਮ ਜਾਂ ਖਬਤ ਵੀ ਉਸ ਦੇ ਮਨ 'ਚ ਘਰ ਕਰੀ ਬੈਠਾ ਸੀ। ਉਸ ਨੇ ਇਸ ਦਾ ਸਾਰੰਸ਼ ਆਪਣੀ ਇਕ ਪ੍ਰਸਿੱਧ ਨਜ਼ਮ ਵਿੱਚ ਦਿੱਤਾ ਹੈ :

ਮੌਤ ਉਹਨਾਂ ਦਿਨਾਂ ਵਿੱਚ ਖ਼ਲਲ ਪਾਏਗੀ
ਉਹਨਾਂ ਕੰਮਾਂ ਵਿੱਚ ਰੁਕਾਵਟ ਬਣੇਗੀ
ਜੋ ਮੇਰੇ ਲਈ ਬੜੇ ਵਧੀਆ ਹਨ
ਇਹ ਮੇਰੀਆਂ ਨਿੱਜੀ ਸਾਂਝਾਂ ਨੂੰ ਕਿਵੇਂ ਖੋਹ ਲਵੇਗੀ
ਇਹ ਮੇਰੇ ਮੋਏ ਪਿਤਾ ਨਾਲ ਗੱਲਬਾਤ ਵਿੱਚ ਰੋਕ ਬਣੇਗੀ

ਇਹ ਮੇਰੇ ਮਰ ਰਹੇ ਮਿੱਤਰਾਂ ਤੇ ਜਾਦੂਰਾਤਨੀ ਵਰਗੇ
ਕੁੱਬੇ ਦਰੱਖ਼ਤਾਂ ਵਿੱਚ ਗੱਲਬਾਤ 'ਚ ਰੋੜਾ ਬਣੇਗੀ।
ਪਰ ਸਭ ਤੋਂ ਅਧਿਕ ਉਸ ਨਾਲ, ਗੱਲਬਾਤ 'ਚ ਰੁਕਾਵਟ ਬਣੇਗੀ ਜੋ ਮੈਨੂੰ ਪਿਆਰ ਕਰਦੀ ਹੈ ਤੇ ਮੇਰੇ ਗੁੰਮ ਸੰਸਾਰ ਤੋਂ ਵਾਪਸ ਬਚਾ ਲਿਆਉਂਦੀ ਹੈ।

1994-2004 ਤੱਕ ਉਸ ਦੀਆਂ ਸੰਗ੍ਰਹਿਤ ਨਜ਼ਮਾਂ (Collected Poems) ਦੇ ਮੁੱਖ ਬੰਧ ਵਿੱਚ ਉਸ ਨੇ ਲਿਖਿਆ, "ਮੈਂ ਦਸ ਸਾਲ ਦਾ ਸੀ ਜਦ ਮੈਂ ਕਵਿਤਾ ਪੜ੍ਹਨੀ ਸ਼ੁਰੂ ਕੀਤੀ। ਮੈਨੂੰ ਉਸ ਵੇਲੇ ਵੀ ਸ਼ਬਦਾਂ ਦੇ ਰੂਪ ਤੇ ਬਣਤਰ ਦਾ ਕੁਦਰਤੀ ਅਨੁਭਵ ਸੀ।" ਜਦੋਂ ਉਹ 12 ਸਾਲ ਦਾ ਹੋਇਆ ਤਾਂ ਉਹ ਆਪ ਕਵਿਤਾ ਲਿਖਣ ਲੱਗ ਪਿਆ। ਉਸ ਨੇ ਵਿਲੋਨ ਨੂੰ ਮੂਲ ਭਾਸ਼ਾ 'ਚ ਪੜ੍ਹਨ ਲਈ ਫ਼ਰਾਂਸੀਸੀ ਸਿੱਖੀ। ਕਵਿਤਾ ਉਹਦੀ ਜ਼ਿੰਦਗੀ ਭਰ ਦਾ ਸ਼ੌਕ ਬਣ ਗਈ। 1965 ਤੋਂ 1982 ਤੱਕ ਲੰਬੀ ਚੁੱਪ ਤੋਂ ਬਿਨਾਂ, ਉਹ ਆਖ਼ਰੀ ਸਾਹ ਤੱਕ ਕਵਿਤਾ ਲਿਖਦਾ ਰਿਹਾ। ਜਾਪਦਾ ਹੈ ਕਿ ਲੇਖਕ ਦੀ ਲੇਖਣੀ 'ਤੇ ਲੱਗਾ 17 ਸਾਲ ਪਿੱਛੋਂ ਇਹ ਬੰਨ੍ਹ ਉਦੋਂ ਟੁੱਟਾ ਜਦੋਂ ਉਸ ਦੀ ਮੁਲਾਕਾਤ ਸਰਯੂ ਸ੍ਰੀ ਵਾਸਤਵ ਨਾਲ ਹੋਈ ਜਿਸ ਨੂੰ ਉਸ ਨੇ ਇਹ ਸੰਗ੍ਰਹਿ ਸਮਰਪਿਤ ਕੀਤਾ।

ਡੋਮ ਮੋਰੇਸ ਨੂੰ ਪੜ੍ਹਨਾ ਸੌਖਾ ਨਹੀਂ ਹੈ। ਜਿੱਥੇ ਉਸ ਦੀ ਵਾਰਤਕ ਸੰਗੀਤਮਈ ਤੇ ਸਪੱਸ਼ਟ ਹੈ, ਉਥੇ ਉਹਦੀ ਕਵਿਤਾ ਆਧੁਨਿਕ ਕਾਲ ਦੇ ਕਵੀਆਂ ਦੀ ਕਵਿਤਾ ਵਾਂਗ ਜਟਲ ਤੇ ਅਸਪੱਸ਼ਟ ਹੈ। ਉਸ ਦੇ ਸ਼ਬਦਾਂ ਵਿੱਚ ਗੂੰਜ ਤਾਂ ਹੈ, ਪਰ ਉਹਨਾਂ ਨੂੰ ਸਮਝਣ ਲਈ ਤੁਹਾਨੂੰ ਹਰ ਸਤਰ ਦੋ ਜਾਂ ਤਿੰਨ ਵਾਰ ਪੜ੍ਹਨੀ ਪੈਂਦੀ ਹੈ। ਉਹ ਲੋਕ ਜਿਹੜੇ 'ਟਵਿੰਕਲ ਟਵਿੰਕਲ ਲਿਟਲ ਸਟਾਰ' ਵਰਗੀਆਂ ਸਧਾਰਨ ਨਜ਼ਮਾਂ ਦੇ ਗਿੱਝੇ ਹੋਏ ਹਨ, ਉਹਨਾਂ ਦੀ ਸਮਝ ਜਾਂ ਪਕੜ ਵਿੱਚ ਡੋਮ ਦੀਆਂ ਕਵਿਤਾਵਾਂ ਨਹੀਂ ਆਉਣਗੀਆਂ। ਉਹਦੀ ਕਵਿਤਾ ਵਿੱਚ ਉਹਦੀ ਮਾਂ ਦੇ ਪਾਗਲਪਨ ਵਾਂਗੂੰ ਮੌਤ ਦਾ ਵਿਸ਼ਾ ਵਾਰ-ਵਾਰ ਆਉਂਦਾ ਹੈ। ਬਾਜ਼ ਉਹਦੇ ਲਈ ਮੌਤ ਦਾ ਚਿੰਨ੍ਹ ਸੀ। ਉਸ ਨੇ ਇਸ ਤੋਂ ਬਚਣ ਲਈ ਜ਼ਿਆਦਾ ਸ਼ਰਾਬ ਤੇ ਮੁਹੱਬਤ ਦਾ ਆਸਰਾ ਲਿਆ। ਉਹ 'ਇਕ ਖ਼ੱਤ' ਵਿੱਚ ਇਸ ਦਾ ਨਿਚੋੜ ਦਿੰਦਾ ਹੈ—

ਮੇਰੇ ਪਿਤਾ ਨੇ ਕੱਸ ਕੇ ਮੈਨੂੰ ਜੱਫੀ ਪਾਈ ਤੇ ਮੈਂ ਕਰਾਹ ਉੱਠਿਆ
ਮਾਂ ਮੇਰੀ ਪਾਗਲ ਸੀ
ਉਸ ਸਮੇਂ ਅਸੀਂ ਸਫ਼ਰ 'ਤੇ ਤੁਰਦੇ ਗਏ
ਤੇ ਮੈਂ ਆਪਣੀ ਉਮਰ ਦੇ ਹਾਣ ਦੇ ਪਿਆਰ ਦੀ ਭਾਲ ਵਿੱਚ ਤੁਰ ਪਿਆ।
ਹੋਰ ਪੰਧ ਕੀਤਾ ਤਾਂ ਪਿਆਰ ਦੀ ਥਾਂ ਕਾਮ ਵਾਸ਼ਨਾ
ਦੀ ਤ੍ਰਿਪਤੀ ਦੀ ਤਲਾਸ਼ ਕਰਨ ਲੱਗਾ
ਮੈਂ ਬਹੁਤ ਛੋਟਾ ਸੀ ਤੇ ਮੇਰੀਆਂ ਇੱਛਾਵਾਂ ਭਾਰੂ ਨਹੀਂ ਸਨ
ਕਵਿਤਾਵਾਂ ਮੇਰੇ ਦਿਮਾਗ਼ ਵਿੱਚ ਸੋਨੇ ਦੀ ਡਲੀ ਬਣ ਫੁੱਟਦੀਆਂ ਰਹੀਆਂ।

ਮੈਂ ਡੋਮ ਨੂੰ ਪਹਿਲੀ ਵਾਰ ਉਸ ਸਮੇਂ ਮਿਲਿਆ ਜਦ ਉਹ ਜੇਸਿਸ ਕਾਲਜ ਔਕਸਫ਼ੋਰਡ ਵਿੱਚ ਦਾਖ਼ਲ ਹੋਇਆ। ਉਸ ਸਮੇਂ ਮੈਂ ਲੰਡਨ ਵਿੱਚ ਭਾਰਤੀ ਹਾਈ ਕਮਿਸ਼ਨ ਵਿੱਚ ਸੀ ਤੇ ਨਾਈਟਸਬ੍ਰਿਜ ਵਿੱਚ ਰਿਹਾ ਕਰਦਾ ਸੀ।

ਡੋਮ ਵੇਦ ਮਹਿਤਾ ਨਾਲ ਆਇਆ, ਜੋ ਅੰਨ੍ਹਾ ਸੀ। ਉਹ ਉਸ ਨੂੰ ਡੋਮਸਕੀ ਕਹਿ ਕੇ ਬੁਲਾਉਂਦਾ ਸੀ। ਅਸੀਂ ਸਾਰੇ ਵੀ ਉਸ ਨੂੰ ਡੋਮਸਕੀ ਕਹਿ ਕੇ ਬੁਲਾਉਂਦੇ। ਉਹ ਸ਼ਰਾਬ ਪੀਣ ਤੇ ਰਾਤ ਦੇ ਖਾਣੇ ਲਈ ਰੁਕ ਗਏ। ਡੋਮਸਕੀ ਨਿਰੰਤਰ ਸਿਗਰਟ ਪੀਵੀ ਜਾਂਦਾ, ਅਜੇ ਉਹਦੇ ਮੂੰਹ ਵਿੱਚ ਅੱਧ-ਪੀਤੀ ਸਿਗਰਟ ਹੀ ਹੁੰਦੀ ਤਾਂ ਉਹ ਹੋਰ ਸੁਲਗਾ ਲੈਂਦਾ। ਉਸ ਨੇ ਆਪਣੀਆਂ ਕੁਝ ਕਵਿਤਾਵਾਂ ਪੜ੍ਹੀਆਂ। ਜਾਣ ਤੋਂ ਪਹਿਲਾਂ ਉਸ ਨੇ ਮੈਨੂੰ 30 ਪੌਂਡ ਉਧਾਰ ਦੇਣ ਲਈ ਕਿਹਾ। ਮੈਂ ਦੇ ਦਿੱਤੇ। ਕੁਝ ਦਿਨ ਮਗਰੋਂ ਉਸ ਦੇ ਪਿਤਾ ਨੇ ਮੈਨੂੰ 30 ਪੌਂਡ ਦਾ ਚੈੱਕ ਭੇਜ ਦਿੱਤਾ। ਇਹ ਸਿਲਸਿਲਾ ਫਿਰ ਆਮ ਹੀ ਹੋ ਗਿਆ। ਦੋਵੇਂ ਲੜਕੇ ਆਪਣੇ ਆਪ ਹੀ ਆ ਜਾਂਦੇ, ਡੋਮਸਕੀ ਆਪਣੀਆਂ ਕੁਝ ਕਵਿਤਾਵਾਂ ਪੜ੍ਹ ਕੇ ਸੁਣਾਉਂਦਾ, ਕੁਝ ਪੈਸੇ ਉਧਾਰ ਲੈ ਜਾਂਦਾ ਤੇ ਉਸਦਾ ਪਿਤਾ ਮਗਰੋਂ ਕਰਜ਼ਾ ਮੋੜ ਦਿੰਦਾ।

ਮੈਂ ਦੋਹਾਂ ਲੜਕਿਆਂ ਨੂੰ ਕਈ ਵਾਰ ਮਿਲਿਆ। ਉਹ ਮੇਰੇ ਘਰ ਦਿੱਲੀ ਆਏ। ਦੋਹਾਂ ਨੇ ਮੇਰੇ ਬਾਰੇ ਲਿਖਿਆ। ਵੇਦ ਨੇ ਦੇਖ ਨਾ ਸਕਣ ਦੀ ਅਸਮਰੱਥਾ ਦੇ ਬਾਵਜੂਦ ਮੇਰੇ ਘਰ ਦਾ, ਮੇਰੀ ਲੰਮੀ ਕਾਲੀ ਦਾੜ੍ਹੀ ਦਾ ਤੇ ਚਮਕੀਲੀਆਂ ਲੁੱਚੀਆਂ ਅੱਖੀਆਂ ਦਾ ਉਸ ਸਮੇਂ ਪ੍ਰਭਾਵਸ਼ਾਲੀ ਵੇਰਵਾ ਦਿੱਤਾ। ਜਦੋਂ ਮੈਂ ਆਪਣੇ ਪਰਿਵਾਰਾਂ ਦੀਆਂ ਅੱਖਾਂ ਦੇ ਸਾਹਮਣੇ ਇਕ ਅਮਰੀਕਨ ਕੁੜੀ ਦੇ ਪੱਟਾਂ 'ਤੇ ਥਪਕੀ ਦੇ ਰਿਹਾ ਸੀ। ਡੋਮਸਕੀ ਨੇ ਮੇਰਾ ਚਿੱਤਰ ਪੁਸਤਕਾਂ ਵਿੱਚ ਘਿਰੇ ਇਕ ਵਿਦਵਾਨ ਪ੍ਰੋਫੈਸਰ ਦਾ ਚਿਤਰਿਆ। ਦੋਹਾਂ ਵੇਰਵਿਆਂ ਵਿੱਚ ਰਤਾ ਭਰ ਵੀ ਸੱਚਾਈ ਨਹੀਂ ਸੀ।

ਵੇਦ ਨਾਲੋਂ ਮੈਂ ਡੋਮਸਕੀ ਨੂੰ ਵਧੇਰੇ ਜਾਣਦਾ ਸੀ। ਇਕ ਵਾਰ ਡੋਮਸਕੀ ਆਪਣੇ ਨਾਲ ਭੂਰੇ ਵਾਲਾਂ ਵਾਲੀ ਗੋਰੀ ਮਿੱਤਰ ਅੰਗਰੇਜ਼ ਕੁੜੀ ਨੂੰ ਲਿਆਇਆ ਜਿਸ ਤੋਂ ਉਹਦੇ ਇਕ ਲੜਕਾ ਵੀ ਪੈਦਾ ਹੋਇਆ। ਮੈਨੂੰ ਡੋਮਸਕੀ ਬਾਰੇ ਜਾਣਕਾਰੀ ਉਦੋਂ ਹੋਈ ਜਦੋਂ ਉਸ ਨੇ ਲੀਲਾ ਨਾਇਡੂ ਨਾਲ ਵਿਆਹ ਕਰਵਾਇਆ ਜਿਸ ਨੂੰ ਮੈਂ ਉਸ ਸਮੇਂ ਤੋਂ ਹੀ ਜਾਣਦਾ ਸੀ ਜਦੋਂ ਉਹ ਪੈਰਿਸ ਦੇ ਸਕੂਲ ਵਿੱਚ ਪੜ੍ਹਦੀ ਸੀ। ਮਗਰੋਂ ਉਹ ਓਬਰਾਏ ਭਰਾਵਾਂ ਵਿੱਚੋਂ ਇਕ ਨਾਲ ਵਿਆਹੀ ਗਈ ਤੇ ਉਹਦੀਆਂ ਦੋ ਲੜਕੀਆਂ ਨੂੰ ਜਨਮ ਦਿੱਤਾ। ਲੀਲਾ ਤੇ ਡੋਮਸਕੀ ਬਚਪਨ ਦੇ ਦੋਸਤ ਸਨ ਤੇ ਇਕ-ਦੂਸਰੇ ਲਈ ਹੀ ਪੈਦਾ ਹੋਏ ਸਨ। ਮੈਂ ਡੋਮਸਕੀ ਕੋਲ ਹਾਂਗਕਾਂਗ ਵਿੱਚ ਉਸ ਸਮੇਂ ਠਹਿਰਿਆ ਸੀ ਜਦੋਂ ਉਹ ਆਰ.ਵੀ. ਪੰਡਿਤ ਲਈ 'ਏਸ਼ੀਆ ਮੈਗਜ਼ੀਨ' ਦਾ ਸੰਪਾਦਕ ਸੀ। ਪੰਡਿਤ ਨੇ ਉਸ ਨੂੰ ਦੱਸਿਆ ਕਿ ਇਕ ਦਿਨ ਉਹ ਡੋਮਸਕੀ ਦੇ ਦਫ਼ਤਰ ਵਿੱਚ ਵੜ ਗਿਆ, ਉਹਦੇ ਕੰਮ ਕਾਜੀ ਡੈਸਕ ਦਾ ਇਕ ਦਰਾਜ਼ ਖੋਲ੍ਹਿਆ, ਸਕਾਚ ਦੀ ਬੋਤਲ ਕੱਢੀ ਤੇ ਖਿੜਕੀ 'ਚੋਂ ਬਾਹਰ ਸੁੱਟ ਦਿੱਤੀ। ਪੰਡਿਤ, ਡੋਮਸਕੀ ਨੂੰ ਸੁਧਾਰਨ ਲਈ ਅਸਫਲ ਲੜਾਈ ਲੜਦਾ ਰਿਹਾ ਤੇ ਆਖ਼ਿਰ ਉਹ ਉਸ ਨੂੰ ਨੌਕਰੀ ਤੋਂ ਕੱਢਣ ਲਈ ਮਜਬੂਰ ਹੋ ਗਿਆ। ਅਨੁਸ਼ਾਸ਼ਨ ਨਾਮ ਦਾ ਸ਼ਬਦ ਡੋਮਸਕੀ ਦੇ ਸ਼ਬਦ-ਕੋਸ਼ ਵਿੱਚ ਨਹੀਂ ਸੀ।

ਲੀਲਾ ਹਾਂਗਕਾਂਗ ਵਿੱਚ ਮੈਨੂੰ ਖ਼ਰੀਦਦਾਰੀ ਲਈ ਨਾਲ ਲੈ ਗਈ। ਮੈਂ ਆਪਣੀ ਪਤਨੀ ਤੇ ਬੇਟੀ ਲਈ ਅੰਗੀਆਂ ਖ਼ਰੀਦਣੀਆਂ ਸਨ। ਡੋਮਸਕੀ ਨੇ ਪਿੱਛੋਂ ਦੋਸ਼ ਲਾਇਆ

ਕਿ ਮੈਂ ਅੰਗੀਆਂ ਦਾ ਆਕਾਰ ਦੱਸਣ ਦੇ ਸਮਰੱਥ ਨਾ ਹੋਣ ਕਾਰਨ ਚੀਨੀ ਵਿਕ੍ਰੇਤਾ ਕੁੜੀਆਂ ਦੇ ਗੋਲ ਗੋਲ ਉਭਾਰਾਂ ਨੂੰ ਆਪਣੀ ਤਲੀਆਂ 'ਚ ਘੁੱਟ ਕੇ ਥੋੜ੍ਹੀਆਂ ਜਿਹੀਆਂ ਵੱਡੇ ਆਕਾਰ ਦੀਆਂ ਅੰਗੀਆਂ ਦੀ ਮੰਗ ਕੀਤੀ। ਡੋਮਸਕੀ ਦੀ ਕਲਪਨਾ ਬੇਲਗਾਮ ਸੀ।

ਬੰਬਈ ਆ ਕੇ ਮੈਂ ਉਸ ਨੂੰ ਗੋਆ ਦੇ ਡੈਂਪੋਆਂ ਕੋਲ ਨੌਕਰੀ ਲੈ ਦਿੱਤੀ ਜੋ ਖਾਣਾਂ ਦੀ ਖੁਦਾਈ ਤੇ ਜਹਾਜ਼ਾਂ ਰਾਹੀਂ ਮਾਲ ਦਾ ਆਯਾਤ ਨਿਰਯਾਤ ਕਰਦੇ ਸਨ। ਡੋਮਸਕੀ ਨੇ ਡੈਂਪੋ ਪਰਿਵਾਰ ਜਾਂ ਉਹਨਾਂ ਦੇ ਉਦਯੋਗ ਬਾਰੇ ਇਕ ਵੀ ਸ਼ਬਦ ਲਿਖੇ ਬਿਨਾਂ ਬੜੀ ਵਧੀਆ ਪੁਸਤਕ ਲਿਖੀ। ਮੈਨੂੰ ਵੀ ਖੱਪੇ ਜਾਂ ਛੁੱਟ ਗਈਆਂ ਗੱਲਾਂ ਨੂੰ ਪੂਰਾ ਕਰਨ ਲਈ ਦੋ ਕੁ ਪੰਨੇ ਲਿਖਣੇ ਪਏ।

ਫਿਰ ਉਸ ਨੂੰ ਮੱਧ ਪ੍ਰਦੇਸ਼ ਸਰਕਾਰ ਵੱਲੋਂ ਆਪਣੀਆਂ ਪ੍ਰਾਪਤੀਆਂ ਬਾਰੇ ਕਿਤਾਬ ਲਿਖਣ ਦਾ ਕੰਮ ਸੌਂਪਿਆ ਗਿਆ। ਉਸ ਨੇ ਮੱਧ ਪ੍ਰਦੇਸ਼ ਦੇ ਪਿੰਡਾਂ, ਉਸ ਦੇ ਕਿਸਾਨਾਂ ਤੇ ਛੋਟੇ ਕਰਮਚਾਰੀਆਂ ਨਾਲ ਮੇਲ ਮੁਲਾਕਾਤਾਂ ਦਾ ਸੋਹਣੀ ਵਿਰਤਾਂਤ ਲਿਖਿਆ। ਸਰਕਾਰ ਨੂੰ ਤੱਥਾਂ ਤੇ ਅੰਕੜਿਆਂ ਦੇ ਜ਼ਮੀਮੇ ਨਾਲ ਲਾਉਣੇ ਪਏ। ਅਮਰੀਕਨ ਦੂਤਘਰ ਦੇ ਮੈਗਜ਼ੀਨ ਸਪੈਨ (Span) ਲਈ ਉਸ ਨੇ ਰਾਜਸਥਾਨ ਉਪਰ ਵੀ ਇਕ ਲੇਖ ਲਿਖਿਆ। ਮੈਂ ਅਜਿਹੀ ਸੁੰਦਰ ਸ਼ਬਦਾਵਲੀ ਵਿੱਚ ਉਸ ਲੇਖ ਜਿਹਾ ਕਦੇ ਕਿਤੇ ਹੋਰ ਲਿਖਿਆ ਹੋਇਆ ਨਹੀਂ ਪੜ੍ਹਿਆ।

ਉਹ ਜਨਮ ਤੇ ਨਾਗਰਿਕਤਾ ਵਜੋਂ ਭਾਰਤੀ ਹੋਣ ਦੇ ਬਾਵਜੂਦ ਭਾਰਤੀਪਨ ਤੋਂ ਇਨਾ ਦੂਰ ਸੀ ਜਿਸ ਤਰ੍ਹਾਂ ਸਕਾਟਲੈਂਡ ਦੇ ਪਹਾੜੀ ਇਲਾਕੇ ਵਿੱਚ ਰਹਿਣ ਵਾਲੇ ਲੋਕ। ਇਕ ਵਾਰ ਈਦ-ਉਲ-ਫ਼ਿਤਰ ਦੇ ਮੌਕੇ 'ਤੇ ਜਦੋਂ ਮੁਸਲਮਾਨ ਸ਼ਰਧਾਲੂ ਮਸਜਿਦ ਤੋਂ ਬਾਹਰ ਆ ਕੇ ਗਲੀਆਂ ਵਿੱਚ ਨਮਾਜ਼ ਅਦਾ ਕਰਨ ਲੱਗੇ ਤਾਂ ਡੋਮਸਕੀ ਕਤਾਰਾਂ ਵਿੱਚ ਨਮਾਜ਼ ਪੜ੍ਹ ਰਹੇ ਨਮਾਜ਼ੀਆਂ ਵਿੱਚੋਂ ਦੀ ਹੀ ਆਪਣੇ ਘਰ ਨੂੰ ਜਾਣ ਲਈ ਤੁਰ ਪਿਆ। ਉਸ ਦੀ ਬੁਰੀ ਗਤ ਬਣਾਈ ਗਈ।

ਡੋਮਸਕੀ ਨੂੰ ਲਿਖਣ ਲਈ ਜੋ ਕਾਰਜ ਸੌਂਪੇ ਗਏ ਉਹਨਾਂ ਵਿੱਚ ਸ੍ਰੀਮਤੀ ਇੰਦਰਾ ਗਾਂਧੀ ਦੀ ਜੀਵਨੀ ਵੀ ਸੀ। ਡੋਮਸਕੀ ਤੇ ਲੀਲ੍ਹਾ ਉਸ ਨੂੰ ਨਿਰੰਤਰ ਮਿਲਣ ਜਾਂਦੇ ਰਹੇ। ਮੈਂ ਸ੍ਰੀਮਤੀ ਗਾਂਧੀ ਨੂੰ ਪੁੱਛਿਆ ਕਿ ਉਹ ਡੋਮਸਕੀ ਨਾਲ ਗੱਲਬਾਤ ਕਿਵੇਂ ਕਰਦੀ ਸੀ ਕਿਉਂਕਿ ਉਹ ਤਾਂ ਚੰਗੀ ਹਾਲਤ ਵਿੱਚ ਮਸਾਂ ਬੁੱਲ੍ਹ ਹੀ ਹਿਲਾਉਂਦਾ ਹੈ ਤੇ ਉਸ ਦੀ ਅਵਾਜ਼ ਸੁਣੀ ਨਹੀਂ ਜਾ ਸਕਦੀ ਸੀ ਭਾਵ ਬੜੀ ਧੀਮੀ ਸੀ। ਉਸ ਨੇ ਉੱਤਰ ਦਿੱਤਾ ਕਿ ਲੀਲ੍ਹਾ ਉਸਦੀ ਹਰ ਗੱਲ ਮੈਨੂੰ ਸਮਝਾ ਦਿੰਦੀ ਹੈ। ਉਹਦੀ 'ਜੀਵਨੀ' ਛਪ ਗਈ ਤੇ ਸ੍ਰੀਮਤੀ ਗਾਂਧੀ ਨੂੰ ਪੇਸ਼ ਕੀਤੀ ਗਈ। ਕੁਝ ਦਿਨ ਮਗਰੋਂ ਡੋਮਸਕੀ ਤੇ ਲੀਲ੍ਹਾ ਸ੍ਰੀਮਤੀ ਗਾਂਧੀ ਨੂੰ ਇਸ ਉਮੀਦ ਨਾਲ ਮਿਲਣ ਗਏ ਕਿ ਚੰਗਾ ਕੰਮ ਕਰਨ ਲਈ ਉਹਨਾਂ ਦਾ ਧੰਨਵਾਦ ਕੀਤਾ ਜਾਵੇਗਾ। ਇਸ ਦੇ ਉਲਟ ਸ੍ਰੀਮਤੀ ਗਾਂਧੀ ਨੇ ਉਹਨਾਂ ਨੂੰ ਝਾੜ ਪਾਈ ਤੇ ਕਮਰੇ 'ਚੋਂ ਤੇਜ਼ੀ ਨਾਲ ਬਾਹਰ ਚਲੀ ਗਈ। ਸ੍ਰੀਮਤੀ ਗਾਂਧੀ ਜਿਹੜੇ ਲੋਕਾਂ ਨੂੰ ਮਿੱਤਰ ਬਣਾ ਲੈਂਦੀ ਸੀ ਮਗਰੋਂ ਝਾੜਾਂ ਪਾ ਕੇ ਤੇ ਦੁਖੀ ਕਰਕੇ ਆਨੰਦ ਪ੍ਰਾਪਤ ਕਰਦੀ ਸੀ। ਡੋਮਸਕੀ ਤੇ ਲੀਲ੍ਹਾ ਬੇਪਤੀ ਨਾਲ ਚੂਰ ਚੂਰ ਹੋ ਗਏ।

ਡੋਮਸਕੀ ਦਾ ਲੀਲ੍ਹਾ ਨਾਇਡੋ ਨਾਲ ਕਿਉਂ ਤੋੜਾ ਵਿਛੋੜਾ ਹੋਇਆ ਤੇ ਉਹ ਸਰਯੂ ਸ੍ਰੀਵਾਸਤਵ ਵੱਲ ਕਿਉਂ ਮੁੜਿਆ, ਇਸ ਗੱਲ ਦੀ ਸਮਝ ਮੈਨੂੰ ਕਦੇ ਨਾ ਆਈ। ਉਸ ਸਮੇਂ ਮੇਰੀ ਉਸ ਨਾਲ ਬੋਲਚਾਲ ਨਹੀਂ ਸੀ। ਪੈਂਗੂਇਨ ਦੇ ਡੇਵਿਡ ਦੇਵਿਦਾਰ ਜਿਸ ਨੇ ਉਸ ਨਾਲ ਗੱਲ ਚਲਾਈ ਸੀ, ਮੈਨੂੰ ਦੱਸਿਆ ਕਿ ਉਹਦਾ ਉੱਤਰ ਬੜੇ ਵਿਸ਼ੇਸ਼ ਅੰਦਾਜ਼ ਵਿੱਚ ਸੀ। ਉਸ ਨੇ ਕਿਹਾ, 'ਉਹਦੀ ਛਾਤੀ ਬੜੀ ਪਿਆਰੀ ਹੈ।'

ਸਰਯੂ ਦੇ ਆ ਜਾਣ ਨਾਲ ਉਹ ਪਿਆਰ ਬਾਰੇ ਕਵਿਤਾਵਾਂ ਲਿਖਣ ਲੱਗ ਪਿਆ ਪ੍ਰੰਤੂ ਮੌਤ ਸਦਾ ਵਾਂਗ ਛਾਈ ਰਹੀ। ਸਾਨੂੰ ਇਹ ਨਹੀਂ ਪਤਾ ਕਿ ਉਹਨਾਂ ਦਾ ਕਿਵੇਂ ਤੇ ਕਦੋਂ ਪਿਆਰ ਹੋ ਗਿਆ। ਉਸ ਨੇ ਇਸ ਦਾ ਇਕਬਾਲ '14 ਸਾਲ' ਨਾਮ ਦੀ ਕਵਿਤਾ ਵਿੱਚ ਕੀਤਾ ਹੈ :

14 ਸਾਲ ਉਹੋ ਹੀ ਮਿਸ਼ਰਨ ਸੀ,
ਜਦੋਂ ਮੈਂ ਉਸ ਨੂੰ ਪਹਿਲੀ ਵਾਰ ਮਿਲਿਆ
ਉਹਦੀਆਂ ਛਾਤੀਆਂ ਸਦਾ ਇਸ਼ਾਰੇ ਕਰਦੀਆਂ
ਸਾਡੇ ਮਨ ਤੇ ਹੱਥ ਇਕ ਦੂਸਰੇ 'ਚ ਰਲ ਜਾਂਦੇ
ਮੈਂ ਉਹਦੇ ਸਰੀਰ ਦੇ ਦ੍ਰਿਸ਼ ਇਕ ਭਵਨ ਨਿਰਮਾਣ ਕਰਤਾ
ਇਕ ਪਤੀ ਤੇ ਭਰਾ ਵਾਂਗ ਦੇਖਦਾ।

ਉਹ ਇਸ ਗੱਲ ਦੀ ਵੀ ਪੁਸ਼ਟੀ ਕਰਦਾ ਹੈ ਕਿ ਉਸ ਦਾ ਪ੍ਰੇਮ ਸਦਾ ਇਕਸਾਰ ਰਿਹਾ।

ਸਾਡੇ ਪੈਰਾਂ ਹੇਠ ਕਰੂਰ ਉਪ ਮਹਾਂਦੀਪ ਹੈ,
ਤੂੰ ਤੇ ਮੈਂ ਕਿਥੇ ਪੈਦਾ ਹੋਏ
ਅੱਠ ਸਾਲ ਮੈਂ ਤੇਰੇ ਪਿਆਰ ਦਾ ਮੌਸਮ ਮਾਣਿਆ
ਤੇਰੇ ਮਨ ਦਾ ਸਾਫ਼ ਤੇ ਕਾਲਾ ਮੌਸਮ ਵੀ ਦੇਖਿਆ
ਅਸੀਂ ਪ੍ਰਣਾਏ ਹੋਇਆਂ ਨਾਲੋਂ ਵੀ ਵੱਧ ਸੀ
ਇਹ ਇਸ ਤਰ੍ਹਾਂ ਹੀ ਹੋਣਾ ਸੀ
ਅਸੀਂ ਇਕ ਦੂਸਰੇ ਦੇ ਹੋ ਕੇ ਜੀਵੇ
ਇਹ ਵੀ ਇੰਝ ਹੀ ਹੋਣਾ ਸੀ।

ਆਖ਼ਰੀ ਵਾਰ ਜਦੋਂ ਮੈਂ ਉਸ ਨੂੰ ਤੇ ਉਸ ਦੀ ਸਾਥਣ ਨੂੰ ਨੀਮਨਾ ਕਿਲ੍ਹੇ ਵਿੱਚ ਲੇਖਕ ਕਾਨਫ਼ਰੰਸ ਸਮੇਂ ਮਿਲਿਆ। ਉਹ ਉਸ ਤਰ੍ਹਾਂ ਹੀ ਮੁੰਡਾ ਜਿਹਾ ਜਾਪਦਾ ਸੀ, ਸਦਾ ਹੱਸਦਾ ਹੋਇਆ। ਉਸ ਦੀਆਂ ਐਨਕਾਂ ਉਹਦੇ ਨੱਕ ਦੇ ਹੇਠਾਂ ਵੱਲ ਖਿਲਕੀਆਂ ਸਨ ਤੇ ਉਹਦੇ ਬੁੱਲ੍ਹਾਂ ਵਿੱਚ ਸਿਗਰਟ ਲਮਕ ਰਹੀ ਸੀ। ਭਾਵੇਂ ਮੈਂ ਸਰਯੂ ਦੀ ਛਾਤੀ ਜ਼ਿਆਦਾ ਨਹੀਂ ਵੇਖ ਸਕਿਆ ਸੀ ਪ੍ਰੰਤੂ ਮੈਨੂੰ ਜਾਪਿਆ ਕਿ ਉਹ ਭਾਰਤੀ ਇਸਤਰੀ ਦਾ ਹੂਬਹੂ ਸਾਰ ਸੀ। ਡੋਮਸਕੀ ਦੀਆਂ ਪਹਿਲੀਆਂ ਤ੍ਰੀਮਤਾਂ ਜਾਂ ਤਾਂ ਗੋਰੀਆਂ ਸਨ ਜਾਂ ਅੱਧੀਆਂ

ਯੂਰਪੀਨ ਭਾਵ ਦੋ ਨਸਲੀਆਂ ਸਨ। ਸਰਯੂ ਉਹਦੀ ਲੇਖਣੀ ਦਾ ਟਾਕਰਾ ਕਰਨ ਵਾਲੀ ਵੀ ਇਕੋ ਇਕ ਤੀਵੀਂ ਸੀ। ਉਹਨਾਂ ਨੇ ਮਿਲ ਕੇ ਦੋ ਕੁ ਪੁਸਤਕਾਂ ਵੀ ਲਿਖੀਆਂ। ਉਸ ਨੇ ਲਿਖਿਆ ਹੈ ਕਿ ਉਹ ਮੇਰੀ ਬੜੀ "ਪਿਆਰੀ ਮਿੱਤਰ ਤੇ ਸਖ਼ਤ ਆਲੋਚਕ ਸੀ।"

ਡੋਮਸਕੀ ਨੂੰ ਕੈਂਸਰ ਹੋ ਗਿਆ ਪਰ ਉਸ ਨੇ ਰਸਾਇਣਕ ਚਕਿਤਸਾ ਕਰਾਉਣ ਤੋਂ ਨਾਂਹ ਕਰ ਦਿੱਤੀ। ਉਹ ਲਗਭਗ ਆਪਣੀ ਪਾਗ਼ਲ ਮਾਂ ਦੇ ਮੰਡਰਾਉਂਦੇ ਭੂਤ ਦੇ ਪ੍ਰਭਾਵ ਹੇਠ ਅਗੇਤਰੀ ਮੌਤ ਦੀ ਸੰਭਾਵੀ ਜਿਲ੍ਹਣ ਵਿੱਚ ਖੁਭਦਾ ਗਿਆ, ਕੁਮਲਾਉਂਦਾ ਗਿਆ।

ਖ਼ੁਦਾਈ ਸ਼ਰਨਗਾਹ ਜਿੱਥੋਂ ਮੇਰੀ ਮਾਂ ਮੁਰਝਾਈ ਹੋਈ ਆਪਣੇ ਇਕਲੌਤੇ ਪੁੱਤਰ ਵੱਲ ਪਰਨਾਲੇ 'ਚੋਂ ਝਾਤ ਮਾਰ ਰਹੀ ਹੈ। ਮੇਰੀ ਬਿਮਾਰੀ ਅੰਤਲੇ ਪੜਾਅ 'ਤੇ ਹੈ। ਹੁਣ ਜੀਂਦੇ ਰਹਿਣ ਦਾ ਕੋਈ ਕਾਰਨ ਵੀ ਨਹੀਂ ਰਿਹਾ। ਅਲਵਿਦਾ! ਮੇਰਾ ਰਸਤਾ ਨਾ ਰੋਕਣਾ।

2 ਜੂਨ, 2004 ਨੂੰ ਬੁੱਧਵਾਰ ਸ਼ਾਮ ਨੂੰ ਡੋਮ ਮੋਰੇਸ ਉਸ ਥਾਂ ਹੀ ਸੁੱਤਾ ਹੋਇਆ ਮਰ ਗਿਆ ਜਿੱਥੇ ਉਹ ਪੈਦਾ ਹੋਇਆ ਤੇ ਜੀਵਿਆ, ਪਰ ਉਹ ਉਸ ਥਾਂ ਨਾਲ ਜੁੜਿਆ ਨਹੀਂ ਸੀ।

ਕਿਸ਼ਨ ਲਾਲ—ਦਹੀਂ ਭੱਲੇ ਤੇ ਸ਼ਾਇਰੀ

ਕਿਸ਼ਨ ਲਾਲ ਦਸ ਸਾਲ ਪਹਿਲਾਂ ਮੇਰੀ ਜ਼ਿੰਦਗੀ ਵਿੱਚ ਆਇਆ। ਮੈਨੂੰ ਉਸ ਬਾਰੇ ਉਸ ਸਮੇਂ ਤੱਕ ਕੁਝ ਵੀ ਪਤਾ ਨਹੀਂ ਸੀ ਜਦ ਤੱਕ ਉਸ ਨੇ ਮੈਨੂੰ ਇਹ ਦੱਸਿਆ ਕਿ ਉਹ ਮਥੁਰਾ ਰੋਡ ਉਪਰ ਸਥਿਤ ਹੋਟਲ ਰਾਜਦੂਤ ਦਾ ਮਾਲਕ ਹੈ। ਉਸ ਪਿੱਛੋਂ ਉਹ ਹਰ ਹਫ਼ਤੇ ਮੈਨੂੰ ਮਿਲਣ ਦੋ ਵਾਰ ਆਉਂਦਾ। ਦੋਹਾਂ ਦਿਨਾਂ ਵਿੱਚ ਹੀ ਉਹ ਮੇਰੇ ਲਈ ਦੁਪਹਿਰ ਦੇ ਖਾਣੇ ਲਈ ਹੋਟਲ 'ਚੋਂ ਦਹੀਂ ਭੱਲੇ ਤੇ ਰਾਤ ਦੇ ਖਾਣੇ ਲਈ ਮਛਲੀ ਜਾਂ ਚਿਕਨ ਲਿਆਉਂਦਾ। ਦੁਪਹਿਰ ਢਲੇ ਉਹ ਮੈਨੂੰ ਟੈਲੀਫ਼ੋਨ ਕਰਦਾ ਤੇ ਚੰਗੇ ਹੋਟਲ ਮਾਲਕ ਵਾਂਗ ਪੁੱਛਦਾ ਕਿ ਮੈਨੂੰ ਖਾਣਾ ਕੈਸਾ ਲੱਗਾ। ਦਹੀਂ ਭੱਲੇ ਬੜੇ ਹੀ ਸੁਆਦੀ ਸਨ, ਪਹਿਲਾਂ ਮੈਂ ਅਜਿਹੇ ਕਦੇ ਨਹੀਂ ਖਾਧੇ ਸਨ। ਇਹਨਾਂ ਵਿੱਚ ਦਹੀਂ ਦੇ ਨਾਲ ਦੋ ਕੁ ਭੱਲੇ, ਕੇਲੇ, ਅਦਰਕ, ਸੁੰਢ ਤੇ ਹੋਰ ਮਸਾਲੇ ਬੜੀ ਉਚਿਤ ਮਾਤਰਾ ਵਿੱਚ ਮਿਲੇ ਹੁੰਦੇ। ਮੈਂ ਉਸ ਨੂੰ ਪੁੱਛਦਾ ਕਿ ਉਹ ਹਰ ਵੇਲੇ ਇਹ ਕਿਉਂ ਪੁੱਛਣਾ ਚਾਹੁੰਦਾ ਹੈ ਕਿ ਖਾਣਾ ਕੈਸਾ ਲੱਗਾ। "ਇਸ ਵਾਸਤੇ ਕਿ ਜੇ ਤੁਹਾਨੂੰ ਕੋਈ ਚੀਜ਼ ਸੁਆਦੀ ਲੱਗਦੀ ਹੈ ਤਾਂ ਮੈਂ ਰਸੋਈਏ ਨੂੰ ਇਨਾਮ ਦਿੰਦਾ ਹਾਂ। ਜੇ ਤੁਹਾਨੂੰ ਕੋਈ ਚੀਜ਼ ਚੰਗੀ ਨਹੀਂ ਲੱਗਦੀ ਤਾਂ ਮੈਂ ਉਸ ਨੂੰ ਕੁਝ ਨਹੀਂ ਦਿੰਦਾ।" ਫਿਰ ਮੈਂ ਇਹ ਪੱਕੀ ਧਾਰ ਲਈ ਕਿ ਉਹ ਜੋ ਵੀ ਖਾਣਾ ਮੈਨੂੰ ਭੇਜਦਾ, ਮੈਂ ਉਸ ਦੀ ਪ੍ਰਸੰਸਾ ਕਰਦਾ।" ਇਕ ਹੋਰ ਆਦਮੀ ਜਿਸ ਨੂੰ ਉਹ ਮਿਲਣ ਲਈ ਹਫ਼ਤੇ ਵਿੱਚ ਦੋ ਵਾਰ ਆਉਂਦਾ ਉਹ ਫਾਲੀ ਨਾਰੀਮਾਨ ਸੀ, ਜਿਹੜਾ ਉਸ ਦਾ ਵਕੀਲ ਸੀ ਤੇ ਹੁਣ ਦੋਸਤ ਬਣ ਗਿਆ ਸੀ।

ਨਾਰੀਮਾਨ ਨੇ ਮੇਰੇ ਕੋਲ ਇਹ ਮੰਨਿਆ, "ਤੈਨੂੰ ਪਤਾ ਹੈ ਕਿ ਜੋ ਕਿਸ਼ਨ ਲਾਲ ਕਹਿੰਦਾ ਹੈ ਮੈਂ ਉਸ ਦਾ ਇਕ ਸ਼ਬਦ ਵੀ ਸਮਝ ਨਹੀਂ ਸਕਦਾ।" ਇਹ ਸੱਚ ਸੀ। ਉਸ ਦੇ ਬੋਲ ਇਕ ਅਸਪੱਸ਼ਟ ਜਿਹੀ ਗੁੜਗੁੜ ਜਿਹੀ ਵਾਂਗ ਸਨ। ਮੈਨੂੰ ਨਾਰੀਮਨ ਨਾਲੋਂ ਕਿਸ਼ਨ ਲਾਲ ਨਾਲ ਵਧੇਰੇ ਔਖਿਆਈ ਸੀ ਕਿਉਂਕਿ ਉਸ ਨੂੰ ਉਰਦੂ ਸ਼ਾਇਰੀ ਦਾ ਬਹੁਤ ਸ਼ੌਕ ਸੀ, ਜਿਸ ਨੂੰ ਉਹ ਬੜੇ ਜੋਸ਼ ਨਾਲ ਸੁਣਾਉਂਦਾ। ਉਹ ਆਮ ਤੌਰ 'ਤੇ ਇਕ ਪੰਗਤੀ ਬੋਲਦਾ ਤੇ ਮੈਨੂੰ ਦੂਸਰੀ ਬੋਲਣ ਲਈ ਵੰਗਾਰ ਪਾਉਂਦਾ। ਮੈਂ ਉਹਦੀ ਪਰੀਖਿਆ ਵਿੱਚੋਂ ਕਦੇ ਹੀ ਪਾਸ ਹੁੰਦਾ। ਉਸ ਦਾ ਮਨਪਸੰਦ ਸ਼ਾਇਰ ਬਹਾਦਰ ਸ਼ਾਹ ਜ਼ਫ਼ਰ ਸੀ।

ਕਿਸ਼ਨ ਲਾਲ ਨੂੰ ਅੰਗਰੇਜ਼ੀ ਚੰਗੀ ਤਰ੍ਹਾਂ ਨਹੀਂ ਆਉਂਦੀ ਸੀ ਪ੍ਰੰਤੂ ਉਸ ਨੂੰ ਇਹ ਮੰਨਣ ਤੋਂ ਵੀ ਨਫ਼ਰਤ ਸੀ ਕਿ ਉਸ ਨੂੰ ਇਸ ਭਾਸ਼ਾ ਬਾਰੇ ਕੋਈ ਔਕੜ ਆਉਂਦੀ ਹੈ। ਉਹ ਇਸ ਗੱਲ ਦੀ ਰਿਹਾੜ ਕਰਦਾ ਕਿ ਮੈਂ ਉਹ ਹਰ ਕਿਤਾਬ ਦੇਵਾਂ ਜੋ ਮੈਂ ਲਿਖਾਂ। ਅਗਲੀ ਮਿਲਣੀ 'ਤੇ ਉਸ ਨੇ ਇਕ ਜੇਤੂ ਅੰਦਾਜ਼ ਵਿੱਚ ਕਿਹਾ, "ਮੈਂ ਇਸ ਸਫ਼ੇ ਤੋਂ ਇਸ ਸਫ਼ੇ ਤੱਕ ਪੜ੍ਹ ਲਿਆ ਹੈ। ਮੈਂ ਕਹਾਂਗਾ ਤੁਸੀਂ ਬੜੇ ਹੀ ਰੰਗੀਲੇ ਵਿਅਕਤੀ ਰਹੇ ਹੋ।"

ਕਿਸ਼ਨ ਲਾਲ ਨੇ ਆਪਣੀ ਮਿਹਨਤ ਨਾਲ ਤਰੱਕੀ ਕੀਤੀ। ਉਸ ਨੇ ਆਪਣੀ ਜ਼ਿੰਦਗੀ ਕਾਫ਼ੀ ਦੀ ਦੁਕਾਨ ਨਾਲ ਸ਼ੁਰੂ ਕੀਤੀ, ਫਿਰ ਉਸ ਨੇ ਮਿਲਟਰੀ ਦੀ ਕਨਟੀਨ ਦਾ ਠੇਕਾ ਲਿਆ (ਹੋਰਨਾਂ ਤੋਂ ਬਿਨਾਂ ਉਸ ਨੇ ਲਾਰਡ ਮਾਊਂਟਬੇਟਨ ਦੀ ਸੇਵਾ ਵੀ ਕੀਤੀ)। ਫਿਰ ਉਸ ਨੇ ਮਥਰਾ ਰੋਡ 'ਤੇ ਜ਼ਮੀਨ ਲੈ ਲਈ ਤੇ ਹੋਟਲ ਰਾਜਦੂਤ ਬਣਾ ਲਿਆ। ਇਹ ਹੋਟਲ ਛੇਤੀ ਹੀ ਆਪਣੇ ਚੰਗੇ ਰਸੋਈ ਪ੍ਰਬੰਧ ਤੇ ਅਸ਼ਲੀਲ (ਕੈਬਰੇ ਨਾਚ) ਨਾਚ ਮਨੋਰੰਜਨ ਦੇ ਪ੍ਰਦਰਸ਼ਨਾਂ ਲਈ ਉੱਘਾ ਹੋ ਗਿਆ। ਇਸ ਨੇ ਕਿਸ਼ਨ ਲਾਲ ਨੂੰ ਲੱਖਪਤੀ ਬਣਾ ਦਿੱਤਾ। ਉਸ ਨੇ ਬਹੁਤ ਵੱਡਾ ਫ਼ਾਰਮ ਲੈ ਲਿਆ ਤੇ ਉਸ ਵਿੱਚ ਹੀ ਘਰ ਬਣਾ ਲਿਆ। ਦੋ ਸਾਲ ਪਹਿਲਾਂ ਕਿਸ਼ਨ ਲਾਲ ਡਿੱਗ ਪਿਆ ਤੇ ਉਸ ਦੇ ਗੋਡੇ 'ਤੇ ਸੱਟ ਲੱਗ ਗਈ। ਫਿਰ ਵੀ ਉਸ ਨੇ ਹਫ਼ਤੇ 'ਚ ਦੋ ਵਾਰੀ ਆਉਣਾ ਜਾਰੀ ਰੱਖਿਆ। ਆਖ਼ਰੀ ਮੁਲਾਕਾਤ ਤੋਂ ਕੁਝ ਪਹਿਲੀਆਂ ਮੁਲਾਕਾਤਾਂ ਤੋਂ ਪਹਿਲਾਂ, ਉਹ ਮੈਨੂੰ ਕਿਹਾ ਕਰਦਾ, "ਮੈਂ 80 ਸਾਲ ਦਾ ਹੋ ਗਿਆ ਹਾਂ।" ਪ੍ਰੰਤੂ ਅੰਗਰੇਜ਼ੀ 'ਚ 'ਏਟੀ' (ਅੱਸੀ) ਬੋਲਣਾ ਇਜ ਲੱਗਦਾ ਹੈ ਕਿ ਜਿਵੇਂ ਆਦਮੀ ਅਜੇ ਕਾਇਮ ਹੋਵੇ ਪਰ ਪੰਜਾਬੀ 'ਚ 'ਅੱਸੀਆਂ ਦਾ' ਜਾਂ ਹਿੰਦੀ ਵਿੱਚ 'ਅੱਸੀ' ਕਹਿਣ ਨਾਲ ਆਦਮੀ ਦੇ ਬੋਲ ਢਿੱਲੇ ਜਿਹੇ ਹੋ ਜਾਂਦੇ ਹਨ।

ਮੈਂ ਹੱਸਦਿਆਂ ਕਿਹਾ, "ਤੂੰ ਅਜੇ ਹੋਰ ਦਸ ਸਾਲ ਮੇਰੇ ਨਾਲ ਰਹੇਂਗਾ। ਉਸ ਨੇ ਨਿਰਾਸਤਾ ਭਰੇ ਅੰਦਾਜ਼ ਵਿੱਚ ਹੱਥ ਮਾਰਦਿਆਂ 'ਜ਼ੌਕ' ਦੀਆਂ ਕੁਝ ਸਤਰਾਂ ਪੜ੍ਹੀਆਂ। ਅਜੀਬ ਇਤਫ਼ਾਕ ਸੀ ਕਿ ਜ਼ੌਕ ਮੇਰੇ ਪਿਤਾ ਦਾ ਵੀ ਮਨ-ਪਸੰਦ ਸ਼ਾਇਰ ਸੀ।

ਲਾਈ ਹਯਾਤ, ਆਈ ਕਜ਼ਾ, ਲੇ ਚਲੀ, ਚਲੇ।
ਅਪਨੀ ਖ਼ੁਸ਼ੀ ਸੇ ਨ ਆਏ ਹਮ, ਨ ਅਪਨੀ ਖ਼ੁਸ਼ੀ ਚਲੇ।

(ਮੈਨੂੰ ਪਹਿਲਾਂ ਜੀਵਨ ਮਿਲਿਆ, ਹੁਣ ਮੌਤ ਬੂਹੇ 'ਤੇ ਆ ਖੜ੍ਹੀ ਹੈ। ਨਾ ਮੈਂ ਆਪਣੀ ਮਰਜ਼ੀ ਨਾਲ ਆਇਆ ਹਾਂ ਤੇ ਨਾ ਹੀ ਆਪਣੀ ਮਰਜ਼ੀ ਨਾਲ ਜਾਣਾ ਹੈ।)

7 ਜੂਨ, 2004 ਸੋਮਵਾਰ ਦੀ ਸਵੇਰ ਨੂੰ ਮੇਰੀ ਬੇਟੀ ਨੇ ਦਿੱਲੀ ਤੋਂ ਕਸੌਲੀ ਮੈਨੂੰ ਇਹ ਦੱਸਣ ਲਈ ਟੈਲੀਫ਼ੋਨ ਕੀਤਾ ਕਿ ਕਿਸ਼ਨ ਲਾਲ ਮਰ ਗਿਆ ਹੈ ਤੇ ਉਸ ਦਾ ਸਸਕਾਰ ਵੀ ਉਸੇ ਦਿਨ ਹੀ ਹੋਣਾ ਹੈ।

ਪਰ ਇਹ ਕਿਸ਼ਨ ਲਾਲ ਦੀ ਕਹਾਣੀ ਦਾ ਅੰਤ ਨਹੀਂ ਸੀ। ਕੁਝ ਦਿਨ ਮਗਰੋਂ ਮੇਰਾ ਕਾਲਮ ਛਪਣ ਤੋਂ ਪਿੱਛੋਂ ਮੈਨੂੰ ਫਲੀ ਨਾਰੀਮਾਨ ਦਾ ਪੱਤਰ ਮਿਲਿਆ ਜੋ ਇਸ ਤਰ੍ਹਾਂ ਹੈ—

"ਅਗਲੇ ਜਹਾਨ ਦੀ ਮੁਲਾਕਾਤ ਤੱਕ ਹੁਣ ਦਹੀਂ ਭੱਲੇ ਨਹੀਂ ਮਿਲਣਗੇ।"

"ਖ਼ੁਸ਼ਵੰਤ ਮੇਰੇ ਲਈ ਵੀ ਇਸ ਤਰ੍ਹਾਂ ਹੀ ਹੈ। ਤੇਰਾ ਕਾਲਮ ਬੜਾ ਸੁੰਦਰ ਤੇ ਮਨ ਛੂਹਣ ਵਾਲਾ ਹੈ। ਮੈਂ ਤੇ ਬਾਪਸੀ ਸਵੇਰੇ ਵੇਲੇ ਦੀ ਗੁਣਗੁਣ ਯਾਦ ਕਰਦੇ ਹਾਂ।"

ਕੋਲੰਬੀਆ ਦੇ ਨਾਵਲਕਾਰ ਗੈਬਰੀਅਲ ਗਾਰਸ਼ੀਆ ਮਾਰਕੁਏਜ਼ ਨੇ ਇਕ ਸੁਪਨੇ ਦਾ ਇਸ ਤਰ੍ਹਾਂ ਵਰਨਣ ਕੀਤਾ ਹੈ :—

"1970 ਦੇ ਸ਼ੁਰੂ ਵਿੱਚ ਮੈਨੂੰ ਬਾਰਸੀਲੋਨਾ ਵਿੱਚ ਪੰਜ ਸਾਲ ਰਹਿਣ ਪਿੱਛੋਂ ਇਕ ਪ੍ਰਕਾਸ਼ਮਈ ਸੁਪਨਾ ਆਇਆ। ਮੈਨੂੰ ਸੁਪਨਾ ਆਇਆ ਕਿ ਮੈਂ ਆਪਣਾ ਦਾਹ ਸੰਸਕਾਰ ਆਪ ਵੇਖਿਆ ਹੈ। ਮੈਂ ਆਪਣੇ ਮਿੱਤਰਾਂ ਨਾਲ ਸੀ ਜਿਨ੍ਹਾਂ ਨੇ ਮਾਤਮੀ ਲਿਬਾਸ ਪਹਿਨੇ

ਹੋਏ ਸਨ, ਪਰ ਉਹ ਬੜੇ ਅਨੰਦਮਈ ਰੌਂ ਵਿੱਚ ਸਨ। ਅਸੀਂ ਸਾਰੇ ਇਕੱਠੇ ਖ਼ੁਸ਼ ਦਿਖਾਈ ਦਿੰਦੇ ਸੀ। ਮੈਂ ਸਭ ਨਾਲੋਂ ਜ਼ਿਆਦਾ ਖ਼ੁਸ਼ ਸੀ ਕਿਉਂਕਿ ਮੌਤ ਵੱਲੋਂ ਦਿੱਤੇ ਇਸ ਸ਼ਾਨਦਾਰ ਮੌਕੇ ਕਾਰਨ ਮੈਂ ਦੱਖਣੀ ਅਮਰੀਕਾ ਦੇ ਆਪਣੇ ਪਿਆਰੇ ਤੇ ਪੁਰਾਣੇ ਮਿੱਤਰਾਂ ਨਾਲ ਸੀ ਜਿਨ੍ਹਾਂ ਨੂੰ ਮੈਂ ਬਹੁਤ ਸਮੇਂ ਤੋਂ ਮਿਲਿਆ ਨਹੀਂ ਸੀ। ਮੇਰੀ ਕਿਰਿਆ ਕਰਮ ਦੀ ਰਸਮ ਤੋਂ ਮਗਰੋਂ ਜਦੋਂ ਉਹ ਜਾਣ ਲੱਗੇ ਤਾਂ ਮੈਂ ਵੀ ਜਾਣ ਦੀ ਕੋਸ਼ਿਸ਼ ਕੀਤੀ ਪਰੰਤੂ ਉਹਨਾਂ ਵਿੱਚੋਂ ਇਕ ਨੇ ਮੈਨੂੰ ਦੋ ਟੁੱਕ ਕਿਹਾ ਕਿ ਜਿੱਥੋਂ ਤੱਕ ਮੇਰਾ ਸਬੰਧ ਹੈ, ਪਾਰਟੀ ਖ਼ਤਮ ਹੈ।

ਉਸ ਨੇ ਕਿਹਾ, "ਤੂੰ ਇੱਕੋ ਇਕ ਹੀ ਹੈਂ ਜੋ ਜਾ ਨਹੀਂ ਸਕਦਾ।" ਉਸ ਸਮੇਂ ਮੈਨੂੰ ਸਮਝ ਆਈ ਕਿ ਮਰਨ ਦਾ ਭਾਵ ਇਹ ਹੈ ਕਿ ਤੁਸੀਂ ਆਪਣੇ ਮਿੱਤਰਾਂ ਦਾ ਸਾਥ ਨਹੀਂ ਮਾਣ ਸਕਦੇ।"

ਸ਼ਾਇਦ ਲਾਲਾ ਜੀ ਦੇ ਸਾਡੇ ਨਾਲੋਂ ਵਿਛੜਨ ਬਾਰੇ ਵੀ ਇਹੋ ਉਦਾਸੀ ਵਾਲੀ ਗੱਲ ਸੀ। ਮੈਨੂੰ ਯਕੀਨ ਹੈ ਕਿ ਉਸ ਲਈ ਵੀ ਮੌਤ ਦਾ ਇਹੋ ਅਰਥ ਹੈ ਕਿ ਉਹ ਆਪਣੇ ਮਿੱਤਰਾਂ ਨੂੰ ਮੁੜ ਨਹੀਂ ਮਿਲ ਸਕੇਗਾ। ਅਸੀਂ ਇਸ ਬਾਰੇ ਤਾਂ ਕੁਝ ਕਦੇ ਨਹੀਂ ਜਾਣ ਸਕਾਂਗੇ, ਪਰ ਇਹ ਜ਼ਰੂਰ ਜਾਣਦੇ ਹਾਂ ਕਿ ਉਹ ਦੋਵੇਂ ਉਸ ਨੂੰ ਬਹੁਤ ਯਾਦ ਕਰਦੇ ਹਨ ਤੇ ਉਸ ਨੂੰ ਪ੍ਰਣਾਮ ਕਰਦੇ ਹਨ। ਇਸ ਨਾਲ ਸ਼ਾਇਦ ਉਸ ਨੂੰ ਮਿੰਨੀ ਮਿੰਨੀ ਹਾਸੀ ਆਵੇ ਤੇ ਤੁਹਾਨੂੰ ਇਹ ਯਾਦ ਹੋਵੇਗਾ ਕਿ ਇਸ ਨਾਲ ਹੀ ਅੱਖਾਂ ਵਿੱਚ ਹੰਝੂ ਆ ਜਾਂਦੇ ਹਨ।

ਕਿਸ਼ਨ ਲਾਲ ਨੂੰ ਸ਼ਰਧਾਂਜਲੀ ਦੇਣ ਦਾ ਸਾਨੂੰ ਬੜਾ ਲਾਭ ਹੋਇਆ। ਉਸਦੇ ਪੁੱਤਰ ਪ੍ਰੇਮ ਮੋਹਨ ਕਾਲੜਾ ਨੇ ਇਹ ਦੱਸਣ ਲਈ ਲਿਖਿਆ ਕਿ ਹਫ਼ਤੇ ਵਿੱਚ ਦੋ ਵਾਰ ਦਹੀਂ-ਭੱਲੇ ਸਾਨੂੰ ਉਸ ਤਰ੍ਹਾਂ ਹੀ ਮਿਲਦੇ ਰਹਿਣਗੇ, ਜਿਵੇਂ ਉਸ ਦੇ ਪਿਤਾ ਸਮੇਂ ਮਿਲਦੇ ਸਨ।

ਸਤਿਕਾਰ ਯੋਗ ਸ੍ਰੀ ਮਾਨ ਜੀ,

ਬਹੁਤ ਸਾਲਾਂ ਤੋਂ ਜਦੋਂ ਮੈਂ ਆਪਣੇ ਪਿਤਾ ਨਾਲ ਗੱਦੀ 'ਤੇ ਬੈਠਦਾ ਰਿਹਾ ਹਾਂ, ਕਈ ਦਫ਼ਾ ਤੁਹਾਡੇ ਘਰ ਉਨ੍ਹਾਂ ਦੇ ਆਉਣ ਬਾਰੇ ਸੁਣਦਾ ਰਿਹਾ ਹਾਂ ਤੇ ਇਸ ਤੋਂ ਬਿਨਾਂ ਮੈਂ ਤੁਹਾਡੇ ਨਾਲ ਉਨ੍ਹਾਂ ਦੇ ਮੈਤਰੀ ਭਰਪੂਰ ਵਿਚਾਰ-ਵਟਾਂਦਰਿਆਂ ਬਾਰੇ ਵੀ ਜਾਣੂ ਹਾਂ, ਜਿਸ ਦਾ ਸਿੱਟਾ ਇਹ ਹੈ ਕਿ ਇਕ ਅਜਿਹਾ ਮੌਕਾ ਆ ਗਿਆ ਕਿ ਅਸੀਂ ਕਦੇ ਤੁਹਾਨੂੰ ਮਿਲੇ ਬਿਨਾਂ ਹੀ ਤੁਹਾਡੇ ਚੰਗੀ ਤਰ੍ਹਾਂ ਵਾਕਿਫ਼ ਹੋ ਗਏ। ਜਦੋਂ ਮੇਰਾ ਪਿਤਾ ਆਪਣੇ ਆਖ਼ਰੀ ਦਿਨਾਂ ਵਿੱਚ ਹਸਪਤਾਲ ਵਿੱਚ ਸੀ ਤਾਂ ਉਹ ਬੜੇ ਪਿਆਰ ਨਾਲ ਪੁੱਛਿਆ ਕਰਦੇ ਸਨ, "ਅੱਜਕੱਲ੍ਹ ਸਰਦਾਰ ਖ਼ੁਸ਼ਵੰਤ ਸਿੰਘ ਕਿੱਥੇ ਹੈ? ਮੈਂ ਉਨ੍ਹਾਂ ਨੂੰ ਦੱਸਦਾ ਸੀ ਕਿ ਉਹ ਸ਼ਹਿਰ ਤੋਂ ਬਾਹਰ ਗਏ ਹੋਏ ਹਨ। ਉਹ ਉੱਤਰ ਸੁਣ ਕੇ ਕੁਝ ਚਿਰ ਸ਼ਾਂਤ ਰਹਿੰਦੇ। ਪ੍ਰੰਤੂ ਉਨ੍ਹਾਂ ਦੀ ਮੇਰੇ ਉੱਤਰ ਨਾਲ ਤਸੱਲੀ ਨਹੀਂ ਹੁੰਦੀ ਸੀ। ਫਿਰ ਉਹ ਪੁੱਛਦੇ ਕਿ ਕੀ ਮੈਂ ਉਸ ਦਾ ਤਾਜ਼ਾ ਲੇਖ ਪੜ੍ਹਿਆ ਹੈ ?

ਆਪਣੇ ਜੀਵਨ ਦੇ ਆਖ਼ਰੀ ਦੋ ਦਿਨਾਂ ਵਿੱਚ ਆਈ.ਸੀ.ਯੂ. ਵਿੱਚ ਹੋਣ ਵੇਲੇ ਵੀ ਉਹ 'ਹਿੰਦੁਸਤਾਨ ਟਾਈਮਜ਼' ਮੰਗਵਾ ਕੇ ਮੈਨੂੰ ਜਾਂ ਮੇਰੀ ਪਤਨੀ ਨੂੰ ਪੜ੍ਹਨ ਦੀ ਇੱਛਾ ਪ੍ਰਗਟ ਕਰਦੇ ਸਨ।

ਮੈਂ ਇਸ ਮੌਕੇ ਬੜੀ ਸੁਹਿਰਦਤਾ ਨਾਲ ਆਪ ਜੀ ਦਾ ਮੇਰੇ ਪਿਤਾ ਪ੍ਰਤੀ ਪਿਆਰ ਤੇ

ਕੀਮਤੀ ਨਾਲ ਨਿਵਾਜਣ ਲਈ ਧੰਨਵਾਦ ਕਰਦਾ ਹਾਂ। ਉਨ੍ਹਾਂ ਦੀਆਂ ਹਦਾਇਤਾਂ ਅਨੁਸਾਰ ਉਨ੍ਹਾਂ ਦੇ ਵੇਲੇ ਦੀਆਂ ਸਭ ਪ੍ਰੰਪਰਾਵਾਂ ਉਵੇਂ ਹੀ ਜਾਰੀ ਰਹਿਣਗੀਆਂ ਜਿਵੇਂ ਉਨ੍ਹਾਂ ਦੇ ਜੀਵਨ ਕਾਲ ਵਿੱਚ ਸਨ। ਇਸ ਲਈ ਮੇਰੇ ਵੱਲੋਂ ਨਿਮਰਤਾ ਨਾਲ ਉਹਨਾਂ ਨੂੰ ਉਵੇਂ ਹੀ ਜਾਰੀ ਰੱਖਿਆ ਜਾਵੇਗਾ। ਕ੍ਰਿਪਾ ਕਰਕੇ ਮੈਨੂੰ ਤੁਸੀਂ ਅਜਿਹਾ ਕਰਨ ਦੀ ਆਗਿਆ ਦੇਣਾ ਤਾਂ ਜੋ ਲਾਲਾ ਜੀ ਦੀ ਆਤਮਾ ਨੂੰ ਸਵਰਗ ਵਿੱਚ ਸ਼ਾਂਤੀ ਮਿਲੇ। ਮੈਂ ਇਸ ਲਈ ਵੀ ਧੰਨਵਾਦੀ ਹੋਵਾਂਗਾ ਜੇ ਤੁਸੀਂ ਇਹ ਦੱਸਣ ਦੀ ਕ੍ਰਿਪਾਲਤਾ ਕਰ ਸਕੋ ਕਿ ਸਾਡੇ ਦਹੀਂ ਭੱਲੇ ਪਿਤਾ ਜੀ ਦੇ ਸਮੇਂ ਵਾਂਗ ਹੀ ਸੁਆਦੀ ਹਨ।

ਮੈਂ ਛੇਤੀ ਹੀ ਤੁਹਾਡੀ ਇਜਾਜ਼ਤ ਮਿਲਣ 'ਤੇ ਆਪ ਜੀ ਨੂੰ ਮਿਲਣ ਆਵਾਂਗਾ ਤੇ ਸਤਿਕਾਰ ਭੇਂਟ ਕਰਾਂਗਾ।

ਅਤਿ ਸਤਿਕਾਰ ਤੇ ਧੰਨਵਾਦ ਸਹਿਤ,
ਪ੍ਰੇਮ ਮੋਹਨ ਕਾਲੜਾ
ਸਪੁੱਤਰ ਕਿਸ਼ਨ ਲਾਲ ਕਾਲੜਾ।

ਯੋਗੀ ਭਜਨ—ਅੱਧਾ ਝੁਕਿਆ ਖ਼ਾਲਸਈ ਨਿਸ਼ਾਨ ਸਾਹਿਬ

ਜਿਹਨਾਂ ਬਹੁਤ ਸਾਰੇ ਸੰਤ-ਪੁਰਸ਼ਾਂ ਨੂੰ ਮਿਲਣ ਦਾ ਮੈਨੂੰ ਸੁਭਾਗ ਪ੍ਰਾਪਤ ਹੋਇਆ, ਉਹਨਾਂ ਵਿੱਚੋਂ ਹਰਭਜਨ ਸਿੰਘ, ਜੋ ਆਮ ਕਰਕੇ ਯੋਗੀ ਭਜਨ ਵਜੋਂ ਵਧੇਰੇ ਉੱਘਾ ਸੀ, ਬਹੁਤ ਗੂੜ੍ਹ ਸੀ। ਉਸ ਨੂੰ ਸਮਝਣਾ ਬਹੁਤ ਔਖਾ ਸੀ। ਉਹ ਆਪਣੇ ਘਰ ਐਸਪਾਨੋਲਾ, ਨਿਊ ਮੈਕਸੀਕੋ, ਯੂ.ਐੱਸ.ਏ. ਵਿੱਚ 7 ਅਕਤੂਬਰ, 2004 ਨੂੰ ਦਿਲ ਦੀ ਗਤੀ ਰੁਕਣ ਨਾਲ 75 ਸਾਲ ਦੀ ਉਮਰ ਵਿੱਚ ਮਰ ਗਿਆ।

ਹਰਭਜਨ ਦਾ ਜਨਮ ਇਕ ਛੋਟੇ ਜਿਹੇ ਕਸਬੇ ਵਿੱਚ, ਜਿਹੜਾ ਹੁਣ ਪਾਕਿਸਤਾਨ ਵਿੱਚ ਹੈ, 26 ਅਗਸਤ, 1929 ਨੂੰ ਹੋਇਆ। ਉਸ ਦਾ ਪਿਤਾ ਇਕ ਡਾਕਟਰ ਸੀ। ਵੰਡ ਮਗਰੋਂ ਪਰਿਵਾਰ ਪਰਵਾਸ ਕਰਕੇ ਭਾਰਤ ਆ ਗਿਆ। ਉਸ ਨੂੰ ਡਲਹੌਜ਼ੀ ਦੇ ਇਕ ਸਕੂਲ ਵਿੱਚ ਪੜ੍ਹਨ ਪਾਇਆ ਗਿਆ। ਅਰਥ ਸ਼ਾਸਤਰ ਨਾਲ ਬੀ.ਏ. ਕਰਨ ਪਿੱਛੋਂ ਉਹ ਪਾਲਮ ਹਵਾਈ ਅੱਡੇ 'ਤੇ ਸਰਕਾਰੀ ਸੇਵਾ ਵਿੱਚ ਇਕ ਆਯਾਤ ਕਰ ਕਰਮਚਾਰੀ ਵਜੋਂ ਨਿਯੁਕਤ ਹੋ ਗਿਆ। ਸਰੀਰਕ ਯੋਗਤਾ ਖ਼ਾਸ ਕਰਕੇ ਹਾਕੀ ਤੇ ਫ਼ੁੱਟਬਾਲ ਉਸ ਦੇ ਸਥਾਈ ਸ਼ੌਕ ਸਨ। ਇਹਨਾਂ ਦੇ ਨਾਲ-ਨਾਲ ਉਹ ਯੋਗ ਦਾ ਅਭਿਆਸੀ ਵੀ ਸੀ। ਉਹ ਕੁੰਡਲਿਨੀ ਯੋਗ ਵਿੱਚ ਮਾਹਿਰ ਹੋ ਗਿਆ ਤੇ ਦੂਸਰਿਆਂ ਨੂੰ ਵੀ ਸਿਖਾਉਣ ਲੱਗ ਗਿਆ। ਉਸ ਉਪਰ ਸ਼ੱਕ-ਸੰਕਟ ਛਾ ਗਿਆ ਤੇ ਉਸ ਦੀ ਵਿਭਾਗੀ ਜਾਂਚ ਹੋਣੀ ਸ਼ੁਰੂ ਹੋ ਗਈ। ਇਸ ਦਾ ਮੁਕਾਬਲਾ ਕਰਨ ਦੀ ਥਾਂ ਉਹ 1968 ਵਿੱਚ ਕੈਨੇਡਾ ਪਰਵਾਸ ਕਰ ਗਿਆ ਤੇ ਉੱਥੇ ਟੋਰੌਂਟੋ ਵਿੱਚ ਯੋਗਾ ਸਿਖਿਅਕ ਦੇ ਤੌਰ 'ਤੇ ਸਥਾਪਤ ਹੋ ਗਿਆ। ਟੋਰੌਂਟੋ ਤੋਂ ਉਹ ਯੂ.ਐੱਸ.ਏ. ਵਿੱਚ ਕੈਲੇਫ਼ੋਰਨੀਆ ਚਲਾ ਗਿਆ। ਫਿਰ ਉਹ ਕਦੇ ਪਿੱਛੇ ਨਹੀਂ ਝਾਕਿਆ। ਜਿੱਥੇ ਵੀ ਗਿਆ ਉਸ ਨੇ ਸਿੱਖ ਧਰਮ ਤੇ ਕੁੰਡਲਿਨੀ ਯੋਗਾ ਦੀ ਅਜੀਬ ਜਿਹੀ ਮਿਲਾਵਟ ਕਰਕੇ ਪੜ੍ਹਾਉਣਾ ਸ਼ੁਰੂ ਕਰ ਦਿੱਤੀ। ਉਸ ਨੇ ਆਪਣੀ ਸੰਸਥਾ ਨੂੰ ਥਰੀ ਐੱਚ. ਓ. (3 HO—Healthy, Happy, Holly Organisation) ਭਾਵ ਸਿਹਤਮੰਦ, ਪ੍ਰਸੰਨ ਤੇ ਪਵਿੱਤਰ ਸੰਸਥਾ ਦਾ ਨਾਮ ਦਿੱਤਾ। ਕਿਸੇ ਖ਼ਾਸ ਕਾਰਨ, ਉਸ ਨੇ ਅੰਮ੍ਰਿਤਸਰ ਵਸਾਉਣ ਵਾਲੇ ਚੌਥੇ ਗੁਰੂ, ਸ੍ਰੀ ਗੁਰੂ ਰਾਮਦਾਸ ਜੀ ਨੂੰ ਗੁਰੂ ਵਜੋਂ ਆਪਣਾ ਆਦਰਸ਼ ਚੁਣਿਆ।

ਸਿੱਖਾਂ ਦੇ ਆਖ਼ਰੀ ਯੋਧਾ ਤੇ ਜੁਝਾਰੂ ਗੁਰੂ, ਗੁਰੂ ਗੋਬਿੰਦ ਸਿੰਘ ਜਿਨ੍ਹਾਂ ਨੇ ਖ਼ਾਲਸਾ ਪੰਥ ਦੀ ਸਥਾਪਨਾ ਕੀਤੀ, ਦਾ ਯੋਗੀ ਦੀਆਂ ਧਾਰਮਿਕ ਸਿੱਖਿਆਵਾਂ ਵਿੱਚ ਕੋਈ ਉੱਘਾ ਸਥਾਨ ਨਹੀਂ ਸੀ। ਉਸ ਦੀ 3 ਐੱਚ. ਓ. ਸੰਸਥਾ ਸ਼ਾਕਾਹਾਰੀ ਭੋਜਨ ਪ੍ਰਤੀ ਵਚਨਬੱਧ ਸੀ। ਛੇਤੀ ਹੀ ਯੋਗੀ ਭਜਨ ਦੇ ਅਮਰੀਕੀ ਸਿੱਖਾਂ ਦਾ ਮੱਤ ਪੈਦਾ ਹੋ ਗਿਆ। ਉਹ ਗੋਰੇ

ਲੋਕ ਚਿੱਟੀਆਂ ਦਸਤਾਰਾਂ, ਲੰਮੀਆਂ ਖੁੱਲ੍ਹੀਆਂ ਦਾੜ੍ਹੀਆਂ, ਕੁਰਤੇ-ਪਜਾਮਿਆਂ ਵਿੱਚ ਨਿਆਰੇ ਤੇ ਅੱਡਰੇ ਪੁਰਸ਼ ਸਨ। ਇਸਤਰੀਆਂ ਆਪਣੇ ਕੇਸਾਂ ਦਾ ਜੂੜਾ ਕਰਦੀਆਂ ਤੇ ਉਸ ਉਦਾਲੇ ਚਿੱਟਾ ਕੱਪੜਾ ਵਲ੍ਹੇਟਦੀਆਂ। ਉਹਨਾਂ ਦੇ ਸਿੱਖ ਨਾਮ ਰੱਖ ਕੇ ਪਿੱਛੇ 'ਖ਼ਾਲਸਾ' ਲਾ ਦਿੱਤਾ ਗਿਆ। ਕੁਝ ਹੀ ਸਾਲਾਂ ਵਿੱਚ ਉਹਨਾਂ ਦੀ ਗਿਣਤੀ ਵਧ ਕੇ ਹਜ਼ਾਰਾਂ ਵਿੱਚ ਹੋ ਗਈ। ਉਹਨਾਂ ਨੇ ਆਪਣੇ ਗੁਰਦੁਆਰੇ ਬਣਾ ਲਏ, ਗੁਰਬਾਣੀ ਦਾ ਗਾਇਨ ਕਰਨਾ ਤੇ ਕੀਰਤਨ ਕਰਨਾ ਸਿੱਖ ਲਿਆ। ਕਈ ਵਾਰ, ਯੋਗੀ ਆਪਣੇ ਚੇਲਿਆਂ ਨੂੰ ਤੀਰਥ ਯਾਤਰਾ ਲਈ ਕਿਰਾਏ ਦੇ ਜਹਾਜ਼ਾਂ ਰਾਹੀਂ ਪੰਜਾਬ ਵੀ ਲੈ ਕੇ ਆਉਂਦਾ। ਭਾਰਤੀ ਸਿੱਖ ਆਪਣੇ ਗੁਰੂਆਂ ਦਾ ਸੰਦੇਸ਼ ਵਿਦੇਸ਼ਾਂ ਵਿੱਚ ਫੈਲਦਾ ਵੇਖ ਕੇ ਖ਼ੁਸ਼ ਹੋ ਜਾਂਦੇ। ਯੋਗੀ ਜਿਸ ਨੂੰ ਮਗਰੋਂ ਸਿੰਘ ਸਾਹਿਬ ਦੀ ਸਨਮਾਨ ਸੂਚਕ ਉਪਾਧੀ ਦਿੱਤੀ ਗਈ, ਵਿਦੇਸ਼ੀ ਧਰਤੀ ਵਿੱਚ ਖ਼ਾਲਸਈ ਝੰਡਾ ਲਹਿਰਾਉਣ ਵਾਲਾ ਪਹਿਲਾ ਵਿਅਕਤੀ ਸੀ।

ਯੋਗੀ ਭਜਨ ਦੀ ਵਪਾਰ ਬਾਰੇ ਦ੍ਰਿਸ਼ਟੀ ਵੀ ਬੜੀ ਤੀਬਰ ਤੇ ਤੇਜ਼ ਸੀ। ਉਸ ਨੇ ਸਿਹਤਵਰਧਕ ਭੋਜਨ ਉਦਯੋਗ ਵਿੱਚ ਨਾਮ ਕਮਾਇਆ। ਉਸ ਨੇ ਵੈਸ਼ਣਵ ਰੈਸਟੋਰੈਂਟਾਂ ਦਾ ਸਿਲਸਿਲਾ ਕਾਇਮ ਕਰ ਦਿੱਤਾ ਜਿੱਥੇ ਕੇਵਲ ਕੁਦਰਤੀ ਖਾਦ ਨਾਲ ਉਗਾਈਆਂ ਸਬਜ਼ੀਆਂ ਹੀ ਵਰਤੀਆਂ ਤੇ ਪਰੋਸੀਆਂ ਜਾਂਦੀਆਂ ਸਨ। ਉਸ ਦੀ ਯੋਗੀ ਹਰਬਲ ਦੀ (ਜੜ੍ਹੀਆਂ ਬੂਟੀਆਂ ਤੋਂ ਤਿਆਰ ਚਾਹ) ਮੇਰੇ ਵੱਲੋਂ ਪੀਤੀ ਗਈ ਕਿਸੇ ਹੋਰ ਚਾਹ ਵਾਂਗ ਹੀ ਠੰਡ ਨੂੰ ਰੋਕਣ ਵਾਲੀ ਤੇ ਅਤਿਅੰਤ ਸੁਆਦਲੀ ਹੈ। ਪ੍ਰੰਤੂ ਉਸ ਦੀਆਂ ਤਿਆਰ ਕੁਝ ਚੀਜ਼ਾਂ ਦੇ ਨਾਮ ਬੜੇ ਮਨੋਹਰ ਹਨ; ਚਿੱਥੇ ਜਾਣ ਵਾਲੀ ਗੂੰਦ (ਚਿਊਇੰਗ ਗਮ) ਦਾ ਨਾਮ ਉਸ ਨੇ 'ਵਾਹਿਗੁਰੂ ਚੂੰ' ਰੱਖਿਆ ਹੋਇਆ ਹੈ। ਉਸ ਦਾ ਆਖ਼ਰੀ ਉੱਦਮ ਯੂ.ਐੱਸ. ਸਰਕਾਰ ਨੂੰ ਅਤਿਅੰਤ ਨਾਜ਼ੁਕ ਸਥਾਨਾਂ ਲਈ ਸੁਰੱਖਿਆ ਲਈ ਰਾਖੇ ਦੇਣ ਦਾ ਸੀ।

ਮੈਂ ਯੋਗੀ ਭਜਨ ਨੂੰ ਰਾਤਰੀ ਪਾਰਟੀ 'ਚ ਮਿਲਿਆ ਜਿਸਦਾ ਪ੍ਰਬੰਧ ਸਾਡੀ ਮੁਲਾਕਾਤ ਲਈ ਲੱਖਾਂ-ਕਰੋੜਾਂ ਦੇ ਮਾਲਕ ਨਾਨਕ ਕੋਹਲੀ ਦੇ ਘਰ ਵਾਸ਼ਿੰਗਟਨ ਵਿੱਚ ਕੀਤਾ ਗਿਆ। ਉਹ ਆਪਣੀਆਂ ਅਮਰੀਕਨ ਗੋਰੀਆਂ ਚੇਲੀਆਂ ਦੇ ਲਾਮ-ਲਸ਼ਕਰ ਨਾਲ ਆਇਆ। ਮੈਂ ਇਹ ਵੇਖ ਕੇ ਹੈਰਾਨ ਰਹਿ ਗਿਆ ਕਿ ਉਹ ਆਦਮੀ ਜੋ ਯੋਗ-ਅਭਿਆਸੀ ਸੀ, ਉਸ ਦੇ ਗੋਗੜ ਪੈਂਦੀ ਸੀ ਤੇ ਇਹ ਦੇਖ ਕੇ ਵੀ ਮੈਨੂੰ ਹੈਰਾਨੀ ਹੋਈ ਕਿ ਜੋ ਸਾਦਾ ਜੀਵਨ ਦੀਆਂ ਖ਼ੁਸ਼ੀਆਂ ਦੀ ਸਿੱਖਿਆ ਦਾ ਅਭਿਆਸੀ ਤੇ ਪ੍ਰਚਾਰਕ ਸੀ, ਉਸ ਨੇ ਹੀਰਿਆਂ ਜੜੀਆਂ ਸੋਨੇ ਦੀਆਂ ਮੁੰਦਰੀਆਂ ਆਪਣੀਆਂ ਉਂਗਲਾਂ ਵਿੱਚ ਪਾਈਆਂ ਹੋਈਆਂ ਸਨ। ਇਕ ਭਾਰਤੀ ਇਸਤਰੀ, ਜੋ ਉਸ ਦੀ ਚੇਲੀ ਸੀ, ਵੱਲੋਂ ਆਪ ਬਣਾ ਕੇ ਲਿਆਂਦੀ ਭਿੰਡੀ ਉਹ ਹਾਬੜਿਆਂ ਵਾਂਗ ਖਾ ਰਿਹਾ ਸੀ। ਉਹ ਇਸ ਨੂੰ ਬੜੇ ਸੁਆਦ ਨਾਲ ਖਾ ਰਿਹਾ ਸੀ। ਮੈਂ ਆਪਣੇ ਨਾਲ 'ਵਾਸ਼ਿੰਗਟਨ ਪੋਸਟ' ਦੇ ਅਮਲੇ ਦੇ ਦੋ ਅਮਰੀਕੀ ਪੱਤਰਕਾਰ ਲੈ ਗਿਆ ਤਾਂ ਜੋ ਉਹ ਉਸ ਦੇ ਜੀਵਨ-ਉਦੇਸ਼ ਬਾਰੇ ਕੁਝ ਲਿਖ ਸਕਣ। ਉਹਨਾਂ ਨੇ ਉਸ ਨੂੰ ਬੜੇ ਵੇਰਵੇ ਨਾਲ ਪ੍ਰਸ਼ਨ ਪੁੱਛੇ। ਉਹ ਪ੍ਰਭਾਵਿਤ ਨਾ ਹੋਏ। ਉਸ ਨੇ ਮੈਨੂੰ ਤੋਹਫ਼ੇ ਵਜੋਂ ਗੁਰਮੁਖੀ ਵਿੱਚ ਲਿਖੀਆ ਪੰਜ ਪੁਸਤਕਾਂ ਦਾ ਜੁੱਟ ਤੇ ਖੰਡੇ ਕ੍ਰਿਪਾਨ ਦੇ ਛੋਟੇ ਅਕਾਰ ਦੇ ਚਿੰਨ੍ਹ ਭੇਟ ਕੀਤੇ।

ਯੋਗੀ ਇਕ ਬੁਝਾਰਤ ਸੀ। ਜਦੋਂ ਉਹ ਭਾਰਤ ਵਿੱਚੋਂ ਚੋਰੀ ਨੱਸ ਕੇ ਕੈਨੇਡਾ ਪੁਹੰਚਿਆ ਤਾਂ ਉਸ ਨੇ ਹਵਾਈ ਟਿਕਟ ਲੈਣ ਲਈ 10 ਹਜ਼ਾਰ ਰੁਪਏ ਉਧਾਰ ਲਏ। 20 ਸਾਲ ਮਗਰੋਂ ਉਹ ਜਦ ਭਾਰਤ ਦੀ ਇਕ ਫੇਰੀ 'ਤੇ ਆਇਆ ਤਾਂ ਉਸ ਆਦਮੀ ਦੀ ਲੜਕੀ ਨੇ ਜਿਸ ਤੋਂ ਉਹ ਰੁਪਏ ਉਧਾਰ ਲੈ ਕੇ ਗਿਆ ਸੀ, ਕਰਜ਼ ਦੀ ਯਾਦ ਦਿਲਾਈ। ਉਸ ਨੂੰ ਉਮੀਦ ਸੀ ਕਿ ਯੋਗੀ ਉਹ ਰੁਪੇ ਵਿਆਜ ਸਣੇ ਮੋੜ ਦੇਵੇਗਾ ਕਿਉਂਕਿ ਉਹ ਬਹੁਤ ਅਮੀਰ ਸੀ। ਪਿਤਾ ਦਾ ਦਿੱਤਾ ਪੈਸਾ ਮਿਲਣ ਦੀ ਥਾਂ, ਉਸ ਨੂੰ ਝਿੜਕਾਂ ਪਈਆਂ। "ਤੂੰ ਚਾਲੀ ਸਾਲਾਂ ਦੀ ਹੋ ਗਈ ਏਂ। ਅਜੇ ਵੀ ਤੂੰ ਮਾਇਆ-ਜਾਲ ਵਿੱਚ ਫਸੀ ਹੋਈ ਏਂ" ਇਹ ਕਹਿ ਕੇ ਉਸ ਨੇ ਉਸ ਲੜਕੀ ਨੂੰ ਅਸ਼ੀਰਵਾਦ ਦਿੱਤੀ।

ਇਸ ਗੱਲ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਪੱਛਮੀ ਦੁਨੀਆਂ ਵਿੱਚ ਸਿੱਖ ਧਰਮ ਫੈਲਾਉਣ ਦਾ ਮੋਢੀ ਯੋਗੀ ਭਜਨ ਸੀ। 75 ਸਾਲ ਦੀ ਉਮਰ ਇਕ ਯੋਗ-ਅਭਿਆਸੀ ਤੇ ਸਿਹਤਵਰਧਕ ਭੋਜਨ ਦੇ ਖ਼ਬਤੀ ਲਈ ਜ਼ਿਆਦਾ ਨਹੀਂ ਸੀ ਤੇ ਉਸ ਦੇ ਇਸ ਉਮਰ ਵਿੱਚ ਚਲਾਣੇ ਕਾਰਨ ਇਸ ਯੋਗ ਪ੍ਰਚਾਰਕ ਦਾ ਸੋਗ, ਆਉਣ ਵਾਲੇ ਲੰਬੇ ਸਮੇਂ ਤੱਕ, ਖ਼ਾਲਸਈ ਨਿਸ਼ਾਨ ਅੱਧਾ ਨੀਵਾਂ ਕਰਕੇ ਮਨਾਇਆ ਜਾਂਦਾ ਰਹੇਗਾ।

ਯੋਗੀ ਦਾ ਇਹ ਵਿਰਸਾ ਕਿੰਨਾ ਚਿਰ ਕਾਇਮ ਰਹੇਗਾ, ਕੁਝ ਦੱਸਣਾ ਔਖਾ ਹੈ। ਉਸ ਨੇ ਯੂ.ਐੱਸ. ਅਤੇ ਪੰਜਾਬ ਵਿੱਚ ਕੁਝ ਸਕੂਲ ਤੇ ਸੰਸਥਾਵਾਂ ਸਥਾਪਿਤ ਕੀਤੀਆਂ। ਉਸ ਦੇ ਪਿੱਛੇ ਉਸ ਦੀ ਪਤਨੀ, ਦੋ ਲੜਕੇ ਤੇ ਇਕ ਲੜਕੀ ਹੈ। ਉਹਨਾਂ ਵਿੱਚੋਂ ਕੋਈ ਵੀ ਉਸ ਦੇ ਠਾਠ-ਬਾਠ ਦਾ ਭਾਈਵਾਲ ਨਹੀਂ ਸੀ। ਉਸ ਨੇ ਆਪਣਾ ਕੋਈ ਉਤਰਾਧਿਕਾਰੀ ਵੀ ਨਿਯੁਕਤ ਨਾ ਕੀਤਾ।

ਪਰੋਤਿਮਾ ਬੇਦੀ—ਜ਼ਿੰਦਗੀ ਲਈ ਹਾਬੜੀ ਤੀਵੀਂ

ਪਰੋਤਿਮਾ ਗੁਪਤਾ ਦਾ ਜਨਮ 1949 ਵਿੱਚ ਦਿੱਲੀ ਵਿੱਚ ਹੋਇਆ। ਉਸ ਦੇ ਪਿਤਾ ਨੂੰ ਜੋ ਇਕ ਛੋਟਾ ਵਪਾਰੀ ਸੀ, ਉਸ ਦੇ ਬਾਣੀਏ ਪਿਉ ਨੇ ਇਕ ਕਾਲੀ ਬੰਗਾਲਣ ਨਾਲ ਵਿਆਹ ਕਰਾਉਣ ਕਰਕੇ ਘਰੋਂ ਕੱਢ ਦਿੱਤਾ ਸੀ। ਉਸ ਨੇ ਆਪਣੀ ਕਿਸਮਤ ਭਾਰਤ ਦੇ ਵੱਖ-ਵੱਖ ਸ਼ਹਿਰਾਂ ਵਿੱਚ ਅਜ਼ਮਾਈ ਪਰ ਅੰਤ ਅਸਫਲ ਹੋ ਕੇ ਪਰਿਵਾਰ ਦੇ ਵਣਜ-ਵਪਾਰ ਵਿੱਚ ਫਿਰ ਆ ਸ਼ਾਮਿਲ ਹੋਇਆ।

ਉਹਨਾਂ ਦੇ ਤਿੰਨ ਲੜਕੀਆਂ ਤੇ ਇਕ ਲੜਕਾ, ਕੁੱਲ ਚਾਰ ਬੱਚੇ ਸਨ। ਪ੍ਰੋਤਿਮਾ ਉਹਨਾਂ ਦੀ ਦੂਸਰੀ ਬੇਟੀ ਸੀ ਤੇ ਉਸ ਨੂੰ ਸਭ ਤੋਂ ਘੱਟ ਪਿਆਰ ਮਿਲਿਆ। ਪਿਆਰ-ਰਹਿਤ ਬਚਪਨ ਨੇ ਉਸ ਨੂੰ ਬਾਗੀ ਬਣਾ ਦਿੱਤਾ। ਉਹ ਬੜੀ ਹੁਸ਼ਿਆਰ ਲੜਕੀ ਸੀ ਤੇ ਪੜ੍ਹਾਈ ਵਿੱਚ ਵੀ ਬਹੁਤ ਚੰਗੀ ਸੀ। ਉਸ ਦੀ ਜ਼ਿੰਦਗੀ ਦੇ ਸ਼ਬਦ ਕੋਸ਼ ਵਿੱਚ 'ਨਾਂਹ' ਤੇ 'ਪਛਤਾਵੇ' ਦੇ ਸ਼ਬਦ ਨਹੀਂ ਸਨ। ਜਿਸ ਨੇ ਵੀ ਉਸ ਨੂੰ ਚਾਹਿਆ, ਉਹ ਕਿਸੇ ਨੂੰ ਕਦੇ ਨਾਂਹ ਨਾ ਕਹਿ ਸਕੀ। ਉਹ ਇਕ ਅਜਿਹੀ ਮਨਭਾਉਂਦੀ ਤੇ ਸਜੀਵ ਉਤਸ਼ਾਹੀ ਜਵਾਨ ਇਸਤਰੀ ਸੀ ਜਿਸ ਵੱਲ ਬਹੁਤੇ ਆਦਮੀ ਖਿੱਚੇ ਆਉਂਦੇ। ਉਹ ਆਪਣੇ ਆਪ ਨੂੰ ਰੋਕ ਨਾ ਸਕਦੇ। ਉਸ ਨੂੰ ਆਪਣੇ ਸਰੀਰਕ ਤੇ ਜਜ਼ਬਾਤੀ ਅਨੁਭਵਾਂ ਦਾ ਵੀ ਕਦੇ ਪਛਤਾਵਾ ਨਾ ਹੋਇਆ। ਉਹ ਇਹ ਵੀ ਮਹਿਸੂਸ ਕਰਦੀ ਸੀ ਕਿ ਗੱਲ ਛੁਪਾ ਕੇ ਰੱਖਣੀ ਵੀ ਝੂਠ ਬੋਲਣ ਵਾਂਗ ਸੀ, ਇਸ ਲਈ ਉਹ ਹਰੇਕ ਨੂੰ ਆਪਣੇ ਪਤੀ ਸਮੇਤ ਉਹਦੀ ਜ਼ਿੰਦਗੀ ਵਿੱਚ ਉੱਤੋੜੁੱਤੀ ਆਏ ਪ੍ਰੇਮੀਆਂ ਨੂੰ ਹਰ ਗੱਲ ਦੱਸ ਦਿੰਦੀ। ਉਹ ਤੱਟ ਫੱਟ ਵਿਆਹ ਭੰਗ ਕਰ ਦਿੰਦੀ ਤੇ ਪਰਮ ਆਨੰਦ ਦੀ ਹਾਲਤ ਵਿੱਚ ਆਪਣੇ ਪ੍ਰੇਮੀਆਂ ਦੇ ਦਿਲਾਂ ਨੂੰ ਪਹੁੰਚਾਏ ਦੁੱਖ ਤੋਂ ਨਿਸ਼ਚਿੰਤ ਹੋ ਜਾਂਦੀ। ਉਹ ਆਪਣੇ ਮਨ ਤੋਂ ਹਰ ਬੋਝ ਉਤਾਰ ਦਿੰਦੀ। ਜਿਨ੍ਹਾਂ ਨਾਲ ਉਹ ਦੋਸਤੀ ਕਰਦੀ, ਉਹਨਾਂ ਬਾਰੇ ਉਹ ਸੱਚ ਸੱਚ ਦੱਸ ਦਿੰਦੀ। ਉਸਦੀ ਜੀਵਨ ਕਹਾਣੀ ਵਿੱਚ ਸ਼ਾਇਦ ਉਹ ਕੁਝ ਕਾਂਡ ਹੋਰ ਵੀ ਜੋੜ ਜਾਂਦੀ ਜੇ ਉਹ ਨਾਚ ਸਕੂਲ ਤੇ ਹੋਰ ਕਾਰ ਵਿਹਾਰ ਛੱਡ ਕੇ ਸਨਿਆਸਣ ਨਾ ਬਣੀ ਹੁੰਦੀ। ਪਰ ਮੌਤ ਨੇ ਉਸ ਨੂੰ ਅਚਨਚੇਤ ਹੀ ਦਬੋਚ ਲਿਆ। ਉਹ 18 ਅਗਸਤ, 1998 ਨੂੰ ਕੈਲਾਸ਼-ਮਾਨਸਰੋਵਰ ਦੀ ਯਾਤਰਾ 'ਚ ਚਟਾਨਾਂ ਡਿੱਗਣ ਕਰਕੇ ਮਰ ਗਈ। ਅਜੀਬ ਇਤਫ਼ਾਕ ਹੈ ਕਿ ਇਕ ਸੰਨਿਆਸਣ ਬਣ ਕੇ ਜਾਣ ਸਮੇਂ ਉਸ ਦੇ ਨਾਲ ਉਹਦਾ ਇਕ ਪ੍ਰੇਮੀ ਵੀ ਸੀ। ਉਸੇ ਦਿਨ ਹੀ ਬੰਬਈ ਵਿੱਚ ਭਾਰਤ ਦੀ ਪਹਿਲੀ ਸੁੰਦਰਤਾ ਰਾਣੀ ਪਰਸੀਸ ਖੰਬਾਤਾ, ਜੋ ਕਿਸੇ ਸਮੇਂ ਉਹਦੇ ਪਤੀ ਕਬੀਰ ਬੇਦੀ ਦੀ ਰਖੇਲ ਰਹੀ ਸੀ, ਵੀ ਮਰ ਗਈ।

ਪਹਿਲੀ ਵਾਰ ਮੈਂ ਪਰੋਤਿਮਾ ਨੂੰ ਬੰਬਈ ਵਿੱਚ ਗੋਪੀ ਗੌਬਾ ਦੇ ਘਰ ਮਿਲਿਆ। ਉਸ ਨਾਲ ਕਬੀਰ ਵੀ ਸੀ ਜਿਸ ਨੂੰ ਮੈਂ ਉਹਦੇ ਬਚਪਨ ਵਿੱਚ ਲਾਹੌਰ ਦੇ ਸਮੇਂ ਤੋਂ ਹੀ ਜਾਣਦਾ

ਸੀ। ਮੇਰਾ ਉਹਨਾਂ ਨੂੰ ਪਸੰਦ ਕਰਨ ਦਾ ਕੋਈ ਕਾਰਨ ਨਹੀਂ ਸੀ ਕਿਉਂਕਿ ਕਬੀਰ ਨੇ ਉਸੇ ਸਮੇਂ ਮੇਰੇ ਮਿੱਤਰ ਬੀ.ਸੀ. ਸਾਨਿਆਲ ਦੀ ਬੇਟੀ ਅੰਬਾ ਨੂੰ, ਜਿਸ ਨਾਲ ਉਸਦੀ ਮੰਗਣੀ ਹੋਈ ਸੀ, ਅੱਧ ਵਿਚਾਲੇ ਛੱਡ ਦਿੱਤਾ ਸੀ ਤੇ ਆਪ 19 ਸਾਲ ਦੀ ਪ੍ਰੋਤਿਮਾ ਨਾਲ ਰਹਿਣ ਲੱਗ ਪਿਆ ਸੀ। ਮੈਂ ਉਹਨਾਂ ਨਾਲ ਇਕ ਸ਼ਬਦ ਵੀ ਸਾਂਝਾ ਨਾ ਕੀਤਾ। ਜਦੋਂ ਪ੍ਰੋਤਿਮਾ ਗਰਭਵਤੀ ਹੋ ਗਈ ਤਾਂ ਉਹਨਾਂ ਵਿਆਹ ਕਰਨ ਦਾ ਫ਼ੈਸਲਾ ਕੀਤਾ। ਪੂਜਾ ਉਹਨਾਂ ਦੀ ਪਹਿਲੀ ਸੰਤਾਨ ਸੀ, ਪਰ ਨਾ ਤਾਂ ਵਿਆਹ ਕਰਕੇ ਤੇ ਨਾ ਹੀ ਬੱਚੇ ਦੇ ਆਉਣ ਨਾਲ ਉਹਨਾਂ ਦੋਹਾਂ ਦੇ ਤੌਰ-ਤਰੀਕਿਆਂ ਤੇ ਜੀਵਨ ਸ਼ੈਲੀ ਵਿੱਚ ਕੋਈ ਫ਼ਰਕ ਪਿਆ।

ਜਦੋਂ ਕਬੀਰ ਕਿਸੇ ਫ਼ਿਲਮ ਦੀ ਸ਼ੂਟਿੰਗ 'ਤੇ ਛੋਟੀ ਮੋਟੀ ਨਾਇਕਾ ਨਾਲ ਆਪਣੇ ਆਪ ਨੂੰ ਖ਼ੁਸ਼ ਰੱਖਣ ਲਈ ਗਿਆ ਹੁੰਦਾ, ਪਰੋਤਿਮਾ ਜੋ 8 ਮਹੀਨਿਆਂ ਦੀ ਪੂਜਾ ਦੀ ਮਾਂ ਸੀ, ਆਪਣੇ ਇਕ ਗੁਆਂਢੀ ਜਰਮਨ ਨੌਜਵਾਨ ਨਾਲ ਰੰਗ ਰਲੀਆਂ ਮਨਾ ਰਹੀ ਹੁੰਦੀ। ਉਹ ਯਕੀਨ ਨਾਲ ਨਹੀਂ ਕਹਿ ਸਕਦੀ ਸੀ ਕਿ ਉਹਦਾ ਬੇਟਾ ਸਿਧਾਰਥ ਉਸਦੇ ਪਤੀ ਦਾ ਸੀ ਜਾਂ ਉਸ ਦੇ ਆਰਜ਼ੀ ਪ੍ਰੇਮੀ ਦਾ। ਉਸ ਨੇ ਆਪਣਾ ਸ਼ੱਕ ਆਪਣੇ ਪਤੀ ਨੂੰ ਵੀ ਤੇ ਮਗਰੋਂ ਆਪਣੇ ਬੇਟੇ ਨੂੰ ਵੀ ਦੱਸ ਦਿੱਤਾ। ਲੜਕਾ ਦੁਬਿਧਕ ਮਾਨਸਿਕਤਾ ਦਾ ਰੋਗੀ ਹੋ ਗਿਆ ਤੇ ਉਸ ਨੇ ਮਗਰੋਂ ਯੂ.ਐੱਸ.ਏ. ਵਿੱਚ ਆਤਮ-ਘਾਤ ਕਰ ਲਿਆ।

ਫਿਰ ਮੈਂ ਪਰੋਤਿਮਾ ਦੀਆਂ ਗੋਆ ਦੇ ਇਕ ਬੀਚ ਤੇ ਅਲਫ਼ ਨੰਗੀ ਫਿਰ ਰਹੀ ਦੀਆਂ ਫ਼ੋਟੋਆਂ ਦੇਖੀਆਂ। ਇਸ ਨਾਲ ਮਧਵਰਗੀ ਸਮਾਜ ਨੂੰ ਕਰਾਰੀ ਸੱਟ ਵੱਜੀ-ਉਹ ਇਹੋ ਕਰਨਾ ਚਾਹੁੰਦੀ ਸੀ। ਇਕ ਦਿਨ ਜਦੋਂ ਮੈਂ 'ਇਲਸਟਰੇਟਡ ਵੀਕਲੀ ਆਫ਼ ਇੰਡੀਆ' ਦਾ ਸੰਪਾਦਨ ਕਰ ਰਿਹਾ ਸੀ ਤਾਂ ਆਈ.ਐੱਸ. ਜੌਹਰ ਨੇ ਮੈਨੂੰ ਫ਼ੋਟੋ ਗ੍ਰਾਫ਼ਰ ਨਾਲ ਲੈ ਕੇ ਆਉਣ ਲਈ ਕਿਹਾ ਕਿਉਂਕਿ ਪਰੋਤਿਮਾ ਨਾਲ ਉਸ ਦੀ ਮੰਗਣੀ ਹੋ ਰਹੀ ਸੀ। ਫ਼ੋਨ 'ਤੇ ਮੈਂ ਉਸ ਨੂੰ ਗਧਾ ਕਿਹਾ, ਪਰ ਮੈਂ ਉਸ ਕੋਲ ਚਲਾ ਗਿਆ। ਮੈਂ ਉਹਨਾਂ ਦੀ ਇਕ ਦੂਸਰੇ ਨੂੰ ਅੰਗੂਠੀਆਂ ਪਾਉਂਦਿਆਂ ਦੀ ਫ਼ੋਟੋ ਛਾਪੀ। ਉਹ ਇਸ ਪ੍ਰਚਾਰ ਦੇ ਹੀ ਚਾਹਵਾਨ ਸਨ। ਪਰੋਤਿਮਾ ਨੇ ਪਿੱਛੋਂ ਮੈਨੂੰ ਯਕੀਨ ਕਰਾਇਆ ਕਿ ਉਸ ਨੇ ਜੌਹਰ ਦਾ ਚੁੰਮਣ ਤੱਕ ਨਹੀਂ ਲਿਆ। ਮੈਂ ਪਰੋਤਿਮਾ ਦਾ ਯਕੀਨ ਕਰ ਲਿਆ ਕਿਉਂਕਿ ਉਹ ਕਦੇ ਝੂਠ ਨਹੀਂ ਬੋਲਦੀ ਸੀ।

ਮੈਂ ਪਰੋਤਿਮਾ ਨੂੰ ਓਡੀਸੀ ਨਾਚੀ ਦੇ ਤੌਰ 'ਤੇ ਜੋਬਨ 'ਤੇ ਆਉਂਦਿਆਂ ਨਹੀਂ ਦੇਖਿਆ, ਨਾ ਹੀ ਮੈਂ ਉਹਦੀ ਰਚਨਾ 'ਨ੍ਰਿਤਯਗ੍ਰਾਮ' ਨੂੰ ਦੇਖਿਆ। ਉਹ ਬੰਗਲੌਰ ਮੈਨੂੰ ਸੱਦਾ ਪੱਤਰ ਦੇਣ ਆਈ। ਮੈਂ ਸੱਦਾ ਪੱਤਰ ਪ੍ਰਵਾਨ ਕਰ ਲਿਆ। ਪਰ ਜਦੋਂ ਪਤਾ ਲੱਗਾ ਕਿ ਮੈਨੂੰ ਸੜਕ ਰਾਹੀਂ ਆਉਣ-ਜਾਣ 'ਤੇ ਚਾਰ ਘੰਟੇ ਲੱਗਣਗੇ ਤਾਂ ਮੈਂ ਇਰਾਦਾ ਬਦਲ ਦਿੱਤਾ। ਉਹ ਮੇਰੇ ਨਾਲ ਬਹੁਤ ਗ਼ੁਸੇ ਹੋਈ ਤੇ ਉਸ ਨੇ ਕਸਮ ਖਾਧੀ ਕਿ ਉਹ ਫਿਰ ਮੇਰੇ ਮੱਥੇ ਨਹੀਂ ਲੱਗੇਗੀ। ਉਹਦਾ ਗ਼ੁੱਸਾ ਬਹੁਤ ਚਿਰ ਨਾ ਰਿਹਾ। ਜਦੋਂ ਉਹਦੇ ਬੇਟੇ ਨੇ ਆਤਮਘਾਤ ਕਰ ਲਿਆ ਤਾਂ ਉਸ ਨੇ ਲੰਬੇ ਵਾਲ ਮੁਨਵਾ ਕੇ ਦੁਨਿਆਵੀ ਕਾਰ-ਵਿਹਾਰ ਤਿਆਗ ਦਿੱਤੇ। ਵਾਪਸ ਭਾਰਤ ਆ ਕੇ ਉਸ ਨੇ ਕਸੌਲੀ ਵਿੱਚ ਮੇਰੇ ਬੰਗਲੇ ਵਿੱਚ ਕੁਝ ਦਿਨ ਰਹਿਣ ਦੀ ਆਗਿਆ ਮੰਗੀ ਕਿਉਂਕਿ ਉਹ ਸਨਾਵਰ ਦੇ ਨੇੜੇ ਰਹਿਣਾ ਚਾਹੁੰਦੀ ਸੀ

ਜਿੱਥੇ ਕੁਝ ਸਮੇਂ ਲਈ ਉਹਦਾ ਬੇਟਾ ਪੜ੍ਹਦਾ ਰਿਹਾ ਸੀ। ਉਥੇ ਉਸ ਨੇ ਚਾਰ ਸਿਆਲ ਦੇ ਠੰਡੇ ਦਿਨ ਪਹਾੜਾਂ ਵਿੱਚ ਇਕੱਲੀ ਨੇ ਤੁਰ-ਫਿਰ ਕੇ ਗੁਜ਼ਾਰੇ। ਫਿਰ ਉਹ ਤਾਜ਼ਾ ਦਮ ਤੇ ਹੱਸਦੀ ਖਿੜਦੀ ਹੋਈ ਵਾਪਸ ਆ ਗਈ।

ਪਰੋਤਿਮਾ ਗੌਰੀ, ਜਿਵੇਂ ਉਸ ਨੇ ਆਪਣਾ ਨਵਾਂ ਨਾਮ ਰਖਿਆ, ਨੂੰ ਜੀਵਨ ਉਤਸ਼ਾਹ ਨਾਲ ਮਜ਼ੇ ਲੈ ਕੇ ਜੀਣ ਦੀ ਰੀਝ ਸੀ। ਉਹ ਆਪਣੇ ਯਾਰਾਂ, ਸ਼ਰਾਬ ਤੇ ਨਸ਼ਿਆਂ ਦੀ ਪ੍ਰੇਮਣ ਸੀ। ਉਸ ਦੇ ਪ੍ਰੇਮੀਆਂ ਦੀ ਗਿਣਤੀ ਕਾਫ਼ੀ ਸੀ, ਬਹੁਤਿਆਂ ਦੇ ਉਹ ਨਾਮ ਵੀ ਦੱਸਦੀ ਸੀ। ਉਨ੍ਹਾਂ ਵਿੱਚ ਸੰਗੀਤਕਾਰ ਪੰਡਿਤ ਜਸਰਾਜ ਵੀ ਸ਼ਾਮਿਲ ਸੀ ਤੇ ਰਜਨੀ ਪਟੇਲ ਵੀ ਜਿਸ ਨਾਲ ਉਹ ਉਹਦੇ ਹਸਪਤਾਲ ਵਿੱਚ ਦਾਖ਼ਲ ਹੋਣ ਤੱਕ ਪਿਆਰ ਪੱਤਰਾਂ ਦਾ ਆਦਾਨ-ਪ੍ਰਦਾਨ ਕਰਦੀ ਰਹੀ ਤੇ ਉਸ ਦੀ ਪਤਨੀ ਬਾਕੁਲ ਨੂੰ ਉਹਨਾਂ ਦੇ ਸੰਚਾਰ 'ਤੇ ਰੋਕ ਵੀ ਲਾਉਣੀ ਪਈ। ਉਹਦਾ ਆਖ਼ਰੀ ਪ੍ਰੇਮੀ ਇਕ ਸੌਦਾਗਰ ਸੀ ਜੋ ਪਰਿਵਾਰ ਤੇ ਵਣਜ ਵਪਾਰ ਤਿਆਗ ਕੇ ਉਹਦੀ ਸੇਵਾ ਵਿੱਚ ਆ ਹਾਜ਼ਰ ਹੋਇਆ।

ਉਸ ਦੀ ਬੇਟੀ ਪੂਜਾ ਨੇ ਬੜੇ ਹੌਸਲੇ ਨਾਲ ਆਪਣੀ ਮਾਂ ਦੇ 'ਸੰਸਮਰਨ' ਨੂੰ ਸੰਪਾਦਿਤ ਕਰਕੇ ਛਾਪਣ ਦਾ ਫ਼ੈਸਲਾ ਲਿਆ ਹੋਵੇਗਾ। 'ਪਰੋਤਿਮਾ ਬੇਦੀ ਦੀਆਂ ਯਾਦਾਂ-ਵਕਤ ਗੁਜ਼ਾਰਨਾ' ਜੋ ਵਾਈਕਿੰਗ ਪੈਂਗੁਇਨ ਵਾਲਿਆਂ ਨੇ ਛਾਪੀ, ਉਸ ਵਿੱਚ ਪੂਜਾ ਬੇਦੀ ਆਪਣੀ ਮਾਂ ਦੇ ਵਿਅਕਤਿਤਵ ਦਾ ਨਚੋੜ, 'ਕਾਮ, ਦਇਆ ਤੇ ਮੁਸਕਾਨ' ਤਿੰਨ ਸ਼ਬਦਾਂ ਵਿੱਚ ਕਰਦੀ ਹੈ। ਪਰੋਤਿਮਾ ਪਖੰਡੀਆਂ ਤੇ ਧੋਖੇਬਾਜ਼ਾਂ ਤੋਂ ਘ੍ਰਿਣਾ ਕਰਦੀ ਸੀ। ਉਸ ਨੇ ਲਿਖਿਆ ਹੈ—"ਹਰ ਉਹ ਇਸਤਰੀ ਜਿਨ੍ਹਾਂ ਨੂੰ ਮੈਂ ਜਾਣਦੀ ਹਾਂ, ਅੰਦਰੋ-ਅੰਦਰੀ ਬਹੁਤ ਸਾਰੇ ਪ੍ਰੇਮੀਆਂ ਨੂੰ ਚਾਹੁੰਦੀਆਂ ਸਨ ਪਰ ਉਹ ਕਈ ਕਾਰਨਾਂ ਕਰਕੇ ਅਜਿਹਾ ਨਾ ਕਰ ਸਕੀਆਂ। ਮੇਰੇ ਕੋਲ ਬਹੁਤ ਸਾਰਿਆਂ ਨੂੰ ਇਕੋ ਵੇਲੇ ਪਿਆਰ ਕਰ ਸਕਣ ਦੀ ਸਮਰੱਥਾ ਸੀ ਤੇ ਇਸ ਕਰਕੇ ਮੈਨੂੰ ਹੋਛੀ, ਮਨਮੱਤੀ ਤੇ ਅੱਯਾਸ਼ ਕਿਹਾ ਗਿਆ।"

ਮੈਂ ਪਰੋਤਿਮਾ ਨੂੰ ਜਿਸ ਤਰ੍ਹਾਂ ਦੀ ਉਹ ਸੀ, ਉਸ ਲਈ ਰੱਬੀ ਮਿਹਰ ਮੰਗਦਾ ਹਾਂ। ਮੈਂ ਪੂਜਾ ਨੂੰ ਇਸ ਕਰਕੇ ਅਸੀਸ ਦਿੰਦਾ ਹਾਂ ਕਿ ਉਸ ਨੇ ਸਾਨੂੰ ਦੱਸਿਆ ਹੈ ਕਿ ਉਹਦੀ ਮਾਂ ਨੇ ਆਪਣੇ ਬਾਰੇ ਕੀ ਕਿਹਾ ਸੀ। ਇਸ ਪ੍ਰਗਟਾਵੇ 'ਤੇ ਬਹੁਤ ਸਾਰੇ ਪਾਠਕਾਂ ਨੂੰ ਸੱਟ ਲੱਗੇਗੀ ਤੇ ਉਸ ਦੇ ਬਹੁਤ ਸਾਰੇ ਪ੍ਰੇਮੀ ਜੋ ਅਜੇ ਜਿਉਂਦੇ ਹੋਣਗੇ ਤੇ ਉਹਨਾਂ ਦੀਆਂ ਪਤਨੀਆਂ ਤੇ ਬੱਚੇ ਵੀ ਬਹੁਤ ਬੁਰੀ ਤਰ੍ਹਾਂ ਉਹਨਾਂ ਦੇ ਭੇਦ ਤੋਂ ਪਰਦਾ ਉੱਠਣ ਨਾਲ ਪ੍ਰੇਸ਼ਾਨ ਹੋਣਗੇ। ਪ੍ਰੰਤੂ ਜਿਸ ਨੇ ਵੀ 'ਟਾਈਮਪਾਸ' ਪੜ੍ਹਨਾ ਸ਼ੁਰੂ ਕਰ ਦਿੱਤਾ ਉਹ ਇਸ ਨੂੰ ਪੜ੍ਹ ਕੇ ਮੁਕਾਏ ਬਿਨਾਂ ਨਹੀਂ ਛੱਡੇਗਾ।

ਨਰਗਿਸ ਦੱਤ—ਭਾਰਤ ਮਾਤਾ

ਕਈ ਸਾਲ ਨਰਗਸ ਦੀ ਤਸਵੀਰ ਮੈਨੂੰ ਅੱਧੀ ਰਾਤ ਤੇ ਦੁਪਹਿਰ ਨੂੰ ਅਰਾਮ ਕਰਦਿਆਂ ਚਿੰਤਾਤੁਰ ਕਰਦੀ ਰਹੀ। ਉਹ ਮੇਰੇ ਜਿਹੇ ਧਰਤੀ ਦੇ ਜੀਵਾਂ ਤੋਂ ਦੂਰ ਦੁਰੇਡੇ ਪਿਆਰੀ ਪ੍ਰੇਤ-ਛਾਇਆ ਬਣੀ ਰਹੀ। ਇਕ ਦਿਨ ਮੇਰੇ ਟੈਲੀਫ਼ੋਨ ਦੀ ਘੰਟੀ ਵੱਜੀ ਤੇ ਇਕ ਮਿੱਠੀ ਅਵਾਜ਼ ਆਈ। "ਮੈਂ ਨਰਗਸ ਦੱਤ ਬੋਲ ਰਹੀ ਹਾਂ। ਕੀ ਮੈਂ ਮਿਸਟਰ....ਨਾਲ ਗੱਲ ਕਰ ਸਕਦੀ ਹਾਂ?"

"ਹਾਂ ਮੈਂ ਬੋਲ ਰਿਹਾ ਹਾਂ। ਕੀ ਤੁਸੀਂ ਨਰਗਿਸਦੱਤ ਫ਼ਿਲਮ ਸਟਾਰ ਹੀ ਬੋਲ ਰਹੇ ਹੋ?"

"ਜੀ ਹਾਂ।"

"ਮਦਰ ਇੰਡੀਆ ਤੇ ਹੋਰ ਫ਼ਿਲਮਾਂ ਵਾਲੀ?"

"ਜੀ ਹਾਂ। ਕੀ ਮੈਂ ਆ ਕੇ ਤੁਹਾਨੂੰ ਮਿਲ ਸਕਦੀ ਹਾਂ?"

ਇਕ ਘੰਟੇ ਪਿੱਛੋਂ ਉਹ ਮੇਰੇ ਦਫ਼ਤਰ ਵਿੱਚ ਰੁਮਕਦੀ ਪੌਣ ਵਾਂਗ ਕਈ ਦਿਲਾਂ ਨੂੰ ਪ੍ਰੇਸ਼ਾਨ ਕਰਦੀ ਤੇ ਧੜਕਣ ਵਿੱਚ ਵਾਧਾ ਕਰਦੀ ਅੰਦਰ ਦਾਖ਼ਲ ਹੋਈ। ਉਹ ਇੰਨੀ ਹੀ ਸੁੰਦਰ ਸੀ ਜਿੰਨੀ ਉਹ ਅਭਿਮਾਨ ਰਹਿਤ ਤੇ ਮੈਤਰੀ ਭਰਪੂਰ ਸੀ। ਉਸ ਨੇ ਕਿਹਾ, "ਮੈਂ ਆਪ ਪਾਸੋਂ ਨਿੱਜੀ ਸਹਾਇਤਾ ਲੈਣ ਆਈ ਹਾਂ। ਮੇਰਾ ਖ਼ਿਆਲ ਹੈ ਕਿ ਤੁਹਾਡਾ ਕਸੌਲੀ ਵਿੱਚ ਘਰ ਹੈ। ਮੇਰੇ ਬੱਚੇ ਸਨਾਵਰ ਵਿੱਚ ਹਨ ਤੇ ਮੈਨੂੰ ਸਕੂਲ ਦੇ 'ਨਿਰਮਾਤਾ ਸਪਤਾਹ ਦੇ ਸਮਾਗਮਾਂ' ਲਈ ਰਹਿਣ ਲਈ ਕੋਈ ਥਾਂ ਨਹੀਂ ਮਿਲ ਸਕਿਆ। ਮੈਂ ਸੋਚਦੀ ਹਾਂ ਕਿ ਤੁਸੀਂ ਮੈਨੂੰ ਆਪਣੇ ਘਰ ਰਹਿਣ ਦੀ ਆਗਿਆ ਦੇ ਸਕੋਗੇ?"

ਮੈਂ ਉੱਤਰ ਵਿੱਚ ਕਿਹਾ, "ਕਿਉਂ ਨਹੀਂ? ਪਰ ਇਕੋ ਸ਼ਰਤ ਹੈ।" ਮੈਂ ਜ਼ਰੂਰੀ ਉਤਸੁਕਤਾ ਪੈਦਾ ਕਰਨ ਲਈ ਰੁਕ ਗਿਆ। ਉਹ ਹਾਸੇ ਵਾਲੇ ਅੰਦਾਜ਼ ਵਿੱਚ ਮੇਰੇ ਵੱਲ ਵੇਖਦੀ ਹੋਈ ਬੋਲੀ, "ਕੀ?"

"ਸ਼ਰਤ ਇਹ ਹੈ ਕਿ ਅਜਿਹਾ ਹੋਣ ਪਿੱਛੋਂ ਤੁਸੀਂ ਮੈਨੂੰ ਹਰ ਕਿਸੇ ਨੂੰ ਜਿਸ ਨੂੰ ਮੈਂ ਪਸੰਦ ਕਰਦਾ ਹਾਂ, ਇਹ ਦੱਸਣ ਦੀ ਇਜਾਜ਼ਤ ਦੇਵੋ ਕਿ ਨਰਗਿਸ ਮੇਰੇ ਬਿਸਤਰੇ 'ਤੇ ਸੁੱਤੀ ਸੀ।"

ਉਹ ਸ਼ਰਮਾਉਂਦੀ ਹੋਈ ਖੁੱਲ੍ਹ ਕੇ ਹੱਸੀ। ਉਸ ਨੇ ਆਪਣਾ ਹੱਥ ਮੇਰੇ ਵੱਲ ਵਧਾਉਂਦਿਆਂ ਹੋਇਆਂ ਕਿਹਾ, "ਚਲੋ, ਠੀਕ। ਮੈਂ ਤੁਹਾਡੇ ਘਰ ਠਹਿਰਾਂਗੀ, ਤੁਸੀਂ ਕਹਿਣਾ ਮੈਂ ਤੁਹਾਡੇ ਬਿਸਤਰੇ 'ਤੇ ਸੁੱਤੀ।"

ਨਰਗਿਸ ਨੇ ਇਹ ਗੱਲਬਾਤ ਬਿਨਾਂ ਕਿਸੇ ਘਬਰਾਹਟ ਦੇ ਵਾਰ-ਵਾਰ ਕਹੀ। ਉਸ ਵਿੱਚ ਲੋਕਾਂ ਨੂੰ ਖ਼ੁਸ਼ ਕਰਨ ਦਾ ਕੁਦਰਤੀ ਗੁਣ ਅਤੇ ਖੁਣਸੀ ਮਜ਼ਾਕੀਆ ਰੁਚੀ ਸੀ, ਪਰ

ਜਦੋਂ ਉਹ ਆਖ਼ਰੀ ਵਾਰ ਰਾਜ-ਸਭਾ ਦੇ ਸਮਾਗਮ ਵਿੱਚ ਭਾਗ ਲੈਣ ਲਈ ਦਿੱਲੀ ਆਈ ਤਾਂ ਉਸ ਵਿੱਚ ਉਸ ਦੀ ਸਾਧਾਰਨ ਜ਼ਿੰਦਾ ਦਿਲੀ ਗ਼ਾਇਬ ਸੀ। ਉਸ ਨੇ ਕਿਹਾ, "ਮੈਨੂੰ ਇੱਥੇ ਨਹੀਂ ਆਉਣਾ ਚਾਹੀਦਾ ਸੀ। ਮੇਰੇ ਡਾਕਟਰ ਨੇ ਕਿਹਾ ਹੈ ਕਿ ਮੈਨੂੰ ਪੀਲੀਆ ਰੋਗ ਹੈ ਪਰ ਮੈਂ ਸਥਾਨਕ ਰੋਟਰੀ ਕਲੱਬ ਨੂੰ ਵਚਨ ਦਿੱਤਾ ਸੀ ਕਿ ਮੈਂ ਆਵਾਂਗੀ। ਮੈਂ ਆਪਣਾ ਵਚਨ ਤੋੜਨਾ ਨਹੀਂ ਚਾਹੁੰਦੀ ਸੀ। ਕੀ ਮੈਂ ਐਸਾ ਕਰਦੀ? ਤੇ ਨਾਲੇ ਬਾਘਪਤ ਬਾਰੇ ਬਹਿਸ ਵੀ ਸੀ।"

ਇਹ ਬਹਿਸ ਜਿਵੇਂ ਤੁਹਾਨੂੰ ਯਾਦ ਹੋਵੇਗਾ, ਮੁੱਖ ਤੌਰ 'ਤੇ ਵਿਰੋਧੀ ਧਿਰ ਵੱਲੋਂ ਤਿੰਨ ਆਦਮੀਆਂ ਨੂੰ ਗੋਲੀ ਮਾਰੇ ਜਾਣ 'ਤੇ ਮਾਇਆ ਤਿਆਗੀ ਦੇ ਪੁਲਿਸ ਥਾਣੇ ਵਿੱਚ ਬਲਾਤਕਾਰ ਬਾਰੇ ਲੰਮਾ ਭਾਸ਼ਣ ਹੀ ਸੀ। ਸਦਨ ਵਿੱਚ ਮਾਹੌਲ ਉਤੇਜਨਾ ਨਾਲ ਲਬਰੇਜ਼ ਸੀ। ਇਕ ਇਸਤਰੀ ਸਦੱਸਿਆ, ਜੋ ਥੋੜ੍ਹੀ ਜਿਹੀ ਸਾਂਵਲੀ ਤੇ ਮੋਟੀ ਸੀ, ਗੁੱਸੇ ਨਾਲ ਭਰਪੂਰ ਵਿਸ਼ੇਸ਼ਣਾਂ ਦੀ ਝੜੀ ਲਾਉਂਦਿਆਂ ਜੁਆਲਾਮੁਖੀ ਪਹਾੜ ਵਾਂਗ ਫੱਟ ਪਈ ਤੇ ਸਰਕਾਰ ਉਪਰ ਲਾਵਾਂ ਉਗਲਦਿਆਂ ਉਸ ਨੇ ਕਿਹਾ ਕਿ ਇਕ ਇਸਤਰੀ ਨੇਤਾ ਦੀ ਅਗਵਾਈ ਵਾਲੀ ਹਕੂਮਤ ਕਿਵੇਂ ਇਸਤਰੀਆਂ ਦੀ ਬੇਪਤੀ, ਛੇੜਛਾੜ ਤੇ ਬਲਾਤਕਾਰ ਦੀ ਖੁੱਲ੍ਹੀ ਛੋਟ ਦੇ ਸਕਦੀ ਹੈ? "ਏਥੇ ਵੀ ਬਲਾਤਕਾਰ ਤੇ ਓਥੇ ਵੀ। ਹਰ ਰੋਜ਼ ਅਸੀਂ ਬਲਾਤਕਾਰ ਦੀਆਂ ਹੋ ਰਹੀਆਂ ਘਟਨਾਵਾਂ ਬਾਰੇ ਸੁਣਦੇ ਹਾਂ।" ਉਸ ਨੇ ਤਿੱਖੀ ਚੀਖਵੀਂ ਅਵਾਜ਼ ਵਿੱਚ ਕਿਹਾ। ਨਰਗਿਸ ਜੋ ਮੇਰੇ ਨਾਲ ਦੀ ਸੀਟ 'ਤੇ ਬੈਠੀ ਸੀ, ਅਚਾਨਕ ਜੋਸ਼ ਵਿੱਚ ਆ ਗਈ। ਉਸ ਨੇ ਜ਼ੋਰ ਨਾਲ ਉੱਚੀ ਅਵਾਜ਼ ਵਿੱਚ ਕਿਹਾ, "ਤੁਸੀਂ ਇੰਨਾ ਕਿਉਂ ਭੜਕੇ ਹੋਏ ਹੋ? ਤੁਹਾਡਾ ਕੋਈ ਬਲਾਤਕਾਰ ਨਹੀਂ ਕਰੇਗਾ।" ਸ਼ੁਕਰ ਕਰੋ ਕਿ ਉਸ ਦੇ ਨੇੜੇ ਬੈਠੇ ਕੁਝ ਮੈਂਬਰਾਂ ਨੇ ਹੀ ਉਹਦੀ ਟਿੱਪਣੀ ਸੁਣੀ ਤੇ ਸੁਆਦ ਲੈਂਦੇ ਲੈਂਦੇ ਹੱਸ ਪਏ।

ਨਰਗਿਸ ਬਹੁਤ ਬਿਮਾਰ ਸੀ। ਮੈਂ ਉਸ ਨੂੰ ਨਿਊਯਾਰਕ ਵਿੱਚ ਮਿਲਣ ਦੀ ਕੋਸ਼ਿਸ਼ ਕੀਤੀ। ਸਲੋਨ-ਕੀਟਰਿੰਗ ਹਸਪਤਾਲ ਦੀ ਸੁਆਗਤ ਕਰਤਾ ਉਪਰ ਇਸ ਗੱਲ ਦਾ ਕੋਈ ਅਸਰ ਨਾ ਹੋਇਆ ਕਿ ਅੱਧੀ ਦੁਨੀਆ ਲੰਘ ਕੇ ਮੈਂ ਉਸ ਨੂੰ ਮਿਲਣ ਆਇਆ ਹਾਂ। ਮੇਰੇ ਵਾਰ-ਵਾਰ ਕਹਿਣ 'ਤੇ ਉਹ ਖਿਝ ਕੇ ਕਹਿਣ ਲੱਗੀ, "ਕੀ ਤੁਸੀਂ ਉਸਦੇ ਪਤੀ ਹੋ?"

"ਅਫ਼ਸੋਸ ਕਿ ਮੈਂ ਨਹੀਂ ਹਾਂ।" ਮੈਂ ਉੱਤਰ ਦਿੱਤਾ ਤੇ ਕਿਹਾ ਕਿ "ਮੈਂ ਦੂਰ ਦਾ ਮਿੱਤਰ ਤੇ ਤੀਬਰ ਪ੍ਰਸ਼ੰਸਕ ਹਾਂ।"

ਇਸ ਤਰ੍ਹਾਂ ਨਰਗਿਸ ਵਿਛੋੜਾ ਦੇ ਗਈ। ਮੈਂ ਇਹ ਵਿਸ਼ਵਾਸ ਨਹੀਂ ਕਰ ਰਿਹਾ ਸੀ ਕਿ ਉਸ ਨੂੰ ਸਲੋਨ-ਕੇਟਰਿੰਗ ਹਸਪਤਾਲ 'ਚੋਂ ਇਲਾਜ ਮਗਰੋਂ ਛੁੱਟੀ ਦੇ ਦਿੱਤੀ ਗਈ ਸੀ। ਉਹਨਾਂ ਦਾ ਵਿਚਾਰ ਸੀ ਕਿ ਉਹਦਾ ਹੋਰ ਇਲਾਜ ਸੰਭਵ ਨਹੀਂ ਤੇ ਉਸ ਨੇ ਘਰ ਆ ਕੇ ਮਰਨ ਦਾ ਫ਼ੈਸਲਾ ਕਰ ਲਿਆ। "ਐ ਮੌਤ! ਤੂੰ ਘਮੰਡ ਕਰਦੀ ਹੈਂ ਕਿ ਤੇਰੇ ਕਬਜ਼ੇ ਵਿੱਚ ਇਕ ਬੇਨਜ਼ੀਰ ਤੇ ਅਦੁੱਤੀ ਲੜਕੀ ਹੈ।"

ਉਹ ਬਹੁਤ ਸੁੰਦਰ ਸੀ। ਇਸ ਸ਼ਬਦ ਦਾ ਅਰਥ ਭਾਵੇਂ ਕਿਸੇ ਵੀ ਪਹਿਲੂ ਤੋਂ ਕਰੀਏ। ਉਹ ਉੱਤਮ ਢਾਂਚੇ ਤੇ ਆਕਾਰ ਵਿੱਚ ਸੁਨਹਿਰੀ ਦਿਲ ਨੂੰ ਸਜਾ ਕੇ ਸਦਾ ਗ਼ਰੀਬਾਂ, ਅੰਨ੍ਹਿਆਂ ਤੇ ਅਧਰੰਗ ਮਾਰੇ ਲੋਕਾਂ ਲਈ ਸਹਾਇਤਾ ਨੂੰ ਬਹੁੜਦੀ। ਉਸ ਦੀ ਮੁਸਕਰਾਹਟ

ਕੀਲ ਲੈਂਦੀ ਸੀ ਤੇ ਉਸਦਾ ਹਾਸਾ ਸਭ ਨੂੰ ਛੂਹ ਜਾਂਦਾ। ਉਸ ਕੋਲ ਸਦੀਵੀ ਜੋਬਨ ਦੀ ਸੁਗਾਤ ਸੀ ਤੇ ਉਹ ਪੰਜਾਹਵਿਆਂ ਵਿੱਚ ਵੀ ਇਸ ਤਰ੍ਹਾਂ ਦਿਸਦੀ ਸੀ ਜਿਵੇਂ ਉਹ ਵੀਹਾਂ ਤੋਂ ਵੀ ਹੇਠਾਂ ਹੋਵੇ।

ਇਕ ਚੀਜ਼ ਜੋ ਮੇਰੀ ਉਤਸੁਕਤਾ ਜਗਾਉਂਦੀ ਹੈ, ਉਹ ਉਸ ਦਾ ਧਰਮ ਸੀ। ਕੀ ਉਹ ਮੁਸਲਮਾਨ ਸੀ ਜਾਂ ਹਿੰਦੂ, ਦੋਵਾਂ ਧਰਮਾਂ ਦੀ ਜਾਂ ਕਿਸੇ ਦੀ ਵੀ ਨਹੀਂ। ਉਹ ਮੱਥੇ 'ਤੇ ਬਿੰਦੀ ਲਾਉਂਦੀ ਸੀ, ਵਿਆਹ ਇਕ ਬ੍ਰਾਹਮਣ ਨਾਲ ਕਰਵਾਇਆ ਤੇ ਬੱਚਿਆਂ ਦੇ ਨਾਮ ਹਿੰਦੂਆਂ ਵਾਲੇ ਰੱਖੇ। ਉਹ ਵਧੇਰੇ ਕਰਕੇ ਗਣੇਸ਼ਪੁਰੀ ਵਿੱਚ ਸਵਾਮੀ ਮੁਕਤਾਨੰਦ ਦੇ ਆਸ਼ਰਮ ਵਿੱਚ ਦੇਖੀ ਜਾਂਦੀ। ਫਿਰ ਵੀ ਉਸ ਨੂੰ ਮੁਸਲਮਾਨੀ ਰੀਤਾਂ ਅਨੁਸਾਰ ਮੁਸਲਮਾਨਾਂ ਦੀਆਂ ਕਬਰਾਂ ਵਿੱਚ ਦਫ਼ਨ ਕੀਤਾ ਗਿਆ ਜਿੱਥੇ ਉਹਦਾ ਹਿੰਦੂ ਪਤੀ ਫ਼ਾਤਿਹ ਪੜ੍ਹਦਾ ਰਿਹਾ। ਮੇਰੇ ਖ਼ਿਆਲ ਵਿੱਚ ਕੋਈ ਹੋਰ ਭਾਰਤੀ ਪਰਿਵਾਰ ਐਸਾ ਨਹੀਂ ਹੈ ਜੋ ਸਾਰੇ ਧਰਮਾਂ ਦੀ ਇਕੋ ਜਿਹੀ ਇੱਜ਼ਤ ਸਤਿਕਾਰ ਦੀ ਉਦਾਹਰਨ ਪੇਸ਼ ਕਰ ਸਕੇ।

ਮੇਰੀ ਰਾਜ-ਸਭਾ ਮੈਂਬਰ ਵਜੋਂ ਪ੍ਰਸਿੱਧੀ ਦਾ ਮੁਖ ਦਾਅਵਾ ਇਸ ਕਾਰਨ ਹੈ ਕਿ ਮੈਂ ਨਰਗਿਸ ਦੇ ਨਾਲ ਲਗਵੀਂ ਸੀਟ 'ਤੇ ਬੈਠਦਾ ਸੀ ਤੇ ਪਾਰਲੀਮੈਂਟ ਦੇ ਮੇਰੇ ਸਾਥੀ ਮੇਰੇ ਨਾਲ ਰਸ਼ਿਕ ਕਰਦੇ ਸਨ। ਇਹ ਸਥਾਨ ਪਿਛਲੇ ਅਗਸਤ ਤੋਂ ਖ਼ਾਲੀ ਪਿਆ ਹੈ। ਨਿਰਸੰਦੇਹ ਇਸ ਸਥਾਨ ਨੂੰ ਭਰਨ ਲਈ ਕਿਸੇ ਹੋਰ ਨੂੰ ਉਸ ਦੀ ਥਾਂ ਨਾਮਜ਼ਦ ਕੀਤਾ ਜਾਵੇਗਾ। ਪ੍ਰੰਤੂ ਲੱਖਾਂ ਲੋਕਾਂ ਦੇ ਮਨਾਂ ਵਿੱਚ ਜੋ ਖ਼ਲਾਅ ਰਹੇਗਾ, ਉਹ ਕਦੇ ਵੀ ਭਰਿਆ ਨਹੀਂ ਜਾ ਸਕੇਗਾ।

ਅੰਮ੍ਰਿਤਾ ਸ਼ੇਰਗਿੱਲ—ਘਾਤਕ ਸੁਹਾਗਣ

ਮੇਰੇ ਵੱਲੋਂ ਇਹ ਲਿਖਣਾ ਉੱਕਾ ਹੀ ਉੱਚਿਤ ਨਹੀਂ ਕਿ ਮੈਂ ਅੰਮ੍ਰਿਤਾ ਸ਼ੇਰਗਿੱਲ ਨੂੰ ਆਪਣੇ ਜੀਵਨ ਵਿੱਚ ਆਈ ਇਸਤਰੀ ਲਿਖਾਂ। ਮੈਂ ਉਸ ਨੂੰ ਸਿਰਫ਼ ਦੋ ਵਾਰ ਮਿਲਿਆ ਸੀ, ਪ੍ਰੰਤੂ ਇਹ ਦੋ ਵਾਰ ਦੀ ਮਿਲਣੀ ਵੀ ਮੇਰੀ ਯਾਦ ਵਿੱਚ ਉੱਕਰੀ ਪਈ ਹੈ। ਇਕ ਕਲਾਕਾਰ ਵਜੋਂ ਉਸ ਦੀ ਪ੍ਰਸਿੱਧਤਾ ਉਸ ਦੀ ਸੁੰਦਰਤਾ ਦਾ ਜਾਦੂ ਜੋ ਉਹਦੇ ਸ੍ਵੈ-ਚਿੱਤਰਾਂ ਵਿੱਚ ਉਸ ਨੇ ਹੋਰ ਵੀ ਵਿਸ਼ਵਾਸ ਯੋਗ ਬਣਾ ਦਿੱਤਾ ਤੇ ਉਸ ਦੀ ਇਕ ਖੁੱਲ੍ਹੇ ਜਿਨਸੀ ਸੰਬੰਧ ਰੱਖਣ ਵਾਲੀ ਹਰਜਾਈ ਤੀਵੀਂ ਵਜੋਂ ਸ਼ੋਹਰਤ ਸੱਚਮੁੱਚ ਹੀ ਬਰਫ਼ਾਨੀ ਤੋਂਦੇ ਦੇ ਗੋਲੇ ਬਣ ਬਣ ਕੇ ਡਿੱਗਦੀ ਰਹੀ, ਉਹ ਅਜੇ ਤੱਕ ਵੀ ਖ਼ਤਮ ਨਹੀਂ ਹੋਈ। ਇਸ ਕਾਰਨ ਹੀ ਉਸ ਨੂੰ ਮੈਂ ਆਪਣੀ ਸੂਚੀ ਵਿੱਚ ਸ਼ਾਮਿਲ ਕਰ ਲਿਆ ਹੈ।

ਉਸ ਦੀ ਜ਼ਿੰਦਗੀ ਦੀ ਆਖ਼ਰੀ ਗਰਮੀਆਂ ਦੀ ਰੁੱਤ ਵਿੱਚ ਮੈਨੂੰ ਇਹ ਪਤਾ ਲੱਗਾ ਕਿ ਉਹ ਤੇ ਉਸ ਦੇ ਹੰਗਰੀ ਵਾਸੀ ਮਮੇਰ ਪਤੀ ਨੇ ਜੋ ਪੇਸ਼ੇ ਵਜੋਂ ਡਾਕਟਰ ਸੀ, ਸੜਕ ਦੇ ਦੂਸਰੇ ਪਾਸੇ ਮੇਰੇ ਘਰ ਦੇ ਕੋਲ ਇਕ ਘਰ ਵਿੱਚ ਰਹਿ ਰਹੇ ਸਨ। ਉਸ ਦਾ ਪਤੀ ਉਥੇ ਡਾਕਟਰੀ ਧੰਦਾ ਚਾਲੂ ਕਰਨਾ ਚਾਹੁੰਦਾ ਸੀ ਤੇ ਉਹ ਆਪ ਇਕ ਚਿੱਤਰਸ਼ਾਲਾ। ਮੈਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਕਿ ਉਹਨਾਂ ਨੇ ਲਾਹੌਰ ਨੂੰ ਹੀ ਰਹਿਣ ਲਈ ਕਿਉਂ ਚੁਣਿਆ। ਇਸ ਦਾ ਇਕ ਕਾਰਨ ਸ਼ਾਇਦ ਇਹ ਹੋਵੇ ਕਿ ਅੰਮ੍ਰਿਤਾ ਦੇ ਬਹੁਤ ਸਾਰੇ ਮਿੱਤਰ ਤੇ ਪ੍ਰਸ਼ੰਸਕ ਉਸ ਸ਼ਹਿਰ ਵਿੱਚ ਰਹਿੰਦੇ ਸਨ। ਉਸ ਦੇ ਪਿਤਾ ਦੇ ਘਰਾਣੇ ਵੱਲੋਂ ਇਥੇ ਉਸ ਦੇ ਵੱਡੀਆਂ-ਵੱਡੀਆਂ ਜਾਗੀਰਾਂ-ਜ਼ਮੀਨਾਂ ਦੇ ਮਾਲਕ ਰਿਸ਼ਤੇਦਾਰ ਵੀ ਲਾਹੌਰ ਮਿਲਣ ਆਉਂਦੇ ਰਹਿੰਦੇ ਸਨ। ਉਹਨਾਂ ਨੂੰ ਇਹ ਥਾਂ ਭਾਰਤ ਦੇ ਕਿਸੇ ਹੋਰ ਸ਼ਹਿਰ ਵਾਂਗੂ ਹੀ ਰਿਹਾਇਸ਼ ਲਈ ਠੀਕ ਜਾਪੀ।

1943 ਦੇ ਜੂਨ ਦਾ ਮਹੀਨਾ ਸੀ। ਮੇਰੀ ਪਤਨੀ, ਸਾਡੇ ਸੱਤਾਂ ਮਹੀਨਿਆਂ ਦੇ ਬੇਟੇ ਰਾਹੁਲ ਨਾਲ, ਸ਼ਿਮਲੇ ਤੋਂ 7 ਮੀਲ ਦੂਰ ਮਸ਼ੋਬਰਾ ਵਿੱਚ 'ਸੁੰਦਰਬਨ' ਮੇਰੇ ਮਾਪਿਆਂ ਦੇ ਘਰ ਚਲੀ ਗਈ ਸੀ। ਮੈਂ ਆਪਣੀਆਂ ਸਵੇਰਾਂ ਤਾਂ ਹਾਈਕੋਰਟ ਦੇ ਵਕੀਲਾਂ ਨਾਲ ਕੋਫ਼ੀ ਦੇ ਕੱਪ ਪੀਂਦਿਆਂ ਗੱਪਾਂ ਮਾਰ ਕੇ ਜਾਂ ਜੱਜਾਂ ਕੋਲ ਮੁਕੱਦਮਿਆਂ ਦੀਆਂ ਬਹਿਸਾਂ ਸੁਣ-ਸੁਣ ਕੇ ਲੰਘਾਉਂਦਾ। ਮੇਰੇ ਕੋਲ ਤਾਂ ਕੋਈ ਮੁਕੱਦਮਾ ਘੱਟ ਹੀ ਹੁੰਦਾ ਸੀ। ਫਿਰ ਵੀ ਮੈਂ ਨਿਯਮ ਨਾਲ ਰੋਜ਼ਾਨਾ ਕਚਹਿਰੀ ਕਾਲਾ ਕੋਟ ਪਾ ਕੇ ਕਾਲਰਾਂ ਉਦਾਲੇ ਚਿੱਟਾ ਲਬਾਦਾ ਓੜ੍ਹ ਕੇ ਤੇ ਕਾਲਾ ਚੋਗਾ ਲੈ ਕੇ ਦੂਸਰਿਆਂ 'ਤੇ ਇਹ ਰੋਅਬ ਪਾਉਣ ਲਈ ਜਾਂਦਾ ਕਿ ਮੇਰੇ ਕੋਲ ਇਕ ਵਕੀਲ ਵਜੋਂ ਬੜਾ ਕੰਮ ਹੈ, ਤੇ ਦੁਪਹਿਰ ਦੇ ਖਾਣੇ ਲਈ ਵਾਪਸ ਆਉਂਦਾ ਤੇ ਫਿਰ ਲੰਮਾ ਸਮਾਂ ਅਰਾਮ ਕਰਨ ਲਈ ਸੌਂ ਜਾਂਦਾ ਤੇ ਸ਼ਾਮ ਨੂੰ ਅੰਤਰ-ਰਾਸ਼ਟਰੀ (ਕਾਸਮੋ-ਪੋਲਿਟਨ) ਕਲੱਬ ਵਿੱਚ ਟੈਨਿਸ ਖੇਡਣ ਚਲਾ ਜਾਂਦਾ।

ਇਕ ਦਿਨ ਮੈਂ ਘਰ ਮੁੜ ਕੇ ਆਇਆ ਤਾਂ ਵੇਖਿਆ ਕਿ ਮੇਰੇ ਘਰ ਵਿੱਚ ਮਹਿੰਗੇ ਫ਼ਰਾਂਸੀਸੀ ਅਤਰ ਦੀ ਸੁਗੰਧੀ ਆ ਰਹੀ ਸੀ। ਮੇਰੀ ਬੈਠਕ ਤੇ ਪੁਸਤਕਾਲੇ ਵਿਚਲੇ ਮੇਜ਼ 'ਤੇ ਠੰਡੀ ਬੀਅਰ ਵਾਲਾ ਚਾਂਦੀ ਦਾ ਪਿਆਲਾ ਪਿਆ ਸੀ। ਮੈਂ ਛੇਤੀ ਨਾਲ ਰਸੋਈ ਵੱਲ ਗਿਆ ਤੇ ਆਪਣੇ ਰਸੋਈਏ ਤੋਂ ਆਏ ਅਤਿਥੀ ਬਾਰੇ ਪੁੱਛਿਆ। ਉਸ ਨੇ ਮੈਨੂੰ ਜਾਣਕਾਰੀ ਦਿੱਤੀ ਕਿ ਇਕ ਸਾੜ੍ਹੀ ਵਾਲੀ ਮੇਮ ਸਾਹਿਬਾ ਆਈ ਸੀ ਤੇ ਉਸ ਨੇ ਉਸ ਨੂੰ ਇਹ ਦੱਸ ਦਿੱਤਾ ਸੀ ਕਿ ਮੈਂ ਦੁਪਹਿਰ ਦੇ ਖਾਣੇ ਲਈ ਆਉਣ ਹੀ ਵਾਲਾ ਹਾਂ। ਉਸ ਨੇ ਬੀਅਰ ਦੀ ਬੋਤਲ ਫ਼ਰਿਜ 'ਚੋਂ ਕੱਢ ਕੇ ਆਪ ਹੀ ਲੈ ਕੇ ਪੀ ਲਈ ਸੀ ਤੇ ਹੁਣ ਤਾਜ਼ਾ ਹੋਣ ਲਈ ਹੱਥ ਮੂੰਹ ਧੋਣ ਲਈ ਗੁਸਲਖ਼ਾਨੇ ਵਿੱਚ ਹੈ। ਮੈਨੂੰ ਕੋਈ ਸ਼ੱਕ ਨਾ ਰਿਹਾ ਕਿ ਇਹ ਬਿਨ-ਬੁਲਾਇਆ ਮਹਿਮਾਨ ਅੰਮ੍ਰਿਤਾ ਸ਼ੇਰਗਿੱਲ ਤੋਂ ਬਿਨਾਂ ਹੋਰ ਕੋਈ ਨਹੀਂ ਹੋ ਸਕਦਾ।

ਉਸ ਦੇ ਲਾਹੌਰ ਆਉਣ ਤੋਂ ਕਈ ਹਫ਼ਤੇ ਪਹਿਲਾਂ ਹੀ ਮੈਂ ਉਸ ਦੇ ਮਮੇਰੇ ਭਰਾ ਨਾਲ ਵਿਆਹ ਤੋਂ ਪਹਿਲਾਂ ਆਪਣੀ ਲਾਹੌਰ ਫੇਰੀ ਦੌਰਾਨ ਉਸ ਦੇ ਕਾਰਨਾਮੇ ਸੁਣ ਚੁੱਕਾ ਸੀ। ਉਹ ਜ਼ਿਆਦਾ ਤਾਂ ਫਿਲੇਟੀ ਹੋਟਲ ਵਿੱਚ ਠਹਿਰਦੀ। ਉਹ ਆਪਣੇ ਪ੍ਰੇਮੀਆਂ ਨਾਲ ਦੋ-ਦੋ ਘੰਟੇ ਦੇ ਅੰਤਰਾਲ ਨਾਲ ਮੁਲਾਕਾਤਾਂ ਨਿਸ਼ਚਿਤ ਕਰਦੀ ਤੇ ਇਕ ਦਿਨ ਵਿੱਚ ਸੌਣ ਤੋਂ ਪਹਿਲਾਂ ਛੇ ਸੱਤਾਂ ਨੂੰ ਮਿਲਦੀ। ਜੇ ਇਹ ਸੱਚ ਹੈ ਤਾਂ (ਪਰ ਆਦਮੀਆਂ ਦੇ ਗੱਪ ਇਸਤਰੀਆਂ ਦੇ ਟਾਕਰੇ 'ਤੇ ਘੱਟ ਭਰੋਸੇਯੋਗ ਹੁੰਦੇ ਹਨ) ਅੰਮ੍ਰਿਤਾ ਦੀ ਜ਼ਿੰਦਗੀ ਵਿੱਚ ਪਿਆਰ ਲਈ ਬਹੁਤ ਥੋੜ੍ਹਾ ਸਥਾਨ ਸੀ। ਕਾਮ-ਸੰਬੰਧ ਹੀ ਉਹਦੇ ਲਈ ਸਭ ਕੁਝ ਸੀ। ਉਹ ਸੱਚਮੁੱਚ ਹੀ ਕਾਮ-ਉਨਮਾਦੀ ਸੀ ਤੇ ਉਸ ਦੇ ਭਤੀਜੇ ਵਿਵਾਨ ਸੁੰਦਰਮ ਦੇ ਛਪੇ ਬ੍ਰਿਤਾਂਤ ਅਨੁਸਾਰ ਉਹ ਸਮਲਿੰਗੀ ਭੋਗ ਵੀ ਕਰਦੀ ਸੀ। ਉਸ ਦਾ ਤੌਰ ਤਰੀਕਾ ਬਦਰਉਦਦੀਨ ਤਯੱਬ ਜੀ ਨੇ ਬੜੀ ਸਪੱਸ਼ਟਤਾ ਨਾਲ ਆਪਣੀਆਂ ਯਾਦਾਂ ਵਿੱਚ ਵਰਨਣ ਕੀਤਾ ਹੈ।

ਇਕ ਵਾਰ ਸਰਦੀਆਂ ਵਿੱਚ ਉਹ ਸ਼ਿਮਲੇ ਆ ਕੇ ਠਹਿਰਿਆ ਹੋਇਆ ਸੀ। ਉਸ ਨੇ ਅੰਮ੍ਰਿਤਾ ਨੂੰ ਰਾਤ ਦੇ ਖਾਣੇ 'ਤੇ ਬੁਲਾਇਆ। ਉਸ ਨੇ ਠੰਡ ਤੋਂ ਬਚਣ ਲਈ ਅੰਗੀਠੀ 'ਚ ਅੱਗ ਬਾਲੀ ਹੋਈ ਸੀ ਤੇ ਉਸ ਦੇ ਗਰਾਮੋਫ਼ੋਨ 'ਤੇ ਪੱਛਮੀ ਸ਼ਾਸਤਰੀ ਸੰਗੀਤ ਵੱਜ ਰਿਹਾ ਸੀ। ਉਸ ਨੇ ਪਹਿਲੀ ਵਾਰ ਸ਼ਾਮ ਸਾਹਿੱਤ ਤੇ ਸੰਗੀਤ ਬਾਰੇ ਗੱਲਾਂ ਕਰਦਿਆਂ ਗੁਜ਼ਾਰ ਦਿੱਤੀ। ਉਸ ਨੇ, ਉਸ ਨੂੰ ਇਕ ਵਾਰ ਫਿਰ ਖਾਣੇ 'ਤੇ ਬੁਲਾਇਆ। ਉਂਝ ਹੀ ਅੰਗੀਠੀ 'ਚ ਅੱਗ ਬਲ ਰਹੀ ਸੀ ਤੇ ਉਹੋ ਸੰਗੀਤ ਵੱਜ ਰਿਹਾ ਸੀ। ਉਸ ਦੇ ਇਹ ਜਾਣਨ ਤੋਂ ਪਹਿਲਾਂ ਹੀ ਕਿ ਕੀ ਹੋ ਰਿਹਾ ਹੈ, ਅੰਮ੍ਰਿਤਾ ਨੇ ਆਪਣੇ ਕੱਪੜੇ ਲਾਹੇ ਤੇ ਗਲੀਚੇ 'ਤੇ ਅਲਫ਼ ਨੰਗੀ ਪੈ ਗਈ। ਉਸ ਦਾ ਐਵੇਂ ਸਮਾਂ ਨਸ਼ਟ ਕਰਨ ਵਿੱਚ ਵਿਸ਼ਵਾਸ ਨਹੀਂ ਸੀ। ਤੇ ਭਲਾਮਾਣਸ ਬਦਰ-ਉਦ-ਦੀਨ ਵੀ ਉਸ ਦਾ ਸੰਕੇਤ ਸਮਝ ਗਿਆ।

ਕਈ ਸਾਲ ਪਿੱਛੋਂ ਪ੍ਰਸਿੱਧ ਲੇਖਕ ਮੈਲਕਮ ਮੁਗਰਿਜ ਨੇ ਮੈਨੂੰ ਦੱਸਿਆ ਕਿ ਉਸ ਨੇ 'ਸਮਰਹਿੱਲ' ਸ਼ਿਮਲਾ ਵਿੱਚ ਅੰਮ੍ਰਿਤਾ ਦੇ ਮਾਪਿਆਂ ਦੇ ਘਰ ਇਕ ਹਫ਼ਤਾ ਬਤੀਤ ਕੀਤਾ। ਉਹ ਉਸ ਸਮੇਂ ਭਰ ਜੁਆਨੀ ਵਿੱਚ ਸੀ—ਵੀਹਵਿਆਂ ਦੇ ਸ਼ੁਰੂ ਵਿੱਚ। ਇਕ ਹਫ਼ਤੇ ਵਿੱਚ ਹੀ ਅੰਮ੍ਰਿਤਾ ਨੇ ਉਸ ਨੂੰ ਰੋਲ ਦਿੱਤਾ, ਗੁੱਦੜ ਬਣਾ ਦਿੱਤਾ। ਉਸ ਨੇ ਮੰਨਿਆ ਕਿ ਉਹਦੇ

ਨਾਲ ਸੰਭੋਗ ਵਿੱਚ ਉਹ ਪੂਰਾ ਨਹੀਂ ਉੱਤਰ ਸਕਦਾ ਸੀ। ਮੈਨੂੰ ਛੇਤੀ ਕਲਕੱਤੇ ਪਹੁੰਚ ਕੇ ਸੁੱਖ ਦਾ ਸਾਹ ਆਇਆ।

ਜਿਸ ਕਿਸਮ ਦੀ ਔਰਤ ਵਜੋਂ ਅੰਮ੍ਰਿਤਾ ਦੀ ਮਸ਼ਹੂਰੀ ਸੀ, ਆਦਮੀ ਉਸ ਵੱਲ ਇਜ ਖਿੱਚੇ ਆਉਂਦੇ ਜਿਵੇਂ ਚੁੰਬਕ ਵੱਲ ਲੋਹੇ ਦੀਆਂ ਚੀਜ਼ਾਂ। ਮੈਂ ਕੋਈ ਵੱਖਰਾ ਨਹੀਂ ਸੀ। ਜਿਉਂ ਹੀ ਉਹ ਕਮਰੇ ਵਿੱਚ ਆਈ, ਮੈਂ ਉਸ ਦੇ ਸੁਆਗਤ ਲਈ ਖੜ੍ਹਾ ਹੋ ਗਿਆ। ਮੈਂ ਕਿਹਾ, 'ਤੁਸੀਂ ਜ਼ਰੂਰ ਹੀ ਅੰਮ੍ਰਿਤਾ ਸ਼ੇਰਗਿੱਲ ਹੋ।' ਉਸ ਨੇ ਹਾਂ ਵਿੱਚ ਸਿਰ ਹਿਲਾਇਆ। ਬਿਨਾਂ ਮੇਰੀ ਬੀਅਰ ਆਪਣੇ ਆਪ ਲੈਣ 'ਤੇ ਮਾਫ਼ੀ ਮੰਗਣ ਦੀ ਥਾਂ ਉਸ ਨੇ ਇਹ ਦੱਸਣਾ ਸ਼ੁਰੂ ਕੀਤਾ ਕਿ ਉਹ ਕਿਉਂ ਮੈਨੂੰ ਮਿਲਣ ਆਈ ਹੈ। ਉਹ ਸਭ ਸੰਸਾਰਕ ਗੱਲਾਂ ਸਨ ਜਿਨ੍ਹਾਂ ਨੇ ਸਾਡੀ ਮੁਲਾਕਾਤ ਦੀ ਅਸਚਰਜਤਾ ਦੇ ਸੁਆਦ ਦਾ ਸੱਤਿਆਨਾਸ ਕਰ ਦਿੱਤਾ। ਉਸ ਨੂੰ ਨਲਸਾਜ਼ਾਂ, ਧੋਬੀਆਂ, ਤਰਖਾਣਾਂ, ਰਸੋਈਆਂ ਤੇ ਬਹਿਰਿਆਂ ਬਾਰੇ ਜਾਣਕਾਰੀ ਚਾਹੀਦੀ ਸੀ। ਮੈਂ ਉਸ ਨੂੰ ਚੰਗੀ ਤਰ੍ਹਾਂ ਦੇਖਦਾ ਰਿਹਾ। ਉਹ ਮਧਰੀ ਸੀ ਤੇ ਉਸਦਾ ਰੰਗ ਬਸੰਤੀ ਸੀ; ਉਸ ਦੇ ਵਾਲ ਕਾਲੇ ਸਨ ਜਿਨ੍ਹਾਂ ਦਾ ਵਿਚਕਾਰੋਂ ਚੀਰ ਕੱਢਿਆ ਹੋਇਆ ਸੀ ; ਉਸ ਦੇ ਬੁੱਲ੍ਹ ਵਿਲਾਸਮਈ ਸਨ ਜਿਨ੍ਹਾਂ 'ਤੇ ਗੂੜ੍ਹੀ ਲਾਲ ਲਿਪਸਟਿਕ ਲੱਗੀ ਹੋਈ ਸੀ, ਉਸ ਦਾ ਨੱਕ ਛੋਟਾ ਜਿਸ ਉਪਰ ਕਾਲੇ ਕਿੱਲ ਦਿਖਾਈ ਦਿੰਦੇ ਸਨ। ਉਹ ਦੇਖਣ ਨੂੰ ਠੀਕ ਠਾਕ ਸੀ, ਪਰ ਕਿਸੇ ਪੱਖੋਂ ਵੀ ਸੁੰਦਰ ਨਹੀਂ ਕਹੀ ਜਾ ਸਕਦੀ ਸੀ।

ਉਸ ਦੇ ਸ੍ਵੈ-ਚਿੱਤਰ ਨਾਰਸੀ ਰੁਚੀ ਦਾ ਅਭਿਆਸ ਮਾਤਰ ਸਨ। ਉਹ ਸ਼ਾਇਦ ਇੰਨੀ ਸੋਹਣੀ ਸ਼ਕਲ ਦੀ ਮਾਲਕ ਤਾਂ ਨਹੀਂ ਸੀ ਜਿੰਨੀ ਉਹ ਨਗਨ ਚਿੱਤਰਾਂ ਵਿੱਚ ਹੁੰਦੀ, ਪਰ ਮੇਰੇ ਕੋਲ ਇਹ ਜਾਨਣ ਦਾ ਕੋਈ ਸਾਧਨ ਨਹੀਂ ਸੀ ਕਿ ਉਸ ਨੇ ਆਪਣੀ ਸਾੜ੍ਹੀ ਹੇਠ ਕੀ ਛੁਪਾ ਰੱਖਿਆ ਸੀ। ਜਿਹੜੀ ਚੀਜ਼ ਮੈਂ ਭੁਲਾ ਨਹੀਂ ਸਕਦਾ ਉਹ ਸੀ ਉਹਦੀ ਸ਼ੇਖੀ। ਜਦੋਂ ਉਹ ਗੱਲਾਂ ਕਰਨੋਂ ਹਟੀ ਤਾਂ ਉਸ ਨੇ ਕਮਰੇ 'ਤੇ ਝਾਤੀ ਮਾਰੀ। ਮੈਂ ਕੁਝ ਚਿੱਤਰਾਂ ਵੱਲ ਇਸ਼ਾਰਾ ਕਰਦਿਆਂ ਕਿਹਾ, "ਇਹ ਮੇਰੀ ਪਤਨੀ ਨੇ ਬਣਾਏ ਹੋਏ ਹਨ। ਉਹ ਕਲਾ ਪ੍ਰੇਮੀ ਹੈ।"

ਉਸ ਨੇ ਉੱਡਦੀ ਨਜ਼ਰ ਮਾਰੀ ਤੇ ਮੌਜੂ ਉਡਾਉਂਦਿਆਂ ਕਿਹਾ, "ਇਹ ਤਾਂ ਸਾਫ਼ ਹੀ ਪ੍ਰਗਟ ਹੁੰਦਾ ਹੈ।" ਮੈਂ ਉਸ ਦੀ ਨਫ਼ਰਤ 'ਤੇ ਹੈਰਾਨ ਰਹਿ ਗਿਆ ਪ੍ਰੰਤੂ ਇਹ ਸਮਝ ਨਾ ਆਈ ਕਿ ਕਿਵੇਂ ਮੋੜ ਕਰਾਂ। ਅਜੇ ਹੋਰ ਬਹੁਤ ਕੁਝ ਹੋਣਾ ਸੀ।

ਕੁਝ ਹਫ਼ਤੇ ਮਗਰੋਂ ਮੈਂ ਮਸ਼ੋਬਰੇ ਆਪਣੇ ਪਰਿਵਾਰ ਕੋਲ ਚਲਾ ਗਿਆ। ਅੰਮ੍ਰਿਤਾ ਚਮਨ ਲਾਲ ਦੇ ਪਰਿਵਾਰ ਨਾਲ ਰਹਿ ਰਹੀ ਸੀ ਜਿਨ੍ਹਾਂ ਨੇ ਮੇਰੇ ਪਿਤਾ ਦੇ ਘਰ ਦੀ ਉਪਰਲੀ ਮੰਜ਼ਿਲ ਕਰਾਏ 'ਤੇ ਲਈ ਹੋਈ ਸੀ। ਮੈਂ ਉਹਨਾਂ ਨੂੰ ਦੁਪਹਿਰੀਂ ਭੋਜਨ 'ਤੇ ਬੁਲਾਇਆ। ਚਮਨ ਲਾਲ, ਉਹਦੀ ਪਤਨੀ ਹੈਲਨ ਤੇ ਅੰਮ੍ਰਿਤਾ ਤਿੰਨੇ ਹੀ ਦੁਪਹਿਰ ਵੇਲੇ ਆਏ। ਖਾਣੇ ਦਾ ਮੇਜ਼ ਤੇ ਕੁਰਸੀਆਂ ਇਕ ਕਤਾਰ ਵਿੱਚ ਥੜੇ ਉੱਪਰ ਇਕ ਕੰਡਿਆਲੇ ਬਲੂਤ ਦੇ ਪ੍ਰਛਾਵੇਂ ਹੇਠ ਲਗਾਏ ਗਏ ਸਨ ਜੋ ਪਹਾੜੀ ਤੇ ਵਿਸ਼ਾਲ ਘਾਟੀ ਤੋਂ ਦਿਖਾਈ ਦਿੰਦਾ ਸੀ। ਮੇਰਾ 7 ਮਹੀਨਿਆਂ ਦਾ ਬੇਟਾ ਗਡੀਰੇ ਨਾਲ ਆਪਣੇ ਪੈਰਾਂ 'ਤੇ ਖਲੋਣ ਦੀ

ਜਾਚ ਸਿੱਖ ਰਿਹਾ ਸੀ। ਉਹ ਬੜਾ ਪਿਆਰਾ ਬੱਚਾ ਸੀ ਜਿਸਦੇ ਭੂਰੇ ਘੁੰਗਰਾਲੇ ਵਾਲ ਸਨ ਤੇ ਵੱਡੀਆਂ ਪੂਛੂ ਪੂਛੂ ਕਰਦੀਆਂ ਅੱਖਾਂ ਸਨ। ਹਰ ਇਕ ਵਾਰੀ-ਵਾਰੀ ਉਹਦੇ ਨਾਲ ਗੱਲਾਂ ਕਰਦਾ ਤੇ ਮੇਰੀ ਪਤਨੀ ਦੀ ਸੁੰਦਰ ਬੇਟੇ ਨੂੰ ਜਨਮ ਦੇਣ 'ਤੇ ਵਡਿਆਈ ਕਰਦਾ। ਅੰਮ੍ਰਿਤਾ ਆਪਣੇ ਬੀਅਰ ਵਾਲੇ ਪਿਆਲੇ ਨੂੰ ਹੀ ਵੇਖਦੀ ਰਹੀ। ਜਦੋਂ ਸਾਰੇ ਗੱਲਬਾਤ ਕਰ ਹਟੇ ਤਾਂ ਉਹ ਬੱਚੇ ਵੱਲ ਕਾਫ਼ੀ ਸਮਾਂ ਵੇਖਦੀ ਰਹੀ ਤੇ ਫਿਰ ਉਸ ਨੇ ਟਿੱਪਣੀ ਕੀਤੀ : "ਕਿਤਨਾ ਬਦਸੂਰਤ ਬੱਚਾ ਹੈ।" ਸਭ ਜਿਵੇਂ ਸੀਤ ਹੋ ਗਏ। ਕਈਆਂ ਨੇ ਕਠੋਰ ਟਿੱਪਣੀ 'ਤੇ ਇਤਰਾਜ਼ ਕੀਤਾ, ਪਰ ਅੰਮ੍ਰਿਤਾ ਫਿਰ ਬੀਅਰ ਪੀਣ 'ਚ ਰੁੱਝ ਗਈ। ਜਦੋਂ ਮਹਿਮਾਨ ਵਿਦਾ ਹੋ ਗਏ ਤਾਂ ਮੇਰੀ ਪਤਨੀ ਨੇ ਮੈਨੂੰ ਬੜੀ ਦ੍ਰਿੜ੍ਹਤਾ ਨਾਲ ਕਿਹਾ, "ਮੈਂ ਇਸ ਕੁੱਤੀ ਨੂੰ ਫਿਰ ਆਪਣੇ ਘਰ ਨਹੀਂ ਵੜਨ ਦਿਆਂਗੀ।"

ਅੰਮ੍ਰਿਤਾ ਦੇ ਭੈੜੇ ਸੁਭਾਅ ਦੀ ਤੇ ਮੇਰੀ ਪਤਨੀ ਦੀ ਉਸ ਬਾਰੇ ਟਿੱਪਣੀ ਦੀ ਸਾਡੇ ਸ਼ਿਮਲਾ ਦੇ ਸਮਾਜਿਕ ਖੇਤਰ ਵਿੱਚ ਭਰਪੂਰ ਚਰਚਾ ਹੋਈ। ਜਦੋਂ ਅੰਮ੍ਰਿਤਾ ਨੂੰ ਉਸ ਬਾਰੇ ਮੇਰੀ ਪਤਨੀ ਵੱਲੋਂ ਕਹੇ ਗਏ ਸ਼ਬਦਾਂ ਬਾਰੇ ਪਤਾ ਲੱਗਾ ਤਾਂ ਉਸ ਨੇ ਲੋਕਾਂ ਨੂੰ ਕਿਹਾ, "ਮੈਂ ਉਸ ਭੈੜੀ ਜ਼ਨਾਨੀ ਨੂੰ ਐਸਾ ਸਬਕ ਸਿੱਖਾਵਾਂਗੀ ਜੋ ਉਹ ਕਦੇ ਨਹੀਂ ਭੁੱਲੇਗੀ। ਮੈਂ ਉਹਦੇ ਪਤੀ ਨੂੰ ਵਰਗਲਾ ਕੇ ਪਤਿਤ ਕਰ ਦਿਆਂਗੀ।"

ਮੈਂ ਬੜੇ ਚਾਅ ਨਾਲ ਉਹ ਦਿਨ ਉਡੀਕਦਾ ਰਿਹਾ ਕਿ ਉਹ ਮੈਨੂੰ ਕਦੋਂ ਪਤਿਤ ਕਰੇਗੀ। ਉਹ ਦਿਨ ਕਦੇ ਨਾ ਆਇਆ। ਪਤਝੱੜ ਰੁੱਤ 'ਚ ਅਸੀਂ ਫਿਰ ਲਾਹੌਰ ਚਲੇ ਗਏ। ਅੰਮ੍ਰਿਤਾ ਤੇ ਉਹਦਾ ਪਤੀ ਵੀ। ਇਕ ਦਿਨ ਉਹਦਾ ਚਚੇਰਾ ਭਰਾ ਗੁਰਚਰਨ ਸਿੰਘ 'ਚੰਨੀ' ਜਿਸਦਾ ਗੁੱਜਰਾਂਵਾਲੇ ਨੇੜੇ ਬਹੁਤ ਵੱਡਾ ਸੰਗਤਰਿਆਂ ਦਾ ਬਾਗ ਸੀ, ਸਾਡੇ ਕੋਲ ਇਹ ਪੁੱਛਣ ਲਈ ਆਇਆ ਕਿ ਕੀ ਉਹਨਾਂ ਕੋਲ ਰਾਤ ਲਈ ਠਹਿਰ ਸਕਦਾ ਹੈ ਕਿਉਂਕਿ ਅੰਮ੍ਰਿਤਾ ਜਿਸ ਨੇ ਉਸ ਨੂੰ ਹਫ਼ਤੇ ਦੇ ਅੰਤ 'ਤੇ ਆਉਣ ਲਈ ਬੁਲਾਇਆ ਸੀ, ਇਤਨੀ ਬਿਮਾਰ ਸੀ ਕਿ ਉਹ ਉਸ ਨੂੰ ਆਪਣੇ ਕੋਲ ਠਹਿਰਾ ਨਹੀਂ ਸਕਦੀ ਸੀ। ਅਗਲੇ ਦਿਨ ਅੰਮ੍ਰਿਤਾ ਦੇ ਹੋਰ ਮਿੱਤਰ ਆ ਗਏ। ਉਹਨਾਂ ਨੇ ਸਾਨੂੰ ਦੱਸਿਆ ਕਿ ਅੰਮ੍ਰਿਤਾ ਬੇਹੋਸ਼ ਹੈ ਤੇ ਉਸ ਕੋਲ ਰਹਿਣ ਲਈ ਉਹਦੇ ਮਾਤਾ-ਪਿਤਾ ਸਮਰਹਿੱਲ (ਸ਼ਿਮਲਾ) ਤੋਂ ਆ ਰਹੇ ਹਨ। ਉਹ ਬ੍ਰਿਜ ਦੀ ਤਾਂਘਵਾਨ ਖਿਡਾਰਨ ਸੀ ਤੇ ਨੀਮ ਬੇਹੋਸ਼ੀ ਦੇ ਪਲਾਂ ਵਿੱਚ ਵੀ ਬ੍ਰਿਜ ਦੀ ਖੇਡ ਬਾਰੇ ਕੁਝ ਬੁੜਬੁੜਾਉਂਦੀ ਸੀ।

ਮੈਂ ਕਾਹਲੀ ਨਾਲ ਉਸ ਦੇ ਘਰ ਗਿਆ। ਉਸ ਦਾ ਪਿਤਾ ਸਰਦਾਰ ਉਮਰਾਓ ਸਿੰਘ ਦਰਵਾਜ਼ੇ ਵਿੱਚ ਹੈਰਾਨ ਖੜ੍ਹਾ ਅਰਦਾਸ ਦੇ ਸ਼ਬਦ ਗੁਣਗੁਣਾ ਰਿਹਾ ਸੀ। ਉਸਦੀ ਹੰਗੇਰੀਅਨ ਮਾਂ ਕਮਰੇ 'ਚੋਂ ਕਦੇ ਬਾਹਰ ਜਾਂਦੀ ਕਦੇ ਅੰਦਰ ਆਉਂਦੀ ਤੇ ਉਸ ਨੂੰ ਸਮਝ ਨਹੀਂ ਆ ਰਿਹਾ ਸੀ ਕਿ ਕੀ ਹੋ ਗਿਆ ਹੈ। ਉਸ ਸ਼ਾਮ ਨੂੰ ਦਰਜਨ ਭਰ ਆਦਮੀ ਤੇ ਇਸਤਰੀਆਂ ਉਸ ਦੇ ਨੌਕਰਾਂ ਚਾਕਰਾਂ ਨਾਲ ਸ਼ਮਸ਼ਾਨ ਘਾਟ ਪਹੁੰਚੇ। ਉਸ ਦੇ ਪਤੀ ਨੇ ਚਿਤਾ ਨੂੰ ਅੱਗ ਦਿਖਾਈ। ਜਦੋਂ ਅਸੀਂ ਉਸ ਦੇ ਘਰ ਮੁੜ ਕੇ ਆਏ ਤਾਂ ਪੁਲਿਸ ਉਹਦੇ ਪਤੀ ਦੀ ਉਡੀਕ ਕਰ ਰਹੀ ਸੀ। ਬਰਤਾਨੀਆ ਨੇ ਹੰਗਰੀ ਵਿਰੁੱਧ ਜੰਗ ਦਾ ਐਲਾਨ ਕਰ ਦਿੱਤਾ ਸੀ। ਕਿਉਂਕਿ ਉਹ ਬਰਤਾਨੀਆ ਦੇ ਵੈਰੀ ਨਾਜ਼ੀ ਜਰਮਨੀ ਦਾ ਸਾਥੀ ਸੀ, ਇਸ

ਲਈ ਅੰਮ੍ਰਿਤਾ ਦੇ ਪਤੀ ਨੂੰ ਉਸ ਦੀ ਕੌਮੀਅਤ ਕਾਰਨ ਦੁਸ਼ਮਣ ਖ਼ਿਆਲ ਕੀਤਾ ਗਿਆ ਤੇ ਫਿਰ ਉਸ ਨੂੰ ਜੇਲ੍ਹ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ।

ਉਹ ਖ਼ੁਸ਼ਕਿਸਮਤ ਸੀ ਕਿ ਉਹ ਪੁਲਿਸ ਦੀ ਹਿਰਾਸਤ ਵਿੱਚ ਸੀ। ਕੁਝ ਚਿਰ ਪਿੱਛੋਂ ਅੰਮ੍ਰਿਤਾ ਦੀ ਮਾਂ ਤੇ ਉਸਦੀ ਸੱਸ ਨੇ ਉਸਦੇ ਵਿਰੁੱਧ ਮੁਹਿੰਮ ਛੇੜ ਕੇ ਉਸ 'ਤੇ ਆਪਣੀ ਬੇਟੀ ਨੂੰ ਕਤਲ ਕਰਨ ਦਾ ਇਲਜ਼ਾਮ ਲਾ ਦਿੱਤਾ। ਉਹ ਜਿਸ ਕਿਸੇ ਨੂੰ ਵੀ ਜਾਣਦੀ ਸੀ ਇਸ ਭਾਵ ਦੇ ਪੱਤਰ ਭੇਜਣ ਲੱਗੀ ਕਿ ਉਸ ਦੀ ਬੇਟੀ ਦੀ ਅਚਾਨਕ ਮੌਤ ਦੇ ਹਾਲਾਤ ਦੀ ਪੜਤਾਲ ਕੀਤੀ ਜਾਵੇ। ਮੈਂ ਵੀ ਉਹਨਾਂ ਵਿੱਚੋਂ ਇਕ ਸੀ ਜਿਸ ਨੂੰ ਪੱਤਰ ਭੇਜਿਆ ਗਿਆ। ਇਹ ਵਾਰਦਾਤ ਕਤਲ ਦੀ ਤਾਂ ਬਿਲਕੁਲ ਨਹੀਂ ਸੀ, ਹਾਂ ਅਣਗਹਿਲੀ ਦੀ ਹੋ ਸਕਦੀ ਸੀ। ਮੈਨੂੰ ਸਾਰੇ ਵੇਰਵੇ ਡਾਕਟਰ ਰਘਬੀਰ ਸਿੰਘ ਕੋਲੋਂ ਮਿਲੇ ਜੋ ਸਾਡਾ ਪਰਿਵਾਰਿਕ ਡਾਕਟਰ ਸੀ ਤੇ ਅੰਮ੍ਰਿਤਾ ਨੂੰ ਜਿਉਂਦੀ ਵੇਖਣ ਵਾਲਾ ਆਖ਼ਰੀ ਆਦਮੀ। ਉਸ ਨੇ ਮੈਨੂੰ ਦੱਸਿਆ ਕਿ ਉਸ ਨੂੰ ਅੱਧੀ ਰਾਤ ਨੂੰ ਬੁਲਾਇਆ ਗਿਆ ਸੀ। ਅੰਮ੍ਰਿਤਾ ਦਾ ਗਰਭਪਾਤ ਅਨਾੜੀ ਵਿਅਕਤੀ ਵੱਲੋਂ ਕੀਤੇ ਜਾਣ ਕਰਕੇ ਤੇ ਬਹੁਤ ਖ਼ੂਨ ਵਗ ਜਾਣ ਕਾਰਨ ਉਸ ਦੀ ਮੌਤ ਹੋਈ ਸੀ। ਉਸ ਦੇ ਪਤੀ ਨੇ ਡਾਕਟਰ ਰਘਬੀਰ ਸਿੰਘ ਨੂੰ ਖ਼ੂਨ ਚੜ੍ਹਾਉਣ ਲਈ ਕਿਹਾ, ਪ੍ਰੰਤੂ ਡਾਕਟਰ ਨੇ ਪੂਰੀ ਜਾਂਚ ਤੋਂ ਬਿਨਾਂ ਇਜ ਕਰਨ ਤੋਂ ਇਨਕਾਰ ਕਰ ਦਿੱਤਾ। ਜਦੋਂ ਦੋ ਡਾਕਟਰ ਇਕ-ਦੂਸਰੇ ਨਾਲ ਬਹਿਸ ਕਰ ਰਹੇ ਸਨ, ਅੰਮ੍ਰਿਤ ਦੇ ਸੁਆਸ ਉਡਾਰੀ ਮਾਰ ਗਏ, ਪ੍ਰੰਤੂ ਉਸ ਦੀ ਪ੍ਰਸਿੱਧੀ ਸਦਾ ਰਹੇਗੀ।

ਚੇਤਨ ਅਨੰਦ : ਇਕ ਮਿੱਤਰ ਗੁਆ ਲੈਣ 'ਤੇ

ਕਈ ਸਾਲ ਅਸੀਂ ਗੂੜ੍ਹੇ ਮਿੱਤਰ ਰਹੇ। ਸਾਡੀ ਨੌਕਰੀ ਸਾਨੂੰ ਦੂਰ-ਦੁਰਾਡੇ ਸ਼ਹਿਰਾਂ ਵੱਲ ਲੈ ਗਈ। ਫਿਰ ਵੀ ਅਸੀਂ ਨਿਰੰਤਰ ਸੰਪਰਕ ਵਿੱਚ ਰਹੇ। ਸਾਡੀ ਨਿਕਟ ਸਾਂਝ 30 ਸਾਲਾਂ ਤੱਕ ਕਾਇਮ ਰਹੀ। ਫਿਰ ਉਹ ਅਲਗਰਜ਼ ਹੋ ਗਿਆ ਤੇ ਮੈਨੂੰ ਬੜਾ ਦੁੱਖ ਹੋਇਆ। ਉਹ ਉਹਨਾਂ ਲੋਕਾਂ 'ਚੋਂ ਇਕ ਹੈ ਜਿਸਦਾ ਜ਼ਿਕਰ ਮੈਂ ਆਪਣੀ ਪੁਸਤਕ 'ਰੰਨਾਂ ਵਿੱਚ ਧੰਨਾ' 'ਚ ਕੀਤਾ ਹੈ। ਮੈਂ ਜੋ ਕੁਝ ਉਸ ਬਾਰੇ ਉਸ ਵਿੱਚ ਲਿਖਿਆ ਉਹ ਪੜ੍ਹ ਕੇ ਉਸ ਨੂੰ ਦੁੱਖ ਪਹੁੰਚਿਆ, ਪ੍ਰੰਤੂ ਮੇਰਾ ਅਜਿਹਾ ਇਰਾਦਾ ਨਹੀਂ ਸੀ। ਫਿਰ ਵੀ ਜਦ 6 ਜੁਲਾਈ, 1997 ਨੂੰ ਉਹਦੀ ਮੌਤ ਦਾ ਪਤਾ ਲੱਗਾ ਤਾਂ ਮੈਨੂੰ ਪਛਤਾਵੇ ਤੇ ਗ਼ਮ ਨੇ ਘੇਰ ਲਿਆ। ਕਈ ਦਿਨਾਂ ਤੇ ਰਾਤਾਂ ਨੂੰ ਸਾਡੇ ਪਿਛਲੇ ਸੰਬੰਧਾਂ ਦੀ ਯਾਦ ਮੈਨੂੰ ਘੜੀ ਮੁੜੀ ਆਉਂਦੀ ਰਹੀ।

ਸਾਡੀ ਦੋਸਤੀ 1932 ਵਿੱਚ ਸ਼ੁਰੂ ਹੋਈ ਜਦੋਂ ਅਸੀਂ ਗੌਰਮਿੰਟ ਕਾਲਜ ਲਾਹੌਰ ਵਿੱਚ ਇਕੱਠੇ ਇਕੋ ਜਿਹੇ ਵਿਸ਼ੇ ਲੈ ਕੇ ਪੜ੍ਹਦੇ ਸੀ ਤੇ ਇਕੋ ਹੋਸਟਲ ਵਿੱਚ ਰਹਿੰਦੇ ਸੀ। ਚੇਤਨ ਬੜਾ ਸੁਹਣਾ ਸੁਨੱਖਾ, ਘੁੰਗਰਾਲੇ ਵਾਲਾਂ ਤੇ ਸੁਪਨਈ ਅੱਖੀਆਂ ਵਾਲਾ ਲੜਕਾ ਸੀ।

ਉਸ ਨੇ ਮੇਰੇ ਨਾਲ ਇਸ ਕਰਕੇ ਰਹਿਣਾ ਸ਼ੁਰੂ ਨਹੀਂ ਕੀਤਾ ਸੀ ਕਿ ਉਸ ਦੀਆਂ ਰੁਚੀਆਂ ਤੇ ਸ਼ੌਕ ਮੇਰੇ ਜਿਹੇ ਸਨ ਸਗੋਂ ਅਸਲੀ ਕਾਰਨ ਤਾਂ ਇਹ ਸੀ ਕਿ ਉਸ ਨੂੰ ਆਪਣੀ ਰੱਖਿਆ ਲਈ ਮੇਰੀ ਸਹਾਇਤਾ ਦੀ ਲੋੜ ਸੀ। ਅਸੀਂ ਇਕੱਠੇ ਨਾਸ਼ਤਾ ਲੈਂਦੇ, ਇਕੱਠੇ ਜਮਾਤਾਂ ਵਿੱਚ ਪੜ੍ਹਨ ਜਾਂਦੇ, ਦੁਪਹਿਰ ਢਲੀ ਨੂੰ ਅਸੀਂ ਇਕੱਠੇ ਟੈਨਿਸ ਖੇਡਦੇ ਤੇ ਇਕੱਠੇ ਹਫ਼ਤੇ ਵਿੱਚ ਦੋ ਵਾਰੀ ਫ਼ਿਲਮ ਦੇਖਦੇ। ਛੁੱਟੀਆਂ ਵਿੱਚ ਉਹ ਆਪਣੇ ਘਰ ਗੁਰਦਾਸਪੁਰ ਚਲਾ ਜਾਂਦਾ। ਅਸੀਂ ਇਕ-ਦੂਸਰੇ ਨੂੰ ਖ਼ਤ ਲਿਖਦੇ। ਉਹ ਟੈਗੋਰ ਦੀ ਰੀਸੇ ਕਵਿਤਾ ਲਿਖਿਆ ਕਰਦਾ। ਉਹ ਆਪਣੀ ਰਚਨਾ ਮੈਨੂੰ ਭੇਜਿਆ ਕਰਦਾ। ਇਹ ਕਵਿਤਾ ਨੀਚ ਵਿਚਾਰਾਂ ਨਾਲ ਭਰੀ ਹੁੰਦੀ ਪਰ ਮੈਂ ਖ਼ੁਸ਼ ਹੋ ਜਾਂਦਾ।

ਚੇਤਨ ਆਪਣੇ ਰੁਪਏ ਗਿਣਦਾ ਰਹਿੰਦਾ। ਇਕ ਸਾਲ ਉਹ ਹਿੰਦੂ-ਸਿੱਖ ਭੋਜਨਾਲਯ ਦੇ ਸਕੱਤਰ ਦੀ ਚੋਣ ਲਈ ਖੜ੍ਹਾ ਹੋ ਗਿਆ, ਜਿਵੇਂ ਕਿ ਉਸ ਸਮੇਂ ਰਿਵਾਜ ਸੀ। ਉਸ ਨੇ ਵੋਟਾਂ ਮੰਗਣ ਲਈ ਕਾਰਡ ਛਪਵਾਏ ਸਨ। ਮੈਨੂੰ ਸਮਝ ਨਹੀਂ ਆਉਂਦੀ ਸੀ ਕਿ ਕੋਈ ਕਾਲਜ-ਹੋਸਟਲ ਦੇ ਲੰਗਰ ਵਿੱਚ ਖਾਣਾ ਪਕਾਉਣ ਤੇ ਖੁਆਉਣ ਦੇ ਪ੍ਰਬੰਧਾਂ ਦੀ ਨਿਗਰਾਨੀ ਕਿਉਂ ਕਰਨੀ ਚਾਹੁੰਦਾ ਸੀ। ਫਿਰ ਮੈਨੂੰ ਪਤਾ ਲੱਗਾ ਕਿ ਹੋਸਟਲ ਦੇ ਭੋਜਨ ਦਾ ਪ੍ਰਬੰਧ ਕਰਨ ਵਾਲਾ ਠੇਕੇਦਾਰ ਸਕੱਤਰਾਂ ਤੋਂ ਖਾਣੇ ਦਾ ਕੋਈ ਪੈਸਾ ਨਾ ਲੈ ਕੇ ਉਹਨਾਂ ਨੂੰ ਵਾਧੂ ਰਿਆਇਤ ਦਿੰਦਾ ਸੀ। ਇਨ੍ਹਾਂ ਚੋਣਾਂ ਦਾ ਕਾਲਜ ਯੂਨੀਅਨ ਵਾਂਗ ਹੀ ਬੜਾ ਸਖ਼ਤ ਮੁਕਾਬਲਾ ਹੋਇਆ। ਚੇਤਨ ਜਿੱਤ ਗਿਆ।

ਕਾਲਜ ਦੀ ਪੜ੍ਹਾਈ ਖ਼ਤਮ ਕਰਕੇ ਅਸੀਂ ਲੰਡਨ ਇਕੱਠੇ ਹੋ ਗਏ। ਮੈਂ ਕਾਨੂੰਨ ਦੀ ਪੜ੍ਹਾਈ ਕਰ ਰਿਹਾ ਸੀ ਤੇ ਉਹ ਆਈ.ਸੀ.ਐੱਸ. ਦੀ ਤਿਆਰੀ ਕਰਨ ਆਇਆ ਸੀ। ਅਸਾਂ ਦੋਹਾਂ ਨੇ ਇਮਤਿਹਾਨ ਦਿੱਤਾ ਪਰ ਕੋਈ ਵੀ ਪਾਸ ਨਾ ਹੋ ਸਕਿਆ। ਚੇਤਨ ਲਈ ਲੰਡਨ ਦਾ ਖ਼ਰਚਾ ਸਹਿਣ ਕਰਨਾ ਮੁਸ਼ਕਿਲ ਸੀ, ਉਹ ਘਰ ਮੁੜ ਗਿਆ।

ਜਦੋਂ ਮੈਂ ਦਿੱਲੀ ਵਾਪਸ ਆਇਆ, ਸਾਡੀ ਦੋਸਤੀ ਫਿਰ ਕਾਇਮ ਹੋ ਗਈ। 1939 ਵਿੱਚ ਆਪਣੇ ਵਿਆਹ ਵੇਲੇ ਮੈਂ ਜਿਹੜੇ ਮਿੱਤਰ ਬੁਲਾਏ ਉਹਨਾਂ ਵਿੱਚ ਸਿਰਫ਼ ਉਹ ਤੇ ਇਕਬਾਲ ਸਿੰਘ ਸਨ। ਇਕ ਸਾਲ ਮਗਰੋਂ ਜਦ ਮੈਂ ਲਾਹੌਰ ਵਿੱਚ ਵਕਾਲਤ ਸ਼ੁਰੂ ਕੀਤੀ, ਚੇਤਨ ਗਰਮੀ ਦੇ ਕਈ ਮਹੀਨੇ ਮੇਰੇ ਘਰ ਰਿਹਾ। ਭਾਵੇਂ ਉਸ ਵੇਲੇ ਤੱਕ ਉਸ ਨੂੰ ਕੋਈ ਨੌਕਰੀ ਨਹੀਂ ਮਿਲੀ ਸੀ, ਪ੍ਰੰਤੂ ਉਹ ਜੁਆਨ ਕੁੜੀਆਂ ਦਾ ਕ੍ਰਿਪਾ ਪਾਤਰ ਬਣਨ ਵਿੱਚ ਬੜਾ ਕਾਮਯਾਬ ਰਿਹਾ। ਉਸ ਦੀ ਵਿਧੀ ਬੜੀ ਸਿੱਧੀ ਸੀ। ਸਖ਼ਤ ਗਰਮੀ ਵਿੱਚ ਉਹ ਜੂਨ ਦੀ ਢਲੀ ਦੁਪਹਿਰ ਨੂੰ ਓਵਰਕੋਟ ਪਹਿਨ ਕੇ ਇਕ ਗੁਲਾਬ ਦਾ ਫੁੱਲ ਹੱਥ 'ਚ ਲੈ ਲੈਂਦਾ ਤੇ ਲੜਕੀ ਨੂੰ ਦੇ ਦਿੰਦਾ। ਜਦੋਂ ਫੁੱਲ ਲੈਣ ਵਾਲੀ ਉਸ ਨੂੰ ਓਵਰਕੋਟ (ਕੋਟ ਉਪਰ ਕੋਟ) ਪਾਉਣ ਦਾ ਕਾਰਨ ਪੁੱਛਦੀ ਤਾਂ ਉਹ ਉੱਤਰ ਵਿੱਚ ਕਹਿੰਦਾ "ਕਿਉਂਕਿ ਦੁਨੀਆਂ ਵਿੱਚ ਮੇਰੀ ਪੂੰਜੀ ਸਿਰਫ਼ ਇਹੋ ਹੈ।"

ਇਕ ਲੜਕੀ ਜੋ ਉਸ ਦੇ ਜਾਲ ਵਿੱਚ ਫਸ ਗਈ ਤੇ ਉਸ 'ਤੇ ਮੋਹਿਤ ਹੋ ਗਈ, ਉਹ ਪ੍ਰੋਫ਼ੈਸਰ ਚੈਟਰਜੀ ਦੀ ਮਸਤ ਕਰ ਦੇਣ ਵਾਲੀ ਬੇਟੀ ਉਮਾ ਸੀ। ਅਸੀਂ ਉਹਨਾਂ ਦੀ ਮੰਗਣੀ ਦਾ ਜਸ਼ਨ ਮੇਰੇ ਘਰ ਵਿੱਚ ਮਨਾਇਆ। ਉਸੇ ਸ਼ਾਮ ਮੈਂ ਉਸ ਨੂੰ ਕਿਸੇ ਹੋਰ ਲੜਕੀ ਨਾਲ ਚੋਹਲ ਮੋਹਲ ਕਰਦਿਆਂ ਫੜ ਲਿਆ। ਉਹ ਕਦੇ ਵੀ ਇਕ-ਤ੍ਰੀਮਤ ਦਾ ਪੁਰਸ਼ ਨਹੀਂ ਸੀ। ਉਮਾ ਨੇ ਉਸ ਨਾਲ ਵਿਆਹ ਕਰਵਾ ਲਿਆ, ਦੋ ਬੱਚਿਆਂ ਨੂੰ ਜਨਮ ਦਿੱਤਾ, ਫਿਰ ਉਸ ਨੂੰ ਛੱਡ ਗਈ ਤੇ ਇਬਰਾਹੀਮ ਅਲਕਾਜ਼ੀ ਦੀ ਦੂਸਰੀ ਪਤਨੀ ਜਾ ਬਣੀ। ਚੇਤਨ ਫਿਰ ਫ਼ਿਲਮਾਂ ਵਿੱਚ ਕਿਸਮਤ ਅਜ਼ਮਾਉਣ ਬੰਬਈ ਚਲਾ ਗਿਆ। ਉਥੇ ਉਸ ਨੇ ਆਪਣੇ ਤੋਂ 20 ਸਾਲ ਛੋਟੀ ਪ੍ਰਿਆ ਨਾਲ ਘਰ ਵਸਾ ਲਿਆ। ਉਸ ਨੇ ਉਸ ਨੂੰ ਫ਼ਿਲਮ ਅਭਿਨੇਤਰੀ ਬਣਾਉਣ ਦੀ ਪੂਰੀ ਕੋਸ਼ਿਸ਼ ਕੀਤੀ ਪਰ ਸਫਲ ਨਾ ਹੋਇਆ।

ਚੇਤਨ ਨਾ ਤਾਂ ਡਾਇਰੈਕਟਰ ਤੇ ਨਾ ਹੀ ਅਭਿਨੇਤਾ ਵਜੋਂ ਉੱਘਾ ਹੋਇਆ ਜਿਵੇਂ ਕਿ ਉਸ ਨੂੰ ਸ਼ਰਧਾਂਜਲੀਆਂ ਭੇਟ ਕਰਨ ਵਾਲਿਆਂ ਨੇ ਦਾਅਵਾ ਕੀਤਾ ਹੈ। ਉਸ ਨੇ ਇਕ ਹੀ ਵਧੀਆ ਫ਼ਿਲਮ 'ਨੀਚਾ ਨਗਰ' ਬਣਾਈ, ਬਾਕੀ ਸਭ ਘਟੀਆ ਸਨ ਤੇ ਉਹਨਾਂ 'ਚੋਂ ਉਸ ਨੂੰ ਨਾ ਧਨ ਮਿਲਿਆ ਤੇ ਨਾ ਹੀ ਸ਼ੋਹਰਤ। ਉਸ ਨੇ ਦਿੱਲੀ ਦੇ ਲਾਲ ਕਿਲ੍ਹੇ ਵਿੱਚ 'ਰੌਸ਼ਨੀ ਤੇ ਅਵਾਜ਼' ਸ਼ੋਅ ਦਾ ਪੁਨਰ ਉਤਪਾਦਨ ਕਰਨ ਦਾ ਸ਼ਾਨਦਾਰ ਕਾਰਜ ਕੀਤਾ ਜਿਸ ਦੀ ਕਹਾਣੀ ਮੈਂ 1965 ਵਿੱਚ ਲਿਖੀ ਸੀ। ਉਸ ਨੂੰ ਪੰਜਾਬ ਸਰਕਾਰ ਵੱਲੋਂ ਇਕ ਕਾਰਜ ਦਿੱਤਾ ਗਿਆ ਜੋ ਉਹ ਪੂਰਾ ਨਾ ਕਰ ਸਕਿਆ।

ਉਹਦੀ ਫ਼ਿਲਮ ਵਿੱਚ ਸਫਲਤਾ ਜਾਂ ਅਸਫਲਤਾ ਨੇ ਉਸ ਪ੍ਰਤੀ ਮੇਰੇ ਪ੍ਰੇਮ ਨੂੰ ਪ੍ਰਭਾਵਿਤ ਨਹੀਂ ਕੀਤਾ ਸੀ ਸਗੋਂ ਇਹ ਤਾਂ ਉਸ ਦੀ ਮੇਰੇ ਪ੍ਰਤੀ 1969 ਵਿੱਚ 'ਦੀ ਇਲਸਟਰੇਟਡ ਵੀਕਲੀ ਆਫ਼ ਇੰਡੀਆ' ਦਾ ਸੰਪਾਦਕ ਬਣ ਕੇ ਬੰਬਈ ਜਾਣ 'ਤੇ

ਦਿਖਾਈ ਗਈ ਅਲਗ਼ਰਜ਼ੀ ਸੀ। ਮੈਂ ਉਥੇ 9 ਸਾਲ ਰਿਹਾ ਤੇ ਮੈਨੂੰ ਚੇਤਨ ਨੂੰ ਮਿਲਣ ਦੀ ਬਹੁਤ ਆਸ ਵੀ ਸੀ। ਮੈਨੂੰ ਉੱਥੇ ਮੇਰੇ ਕਾਲਜ ਦੇ ਹੋਰ ਮਿੱਤਰ ਬਲਰਾਜ ਸਾਹਨੀ, ਬੀ.ਆਰ. ਚੋਪੜਾ, ਕਾਮਿਨੀ ਕੌਸ਼ਲ ਤੇ ਚੇਤਨ ਦਾ ਭਰਾ ਦੇਵਾਨੰਦ ਵੀ ਮਿਲਣ ਆਏ, ਪਰ ਚੇਤਨ ਜਿਸ ਨਾਲ ਮੈਂ ਆਪਣੀ ਪੁਰਾਣੀ ਨਿੱਘੀ ਦੋਸਤੀ ਮੁੜ ਕਾਇਮ ਕਰਨ ਦਾ ਚਾਹਵਾਨ ਸੀ, ਉਸ ਨੇ ਇਕ ਵਾਰ ਵੀ ਮੇਰੇ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਨਾ ਕੀਤੀ।

ਬੰਬਈ ਛੱਡਣ ਤੋਂ ਲਗਭਗ ਇਕ ਮਹੀਨਾ ਪਹਿਲਾਂ ਉਸ ਨਾਲ ਤੇ ਉਸ ਦੀ ਦੋਸਤ ਇਸਤਰੀ ਨਾਲ ਇਕ ਪਾਰਟੀ ਵਿੱਚ ਮੇਲ ਹੋ ਗਿਆ। ਉਸ ਨੇ ਓਪਰਿਆਂ ਵਾਂਗ ਕਿਹਾ, "ਓ ਸਰਦਾਰਾ ਤੂੰ ਮਿਲਿਆ ਹੀ ਨਹੀਂ।" ਮੈਂ ਗੁੱਸੇ ਨਾਲ ਭੜਕ ਪਿਆ। "ਬੇਸ਼ਰਮ, ਬੇਹਯਾ ਨਸਲੇ। ਚਾਲੀ ਸਾਲਾਂ ਦੀ ਪੁਰਾਣੀ ਦੋਸਤੀ ਦਾ ਕਰਜ਼ ਇਸ ਤਰ੍ਹਾਂ ਚੁਕਾਈਦੈ?"

ਉਸ ਦੀ ਦੋਸਤ ਇਸਤਰੀ ਨੇ ਗ਼ੁੱਸਾ ਕੀਤਾ ਤੇ ਮੈਨੂੰ ਘਰ ਆਉਣ ਦਾ ਸੱਦਾ ਦਿੱਤਾ। ਮੈਂ ਉੱਤਰ ਵਿੱਚ ਕਿਹਾ, "ਮੈਂ ਤੁਹਾਡੇ ਘਰ ਪੈਰ ਨਹੀਂ ਪਾਵਾਂਗਾ ਤੇ ਇਸ ਆਦਮੀ ਦੀ ਮੁੜ ਬੂਥੀ ਨਹੀਂ ਦੇਖਾਂਗਾ" ਇਹ ਕਹਿੰਦਿਆਂ ਹੀ ਮੈਂ ਹੰਗਾਮਾ ਕਰਕੇ ਛੇਤੀ ਨਾਲ ਬਾਹਰ ਚਲਾ ਗਿਆ।

ਹੁਣ ਜਦ ਅੱਖਾਂ 'ਚ ਹੰਝੂ ਭਰੀ ਮੈਂ ਚੇਤਨ ਨੂੰ ਯਾਦ ਕਰਦਾ ਹਾਂ ਤਾਂ ਮੈਨੂੰ ਆਪਣੇ ਕਹੇ ਸ਼ਬਦਾਂ 'ਤੇ ਪਛਤਾਵਾ ਹੁੰਦਾ ਹੈ।

ਧਰਮ ਕੁਮਾਰ—ਅਮਰ ਹਨ ਉਸ ਵਰਗੀਆਂ ਇਸਤਰੀਆਂ

ਉਹ 19 ਅਕਤੂਬਰ, 2001 ਦੀ ਸ਼ੁਕਰਵਾਰ ਨੂੰ ਤੜਕਸਾਰ ਮਰ ਗਈ। ਉਹ ਅਪੋਲੋ ਹਸਪਤਾਲ ਵਿੱਚ ਇਕ ਮਹੀਨੇ ਤੋਂ ਵੱਧ ਸਮਾਂ ਤੀਬਰ ਨਿਗਰਾਨੀ ਸ਼ਾਖ਼ਾ (ਆਈ.ਸੀ.ਯੂ.) ਵਿੱਚ ਰਹੀ; ਇਸ ਤਰ੍ਹਾਂ ਉਸ ਦੀ ਮੌਤ ਅਚਾਨਕ ਨਹੀਂ ਸੀ ਹੋਈ। ਜਿਸ ਗੱਲ ਨੇ ਮੇਰੇ ਮਨ ਵਿੱਚ ਥੋੜ੍ਹੀ ਬਹੁਤ ਉਮੀਦ ਕਾਇਮ ਰੱਖੀ ਸੀ, ਉਹ ਇਹ ਸੀ ਕਿ ਧਰਮ ਵਰਗੀਆਂ ਇਸਤਰੀਆਂ ਮਰਦੀਆਂ ਨਹੀਂ ਸਗੋਂ ਭੁੱਲੇ ਹੋਏ ਸੁਪਨੇ ਵਾਂਗ ਯਾਦ 'ਚੋਂ ਅਲੋਪ ਹੋ ਜਾਂਦੀਆਂ ਹਨ। ਉਹ 73 ਸਾਲ ਦੀ ਸੀ। ਮੈਂ ਇਸ ਵਾਕ ਦੇ ਨਾਲ 'ਕੇਵਲ' ਸ਼ਬਦ ਵੀ ਲਾਉਣਾ ਚਾਹਾਂਗਾ ਕਿਉਂਕਿ ਉਹ ਸਦਾ ਜਵਾਨ ਲੱਗਦੀ ਸੀ। ਉਹ ਕਿਸੇ ਹੋਰ ਇਸਤਰੀ ਦੇ ਮੁਕਾਬਲੇ, ਜਿਸ ਨੂੰ ਮੈਂ ਮਿਲਿਆ ਹੋਵਾਂਗਾ, ਵਧੇਰੇ ਸਜੀਵ ਤੇ ਜੋਸ਼ੀਲੀ ਸੀ। ਮੈਂ ਉਸ ਬਾਰੇ ਤਾਂ ਲਿਖ ਰਿਹਾ ਹਾਂ ਕਿਉਂਕਿ ਸਾਡੇ ਸਭ ਦੇ ਜੀਵਨ ਵਿੱਚ ਕੋਈ ਨਾ ਕੋਈ ਹੁੰਦਾ ਹੈ ਜੋ ਸਾਡੇ ਲਈ ਇਤਨਾ ਮਹੱਤਵਪੂਰਨ ਹੁੰਦਾ ਹੈ ਕਿ ਅਸੀਂ ਉਹਦੇ ਵਿਛੜ ਜਾਣ ਪਿੱਛੋਂ ਹੀ ਉਹਦੀ ਮਹੱਤਤਾ ਸਵੀਕਾਰ ਕਰਦੇ ਹਾਂ।

50 ਸਾਲ ਪਹਿਲਾਂ ਦੀ ਗੱਲ ਹੋਵੇਗੀ ਜਦ ਮੈਂ ਪਹਿਲੀ ਵਾਰ ਉਸ ਨੂੰ ਤੇ ਉਸ ਦੇ ਪਤੀ ਲਵਰਾਜ ਕੁਮਾਰ ਨੂੰ ਦੁਪਹਿਰ ਵੇਲੇ ਖਾਣੇ 'ਤੇ ਇਕ ਬਾਗ਼ ਵਿੱਚ ਮਿਲਿਆ। ਉਹ ਬਰਮਾ ਸ਼ੈੱਲ ਕੰਪਨੀ ਵਿੱਚ ਉੱਚ ਪ੍ਰਬੰਧਕ ਸੀ, ਤੇ ਉਹ ਕੈਂਬਰਿਜ ਯੂਨੀਵਰਸਿਟੀ ਲਈ ਪੀ.ਐੱਚਡੀ. ਥੀਸਿਸ ਦੀ ਤਿਆਰੀ ਕਰ ਰਹੀ ਸੀ। ਉਹ ਹਾਸ ਵਿਨੋਦ, ਸੂਝ ਬੂਝ ਤੇ ਹਾਜ਼ਰ ਜਵਾਬੀ ਦੀ ਚੰਢਿਆੜੀ ਸੀ ਤੇ ਉੱਘੇ ਵਿਅਕਤੀਆਂ ਦੀ ਨਕਲ ਉਤਾਰਦੀ ਹੋਈ ਖਿੱਚ ਤੇ ਆਕ੍ਰਸ਼ਣ ਦਾ ਕੇਂਦਰ ਬਣੀ ਹੋਈ ਸੀ। ਉਹ ਹਰ ਇਕ ਨੂੰ ਹੱਸਾ-ਹੱਸਾ ਦੋਹਰਾ ਕਰ ਰਹੀ ਸੀ। ਮੈਂ ਤਾਂ ਪੂਰੀ ਤਰ੍ਹਾਂ ਉੱਛਲ ਰਿਹਾ ਸੀ। ਅਗਲੇ ਕੁਝ ਦਿਨ ਤਾਂ ਮੈਂ ਜਿਸ ਨੂੰ ਵੀ ਜਾਣਦਾ ਸੀ ਉਸ ਨਾਲ ਹੀ ਉਹਦੇ ਬਾਰੇ ਗੱਲਾਂ ਕਰਦਾ ਰਿਹਾ ਤੇ ਉਹਦੇ ਬਾਰੇ ਜਿੰਨਾ ਸੰਭਵ ਸੀ, ਜਾਣਕਾਰੀ ਇਕੱਠੀ ਕਰਦਾ ਰਿਹਾ।

ਲਵਰਾਜ ਕੁਮਾਰ ਉੱਤਰ ਪ੍ਰਦੇਸ਼ ਦੇ ਪ੍ਰਸਿੱਧ ਤੇ ਅਮੀਰ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਉਹ ਇਕ ਹੁਸ਼ਿਆਰ ਵਿਦਿਆਰਥੀ ਸੀ, ਜਿਸ ਨੇ ਔਕਸਫੋਰਡ ਤੋਂ 'ਰੋਡ੍ਹਜ਼' ਵਜ਼ੀਫ਼ਾ ਪ੍ਰਾਪਤ ਕੀਤਾ ਸੀ। ਧਰਮ ਤਾਮਿਲ ਬ੍ਰਾਹਮਣ ਸੀ ਤੇ ਪੂਨਾ ਦੀ ਰਾਸ਼ਟਰੀ ਰਸਾਇਣਕ ਪ੍ਰਯੋਗਸ਼ਾਲਾ (ਨੈਸ਼ਨਲ ਕੈਮੀਕਲ ਲਬਾਰੇਟਰੀ) ਦੇ ਮੁਖੀ, ਵਿਗਿਆਨੀ ਡਾ. ਵੈਂਕਟਾਰਮਨ ਦੀ ਇਕਲੌਤੀ ਸੰਤਾਨ ਸੀ। ਉਹ ਇੰਗਲੈਂਡ ਵਿੱਚ ਮਿਲੇ ਤੇ ਵਿਆਹ ਕਰਵਾ ਲਿਆ। ਲਵਰਾਜ ਉਸ ਸਭ 'ਤੇ ਪੂਰਾ ਉੱਤਰਦਾ ਸੀ ਜੋ ਧਰਮ ਇਕ ਆਦਮੀ 'ਚ ਚਾਹੁੰਦੀ ਸੀ। ਉਸ ਦੇ ਮਨ ਵਿੱਚ ਵਿਦਵਤਾ ਲਈ ਅਤਿਕਥਨੀ ਦੀ ਹੱਦ ਤੱਕ ਪਿਆਰ ਸਤਿਕਾਰ ਸੀ, ਲਗਭਗ ਉਸ ਦੇ ਸਭ ਚਚੇਰੇ ਭੈਣ ਭਰਾਵਾਂ ਨੇ ਓਕਸਫ਼ੋਰਡ ਜਾਂ ਕੈਂਬਰਿਜ

'ਚੋਂ ਫਸਟ ਰਹਿ ਕੇ ਡਿਗਰੀਆਂ ਪ੍ਰਾਪਤ ਕੀਤੀਆਂ ਸਨ। ਉਸ ਨੂੰ ਦੌਲਤ ਦੀ ਕੋਈ ਪ੍ਰਵਾਹ ਨਹੀਂ ਸੀ। ਉਸ ਨੇ ਉਸ ਨਾਲ ਇਸ ਕਰਕੇ ਵਿਆਹ ਕਰਵਾਇਆ ਸੀ ਕਿਉਂਕਿ ਉਹ ਉਸ ਦੇ ਸਾਰੇ ਪ੍ਰੇਮੀਆਂ ਜਾਂ ਉਸ ਨਾਲ ਵਿਆਹ ਕਰਾਉਣ ਦੇ ਚਾਹਵਾਨ ਵਿਅਕਤੀਆਂ ਵਿੱਚੋਂ ਹੁਸ਼ਿਆਰ ਤੇ ਹੱਸਮੁੱਖ ਸੀ, ਪ੍ਰੰਤੂ ਉਹ ਨਹੀਂ ਚਾਹੁੰਦੀ ਸੀ ਕਿ ਲਵਰਾਜ ਬਰਮਾ ਸ਼ੈੱਲ ਵਾਲਿਆਂ ਦੀ ਨੌਕਰੀ ਕਰਕੇ 'ਡੱਬੇ ਵਾਲਾ' ਬਣ ਕੇ ਗੋਰੇ ਸਾਹਿਬਾਂ ਦੇ ਹੁਕਮ ਦੀ ਪਾਲਣਾ ਕਰਦਾ ਫਿਰੇ। ਲਵਰਾਜ ਨਰਮ ਸੁਭਾਅ ਤੇ 'ਆਪਾ ਲੁਕਾਊ' ਵਿਅਕਤੀ ਸੀ। ਧਰਮ ਤੁਰਨ ਫਿਰਨ ਦੀ ਸ਼ੌਕੀਨ, ਗਾਲੜੀ ਤੇ ਪ੍ਰਸ਼ੰਸਾ 'ਚੋਂ ਆਨੰਦ ਲੈਣ ਵਾਲੀ ਸੀ। ਉਹ ਐਸੀ ਇਸਤਰੀ ਵੀ ਨਹੀਂ ਸੀ ਜਿਸ ਵੱਲ ਮੈਂ ਖਿੱਚਿਆ ਜਾਂਦਾ। ਉਸ ਦੇ ਨੈਣ-ਨਕਸ਼ ਸਧਾਰਨ ਸਨ, ਉਹ ਸੁਗੰਧੀ ਨਹੀਂ ਲਾਉਂਦੀ ਸੀ ਜਾਂ ਸ਼ਿੰਗਾਰ-ਬਣਾਵਟ ਦੀ ਵਰਤੋਂ ਨਹੀਂ ਕਰਦੀ ਸੀ। ਇਹ ਉਸ ਦਾ ਉਤਸ਼ਾਹ ਹੀ ਸੀ ਜੋ ਦਿਲ-ਖਿੱਚਵਾਂ ਸੀ। ਉਸ ਦੇ ਹੱਥ-ਪੈਰ ਕਦੇ ਨਿਚੱਲੇ ਨਹੀਂ ਸਨ ਰਹਿੰਦੇ। ਜਦੋਂ ਉਹ ਗੱਲਾਂ ਕਰਦੀ ਸੀ, ਉਹਦੀਆਂ ਅੱਖਾਂ ਚਮਕਦੀਆਂ ਸਨ। ਉਹ ਮੇਰੇ ਸੰਕੇਤਾਂ ਵੱਲ ਕਿਉਂ ਧਿਆਨ ਦਿੰਦੀ ਸੀ ਜਦ ਮੈਂ ਇਸ ਬਾਰੇ ਸੋਚਦਾ ਹਾਂ ਤਾਂ ਇਸ ਦਾ ਇਕੋ ਇਕ ਕਾਰਨ ਇਹੋ ਜਾਪਦਾ ਹੈ ਕਿ ਉਹ ਮੇਰੀ ਸ਼ਰਧਾ ਤੋਂ ਬਹੁਤੀ ਪ੍ਰਭਾਵਿਤ ਸੀ। ਇਹ ਸਭ ਇਕ ਪਾਸੜ ਮਾਮਲਾ ਸੀ। ਮੈਂ ਆਪਣਾ ਦੂਸਰਾ ਨਾਵਲ "ਮੈਂ ਫਿਰ ਬੁਲਬੁਲ ਦਾ ਗੀਤ ਨਹੀਂ ਸੁਣਾਂਗਾ" (I shall not hear the nightingale) ਉਸ ਨੂੰ ਸਮਰਪਿਤ ਕੀਤਾ। ਮੇਰਾ ਨਹੀਂ ਖ਼ਿਆਲ ਕਿ ਉਸ ਨੇ ਇਸ ਨੂੰ ਪੜ੍ਹਨ ਦੀ ਖੇਚਲ ਵੀ ਕੀਤੀ ਹੋਵੇ।

ਉਸ ਦੀ ਮਨਪਸੰਦ ਰਚਨਾ ਉਸ ਦੇ ਇਕ ਚਚੇਰੇ ਭਾਈ ਰਾਘਵਨ ਆਇਰ ਬਾਰੇ ਸੀ। ਪਰਿਵਾਰ ਦੇ ਦੂਸਰੇ ਸਦੱਸੀਆਂ ਵਾਂਗ ਉਹ ਮਦਰਾਸ ਯੂਨੀਵਰਸਿਟੀ 'ਚੋਂ ਐੱਮ.ਏ. ਫ਼ਿਲਾਸਫ਼ੀ 'ਚੋਂ ਫ਼ਸਟ ਆਉਣ ਵਾਲਾ ਤੇ ਕੈਂਬਰਿਜ ਯੂਨੀਵਰਸਿਟੀ 'ਚੋਂ ਵੀ ਪਹਿਲਾ ਦਰਜਾ ਪ੍ਰਾਪਤ ਕਰਕੇ ਪ੍ਰਥਮ ਅਸਥਾਨ 'ਤੇ ਮੱਲ ਮਾਰਨ ਵਾਲਾ ਸੀ ਤੇ ਉਹ ਕੈਂਬਰਿਜ ਯੂਨੀਅਨ ਦਾ ਪ੍ਰਧਾਨ ਵੀ ਚੁਣਿਆ ਗਿਆ ਸੀ। ਜਦੋਂ ਉਹ ਯੂਨੀਵਰਸਿਟੀ ਵਿੱਚ ਸੀ ਤਾਂ ਉਸ ਦੇ ਪ੍ਰਸ਼ੰਸਕਾਂ ਦਾ ਇਕ ਗੁੱਟ ਬਣ ਗਿਆ ਜੋ ਕੁਝ ਦਿਨਾਂ ਪਿੱਛੋਂ ਨੀਯਤ ਸਮੇਂ 'ਤੇ ਉਸ ਦਾ ਭਾਸ਼ਨ ਸੁਣਨ ਵਾਸਤੇ ਇਕੱਠੇ ਹੁੰਦੇ। ਉਹ ਉਹਨਾਂ ਨੂੰ ਦੱਸਦਾ ਕਿ ਮਨੁੱਖ ਦੀਆਂ ਸਭ ਕਮਜ਼ੋਰੀਆਂ ਦੀ ਜੜ੍ਹ ਉਸ ਦਾ ਹਉਮੈ ਜਾਂ ਖ਼ੁਦੀ ਹੈ। ਜਦ ਤੱਕ ਹਉਮੈਂ 'ਤੇ ਕਾਬੂ ਨਹੀਂ ਪਾਇਆ ਜਾਂਦਾ ਤਦ ਤੱਕ ਮਨ ਨੂੰ ਸ਼ਾਂਤੀ ਨਹੀਂ ਮਿਲ ਸਕਦੀ। ਇਕ ਦਿਨ ਇਕ ਪ੍ਰਸ਼ੰਸਕ ਇਸਤਰੀ ਨੇ ਪੁੱਛਿਆ, "ਤੁਸੀਂ ਹਉਮੈਂ ਬਾਰੇ ਜੋ ਕੁਝ ਕਹਿੰਦੇ ਹੋ, ਮੈਂ ਸਹਿਮਤ ਹਾਂ, ਪਰ ਕੋਈ ਹਉਮੈਂ 'ਤੇ ਜਿੱਤ ਕਿਵੇਂ ਪ੍ਰਾਪਤ ਕਰੇ ?"

ਰਾਘਵਨ ਆਇਰ ਨੇ ਉੱਤਰ ਵਿੱਚ ਕਿਹਾ, "ਪ੍ਰਸ਼ਨ ਬਹੁਤ ਅੱਛਾ ਹੈ। ਤੁਸੀਂ ਇਸ ਗੱਲ ਨੂੰ ਸਮਝੋਗੇ ਕਿ ਤੁਹਾਡੇ ਨਾਲੋਂ ਮੇਰੇ ਲਈ ਇਹ ਵੱਡੀ ਸਮੱਸਿਆ ਬਣਿਆ ਹੋਇਆ ਹੈ। ਆਪਣੇ ਲਈ ਤਾਂ ਮੈਂ ਸ੍ਵੈ-ਵਿਨਾਸ਼ ਜਾਂ ਨਿਰਵਾਣ ਦਾ ਸਿਧਾਂਤ ਵਿਕਸਤ ਕਰ ਲਿਆ ਹੈ। ਹਰ ਰੋਜ਼ ਮੈਂ ਪਦਮ ਆਸਣ 'ਚ ਬੈਠ ਜਾਂਦਾ ਹਾਂ, ਅੱਖਾਂ ਬੰਦ ਕਰਕੇ ਵਾਰ-ਵਾਰ ਕਹਿੰਦਾ ਹਾਂ, "ਮੈਂ ਰਾਘਵਨ ਕੁਮਾਰ ਨਹੀਂ ਹਾਂ ਜੋ ਮਦਰਾਸ ਯੂਨੀਵਰਸਿਟੀ 'ਚੋਂ ਫ਼ਸਟ

ਆਇਆ; ਮੈਂ ਉਹ ਰਾਘਵਨ ਵੀ ਨਹੀਂ ਹਾਂ ਜੋ ਕੈਂਬਰਿਜ ਯੂਨੀਵਰਸਿਟੀ 'ਚ ਫ਼ਸਟ ਕਲਾਸ ਫ਼ਸਟ ਰਿਹਾ। ਮੈਂ ਉਹ ਰਾਘਵਨ ਵੀ ਨਹੀਂ ਹਾਂ ਜੋ ਪੂਰਬ ਦਾ ਸਭ ਤੋਂ ਲਾਇਕ ਤੇ ਸਿਆਣਾ ਦਾਰਸ਼ਨਿਕ ਹੈ। ਮੈਂ ਤਾਂ ਮਹਾਤਮਾਵਾਂ ਦਾ ਵਾਹਣ ਹਾਂ, ਰੱਬੀ ਜੋਤ ਦੀ ਲਿਸ਼ਕ ਹਾਂ।"

ਧਰਮ ਦੇ ਦੱਸਣ ਅਨੁਸਾਰ ਜਦੋਂ ਰਾਘਵਨ ਆਇਰ ਵਿਦਿਆਰਥੀ ਯੂਨੀਅਨ ਦੀ ਪ੍ਰਧਾਨਗੀ ਲਈ ਖੜ੍ਹਾ ਹੋਇਆ ਤਾਂ ਉਸ ਨੇ ਆਪ ਵੋਟ ਮੰਗਣ ਦੀ ਬਹੁਤੀ ਕੋਸ਼ਿਸ਼ ਨਾ ਕੀਤੀ ਤੇ ਸਾਰਾ ਕੰਮ ਆਪਣੇ ਪ੍ਰਸ਼ੰਸਕਾਂ 'ਤੇ ਛੱਡ ਦਿੱਤਾ। ਵੋਟਾਂ ਦੀ ਗਿਣਤੀ ਪਿੱਛੋਂ, ਉਸ ਦੇ ਪ੍ਰਸੰਸਕ ਉਸ ਦੇ ਕਮਰੇ ਵੱਲ ਖ਼ੁਸ਼ਖ਼ਬਰੀ ਦੇਣ ਲਈ ਦੌੜ ਕੇ ਆਏ। ਉਹਨਾਂ ਨੇ ਉਸ ਨੂੰ ਅੱਖਾਂ ਬੰਦ ਕਰੀ ਕਮਰੇ ਵਿੱਚ ਗ਼ਲੀਚੇ 'ਤੇ ਪਦਮ-ਆਸਣ ਮੁਦਰਾ ਵਿੱਚ ਬੈਠਿਆਂ ਦੇਖਿਆ। ਉਹਨਾਂ ਨੇ ਜੇਤੂ ਅੰਦਾਜ਼ ਵਿੱਚ ਕਿਹਾ, "ਤੂੰ ਜਿੱਤ ਗਿਆ ਹੈਂ! ਤੂੰ ਜਿੱਤ ਗਿਆ ਹੈਂ!" ਰਾਘਵਨ ਆਇਰ ਨੇ ਇਕ ਹੱਥ ਉੱਪਰ ਉਠਾ ਕੇ ਛੱਤ ਵੱਲ ਉਂਗਲੀ ਕਰਦਿਆਂ ਕਿਹਾ, "ਹੇ ਪ੍ਰਭੂ! ਜਿੱਤ ਤੇਰੀ ਹੈ।"

ਧਰਮ ਨੂੰ ਅਰਥ ਸ਼ਾਸਤਰ ਵਿੱਚ ਪੀ.ਐੱਚ.ਡੀ. ਦੀ ਡਿਗਰੀ ਮਿਲ ਗਈ। ਉਸ ਨੂੰ 'ਦਿੱਲੀ ਸਕੂਲ ਆਫ਼ ਇਕਨਾਮਿਕਸ' ਵਿੱਚ ਪ੍ਰੋਫ਼ੈਸਰ ਦੀ ਨੌਕਰੀ ਵੀ ਮਿਲ ਗਈ। ਉਸ ਨੇ ਦੋ ਕੁ ਪੁਸਤਕਾਂ ਵੀ ਲਿਖੀਆਂ ਜਿਸ ਦਾ ਅਰਥ-ਸ਼ਾਸ਼ਤਰੀਆਂ ਵੱਲੋਂ ਚੰਗਾ ਸੁਆਗਤ ਹੋਇਆ। ਉਸ ਦਾ ਪਤੀ ਬਰਮਾ ਸ਼ੈੱਲ ਦੀ ਨੌਕਰੀ ਛੱਡ ਕੇ ਕੇਂਦਰੀ ਸਰਕਾਰ ਦੇ ਪੈਟਰੋਲੀਅਮ ਮੰਤਰਾਲੇ ਵਿੱਚ ਸਕੱਤਰ ਬਣ ਗਿਆ। ਉਹ ਖ਼ੁਸ਼ ਸੀ ਕਿ ਉਹ ਹੁਣ 'ਡੱਬੇ ਵਾਲੇ' ਦੀ ਪਤਨੀ ਨਹੀਂ ਸੀ, ਪ੍ਰੰਤੂ ਅਤਿ ਸਤਿਕਾਰਿਤ ਅਫ਼ਸਰ ਸ਼ਾਹ ਦੀ ਪਤਨੀ ਹੋਣ 'ਤੇ ਵੀ ਉਸ ਨੇ ਮੰਤਰੀਆਂ ਦੀ ਆਓਭਗਤ ਕਰਨ (ਮਹਿਮਾਨ ਨਿਵਾਜ਼ੀ ਕਰਨ) ਤੇ ਉਹਨਾਂ ਦੀਆਂ ਪਤਨੀਆਂ ਦੀ ਸਹੇਲੀ ਬਣਨ ਤੋਂ ਇਨਕਾਰ ਕਰ ਦਿੱਤਾ। ਜਦੋਂ ਉਸ ਨੂੰ ਆਪਣੇ ਪਤੀ ਦੇ ਰੁਤਬੇ ਕਾਰਨ ਉਹਨਾਂ ਨੂੰ ਮਿਲਣ ਲਈ ਮਜਬੂਰ ਹੋਣਾ ਪੈਂਦਾ ਤਾਂ ਉਹ ਉਹਨਾਂ ਨੂੰ ਨੀਵਾਂ ਵਿਖਾਉਣ ਦੀ ਹਰ ਕੋਸ਼ਿਸ਼ ਕਰਦੀ।

ਉਸ ਦੀ ਲਾਪ੍ਰਵਾਹੀ ਦੇ ਬਾਵਜੂਦ ਮੈਂ ਉਸ ਦੇ ਸਾਥ ਦੀ ਤਾਂਘ ਲਈ ਅਮੋੜ ਰਿਹਾ। ਇਹ ਮੌਕਾ ਅਚਾਨਕ ਹੀ ਮਿਲ ਗਿਆ। ਲਵਰਾਜ ਨੇ ਵਿਦੇਸ਼ਾਂ ਵਿੱਚ ਭਾਸ਼ਣ ਦੌਰ ਲਈ ਮਿਲੇ ਸੱਦਾ ਪੱਤਰ ਦਾ ਜਸ਼ਨ ਮਨਾਉਣ ਲਈ ਪੱਕੇ ਦੋਸਤਾਂ ਨੂੰ ਰਾਤ ਦੇ ਖਾਣੇ 'ਤੇ ਬੁਲਾਇਆ। ਮੈਂ ਮਜ਼ਾਕ ਨਾਲ ਪੁੱਛਿਆ, "ਧਰਮ ਨੂੰ ਤੂੰ ਇਹ ਝਾਂਸਾ ਕਿਵੇਂ ਦਿੱਤਾ?" ਉਹਦਾ ਰੰਗ ਫੱਕ ਹੋ ਗਿਆ ਤੇ ਉਹ ਗ਼ੁੱਸੇ ਨਾਲ ਭਬਕ ਪਈ। "ਮੈਂ ਇਸ ਕਿਸਮ ਦੀ ਊਜ ਪਸੰਦ ਨਹੀਂ ਕਰਦੀ। ਮੈਂ ਝਾਂਸੇ ਦੇਣ ਵਾਲੀ ਨਹੀਂ ਹਾਂ।" ਗ਼ੁੱਸੇ ਦੀ ਭਬਕ ਤੋਂ ਸਭ ਹੈਰਾਨ ਰਹਿ ਗਏ। ਪਾਰਟੀ ਦਾ ਸਤਿਆਨਾਸ ਹੋ ਗਿਆ।

ਇਕ ਚੀਜ਼ ਜੋ ਨਾ ਮੈਂ ਮਾਫ਼ ਕਰ ਸਕਦਾ ਹਾਂ ਤੇ ਨਾ ਹੀ ਭੁੱਲ ਸਕਦਾ ਹਾਂ, ਉਹ ਇਹ ਹੈ ਕਿ ਲੋਕ ਮੇਰੇ ਨਾਲ ਕਿਉਂ ਲੜ ਪੈਂਦੇ ਹਨ। ਮੈਂ ਕਸਮ ਖਾ ਲਈ ਕਿ ਧਰਮ ਨਾਲ ਕੋਈ ਸੰਬੰਧ ਜਾਂ ਸੰਪਰਕ ਨਹੀਂ ਰੱਖਾਂਗਾ। ਉਹ ਬੇਕਾਬੂ ਗ਼ੁੱਸੇ ਦਾ ਸ਼ਿਕਾਰ ਸੀ ਤੇ ਮੈਂ ਉਸ ਨੂੰ ਮਾਫ਼ ਕਰਨ ਲਈ ਤਿਆਰ ਨਹੀਂ ਸੀ। ਉਸ ਨੇ ਗ਼ਲਤੀ ਸੁਧਾਰਨ ਲਈ ਪੂਰੀ ਕੋਸ਼ਿਸ਼

ਕੀਤੀ, ਪਰ ਮੇਰੇ ਅੰਦਰ ਕੁਝ ਟੁੱਟ ਚੁੱਕਾ ਸੀ ਜੋ ਮੈਂ ਕਦੇ ਜੋੜ ਨਾ ਸਕਿਆ।

ਕੁਝ ਚਿਰ ਪਿੱਛੋਂ ਸਾਡੇ ਪਰਿਵਾਰ ਫਿਰ ਮਿਲਣ ਗਿਲਣ ਲੱਗੇ, ਪਰ ਮੈਂ ਉਹਦੀ ਸੰਗਤ ਵਿੱਚ ਕਦੇ ਸੁਖਾਵਾਂਪਨ ਮਹਿਸੂਸ ਨਾ ਕਰ ਸਕਿਆ। ਮੈਂ ਆਪਣਾ ਪਿਆਰ ਉਸ ਦੇ ਪਤੀ ਵੱਲ ਤੇ ਉਹਦੀ ਬੇਟੀ ਰਾਧਾ ਵੱਲ ਮੋੜ ਦਿੱਤਾ।

ਜਦੋਂ ਉਸ ਦਾ ਪਤੀ ਅਚਾਨਕ ਮਰ ਗਿਆ, ਮੈਂ ਸ਼ਮਸ਼ਾਨਘਾਟ ਧਰਮ ਨੂੰ ਮਿਲਣ ਤੇ ਸਾਡੇ ਵਿਚਕਾਰ ਅਣਸੁਖਾਵੇਂਪਨ ਨੂੰ ਦੂਰ ਕਰਨ ਦੀ ਉਮੀਦ ਲੈ ਕੇ ਗਿਆ। ਉਹ ਉਥੇ ਨਹੀਂ ਸੀ। ਮੈਂ ਰਾਧਾ ਤੇ ਲਵਰਾਜ ਦੇ ਚਾਚਾ ਧਰਮਵੀਰ (ਪੰਜਾਬ ਤੇ ਬੰਗਾਲ ਦੇ ਸਾਬਕਾ ਗਵਰਨਰ) ਨਾਲ ਹਮਦਰਦੀ ਪ੍ਰਗਟ ਕਤੀ। ਮੈਂ ਉਸ ਨੂੰ ਕਿਹਾ, "ਧਰਮ ਵਿੱਚ ਦੋਸਤੀ ਦੀ ਸੁਗਾਤ ਤੋਂ ਬਿਨਾਂ ਸਾਰੇ ਗੁਣ ਹਨ।" ਉਹ ਮੇਰੇ ਨਾਲ ਸਹਿਮਤ ਸੀ।

ਅਸੀਂ ਜੋ ਧਰਮ ਦੇ ਕਦਰਦਾਨ ਸੀ, ਮਹਿਸੂਸ ਕਰਦੇ ਸੀ ਕਿ ਧਰਮ ਨੂੰ ਗੁੱਸੇ ਦੇ ਦੌਰੇ ਉਸ ਦੇ ਅੰਦਰ ਚੱਲ ਰਹੇ ਕਿਸੇ ਅਣਸੁਖਾਵੇਂਪਨ ਦੇ ਕਾਰਨ ਪੈਂਦੇ ਹੋਣ। ਉਸ ਦੇ ਦਿਮਾਗ਼ ਵਿੱਚ ਰਸੌਲੀ ਪੈਦਾ ਹੋ ਗਈ ਸੀ ਤੇ ਉਸ ਨੂੰ ਜੱਰਾਹੀ ਲਈ ਲੰਡਨ ਲਿਜਾਣਾ ਪਿਆ, ਪਰ ਕੋਈ ਲਾਭ ਨਾ ਹੋਇਆ। ਇਕ ਹੋਰ ਰਸੌਲੀ ਪੈਦਾ ਹੋ ਗਈ। ਫਿਰ ਇਕ ਹੋਰ। ਧਰਮਵੀਰ ਮਰ ਗਿਆ ਸੀ। ਉਸ ਦੀਆਂ ਸਹੇਲੀਆਂ ਤੇ ਮਿੱਤਰ ਉਸ ਨੂੰ ਛੱਡ ਗਏ ਸਨ।

ਉਸ ਦੀ ਦੇਖਭਾਲ ਲਈ ਉਸ ਦੀ 94 ਸਾਲਾ ਬੁੱਢੀ ਸੱਸ ਹੀ ਰਹਿ ਗਈ ਸੀ। ਉਹ ਹਰ ਇਕ ਨੂੰ ਕਹਿੰਦੀ, "ਧਰਮ ਮੇਰੀ ਬਹੂ ਨਹੀਂ, ਬੇਟੀ ਸੀ।"

ਉਹ ਆਖ਼ਰੀ ਦਮ ਤੱਕ ਉਸ ਨਾਲ ਰਹੀ।

ਮੇਰੇ ਲਈ ਇਹ ਪ੍ਰਵਾਨ ਕਰਨਾ ਔਖਾ ਹੈ ਕਿ ਧਰਮ ਇਕ ਫ਼ਾਨੀ ਜੀਵ ਸੀ। ਹੁਣ ਮੈਂ ਧਰਮ ਨੂੰ ਕਦੇ ਮਿਲ ਨਹੀਂ ਸਕਾਂਗਾ। ਭਾਵੇਂ ਉਸ ਨੇ ਮੇਰੀ ਪ੍ਰਵਾਹ ਨਾ ਕੀਤੀ ਹੋਵੇ ਪ੍ਰੰਤੂ ਮੈਂ ਉਸ ਦੀ ਯਾਦ ਨੂੰ ਆਪਣੀ ਉਮਰ ਦੇ ਬਾਕੀ ਸਾਲਾਂ ਵਿੱਚ ਪ੍ਰੇਮ ਨਾਲ ਸਾਂਭ ਰੱਖਾਂਗਾ।

ਪੀ. ਸੀ. ਲਾਲ—ਏਅਰ ਚੀਫ਼ ਮਾਰਸ਼ਲ

ਮੇਰੀ 87 ਸਾਲਾਂ ਦੀ ਬੁੱਢੀ ਮਾਂ ਨੇ ਇਕ ਦਿਨ ਸਵੇਰੇ ਪੁੱਛਿਆ, "ਬਸੰਤ ਲਾਲ ਕਿਆਂ ਦਾ ਕੀ ਹਾਲ ਹੈ?" ਮੈਨੂੰ ਜਿਤਨਾ ਕੁ ਪਤਾ ਸੀ, ਮੈਂ ਦੱਸ ਦਿੱਤਾ ਤੇ ਅੱਗੋਂ ਪੁੱਛਿਆ, "ਇਤਨੇ ਸਾਲਾਂ ਪਿੱਛੋਂ ਅਚਾਨਕ ਤੈਨੂੰ ਉਹਨਾਂ ਦਾ ਕਿਵੇਂ ਖ਼ਿਆਲ ਆ ਗਿਆ?"

ਉਸ ਨੇ ਉੱਤਰ ਵਿੱਚ ਕਿਹਾ, "ਮੈਨੂੰ ਇਹਦਾ ਕਾਰਨ ਤਾਂ ਪਤਾ ਨਹੀਂ, ਪਰ ਮੈਂ ਸਵੇਰ ਤੋਂ ਹੀ ਉਹਨਾਂ ਬਾਰੇ ਸੋਚਦੀ ਰਹੀ ਹਾਂ। ਕੀ ਉਹਨਾਂ ਦਾ ਵੱਡਾ ਮੁੰਡਾ ਹਵਾਈ ਜਹਾਜ਼ਾਂ ਵਿੱਚ ਸਾਡੇ ਅਰਜਨ ਵਾਂਗ ਵੱਡਾ ਅਫ਼ਸਰ ਤਾਂ ਨਹੀਂ ਬਣ ਗਿਆ? ਉਹਦਾ ਨਾਮ ਕੀ ਹੈ?"

"ਪਰਤਾਪ"। ਉਹ ਅਰਜਨ ਦੇ ਪਿੱਛੋਂ ਏਅਰ ਚੀਫ਼ ਮਾਰਸ਼ਲ ਬਣਿਆ। ਅਜੀਬ ਇਤਫ਼ਾਕ ਸੀ ਕਿ ਜਿਸ ਸਮੇਂ ਮੇਰੀ ਮਾਂ ਬਸੰਤ ਲਾਲ ਕਿਆਂ ਬਾਰੇ ਦਿੱਲੀ ਵਿੱਚ ਪੁੱਛਗਿੱਛ ਕਰ ਰਹੀ ਸੀ, ਪ੍ਰਤਾਪ ਲੰਡਨ ਵਿੱਚ ਮਰ ਰਿਹਾ ਸੀ।

ਸਾਡੇ ਦੋਵੇਂ ਪਰਿਵਾਰ ਇਕ-ਦੂਸਰੇ ਦੇ ਬਹੁਤ ਨਿਕਟਵਰਤੀ ਸਨ। ਇਹ ਨੇੜ੍ਹਤਾ ਤਿੰਨ ਪੀੜ੍ਹੀਆਂ ਤੋਂ ਸੀ। ਪਰਤਾਪ ਛੇ ਸਾਲ ਦਾ ਸੀ ਜਦੋਂ ਮੇਰੀ ਜਮਾਤ ਵਿੱਚ ਮਾਡਰਨ ਸਕੂਲ ਵਿੱਚ ਦਾਖ਼ਲ ਹੋਇਆ। ਮੇਰੀ ਉਸ ਨਾਲ ਸਾਂਝ 60 ਸਾਲ ਰਹੀ। ਸਕੂਲ ਵਿੱਚ ਅਸੀਂ ਪੱਗ ਵੱਟ ਭਰਾ ਬਣ ਗਏ। ਮੇਰੀ ਨੀਤ ਸਾਫ਼ ਨਹੀਂ ਸੀ, ਮੈਂ ਉਸ ਦੇ ਧਰਮ-ਭਾਈ ਹੋਣ ਨਾਲੋਂ ਜ਼ਿਆਦਾ ਉਸ ਦੀ ਅਲ੍ਹੜ ਭੈਣ ਰੋਮਾ ਬਾਰੇ ਹੀ ਸੋਚਦਾ ਰਹਿੰਦਾ ਸੀ।

ਜੇ ਕੋਈ ਵਿਅਕਤੀ ਸੀ ਜਿਸ ਨੇ ਹਿੰਦੀ ਮੁਹਾਵਰਾ 'ਹੋਣਹਾਰ ਬਿਰਵਾਨ ਕੇ ਹੋਤ ਚਿਕਨੇ ਪਾਤ' ਨੂੰ ਗ਼ਲਤ ਸਿੱਧ ਕਰ ਦਿੱਤਾ ਸੀ ਤਾਂ ਉਹ ਪਰਤਾਪ ਚੰਦਰ ਲਾਲ ਸੀ। ਉਹ ਬਹੁਤ ਕਮਜ਼ੋਰ ਵਿਦਿਆਰਥੀ ਸੀ ਤੇ ਉਹ ਖੇਡਾਂ ਤੋਂ ਵੀ ਨਫ਼ਰਤ ਕਰਦਾ ਸੀ। ਉਹ ਕਦੇ ਵੀ ਇਹ ਵਿਚਾਰ ਨਹੀਂ ਸੀ ਬਣਾ ਸਕਿਆ ਕਿ ਉਸ ਨੇ ਕੀ ਬਣਨਾ ਸੀ। ਪ੍ਰੰਤੂ ਸਕੂਲ ਵਿੱਚ ਹੁੰਦਿਆਂ ਹੀ ਉਸ ਨੂੰ ਹਵਾਈ ਜਹਾਜ਼ ਉਡਾਉਣ ਦਾ 'ਪ੍ਰਮਾਣ ਪੱਤਰ' ਮਿਲ ਗਿਆ ਸੀ ਜਿਸ ਬਾਰੇ ਉਹਨਾਂ ਦਿਨਾਂ ਵਿੱਚ ਕਿਸੇ ਨੂੰ ਘੱਟ ਹੀ ਪਤਾ ਹੁੰਦਾ ਸੀ।

ਸਕੂਲ ਦੀ ਪੜ੍ਹਾਈ ਖ਼ਤਮ ਕਰਨ ਪਿੱਛੋਂ ਮੇਰੇ ਨਾਲ ਉਹ ਕਿੰਗਜ਼ ਕਾਲਜ ਲੰਡਨ ਤੇ 'ਇਨਜ਼ ਆਫ਼ ਕੋਰਟ' ਵਿੱਚ ਦਾਖ਼ਲ ਹੋ ਗਿਆ। ਉਸ ਨੇ ਕਿਸੇ ਵੀ ਕੋਰਸ ਵਿੱਚ ਪੜ੍ਹਾਈ ਪੂਰੀ ਨਾ ਕੀਤੀ ਪਰ 'ਮਾਨਚੈਸਟਰ ਗਾਰਡੀਅਨ' ਜਿਹੇ ਪ੍ਰਤਿਸ਼ਠਾਵਾਨ ਅਖ਼ਬਾਰ ਵਿੱਚ ਲੇਖ ਛਪਾਉਣ ਵਿੱਚ ਉਹ ਸਫਲ ਹੋ ਗਿਆ। ਅਸੀਂ ਆਪਣੀਆਂ ਛੁੱਟੀਆਂ ਇਕੱਠਿਆਂ ਗੁਜ਼ਾਰੀਆਂ। ਜਿਸ ਗੱਲ ਨਾਲ ਉਸ ਨੂੰ ਖੁਣਸ ਭਰਪੂਰ ਆਨੰਦ ਜਾਂ ਖ਼ੁਸ਼ੀ

ਮਿਲਦੀ, ਉਹ ਇਹ ਸੀ ਕਿ ਅਸੀਂ ਜਿੱਥੇ ਵੀ ਠਹਿਰਦੇ, ਲੋਕ ਮੈਨੂੰ ਉਸ ਦਾ ਪਿਤਾ ਸਮਝ ਲੈਂਦੇ। ਜਦ ਮੈਂ ਕਹਿੰਦਾ ਕਿ ਅਸੀਂ ਹਮਉਮਰ ਹਾਂ ਤਾਂ ਉਹ ਮੇਰੀ ਦਲੀਲ ਦੀ ਪੇਸ਼ਬੰਦੀ ਕਰਨ ਲਈ ਮੈਨੂੰ ਜਾਣ-ਬੁੱਝ ਕੇ 'ਪਾਪਾ' ਸੰਬੋਧਨ ਕਰਦਾ। ਮੇਰੀਆਂ ਅਨਮੋਲ ਵਸਤੂਆਂ ਵਿੱਚ ਕਈ ਖ਼ਤ ਹਨ ਜਿਹੜੇ ਉਸ ਨੇ ਉਸ ਕੁੜੀ ਨੂੰ ਲਿਖੇ ਜਿਸ ਨੂੰ ਅਸੀਂ ਦੋਵੇਂ ਪ੍ਰੇਮ ਕਰਦੇ ਸੀ। ਉਹਨਾਂ ਖ਼ਤਾਂ ਵਿੱਚ ਅਸੀਂ ਪੇਂਡੂ ਇਲਾਕੇ ਦੇ ਵੇਰਵੇ ਲਿਖਦੇ ਤੇ ਵਿੱਚ ਵਿੱਚ ਦਸਤਾਰ ਤੋਂ ਬਿਨਾਂ ਮੇਰੇ ਕਾਰਟੂਨ (ਵਿਅੰਗ ਚਿੱਤਰ) ਹੁੰਦੇ। ਉਸ ਲੜਕੀ ਨੇ ਜਦੋਂ ਮੇਰੇ ਨਾਲ ਵਿਆਹ ਕੀਤਾ ਤਾਂ ਉਹ ਪੱਤਰ ਉਸ ਦੇ ਦਾਜ ਦਾ ਕੀਮਤੀ ਹਿੱਸਾ ਬਣੇ। ਮੈਂ ਕਈ ਵਾਰ ਉਹਨਾਂ ਪੱਤਰਾਂ ਵਿੱਚ ਹਵਾਲੇ ਦੇ ਕੇ ਪ੍ਰਤਾਪ ਨੂੰ ਛੇੜਿਆ ਕਰਦਾ।

ਥੋੜ੍ਹੇ ਜਿਹੇ ਸਮੇਂ ਲਈ ਪੱਤਰਕਾਰੀ ਕਰਨ ਪਿੱਛੋਂ ਪ੍ਰਤਾਪ ਹਵਾਈ ਸੈਨਾ ਵਿੱਚ ਭਰਤੀ ਹੋ ਗਿਆ। ਇਸ ਤਰ੍ਹਾਂ ਆਕਸਮਕ ਹਾਲਾਤ ਵਿੱਚ ਕੁਦਰਤੀ ਹੀ ਉਸ ਪੇਸ਼ੇ ਵਿੱਚ ਭੁੱਲ ਭੁਲੇਖੇ ਨਾਲ ਹੀ ਚਲਾ ਗਿਆ ਜਿਸ ਲਈ ਉਹ ਬਹੁਤ ਜ਼ਿਆਦਾ ਢੁਕਵਾਂ ਸੀ।

ਪਰਤਾਪ ਦੀ ਸ਼ਖ਼ਸੀਅਤ ਵਿੱਚ ਅਸਲੀ ਤਬਦੀਲੀ ਉਸ ਦੇ 'ਹਾਸ਼ੀ' ਨਾਲ ਵਿਆਹ ਹੋ ਜਾਣ ਪਿੱਛੋਂ ਆਈ। ਉਸ ਵਿੱਚ ਆਤਮ ਵਿਸ਼ਵਾਸ ਭਰ ਗਿਆ ਤੇ ਉਹ ਚੋਟੀ ਦਾ ਹਵਾਈ ਜਹਾਜ਼ਾਂ ਦਾ ਚਾਲਕ ਬਣਿਆ। ਉਹ ਅਸੀਮ ਹੌਸਲੇ ਤੇ ਈਮਾਨਦਾਰੀ ਦਾ ਸੁਆਮੀ ਸੀ ਜਿਸ ਵਰਗੇ ਅੱਜ ਕੱਲ੍ਹ ਮਿਲਣੇ ਦੁਰਲੱਭ ਹਨ। ਇਕ ਵਾਰ ਭਾਰਤੀ ਹਵਾਈ ਸੈਨਾ ਦੀ ਇਕ ਟੋਲੀ ਦੀ ਇੰਗਲੈਂਡ ਵਿੱਚ ਹਵਾਈ ਜਹਾਜ਼ਾਂ ਦਾ ਨਿਰੀਖਣ ਕਰਨ ਲਈ ਅਗਵਾਈ ਕਰਦਿਆਂ ਚਿੜਚਿੜੇ ਕ੍ਰਿਸ਼ਨਾ ਮੇਨਨ ਨਾਲ ਉਸ ਦਾ ਸਾਹਮਣਾ ਹੋ ਗਿਆ। ਮੇਨਨ ਨੇ ਇਕ ਵਿਸ਼ੇਸ਼ ਪ੍ਰਕਾਰ ਦੇ ਹਵਾਈ ਜਹਾਜ਼ ਖ਼ਰੀਦਣ ਦੇ ਆਦੇਸ਼ ਦਿੱਤੇ ਸਨ ਤੇ ਉਹ ਚਾਹੁੰਦਾ ਸੀ ਕਿ ਹਵਾਈ ਸੈਨਾ ਦੀ ਟੋਲੀ ਉਸ ਸੌਦੇ 'ਤੇ ਸਹੀ ਪਾ ਦੇਵੇ। ਲਾਲ ਨੇ ਅਜਿਹਾ ਕਰਨ ਤੋਂ ਕੇਵਲ ਇਨਕਾਰ ਹੀ ਨਹੀਂ ਕੀਤਾ ਸਗੋਂ ਲਿਖਤੀ ਰੂਪ ਵਿੱਚ ਅੰਕਿਤ ਕੀਤਾ ਕਿ ਉਹ ਮਸ਼ੀਨਾਂ ਅਢੁੱਕਵੀਆਂ ਹਨ ਤੇ ਜਿਤਨੀ ਗਿਣਤੀ ਵਿੱਚ ਲੋੜੀਂਦੀਆਂ ਹਨ, ਉਸ ਸਮੇਂ ਉਪਲਬਧ ਵੀ ਨਹੀਂ ਹਨ। ਮੇਨਨ ਗੁੱਸੇ ਨਾਲ ਭੜਕ ਪਿਆ ਤੇ ਇਹ ਨਾ ਜਾਣਦੇ ਹੋਏ ਕਿ ਉਹ ਕੀ ਕਰੇ, ਉਸ ਨੇ ਲਾਲ 'ਤੇ ਇਹ ਦੋਸ਼ ਲਾਇਆ ਕਿ ਉਸ ਨੇ ਪ੍ਰਤੀਪੱਖੀ ਫ਼ਰਮ ਤੋਂ ਰਿਸ਼ਵਤ ਲਈ ਹੈ। ਲਾਲ ਆਪਣੇ ਹੌਸਲੇ 'ਤੇ ਉਸ ਆਦਮੀ ਵਾਂਗ ਪੂਰੇ ਭਰੋਸੇ ਨਾਲ ਡਟਿਆ ਰਿਹਾ ਜਿਸਦੀ ਜ਼ਮੀਰ ਸੋਨੇ ਵਰਗੀ ਸ਼ੁੱਧ ਹੁੰਦੀ ਹੈ। ਪਿੱਛੋਂ ਪਤਾ ਲੱਗਾ ਕਿ ਇਹ ਲਾਲ ਨਹੀਂ ਸਗੋਂ ਕ੍ਰਿਸ਼ਨਾ ਮੇਨਨ ਸੀ ਜਿਸ ਨੇ ਰਿਸ਼ਵਤ ਲਈ ਸੀ।

ਜਦੋਂ ਕ੍ਰਿਸ਼ਨਾ ਮੇਨਨ ਰੱਖਿਆ ਮੰਤਰੀ ਬਣਿਆ, ਲਾਲ ਨੂੰ ਉਹਦੇ ਅਧੀਨ ਕੰਮ ਕਰਦਿਆਂ ਤੰਗ ਕੀਤਾ ਗਿਆ। ਉਸ ਨੂੰ ਭਾਰਤੀ ਹਵਾਈ ਸੈਨਾ ਦੀ ਉੱਚੀ ਅਸਾਮੀ ਦੀ ਦੌੜ ਤੋਂ ਲਾਂਭੇ ਕਰਨ ਲਈ ਉਸ ਦਾ ਤਬਾਦਲਾ 'ਹਿੰਦੁਸਤਾਨ ਏਅਰੋਨੌਟਿਕਸ ਲਿਮਟਿਡ' ਵਿੱਚ ਕਰ ਦਿੱਤਾ ਗਿਆ। ਇਹ ਤਾਂ ਮੇਨਨ ਦੇ ਪਤਨ ਪਿੱਛੋਂ ਹੀ ਸੀ ਕਿ ਪ੍ਰਤਾਪ ਨੂੰ ਹਵਾਈ ਸੈਨਾ ਵਿੱਚ ਵਾਪਸ ਲਿਆਂਦਾ ਗਿਆ ਤੇ ਉਹ ਉੱਚਿਤ ਸਮੇਂ 'ਤੇ ਇਸ ਦਾ ਮੁਖੀ ਬਣ ਗਿਆ।

1971 ਵਿੱਚ ਪਾਕਿਸਤਾਨ ਨਾਲ ਯੁੱਧ ਸਮੇਂ ਹਵਾਈ ਹਮਲਿਆਂ ਪਿੱਛੇ ਲਾਲ ਦਾ ਹੀ ਦਿਮਾਗ਼ ਸੀ। ਇਹ ਉਸ ਦੀ ਯੁੱਧ-ਨੀਤੀ ਹੀ ਸੀ ਜਿਸ ਨਾਲ ਬੰਗਲਾ ਦੇਸ਼ ਵਿੱਚ ਪਾਕਿਸਤਾਨੀ ਹਵਾਈ ਸੈਨਾ ਦੇ ਦੰਦ ਖੱਟੇ ਕੀਤੇ ਗਏ। ਜੰਗ ਦੇ ਐਲਾਨ ਦੇ ਕੁਝ ਘੰਟਿਆਂ ਪਿੱਛੋਂ ਹੀ, ਢਾਕਾ ਤੇ ਚਟਾਗਾਂਉਂ ਦੇ ਹਵਾਈ ਅੱਡੇ ਨਕਾਰਾ ਕਰ ਦਿੱਤੇ ਗਏ। ਪਾਕਿਸਤਾਨੀ ਹਵਾਈ ਸੈਨਾ ਦਾ ਲੰਗਰ ਜੋ ਢਾਕਾ ਹਵਾਈ ਅੱਡੇ ਦੇ ਨਾਲ ਹੀ ਸੀ, ਸਿੱਧੇ ਹਮਲੇ ਨਾਲ ਨਸ਼ਟ ਕਰ ਦਿੱਤਾ ਗਿਆ ਤੇ ਗਵਰਨਰ ਨੇ, ਜਦੋਂ ਉਸ ਦੀ ਰਿਹਾਇਸ਼ਗਾਹ ਦੀਆਂ ਬਾਰੀਆਂ ਵਿੱਚ ਗੋਲੀਆਂ ਦੀ ਵਰਖਾ ਹੋਈ, ਡਰ ਕੇ ਅਧੀਨਗੀ ਸਵੀਕਾਰ ਕਰ ਲਈ। ਮੈਨੂੰ ਯਾਦ ਹੈ ਕਿ ਲਾਲ ਨੂੰ ਕਿਸੇ ਨੇ ਬੰਬਈ ਤੋਂ ਫ਼ੋਨ ਕੀਤਾ ਕਿ ਬਰਤਾਨਵੀ ਤੇ ਅਮਰੀਕੀ ਅਖ਼ਬਾਰਾਂ ਨੇ ਲਿਖਿਆ ਹੈ ਕਿ ਪੱਛਮੀ ਸੀਮਾ 'ਤੇ ਪਾਕਿ ਹਵਾਈ ਸੈਨਾ ਦਾ ਹੱਥ ਭਾਰਤੀ ਹਵਾਈ ਸੈਨਾ ਉਪਰ ਭਾਰੂ ਹੈ।

ਉਸ ਨੇ ਗ਼ੁੱਸੇ ਨਾਲ ਕਿਹਾ, "ਇਹ ਬਕਵਾਸ ਹੈ। ਮੈਂ ਠੋਸ ਸਬੂਤਾਂ ਨਾਲ ਸਿੱਧ ਕਰਾਂਗਾ ਕਿ ਸਾਡੇ ਜਵਾਨਾਂ ਨੇ ਆਪਣੇ ਨਾਲੋਂ ਉਹਨਾਂ ਦਾ ਜ਼ਿਆਦਾ ਨੁਕਸਾਨ ਕੀਤਾ ਹੈ।" ਤੇ ਉਸ ਨੇ ਅੰਕੜਿਆਂ ਤੇ ਫ਼ੋਟੋਆਂ ਨਾਲ ਇਸ ਤੱਥ ਨੂੰ ਪ੍ਰਮਾਣਿਤ ਕੀਤਾ।

ਇਹ ਹੋਰ ਗੁਣ ਜਿਸਦਾ ਉਸ ਦੇ ਸਮਕਾਲੀਆਂ ਨੂੰ ਕਦੇ ਕਿਆਸ ਵੀ ਨਹੀਂ ਆਇਆ ਸੀ, ਉਹ ਸੀ ਸਖ਼ਤ ਮਿਹਨਤ ਤੇ ਨਿਪੁੰਨਤਾ। ਜਿਸ ਢੰਗ ਨਾਲ ਉਸ ਨੇ 'ਏਅਰ ਇੰਡੀਆ' ਤੇ 'ਇੰਡੀਅਨ ਏਅਰਲਾਈਨਜ਼' ਦੇ ਕੰਮ ਕਰਨ ਦੇ ਢੰਗ ਤੇ ਹਵਾਬਾਜ਼ਾਂ ਦੀ ਸੰਘ ਦੇ ਅੜਿਕਿਆਂ ਅੱਗੇ ਚੁੱਕਣ ਤੋਂ ਨਾਂਹ ਕਰਕੇ ਸਿੱਧੇ ਰਾਹ 'ਤੇ ਲਿਆਂਦਾ, ਉਸ ਨਾਲ ਇਕ ਉੱਚ ਚੋਟੀ ਦੇ ਪ੍ਰਬੰਧਕ ਵਜੋਂ ਉਸ ਦੀ ਪ੍ਰਸਿੱਧੀ ਫੈਲ ਗਈ ਤੇ ਉਸ ਦੀ ਧਾਂਕ ਜੰਮ ਗਈ।

ਲਾਲ ਇਕ ਉਦਾਰ ਵਿਅਕਤੀ ਸੀ। ਲਾਲ ਨੂੰ 'ਏਅਰ ਇੰਡੀਆ' ਤੇ 'ਇੰਡੀਅਨ ਏਅਰਲਾਈਨਜ਼' ਦੀ ਪ੍ਰਧਾਨਗੀ ਤੋਂ ਸੰਜੇ ਗਾਂਧੀ ਨੇ ਹਟਾ ਦਿੱਤਾ ਸੀ। ਉਸ ਨੇ ਟਾਟਿਆਂ ਕੋਲ ਨੌਕਰੀ ਕਰ ਲਈ। ਜਦੋਂ ਸੰਜੇ ਹੱਥੋਂ ਤਾਕਤ ਖੁੱਸ ਗਈ ਤਾਂ ਬਹੁਤ ਸਾਰੇ ਲੋਕ ਗਾਂਧੀ ਪਰਿਵਾਰ ਦੇ ਲੋਕਾਂ ਨੂੰ ਮਿਲਣ ਤੋਂ ਪਾਸਾ ਵੱਟਣ ਲੱਗੇ। ਮੈਨੂੰ ਮੇਨਕਾ ਗਾਂਧੀ ਨਾਲ 'ਸੂਰਜ' ਵਿਰੁੱਧ ਇਕ ਮੁਕੱਦਮੇ ਵਿੱਚ ਸਹਿ ਮੁਲਾਜ਼ਮ ਹੋਣ ਕਾਰਨ ਕਲਕੱਤੇ ਅਦਾਲਤ ਵਿੱਚ ਜਾਣਾ ਪਿਆ। ਮੈਂ ਪੀ.ਸੀ. ਲਾਲ ਹੁਰਾਂ ਕੋਲ ਠਹਿਰਿਆ ਸੀ ਤੇ ਮੇਨਕਾ ਕਮਲ ਨਾਥ ਕੋਲ ਠਹਿਰੀ ਸੀ। ਮੈਨੂੰ ਯਾਦ ਹੈ, ਮੇਨਕਾ ਮੈਨੂੰ ਕਹਿਣ ਲੱਗੀ, "ਲਾਲ ਤਾਂ ਸਾਨੂੰ ਨਫ਼ਰਤ ਕਰਦੇ ਹੋਣਗੇ।" ਲਾਲ ਕਿਸੇ ਨੂੰ ਵੀ ਨਫ਼ਰਤ ਨਹੀਂ ਕਰਦਾ ਸੀ। ਇਹ ਸਗੋਂ 'ਹਾਸ਼ੀ' ਸੀ ਜਿਸ ਨੇ ਮੇਨਕਾ ਨੂੰ ਆਪਣੇ ਘਰ ਬੁਲਾਇਆ ਤੇ ਲਾਲ ਨਾਲ ਜੋ ਕੁਝ ਕੀਤਾ ਗਿਆ ਸੀ, ਉਸ ਬਾਰੇ ਰੋਸ ਕਰਨ ਦੀ ਥਾਂ ਉਸ ਨਾਲ ਬੜੀ ਸ਼ਿਸ਼ਟਤਾ ਤੇ ਪਿਆਰ ਨਾਲ ਪੇਸ਼ ਆਈ।

ਪਰਤਾਪ ਰਿਵਾਇਤੀ ਕਿਸਮ ਦਾ ਗ੍ਰਹਿਸਤੀ ਸੀ। ਉਹ ਜੈਨ ਸਾਧੂਆਂ ਵਾਂਗ ਪ੍ਰੇਹਜ਼ਗਾਰ ਸੀ, ਨਾ ਉਹ ਸਿਗਰਟ ਪੀਂਦਾ ਸੀ, ਨਾ ਸ਼ਰਾਬ। (ਮੈਂ ਉਸ ਕੋਲੋਂ ਸ਼ਰਾਬ ਧੱਕੇ

ਨਾਲ ਪੀਂਦਾ।) ਉਹ ਮਲਕਾ ਵਿਕਟੋਰੀਆ ਦੇ ਜ਼ਮਾਨੇ ਦੇ ਵਿਵੇਕੀਆਂ ਵਾਂਗ ਸੀ। ਉਹ ਚਾਰ-ਅੱਖਰੇ ਸ਼ਬਦਾਂ ਨੂੰ ਪਸੰਦ ਨਹੀਂ ਕਰਦਾ ਸੀ ਤੇ ਜਦੋਂ ਵੀ ਮੈਂ ਇਹਨਾਂ ਦੀ ਵਰਤੋਂ ਕਰਦਾ, ਉਹ ਸ਼ਰਮਾ ਜਾਂਦਾ। ਉਸ ਦੇ ਲਿਬਾਸ ਤੇ ਚਾਲ-ਢਾਲ ਦੀ ਮਰਿਆਦਾ ਬਾਰੇ ਵੀ ਪੱਕੇ ਵਿਚਾਰ ਸਨ। ਉਹ ਲੜਕੀਆਂ ਦੇ ਤੰਗ ਲਿਬਾਸ ਤੇ ਕਮੀਜ਼ਾਂ ਪਹਿਨਣ ਦੇ ਹੱਕ ਵਿੱਚ ਵੀ ਨਹੀਂ ਸੀ। ਉਹ ਹਰ ਪਹਿਲੂ ਤੋਂ ਠੀਕ ਤੇ ਮੁਨਾਸਿਬ ਸੀ। ਸਾਡੇ ਵਿਚਾਰਾਂ ਤੇ ਕਿੱਤਿਆਂ ਦੇ ਵਖਰੇਵੇਂ ਤੇ ਅੱਡਰੇ ਹੋਣ 'ਤੇ ਵੀ, ਉਹ ਉਹਨਾਂ ਕੁਝ ਵਿਅਕਤੀਆਂ ਵਿੱਚੋਂ ਸੀ ਜਿਸਦਾ ਮੈਂ ਸਤਿਕਾਰ ਕਰਦਾ ਸੀ, ਜਿਸ ਦੀ ਮੈਂ ਵਡਿਆਈ ਕਰਦਾ ਤੇ ਯਾਦ ਕਰਦਾ ਹਾਂ।

ਇਸ ਦਾ ਇਕੋ ਇਕ ਸਿੱਧਾ ਕਾਰਨ ਇਹੋ ਸੀ ਕਿ ਪ੍ਰੇਮ ਚੰਦਰ ਲਾਲ ਸਹੀ ਅਰਥਾਂ ਵਿੱਚ ਇਕ ਭਲਾ ਪੁਰਸ਼ ਸੀ। ਸਾਊ ਸੱਜਣ ਸੀ।

ਜੈਕ ਵਿਲਬਰ ਫ਼ੋਰਸ ਬਰਕ ਪੀਲ : ਮੇਰਾ ਅੰਗਰੇਜ਼ ਵੀਰ

ਉਸ ਦੇ ਨਾਮ ਦਾ ਮੇਰੇ ਪਾਠਕਾਂ ਲਈ ਕੋਈ ਅਰਥ ਨਹੀਂ ਹੈ। ਮੇਰੇ ਲਈ ਇਹਦਾ ਬਹੁਤ ਮਹੱਤਵ ਸੀ। ਉਹ 70 ਸਾਲ ਤੋਂ ਵਧੀਕ ਸਮੇਂ ਲਈ ਮੇਰਾ ਗੂੜ੍ਹਾ ਮਿੱਤਰ ਰਿਹਾ ਸੀ। ਉਹ 3 ਅਪ੍ਰੈਲ 2004 ਨੂੰ 95 ਸਾਲ ਦੀ ਉਮਰ ਵਿੱਚ ਮਰਿਆ। ਮੈਂ ਉਸ ਦੀ ਮੌਤ ਬਾਰੇ ਲੰਡਨ ਦੇ ਅਖ਼ਬਾਰ 'ਇੰਡੀਪੈਂਡੈਂਟ' ਵਿੱਚ ਪੜ੍ਹਿਆ। ਉਸ ਵਿੱਚ ਫ਼ੋਟੋਆਂ ਨਾਲ ਦੋ ਪੰਨੇ ਦੀ ਸ਼ਰਧਾਂਜਲੀ ਛਪੀ ਸੀ।

ਮੇਰੀ ਉਸ ਨਾਲ ਨਜ਼ਦੀਕੀ ਦੇ ਬਾਵਜੂਦ ਮੈਂ ਕਦੇ ਉਸ ਦੀ ਮਹਾਨਤਾ ਦਾ ਅਨੁਭਵ ਨਹੀਂ ਕੀਤਾ ਸੀ ਕਿਉਂਕਿ ਉੱਚੀ ਕੁੱਲ ਦੇ ਅੰਗਰੇਜ਼ਾਂ ਵਾਂਗ ਉਹ ਵੀ ਕਦੇ ਆਪਣੇ ਬਾਰੇ ਬਹੁਤੀ ਚਰਚਾ ਨਹੀਂ ਕਰਿਆ ਕਰਦਾ ਸੀ। ਸ਼ਰਧਾਂਜਲੀ ਵਿੱਚੋਂ ਹੀ ਮੈਨੂੰ ਇਹ ਜਾਣਕਾਰੀ ਮਿਲੀ ਕਿ ਉਸ ਨੇ ਆਪਣੇ ਸਮੇਂ ਸਟਾਲਿਨ, ਟੀਟੋ, ਆਈਜ਼ਨਹਾਵਰ, ਚਰਚਿਲ, ਐਟਲੀ ਤੇ ਹੋਰ ਸੰਸਾਰ ਪ੍ਰਸਿੱਧ ਹਸਤੀਆਂ ਨਾਲ ਮੁਲਾਕਾਤਾਂ ਕੀਤੀਆਂ ਸਨ ਤੇ ਉਹਨਾਂ ਨੂੰ ਇਕ ਦੂਸਰੇ ਨਾਲ ਗੱਲਬਾਤ ਕਰਨ ਵਿੱਚ ਸਹਾਇਤਾ ਕੀਤੀ ਸੀ। ਉਹ ਸਿਆਸਤਦਾਨ, ਸਰਕਾਰ ਦਾ ਮੰਤਰੀ ਜਾਂ ਰਾਜਦੂਤ ਨਹੀਂ ਸੀ, ਉਹ ਇਕ ਛੋਟਾ ਜਿਹਾ ਕਲਰਕ ਸੀ, ਜੋ ਬਹੁਤ ਸਾਰੀਆਂ ਭਾਸ਼ਾਵਾਂ ਜਾਣਦਾ ਸੀ। ਉਹ ਅੱਧੀ ਦਰਜਨ ਯੂਰਪੀਨ ਭਾਸ਼ਾਵਾਂ ਬੜੀ ਰਵਾਨੀ ਨਾਲ ਉਸ ਤਰ੍ਹਾਂ ਹੀ ਬੋਲ ਸਕਦਾ ਸੀ ਜਿਵੇਂ ਆਪਣੀ ਮਾਤ੍ਰੀ ਭਾਸ਼ਾ ਅੰਗਰੇਜ਼ੀ। ਭਾਵੇਂ ਉਸ ਨੇ ਕਦੇ ਯੂਨੀਵਰਸਿਟੀ ਵਿੱਦਿਆ ਪ੍ਰਾਪਤ ਨਹੀਂ ਕੀਤੀ ਸੀ, ਪਰ ਉਹ ਇਕ ਨਿਪੁੰਨ ਪਿਆਨੋ ਵਾਦਕ ਸੀ।

ਮੈਂ ਉਸ ਨੂੰ ਉਸ ਸਮੇਂ ਮਿਲਿਆ ਸੀ ਜਦ ਮੈਂ ਵਿਦਿਆਰਥੀ ਸੀ ਤੇ ਲੰਡਨ ਦੇ ਉੱਤਰ ਵਿੱਚ 40 ਮੀਲ ਪ੍ਰੋ: ਐੱਫ. ਐੱਸ. ਮਾਰਵਿਨ ਦੇ ਘਰ 'ਵੈਲਵਿਨ ਗਾਰਡਨ ਸਿਟੀ' ਵਿੱਚ ਰਹਿ ਰਿਹਾ ਸੀ। ਸਾਡੀ ਪਹਿਲੀ ਮੁਲਾਕਾਤ ਅੰਤਰ-ਕਲੱਬ ਟੂਰਨਾਮੈਂਟ ਖੇਡਦਿਆਂ ਟੈਨਿਸ ਦੇ ਮੈਦਾਨ ਵਿੱਚ ਹੋਈ। ਉਹ ਖੇਡਣ ਵਿੱਚ ਮੇਰੇ ਨਾਲੋਂ ਅੱਛਾ ਸੀ। ਹੌਲੀ-ਹੌਲੀ ਸਾਡੀ ਦੋਸਤੀ ਵਧਦੀ ਗਈ ਤੇ ਮੈਨੂੰ ਉਸ ਦੇ ਪਿਤਾ (ਜੋ ਛੋਟਾ ਜਿਹਾ ਨਿੱਜੀ ਸਕੂਲ ਚਲਾ ਰਿਹਾ ਸੀ), ਉਸ ਦੀ ਭੈਣ ਨੈਨਸੀ ਤੇ ਉਸ ਦੀ ਪਤਨੀ ਡਾਗਮਾਰ ਹਾਨਸੇਨ (ਜੋ ਐਸਟੋਨੀਆ ਦੀ ਬੜੀ ਸੁੰਦਰ ਲੜਕੀ ਸੀ) ਵੱਲੋਂ ਚਾਹ 'ਤੇ ਬੁਲਾਇਆ ਗਿਆ। ਅਸੀਂ ਕਈ ਵਾਰ ਸਵੇਰ ਨੂੰ ਵੀ ਤੇ ਸ਼ਾਮ ਨੂੰ ਵੀ ਵੈਲਵਿਨ ਗਾਰਡਨ ਸਿਟੀ ਤੋਂ ਕਿੰਗਜ਼ ਕਰਾਸ ਸਟੇਸ਼ਨ ਤੱਕ ਇਕੋ ਗੱਡੀ ਵਿੱਚ ਇਕੱਠੇ ਸਫ਼ਰ ਕਰਦੇ। ਮੈਨੂੰ ਚੇਤੇ ਹੈ, ਇਕ ਵਾਰ ਉਸ ਨੇ ਮੈਨੂੰ ਕਿਹਾ, "ਮੈਂ ਕਿਸੇ ਸਿੱਖ ਨੂੰ ਦੋਸਤ ਬਣਾਉਣਾ ਨਹੀਂ ਚਾਹੁੰਦਾ। ਇਸ ਤੋਂ ਪਹਿਲਾਂ ਮੈਂ

ਇਕ ਸਿੱਖ ਨੂੰ ਮਿੱਤਰ ਬਣਾਇਆ ਸੀ, ਤਾਂ ਉਹ ਮੇਰੀ ਦੋਸਤ ਕੁੜੀ ਨੂੰ ਲੈ ਕੇ ਤੁਰਦਾ ਬਣਿਆ। ਉਸ ਦਾ ਨਾਮ ਗੁਰਦਿਆਲ ਸਿੰਘ ਸੀ। ਉਹ ਭਾਰਤੀ ਹਵਾਈ ਸੈਨਾ ਵਿੱਚ ਸੀ ਤੇ ਹਾਟਫੀਲਡ ਵਿੱਚ ਕੋਈ ਕੋਰਸ ਕਰ ਰਿਹਾ ਸੀ। ਕੀ ਤੁਸੀਂ ਉਸ ਨੂੰ ਜਾਣਦੇ ਹੋ?" ਮੈਂ ਗੁਰਦਿਆਲ ਸਿੰਘ ਬਾਰੇ ਕੁਝ ਨਹੀਂ ਜਾਣਦਾ ਸੀ। ਮੈਂ ਉੱਤਰ ਵਿੱਚ ਕਿਹਾ, "ਤੇਰੀ ਪਤਨੀ ਬਹੁਤ ਸੁੰਦਰ ਹੈ। ਤੂੰ ਸਾਰੇ ਸਿੱਖਾਂ ਤੋਂ ਬਚ ਕੇ ਰਹੀਂ।"

ਜਿਸ ਦਿਨ ਮੇਰਾ ਕਾਲਜ ਨਹੀਂ ਲੱਗਿਆ ਹੁੰਦਾ ਸੀ, ਮੈਂ ਕਾਫ਼ੀ ਹਾਊਸ ਵਿੱਚ ਕਾਫ਼ੀ ਪੀਣ ਚਲਾ ਜਾਂਦਾ ਕਿਉਂਕਿ ਡਾਗਮਾਰ ਉੱਥੇ ਬਹਿਰੇ ਵਜੋਂ ਕੰਮ ਕਰਦੀ ਸੀ। ਜੈਕ ਨੈਸ਼ਨਲ ਬੈਂਕ ਆਫ਼ ਇੰਡੀਆ ਦੀ ਲੰਡਨ ਸ਼ਾਖ਼ਾ ਵਿੱਚ ਕਲਰਕ ਸੀ ਤੇ ਉਹਨਾਂ ਨੂੰ ਘਰ ਚਲਾਉਣ ਲਈ ਦੋਹਰੀ ਕਮਾਈ ਦੀ ਜ਼ਰੂਰਤ ਸੀ। ਡਾਗਮਾਰ ਨੂੰ ਅੰਗਰੇਜ਼ੀ ਬੜੀ ਘੱਟ ਆਉਂਦੀ ਸੀ। ਮੇਰਾ ਖ਼ਿਆਲ ਸੀ ਕਿ ਉਹਦੀ ਸੁੰਦਰਤਾ ਤੋਂ ਬਿਨਾਂ ਜੈਕ ਨੇ ਉਸ ਨਾਲ ਵਿਆਹ ਬਹੁਤੀਆਂ ਭਾਸ਼ਾਵਾਂ ਸਿੱਖਣ ਲਈ ਕਰਵਾਇਆ ਸੀ ਕਿਉਂਕਿ ਉਹ ਐਸਟੋਨੀਅਨ, ਰੂਸੀ ਤੇ ਜਰਮਨ ਭਾਸ਼ਾਵਾਂ ਜਾਣਦੀ ਸੀ। ਜਦੋਂ ਦੂਸਰਾ ਵਿਸ਼ਵ ਯੁੱਧ ਛਿੜਿਆ, ਉਸ ਦਾ ਇਹਨਾਂ ਭਾਸ਼ਾਵਾਂ 'ਤੇ ਪੂਰਾ ਅਬੂਰ ਸੀ।

1943 ਵਿੱਚ ਰੋਇਲ ਏਅਰ ਫ਼ੋਰਸ ਨੇ ਉਸ ਨੂੰ ਆਪਣੇ ਸਟਾਫ਼ ਵਿੱਚ ਜਰਮਨੀ ਦੇ ਲੁਫਤਵਾਫ਼ ਜਹਾਜ਼ਾਂ ਦੇ ਉਹਨਾਂ ਪਾਇਲਟਾਂ ਦੀ ਗੱਲਬਾਤ ਸੁਣਨ ਲਈ ਤੇ ਖ਼ਬਰ ਦੇਣ ਲਈ ਭਰਤੀ ਕਰ ਲਿਆ ਜੋ ਬਰਤਾਨੀਆ ਉੱਪਰ ਹਵਾਈ ਹਮਲੇ ਕਰ ਰਹੇ ਸਨ। ਅਧਿਕਾਰੀਆਂ ਨੂੰ ਛੇਤੀ ਹੀ ਇਹ ਪਤਾ ਲੱਗ ਗਿਆ ਕਿ ਉਹ ਰੂਸੀ ਭਾਸ਼ਾ ਵੀ ਉਸੇ ਰਵਾਨੀ ਤੇ ਸੌਖ ਨਾਲ ਬੋਲ ਸਕਦਾ ਹੈ ਜਿਵੇਂ ਕਿ ਜਰਮਨ ਭਾਸ਼ਾ। ਇਸ ਲਈ ਉਸ ਨੂੰ ਉਸ ਵਿਭਾਗ ਵਿੱਚ ਸੰਪਰਕ ਅਧਿਕਾਰੀ ਬਣਾਇਆ ਗਿਆ ਜੋ ਬਰਤਾਨਵੀ ਹਵਾਈ ਲੜਾਕੂਆਂ ਨੂੰ ਸਿਖਲਾਈ ਦੇਣ ਵਾਸਤੇ ਆਏ ਸੋਵੀਅਤ ਪਾਇਲਟਾਂ ਦਾ ਪ੍ਰਬੰਧ ਕਰ ਰਿਹਾ ਸੀ। ਉਸ ਨੂੰ ਸੋਵੀਅਤ ਮੰਤਰੀ ਵਿਆਚੇਸਲਵ ਮੋਲੋਟੋਫ ਵਾਸਤੇ ਅਤੇ ਸੋਵੀਅਤ ਰਾਜਦੂਤ ਆਇਵਾਨ ਮੇਸਕੀ ਨਾਲ ਇਕ ਦੋ ਭਾਸ਼ੀਆ ਬਣਾਇਆ ਗਿਆ। ਉਸ ਨੂੰ ਬ੍ਰਿਟਿਸ਼ ਵਿਦੇਸ਼ ਸੇਵਾ ਦੇ ਅਧੀਨ ਨਿਯੁਕਤ ਕਰਕੇ ਬਰਤਾਨਵੀ ਦੂਤਾਵਾਸ ਮਾਸਕੋ ਵਿੱਚ ਦੂਸਰਾ ਸਕੱਤਰ ਨਿਯੁਕਤ ਕਰ ਦਿੱਤਾ ਗਿਆ। ਉੱਥੇ ਉਹ ਜੋਜ਼ਫ ਸਟਾਲਿਨ ਨੂੰ ਮਿਲਿਆ। ਸਟਾਲਿਨ ਬਾਰੇ ਆਮ ਪ੍ਰਭਾਵ ਦੇ ਉਲਟ ਕਿ ਉਹ ਘੱਟ ਪੜ੍ਹਿਆ ਤੇ ਖ਼ੂਨੀ ਤਾਨਾਸ਼ਾਹ ਸੀ, ਜੈਕ ਅਨੁਸਾਰ ਤਾਂ ਉਹ ਸਨੇਹ ਭਰਪੂਰ ਤੇ ਤੇਜ਼ ਯਾਦ ਸ਼ਕਤੀ ਵਾਲਾ ਬਜ਼ੁਰਗ ਸੀ। ਉਸ ਦੇ ਅੰਗਰੇਜ਼ ਸਹਿਕਰਮੀ ਉਸ ਨੂੰ ਨਵਾਂ ਛੋਕਰਾ ਸਮਝ ਕੇ ਘਿਰਣਾ ਕਰਦੇ ਸਨ, ਉਸ ਨੂੰ ਨੀਵਾਂ ਦਿਖਾਉਣ ਲਈ ਦੂਤਾਵਾਸ ਦੇ ਸਵਾਗਤੀ ਜਸ਼ਨ ਵਿੱਚ ਉਸ ਨੂੰ ਪਰੋਕੋਫ਼ੀਵ ਦੇ ਪਿਆਨੋ ਦੀ ਬਣਾਈ ਧੁਨ ਵਜਾਉਣ ਲਈ ਕਿਹਾ। ਜੈਕ ਨੇ ਬੜੇ ਠਾਠ ਤੇ ਅਕੜ ਨਾਲ ਬਿਨਾਂ ਇਹ ਜਾਣੇ ਕਿ ਸੰਗੀਤਕਾਰ ਉਹਦੇ ਪਿੱਛੇ ਖੜ੍ਹਾ ਹੈ, ਪਿਆਨੋ ਵਜਾਇਆ।

ਜੈਕ ਨੇ 1947 ਵਿੱਚ ਆਪਣੇ ਮਾਸਕੋ ਵਿਚਲੇ ਅਹੁਦੇ ਤੋਂ ਤਿਆਗ ਪੱਤਰ ਦਿੱਤਾ ਤਾਂ ਜੋ ਉਹ ਵੈਲਵਿਨ ਗਾਰਡਨ ਸਿਟੀ ਆ ਕੇ ਟੀ.ਬੀ. ਦੀ ਮਰੀਜ਼ ਆਪਣੀ ਬਿਮਾਰ ਪਤਨੀ ਕੋਲ ਰਹਿ ਸਕੇ। ਉਹ 1947 ਵਿੱਚ ਇਕ ਬੇਟਾ ਪਿੱਛੇ ਛੱਡ ਕੇ ਮਰ ਗਈ।

ਜੰਗ ਦੇ ਦਿਨਾਂ ਵਿੱਚ ਮੈਨੂੰ ਜੈਕ ਦੀ ਕੋਈ ਉੱਘ-ਸੁੱਘ ਨ ਮਿਲੀ। ਜੰਗ ਖ਼ਤਮ ਹੋਣ ਪਿੱਛੋਂ ਮੈਨੂੰ ਇੰਡੀਆ ਹਾਊਸ ਵਿੱਚ ਨੌਕਰੀ ਮਿਲ ਗਈ। ਮੈਂ ਉਸ ਨਾਲ ਸੰਪਰਕ ਕਾਇਮ ਕਰ ਲਿਆ। ਉਸ ਸਮੇਂ ਤੱਕ ਮੇਰੀ ਪਤਨੀ ਵੀ ਸੀ ਤੇ ਦੋ ਬੱਚੇ ਵੀ। ਜੈਕ ਰੰਡਵਾ ਸੀ। ਉਸ ਨੂੰ 'ਸ਼ਾਹੀ ਕੈਮੀਲ ਉਦਯੋਗ' ਵਿੱਚ ਉੱਚੀ ਪਦਵੀ ਮਿਲੀ ਹੋਈ ਸੀ ਤੇ ਬਹੁਤ ਸਾਰੀਆਂ ਭਾਸ਼ਾਵਾਂ ਬਾਰੇ ਗਿਆਨ ਹੋਣ ਕਾਰਨ ਪੂਰਬੀ ਯੂਰਪ ਨਾਲ ਸੰਬੰਧਿਤ ਗਤੀਵਿਧੀਆਂ ਦਾ ਇੰਚਾਰਜ ਬਣਾਇਆ ਗਿਆ। ਜ਼ਿਆਦਾ ਕਰਕੇ ਤਾਂ ਮੈਂ ਉਸ ਕਾਰਨ ਹੀ ਆਪਣੇ ਪਰਿਵਾਰ ਨੂੰ ਲੰਡਨ ਤੋਂ ਵੈਲਵਿਨ ਗਾਰਡਨ ਸਿਟੀ ਲੈ ਕੇ ਰਹਿਣ ਲੱਗ ਪਿਆ। ਅਸੀਂ ਲਗਭਗ ਹਰ ਰੋਜ਼ ਮਿਲਦੇ। ਟੈਨਿਸ ਦੀ ਥਾਂ ਅਸੀਂ ਦੁਪਹਿਰ ਦੇ ਖਾਣੇ ਵੇਲੇ ਸੁਕਵੈਸ਼ ਖੇਡਦੇ ਤੇ ਉਸ ਮਗਰੋਂ ਬੀਅਰ ਦੇ ਪਿਆਲੇ ਤੇ ਸੈਂਡਵਿਚ ਨੇੜਲੇ ਸ਼ਰਾਬਖ਼ਾਨੇ ਤੋਂ ਜਾ ਲੈਂਦੇ। ਪਹਿਲੇ ਸਮੇਂ ਵਾਂਗ, ਅਸੀਂ ਵੈਲਵਿਨ ਗਾਰਡਨ ਸਿਟੀ ਤੋਂ ਕਿੰਗਜ਼ ਕਰਾਸ ਜਾਂਦੇ ਤੇ ਵਾਪਸ ਆਉਂਦੇ।

ਮੈਂ 1951 ਵਿੱਚ ਨੌਕਰੀ ਛੱਡ ਕੇ ਭਾਰਤ ਮੁੜ ਆਇਆ। ਅਸੀਂ ਇਕ ਦੂਸਰੇ ਨੂੰ ਖ਼ਤ ਪੱਤਰ ਲਿਖਦੇ ਰਹੇ। ਉਸੇ ਸਾਲ ਜੈਕ ਨੇ ਇਕ ਆਸਟਰੀਅਨ ਲੜਕੀ ਐਰਿਕਾ ਫ਼ਿਸ਼ਾ ਨਾਲ ਸ਼ਾਦੀ ਕਰ ਲਈ ਜਿਸ ਤੋਂ ਉਹਦੇ ਦੋ ਹੋਰ ਲੜਕੇ ਪੈਦਾ ਹੋਏ। ਇਕ ਵਾਰ ਉਹ ਸਰਦੀਆਂ ਨੂੰ ਦਿੱਲੀ ਆਏ ਤੇ ਸਾਡੇ ਕੋਲ ਠਹਿਰੇ। ਉਸ ਸਮੇਂ ਉਸ ਨੂੰ ਗੋਡਿਆਂ ਦਾ ਗਠੀਆ ਸੀ ਤੇ ਉਹ ਲੰਗੜਾ ਕੇ ਚੱਲਦਾ ਸੀ। ਜਦੋਂ ਕਦੇ ਮੈਨੂੰ ਉਹਨਾਂ ਦੁਆਈਆਂ ਦੀ ਲੋੜ ਹੁੰਦੀ ਜੋ ਭਾਰਤ ਵਿੱਚ ਮਿਲਦੀਆਂ ਨਹੀਂ ਸਨ ਜਿਵੇਂ ਕਿ ਮੇਰੇ ਪਿਤਾ ਜੀ ਤੇ ਫਿਰ ਮਗਰੋਂ ਮੇਰੇ ਮਾਤਾ ਜੀ ਦੇ ਬਿਮਾਰ ਹੋਣ ਵੇਲੇ, ਮੈਂ ਉਹ ਜੈਕ ਤੋਂ ਮੰਗਵਾ ਲੈਂਦਾ, ਉਹ ਵੀ ਬਿਨਾਂ ਡਾਕਟਰ ਦੇ ਨੁਸਖੇ ਦੇ ਜੋ ਬੜਾ ਅਵੱਸ਼ਕ ਸੀ।

ਉਸ ਨੇ ਮੇਰੇ ਰਚਨਾ ਸੰਸਾਰ ਦੇ ਕਾਰਨਾਮਿਆਂ ਦੀ ਪੈੜ ਮੇਰੀਆਂ ਕਿਤਾਬਾਂ ਲੈ ਕੇ ਤੇ ਉਹਨਾਂ ਬਾਰੇ ਪੜ੍ਹਨ ਉਪਰੰਤ ਚਿੱਠੀ ਪੱਤਰਕਾ ਕਰਕੇ ਨੱਪੀ ਰੱਖੀ। ਭਾਸ਼ਾਵਾਂ ਦੇ ਗਿਆਨ ਤੇ ਕਲਾਸਕੀ ਸੰਗੀਤ ਤੋਂ ਬਿਨਾਂ ਉਸ ਦੀ ਸਾਹਿੱਤ ਵਿੱਚ ਵੀ ਸਕਾਰਬੋਰ (ਯਾਰਕ ਸ਼ਾਇਰ) ਵਿਚਲੇ ਸਕੂਲ ਦੇ ਸਮੇਂ ਤੋਂ ਹੀ ਬਹੁਤ ਡੂੰਘੀ ਰੁਚੀ ਸੀ। ਸਿਟਵੈਲ ਪਰਿਵਾਰ, ਐਡਿਥ, ਓਸਬਰਟ ਤੇ ਸਕੈਵਰੈਲ ਉਸ ਦੇ ਪਰਿਵਾਰਕ ਮਿੱਤਰ ਸਨ।

ਆਖ਼ਰੀ ਕੁਝ ਕੁ ਸਾਲਾਂ ਵਿੱਚ ਜੈਕ ਦੀ ਥਾਂ ਉਸ ਦੀ ਪਤਨੀ ਮੇਰੇ ਪੱਤਰਾਂ ਦੇ ਉੱਤਰ ਦਿਆ ਕਰਦੀ ਸੀ। 2002 ਵਿੱਚ ਜਦ ਮੇਰੀ ਪਤਨੀ ਦੀ ਮੌਤ ਹੋਈ, ਐਰਿਕਾ ਨੇ ਮੈਨੂੰ ਪੱਤਰ ਲਿਖਿਆ ਤੇ ਜੈਕ ਨੇ ਖ਼ਤ ਦੇ ਅਖ਼ੀਰ 'ਤੇ ਇਕ ਪੈਰਾ ਲਿਖਿਆ। ਮੈਂ ਉਸ ਦੇ ਲਿਖੇ ਨੂੰ ਮਸਾਂ ਹੀ ਪੜ੍ਹ ਸਕਿਆ।

ਐਰਿਕਾ ਦਾ ਆਖ਼ਰੀ ਖ਼ਤ ਜੈਕ ਦੀ ਤੇਜ਼ੀ ਨਾਲ ਵਿਗੜ ਰਹੀ ਸਿਹਤ ਬਾਰੇ ਸੀ। ਉਹ ਮੰਜੇ 'ਤੇ ਮੰਜਾ ਹੋਇਆ ਪਿਆ ਸੀ ਪਰ ਉਸ ਨੇ ਫਿਰ ਵੀ ਪਤਨੀ ਵੱਲੋਂ ਲਿਖੇ ਖ਼ਤ ਵਿੱਚ ਤਿੰਨ ਸ਼ਬਦ ਲਿਖੇ। ਮੈਨੂੰ ਇਹ ਸ਼ਬਦ ਪੜ੍ਹਨ ਵਿੱਚ ਕਾਫ਼ੀ ਦੇਰ ਲੱਗੀ ਕਿ "ਤੇਰਾ ਕੀ ਹਾਲ ਹੈ?"

ਮਨਜ਼ੂਰ ਕਾਦਰ—ਮੇਰਾ ਆਦਰਸ਼

ਕਈ ਸਾਲਾਂ ਤੋਂ ਬਣਿਆ ਮੇਰਾ ਗੂੜ੍ਹਾ ਮਿੱਤਰ ਮਰ ਰਿਹਾ ਸੀ। ਮੈਂ ਉਸ ਦੀ ਮਿਜ਼ਾਜ-ਪੁਰਸੀ ਲਈ ਵੀ ਨ ਜਾ ਸਕਿਆ। ਉਸ ਦੀ ਪਤਨੀ ਤੇ ਬੱਚੇ ਮੇਰੇ ਕੋਲੋਂ ਸਿਰਫ਼ $1\frac{1}{2}$ ਘੰਟੇ ਦੀ ਹਵਾਈ ਉਡਾਣ ਦੀ ਵਿੱਥ 'ਤੇ ਸਨ। ਮੈਂ ਉਹਨਾਂ ਨੂੰ ਮਿਲਣ ਵੀ ਨ ਜਾ ਸਕਿਆ। ਮੈਂ ਉਹਨਾਂ ਨੂੰ ਖ਼ਤ ਵੀ ਨ ਲਿਖ ਸਕਿਆ, ਨਾ ਹੀ ਫ਼ੋਨ ਕਰ ਸਕਿਆ। ਤੇ ਜਦੋਂ ਉਹ ਮਰਿਆ ਤਾਂ ਮੈਂ ਉਹਨਾਂ ਨੂੰ ਧਰਵਾਸ ਦੇਣ ਲਈ ਵੀ ਕੋਲ ਨਹੀਂ ਸੀ। ਉਹ ਪਾਕਿਸਤਾਨੀ ਹਨ ਤੇ ਮੈਂ ਹਿੰਦੁਸਤਾਨੀ। ਅਸੀਂ ਕਿਸ ਕਿਸਮ ਦੇ ਗੁਆਂਢੀ ਹਾਂ? ਸਾਡਾ ਆਪਣੇ-ਆਪ ਨੂੰ ਸੱਭਿਅ ਕਹਿਣ ਦਾ ਕੀ ਹੱਕ ਹੈ?

ਮੈਂ ਸਵੇਰ ਦੇ ਅਖ਼ਬਾਰ 'ਚੋਂ ਉਹਦੀ ਖ਼ਬਰ ਵੀ ਨ ਪੜ੍ਹੀ। ਜਦੋਂ ਕਿਸੇ ਮਿੱਤਰ ਨੇ ਫ਼ੋਨ ਕੀਤਾ ਤੇ ਮੈਨੂੰ ਕਿਹਾ, "ਤੇਰਾ ਪੱਕਾ ਮਿੱਤਰ ਮਰ ਗਿਆ ਹੈ ਤਾਂ ਮੇਰੀਆਂ ਨਾੜੀਆਂ ਵਿੱਚ ਲਹੂ ਜੰਮ ਗਿਆ। ਮੈਂ ਰੱਦੀ ਅਖ਼ਬਾਰਾਂ ਦੀ ਟੋਕਰੀ 'ਚੋਂ ਅਖ਼ਬਾਰ ਚੁੱਕਿਆ ਤੇ ਆਪ ਲਿਖਿਆ ਵੇਖਿਆ। ਮਨਜ਼ੂਰ ਕਾਦਰ ਮਰ ਚੁੱਕਾ ਸੀ। ਜਿਸ ਸਮੇਂ ਉਹ ਲੰਡਨ ਵਿੱਚ ਮੌਤ ਨਾਲ ਘੁਲ ਰਿਹਾ ਸੀ, ਮੈਂ ਸ਼ਰਾਬ ਪੀ ਰਿਹਾ ਸੀ ਤੇ ਬੰਬਈ ਤੋਂ ਨਸ਼ਰ ਵਿਵਿਧ ਭਾਰਤੀ ਦੇ ਗਾਣੇ ਸੁਣ ਰਿਹਾ ਸੀ। ਤੇ ਜਦੋਂ ਉਸ ਨੂੰ ਪਰਿਵਾਰਿਕ ਕਬਰਸਤਾਨ ਵਿੱਚ ਲਾਹੌਰ ਵਿਖੇ 'ਸਪੁਰਦੇ ਖ਼ਾਕ' ਕੀਤਾ ਜਾ ਰਿਹਾ ਸੀ ਤਾਂ ਮੈਂ ਮਾਯੂਸੀ ਦੇ ਆਲਮ ਵਿੱਚ ਕੋਲਾਬਾ ਵਿੱਚ ਪਛਤਾਵਾ ਕਰ ਰਿਹਾ ਸੀ। ਉਹ ਪਾਕਿਸਤਾਨੀ ਸੀ ਤੇ ਮੈਂ ਭਾਰਤੀ।

ਵਿਸ਼ਵਾਸ ਕੀਤਾ ਜਾਂਦਾ ਹੈ ਕਿ ਜਦੋਂ ਆਦਮੀ ਮਰ ਰਿਹਾ ਹੁੰਦਾ ਹੈ ਤਾਂ ਉਸ ਦੇ ਜੀਵਨ ਦੀਆਂ ਸਭ ਘਟਨਾਵਾਂ ਉਹਦੇ ਮਨ ਦੀਆਂ ਅੱਖਾਂ ਅੱਗੇ ਆ ਜਾਂਦੀਆਂ ਹਨ। ਮੈਂ ਜ਼ਰੂਰ ਹੀ ਮਰ ਰਹੇ ਮਨਜ਼ੂਰ ਕਾਦਰ ਦੇ ਅੰਤ ਸਮੇਂ ਦੇ ਕੀਮਤੀ ਪਲਾਂ 'ਚ ਛਾਇਆ ਰਿਹਾ ਹੋਵਾਂਗਾ ਕਿਉਂਕਿ ਉਹ ਮੈਨੂੰ ਆਪਣਾ ਸਭ ਤੋਂ ਪੱਕਾ ਮਿੱਤਰ ਸਮਝਦਾ ਸੀ। ਮੈਂ ਸਾਰਾ ਸਵੇਰ ਦਾ ਸਮਾਂ ਇਹ ਸੋਚਦਿਆਂ ਹੀ ਲੰਘਾਇਆ ਸੀ ਕਿ ਅਸੀਂ ਕਿਵੇਂ ਮਿਲੇ ਤੇ ਮੈਂ ਉਹਦੇ ਵੱਲ ਖਿੱਚਿਆ ਗਿਆ। 30 ਸਾਲ ਪਹਿਲਾਂ ਸਾਡੀ ਪਹਿਲੀ ਮੁਲਾਕਾਤ ਵਿੱਚ ਹੀ ਅਸੀਂ ਮੌਤ ਬਾਰੇ ਗੱਲਾਂ ਕੀਤੀਆਂ ਸਨ। ਮੈਂ ਉਸ ਦੀ ਪਤਨੀ ਅਸਗਰੀ ਦੇ ਭਰਾ ਦੇ ਉਸ ਖ਼ਤ ਵਿੱਚੋਂ ਦੋ ਸਤਰਾਂ ਦਾ ਹਵਾਲਾ ਦਿੱਤਾ ਜੋ ਉਸ ਨੇ ਆਪਣੇ ਅੱਬਾ ਨੂੰ ਲਿਖਿਆ ਸੀ :

ਮੈਂ ਮੋਮਬੱਤੀ ਦੀ ਰੋਸ਼ਨੀ ਨਾਲ ਕੰਮ 'ਚ ਰੁੱਝਾ ਹਾਂ,
ਇਹ ਫੜਫੜਾ ਰਹੀ ਹੈ, ਇਹ ਬੁਝ ਗਈ ਹੈ।

ਮਨਜ਼ੂਰ ਕਾਦਰ ਵੱਖਰੀ ਕਿਸਮ ਦਾ ਵਿਅਕਤੀ ਸੀ। ਵਿਦਿਆਰਥੀ ਹੋਣ ਵੇਲੇ ਉਹ ਹੁਸ਼ਿਆਰ ਨਹੀਂ ਜਾਪਦਾ ਸੀ ਪ੍ਰੰਤੂ ਉਹ ਪਾਕਿਸਤਾਨ ਦਾ ਸਭ ਤੋਂ ਉੱਘਾ ਵਕੀਲ ਬਣਿਆ। ਕਾਨੂੰਨ ਤੋਂ ਬਿਨਾਂ ਉਹਦੀਆਂ ਮਨ ਭਾਉਂਦੀਆਂ ਪੁਸਤਕਾਂ ਕੁਰਾਨ ਤੇ ਬਾਈਬਲ

(ਓਲਡ ਟੈਸਟਾਮੈਂਟ) ਸਨ। ਫਿਰ ਵੀ ਉਹ ਅੰਤ ਤੱਕ ਸ਼ੰਕਾਵਾਦੀ (ਅਵਿਸ਼ਵਾਸੀ) ਰਿਹਾ। ਉਹ ਬਹੁਤ ਹੀ ਵਧੀਆ ਤੇ ਅਸਾਧਾਰਨ ਸ਼ਾਇਰ ਸੀ ਤੇ ਉਸ ਨੇ ਕੁਝ ਬਹੁਤ ਹੀ ਹਾਸ-ਵਿਨੋਦ ਵਾਲੀਆਂ ਤੇ ਉਰਦੂ ਜ਼ਬਾਨ ਵਿੱਚ ਅਸ਼ਲੀਲ ਸਮਝੀਆਂ ਜਾਂਦੀਆਂ ਨਜ਼ਮਾਂ ਲਿਖੀਆਂ, ਪਰ ਇਸ ਦੇ ਨਾਲ ਹੀ ਉਹ ਬਹੁਤ ਹੀ ਰੂੜ੍ਹੀਵਾਦੀ, ਜ਼ਬਾਨ ਤੇ ਵਰਤ ਵਿਹਾਰ ਦਾ ਬਹੁਤ ਸਾਊ ਸੀ। ਭਾਵੇਂ ਉਹ ਜਨਮ ਤੋਂ ਪੰਜਾਬੀ ਸੀ, ਪਰ ਉਹ ਪੰਜਾਬੀ ਘੱਟ ਹੀ ਬੋਲਦਾ ਸੀ ਤੇ ਹਿੰਦੁਸਤਾਨੀ ਵਿੱਚ ਬੜੀ ਸ਼ਾਨ ਨਾਲ ਗੱਲਬਾਤ ਕਰਨ ਨੂੰ ਤਰਜੀਹ ਦਿੰਦਾ ਸੀ। ਉਹ ਲੰਮੀਆਂ-ਲੰਮੀਆਂ ਗੱਲਾਂ ਕਰਦਾ ਸੀ, ਪਰ ਅਕਾਉਂਦਾ ਨਹੀਂ ਸੀ। ਉਹ ਸੋਫ਼ੀ ਸੀ, ਪ੍ਰੰਤੂ ਅੰਗੂਰੀ ਸ਼ਰਾਬ ਵਾਂਗ ਬੁਲਬੁਲੇ ਛੱਡਦਾ ਸੀ, ਜੋਸ਼ ਦਿੰਦਾ ਸੀ।

ਉਸ ਦੇ ਚਰਿੱਤਰ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਉਸ ਦੀ ਦਿਆਲਤਾ ਸੀ। ਉਸ ਨੇ ਕਿਸੇ ਬਾਰੇ ਵੀ ਕੋਈ ਚੁੱਭਵਾਂ ਸ਼ਬਦ ਕਦੇ ਨ ਵਰਤਿਆ। ਉਹਦੀ ਈਮਾਨਦਾਰੀ ਤਾਂ ਵਿਸ਼ਵਾਸ ਦੀਆਂ ਸਭ ਹੱਦਾਂ ਤੋਂ ਵੀ ਪਰ੍ਹੇ ਸੀ। ਉਸ ਦੀ ਵਕਾਲਤ 50 ਹਜ਼ਾਰ ਰੁਪਏ ਮਹੀਨਾ ਸੀ ਤੇ ਇਨਕਮ ਟੈਕਸ ਅਧਿਕਾਰੀ ਹਰ ਵਾਰ ਉਹਦਾ ਫ਼ਾਲਤੂ ਪੈਸਾ ਉਸ ਨੂੰ ਵਾਪਸ ਭੇਜਦੇ ਰਹਿੰਦੇ ਸਨ। ਉਹ ਰੁਪਏ ਦੀ ਰਤਾ ਪਰਵਾਹ ਨਹੀਂ ਕਰਦਾ ਸੀ। ਇਹ ਆਮ ਹੀ ਕਿਹਾ ਜਾਂਦਾ ਸੀ, "ਰੱਬ ਤਾਂ ਝੂਠ ਬੋਲ ਸਕਦਾ ਹੈ, ਪਰ ਮਨਜ਼ੂਰ ਕਾਦਰ ਨਹੀਂ।" ਭਾਵੇਂ ਉਹਦਾ ਰੱਬ ਵਿੱਚ ਵਿਸ਼ਵਾਸ ਨਹੀਂ ਸੀ, ਪ੍ਰੰਤੂ ਉਹ ਸਾਧਾਂ ਸੰਤਾਂ ਨਾਲੋਂ ਵਧੇਰੇ ਨੇਕੀ ਦਾ ਮੁਜੱਸਮਾ ਸੀ।

ਮਿੱਤਰਾਂ ਵਿੱਚ ਉਸ ਦੀ ਇੱਜ਼ਤ ਲਾਜਵਾਬ ਸੀ। ਵੰਡ ਦੇ ਕੁਝ ਸਾਲ ਬਾਅਦ ਅਸੀਂ ਜੀ.ਡੀ. ਖੋਸਲਾ ਦੀ ਪੁਸਤਕ 'ਕਠੋਰ ਲੇਖਾ ਜੋਖਾ' (Sterm Reckoning) ਬਾਰੇ ਚਰਚਾ ਕਰ ਰਹੇ ਸੀ। ਜਿਵੇਂ ਪੁਸਤਕ ਦੇ ਸਿਰਲੇਖ ਤੋਂ ਹੀ ਪ੍ਰਤੱਖ ਹੈ, ਇਸ ਵਿੱਚ ਪੂਰਬੀ ਪੰਜਾਬ ਵਿੱਚ ਵੰਡ ਸਮੇਂ ਕੀਤੀ ਕਤਲੋਗਾਰਤ ਨੂੰ ਬਦਲੇ ਦੀ ਉੱਚਿਤ ਕਾਰਵਾਈ ਠਹਿਰਾਇਆ ਗਿਆ ਸੀ। ਅਸੀਂ ਖੋਸਲੇ ਦੀ ਇਕ ਪਾਸੜ ਪਹੁੰਚ ਦੇ ਵਿਰੁੱਧ ਸੀ, ਖੋਸਲਾ ਤੇ ਉਸ ਦੀ ਪਤਨੀ ਇਸ ਦੇ ਵਿਰੁੱਧ ਦਲੀਲਾਂ ਦੇ ਰਹੇ ਸਨ। ਅਚਾਨਕ ਕਿਸੇ ਮਿੱਤਰ ਨੇ ਖੋਸਲੇ ਨੂੰ ਕਿਹਾ, "ਕੀ ਤੁਸੀਂ ਪੁਸਤਕ ਦੀ ਇਕ ਪ੍ਰਤੀ ਮਨਜ਼ੂਰ ਨੂੰ ਭੇਂਟ ਕਰੋਗੇ?" ਖੋਸਲੇ ਨੇ ਕੁਝ ਚਿਰ ਲਈ ਮਨ ਵਿੱਚ ਵਿਚਾਰ ਕੀਤੀ ਤੇ ਫਿਰ ਕਿਹਾ, "ਨਹੀਂ, ਉਸ ਨੂੰ ਨਹੀਂ।" ਉਸ ਨਾਲ ਹੀ ਸਭ ਬਹਿਸ ਖ਼ਤਮ ਹੋ ਗਈ। ਅਸੀਂ ਕਿਸੇ ਕਾਰਜ ਦੇ ਸਹੀ ਜਾਂ ਗ਼ਲਤ ਹੋਣ ਦਾ ਅੰਦਾਜ਼ਾ ਮਨਜ਼ੂਰ ਕਾਦਰ ਦੀ ਪ੍ਰਤਿਕਿਰਿਆ ਤੋਂ ਹੀ ਲਾ ਲੈਂਦੇ। ਉਹ ਸਾਡੇ ਨੈਤਿਕ ਆਡੰਬਰਾਂ ਦੀ ਕਸਵੱਟੀ ਸੀ।

ਮਨਜ਼ੂਰ ਕਾਦਰ ਨੂੰ ਰਾਜਨੀਤੀ ਵਿੱਚ ਕੋਈ ਦਿਲਚਸਪੀ ਨਹੀਂ ਸੀ ਤੇ ਉਹ ਅਖ਼ਬਾਰ ਪੜ੍ਹਨ ਦੀ ਘੱਟ ਹੀ ਪ੍ਰਵਾਹ ਕਰਦਾ ਸੀ। ਉਸ ਨੂੰ ਦੁਨੀਆਂ ਦੇ ਹਾਲਾਤ ਬਾਰੇ ਘੋਰ ਅਗਿਆਨਤਾ ਸੀ। ਇਕ ਵਾਰ ਅਸੀਂ ਲੰਡਨ ਵਿੱਚ ਸਨਯਾਤ ਸੇਨ ਦੀ ਨਿਊਜ਼ ਰੀਲ ਵੇਖੀ। ਉਸ ਨੇ ਮੈਨੂੰ ਪੁੱਛਿਆ ਕਿ ਇਹ ਸੇਨ ਕੌਣ ਸੀ? ਜਦੋਂ ਮੈਂ ਉਸ ਦੀ ਆਮ ਜਾਣਕਾਰੀ 'ਤੇ ਹੈਰਾਨੀ ਪ੍ਰਗਟ ਕੀਤੀ ਤਾਂ ਉਸ ਨੇ ਤੁਰੰਤ ਮੇਰੀ ਪ੍ਰੀਖਿਆ ਲੈਣ ਲਈ ਉੱਤਰ ਦਿੱਤਾ, "ਹੋਗਾ ਕੋਈ ਸਾਲਾ ਬੰਗਾਲੀ ਡਾਕਟਰ।" ਪਿੱਛੋਂ ਜਦੋਂ ਮੈਂ ਇਹ ਘਟਨਾ

ਉਸ ਦੀ ਬੇਟੀ ਸੀਰੀਂ ਨੂੰ ਸੁਣਾਈ ਤਾਂ ਉਸ ਨੇ ਆਪਣੇ ਪਿਤਾ ਨੂੰ ਝਾੜਨਾ ਸ਼ੁਰੂ ਕਰ ਦਿੱਤਾ। ਉਸ ਨੇ ਮੈਨੂੰ ਸੁਗੰਧ ਪਵਾਈ ਕਿ ਮੈਂ ਕਿਸੇ ਨੂੰ ਕਦੇ ਇਸ ਬਾਰੇ ਨਹੀਂ ਦੱਸਾਂਗਾ। ਮੈਂ ਇਹ ਕਿਸੇ ਨੂੰ ਤਦ ਤੱਕ ਨ ਦੱਸਿਆ ਜਦ ਤਕ ਮੈਂ ਅਖ਼ਬਾਰ ਵਿੱਚ ਇਹ ਨ ਪੜ੍ਹ ਲਿਆ ਕਿ ਸਦਰ ਅਯੂਬ ਖ਼ਾਂ ਨੇ ਉਸ ਨੂੰ ਪਾਕਿਸਤਾਨ ਦਾ ਵਿਦੇਸ਼ ਮੰਤਰੀ ਬਣਾ ਦਿੱਤਾ ਹੈ। ਉਸ ਨੂੰ ਮੈਂ ਵਧਾਈ ਦਿੰਦਿਆਂ ਤਾਰ ਭੇਜੀ ਤੇ ਲਿਖਿਆ ਸੀ, "ਡਾਕਟਰ ਸਨਯਾਤ ਸੇਨ, ਬੰਗਾਲੀ ਡਾਕਟਰ ਵੱਲੋਂ ਵਧਾਈ।"

ਜਦੋਂ ਉਹ ਪਾਕਿਸਤਾਨ ਦਾ ਵਿਦੇਸ਼ ਮੰਤਰੀ ਸੀ, ਮੈਂ ਆਪਣੀਆਂ ਛੁੱਟੀਆਂ ਦਾ ਥੋੜ੍ਹਾ ਸਮਾਂ ਉਸ ਕੋਲ ਗੁਜ਼ਾਰਿਆ। ਮੈਂ ਉਸ ਦਾ ਮਹਿਮਾਨ ਬਣ ਕੇ ਆਪਣੇ ਹੀ ਘਰ ਠਹਿਰਿਆ। (ਜਦੋਂ ਮੈਂ ਅਗਸਤ 1947 ਵਿੱਚ ਲਾਹੌਰ ਛੱਡਿਆ ਸੀ ਤਾਂ ਮੈਂ ਆਪਣਾ ਘਰ ਉਸ ਨੂੰ ਸੌਂਪ ਦਿੱਤਾ ਸੀ। ਉਸ ਨੇ ਨਾ ਕੇਵਲ ਮੇਰੇ ਸਿੱਖ ਨੌਕਰਾਂ ਨੂੰ ਸਰਹੱਦ 'ਤੇ ਪਹੁੰਚਾ ਕੇ ਜਾਨ ਨੂੰ ਖ਼ਤਰਾ ਸਹੇੜ ਕੇ ਜਾਨ ਹੀ ਬਚਾਈ, ਸਗੋਂ ਮੇਰੇ ਪੁਸਤਕਾਲੇ ਦੀ ਹਰ ਕਿਤਾਬ, ਮੇਜ਼ ਕੁਰਸੀਆਂ ਸਮੇਤ ਕੁਲ ਫ਼ਰਨੀਚਰ ਤੇ ਮੇਰੀ ਸ਼ਰਾਬ ਦੀ ਅਲਮਾਰੀ ਵਿੱਚ ਬਚੀ ਹੋਈ ਸ਼ਰਾਬ ਵੀ ਪਹੁੰਚਾਈ।) ਉਸ ਨੇ ਮੈਨੂੰ ਦੱਸਿਆ ਕਿ ਉਹ ਕਿਵੇਂ ਵਿਦੇਸ਼ ਮੰਤਰੀ ਬਣਿਆ। ਇਕ ਜਲਸੇ ਵਿੱਚ ਉਸ ਨੇ ਅਯੂਬ ਖ਼ਾਂ ਦੀ ਤਾਨੇਸ਼ਾਹੀ ਦੀ ਆਲੋਚਨਾ ਕੀਤੀ ਸੀ। ਉਸ ਸ਼ਾਮ ਇਕ ਫ਼ੌਜੀ ਜੀਪ ਉਸ ਨੂੰ ਲੈਣ ਆ ਪਹੁੰਚੀ। ਇਹ ਯਕੀਨ ਕਰਕੇ ਕਿ ਉਸ ਨੂੰ ਗ੍ਰਿਫ਼ਤਾਰ ਕੀਤਾ ਜਾਵੇਗਾ, ਉਸ ਨੇ ਆਪਣੇ ਪਰਿਵਾਰ ਨੂੰ ਵੀ ਅਲਵਿਦਾ ਕਹਿ ਦਿੱਤੀ। ਉਸ ਨੂੰ ਰਾਸ਼ਟਰਪਤੀ ਦੇ ਨਿਵਾਸ ਅਸਥਾਨ 'ਤੇ ਲਿਜਾਇਆ ਗਿਆ। ਅਯੂਬ ਖ਼ਾਂ ਨੇ ਕਿਹਾ, "ਜੇਕਰ ਤੁਸੀਂ ਜੋ ਕਹਿੰਦੇ ਹੋ ਉਸ ਨੂੰ ਠੀਕ ਕਰਨ ਦੀ ਜ਼ਿੰਮੇਵਾਰੀ ਨਹੀਂ ਸੰਭਾਲੋਗੇ, ਤਾਂ ਮੇਰੀ ਅਤੇ ਮੇਰੀ ਸਰਕਾਰ ਦੀ ਆਲੋਚਨਾ ਕਰਨ ਦਾ ਕੋਈ ਲਾਭ ਨਹੀਂ ਹੋਵੇਗਾ।"

ਆਪਣੇ ਚਰਿੱਤਰ ਅਨੁਸਾਰ ਮਨਜ਼ੂਰ ਨੇ ਕਦੇ ਕਿਸੇ ਅਹੁਦੇ ਲਈ ਭੱਜ ਨੱਠ ਨਹੀਂ ਕੀਤੀ ਤੇ ਨਾ ਹੀ ਤਾਕਤ ਨਾਲ ਚਿਮਟੇ ਰਹਿਣ ਲਈ ਰਤਾ ਵੀ ਉਤਸੁਕਤਾ ਵਿਖਾਈ। ਉਸ ਨੇ ਕਿਸੇ ਨਾਲ ਸੰਘਰਸ਼ ਨਾ ਕੀਤਾ ਕਿਉਂਕਿ ਉਹਦੇ ਟਾਕਰੇ 'ਤੇ ਕੋਈ ਸੰਘਰਸ਼ ਦੇ ਯੋਗ ਨਹੀਂ ਸੀ। ਉਸ ਨੇ ਬੇਈਮਾਨ ਸਿਆਸਤਦਾਨਾਂ ਨੂੰ ਪੈਂਤੜੇਬਾਜ਼ੀ ਤੇ ਚਾਲਾਕੀ ਕਰਨ ਤੋਂ ਰੋਕਣ ਦੀ ਕੋਸ਼ਿਸ਼ ਨ ਕੀਤੀ। ਚਾਰ ਸਾਲ ਵਿਦੇਸ਼ ਮੰਤਰੀ ਰਹਿਣ ਮਗਰੋਂ ਤੇ ਭਾਰਤ ਨਾਲ ਰਿਸ਼ਤੇ ਸੁਧਾਰਨ ਦੀ ਅਣਥੱਕ ਵਾਹ ਲਾਉਣ ਪਿੱਛੋਂ ਉਸ ਨੇ ਬਿਨਾਂ ਕਿਸੇ ਅਫ਼ਸੋਸ ਤੇ ਪਛਤਾਵੇ ਦੇ ਵਿਦੇਸ਼ ਮੰਤਰੀ ਦਾ ਪਦ ਤਿਆਗ ਦਿੱਤਾ। ਫਿਰ ਉਸ ਨੂੰ ਜ਼ਬਰਦਸਤੀ ਚੀਫ਼ ਜਸਟਿਸ ਬਣਾਇਆ ਗਿਆ ਤੇ ਜਦੋਂ ਉਸ ਨੇ ਉਹ ਪਦਵੀ ਵੀ ਤਿਆਗ ਦੇਣ ਦੀ ਇੱਛਾ ਜ਼ਾਹਰ ਕੀਤੀ ਤਾਂ ਉਸ ਨੂੰ ਸਰਕਾਰ ਨੇ ਆਪਣੇ ਲਈ ਥੋੜ੍ਹੇ ਸਮੇਂ ਵਾਲੇ ਕਾਰਜ ਕਰਨ ਲਈ ਮਨਾ ਲਿਆ। ਉਸ ਨੂੰ ਸਾਰੇ ਮਹੱਤਵਪੂਰਨ ਸਾਜ਼ਿਸ਼ ਦੇ ਮੁਕੱਦਮਿਆਂ ਵਿੱਚ ਸਰਕਾਰੀ ਵਕੀਲ ਬਣਾਇਆ ਤੇ ਉਸ ਨੇ ਅੰਤਰ-ਰਾਸ਼ਟਰੀ ਅਦਾਲਤਾਂ ਵਿੱਚ ਆਪਣੇ ਮੁਲਕ ਦੀ ਨੁਮਾਇੰਦਗੀ ਵੀ ਕੀਤੀ। ਭਾਵੇਂ ਰਾਸ਼ਟਰਪਤੀ ਇਸਕੰਦਰ ਮਿਰਜ਼ਾ ਸੀ ਜਾਂ ਅਯੂਬ ਖ਼ਾਂ, ਯਾਹੀਆ ਖ਼ਾਂ ਜਾਂ ਭੁੱਟੋ, ਪਾਕਿਸਤਾਨ ਦਾ ਕੋਈ ਵੀ ਹਾਕਮ ਮਨਜ਼ੂਰ ਕਾਦਰ ਤੋਂ ਬਿਨਾਂ ਸਾਰ ਨ ਸਕਿਆ।

ਪਿਛਲੇ ਸਾਲ ਮੈਂ 'ਮਰੀ' ਨੇੜੇ ਨਥਿਆ ਗਲੀ ਵਿੱਚ ਉਸ ਨਾਲ ਇਕ ਦਿਨ ਗੁਜ਼ਾਰਿਆ। ਉਹ ਨਾੜੀਆਂ ਦੀ ਸੋਜ ਕਾਰਨ ਬਹੁਤ ਬਿਮਾਰ ਸੀ ਪਰ ਪੁਰਾਣੀ ਦੋਸਤੀ ਕਰਕੇ ਉਹ ਮੈਨੂੰ ਇਸਲਾਮਾਬਾਦ ਲੈਣ ਪਹੁੰਚਿਆ ਤੇ ਅਗਲੀ ਸ਼ਾਮ ਵਾਪਸ ਛੱਡ ਕੇ ਗਿਆ। ਮੈਂ ਆਪਣੀਆਂ ਅੱਖਾਂ ਨਾਲ ਉਸ ਦਾ ਜਨਰਲ ਟਿੱਕਾ ਖ਼ਾਂ ਤੋਂ ਲੈ ਕੇ ਬਾਜ਼ਾਰ ਦੇ ਸਾਧਾਰਨ ਤੋਂ ਸਾਧਾਰਨ ਦੁਕਾਨਦਾਰ ਵੱਲੋਂ ਅਥਾਹ ਸਤਿਕਾਰ ਹੁੰਦਾ ਵੇਖਿਆ। ਉਸ ਨਾਲ ਹਰ ਇਕ ਸਨੇਹ ਵਿਖਾ ਰਿਹਾ ਸੀ। ਲਗਾਤਾਰ ਸਭ ਲੋਕ ਉਸ ਨਾਲ ਹੱਥ ਮਿਲਾ ਰਹੇ ਸਨ ਤੇ 'ਸਲਾਮ ਐਲਕਮ' ਕਹਿ ਰਹੇ ਸਨ।

ਉਸ ਨੇ ਅਤਿਅੰਤ ਹੌਸਲੇ ਨਾਲ ਤੇ ਧਰਮ ਵੱਲੋਂ ਦਿੱਤੀ ਜਾਂਦੀ ਕਿਸੇ ਝੂਠੀ ਤਸੱਲੀ ਤੋਂ ਬਿਨਾਂ ਹੀ ਬਿਮਾਰੀ ਦਾ ਦੁੱਖ ਬਰਦਾਸ਼ਤ ਕੀਤਾ। ਉਸ ਨੂੰ ਪਤਾ ਸੀ ਕਿ ਉਸ ਪਾਸ ਬਹੁਤ ਥੋੜ੍ਹਾ ਸਮਾਂ ਹੈ, ਪਰ ਉਸ ਨੂੰ ਮੌਤ ਦਾ ਕੋਈ ਭੈਅ ਨਹੀਂ ਸੀ। ਮੈਨੂੰ ਉਹ ਸ਼ਿਅਰ ਤਾਂ ਭੁੱਲ ਗਿਆ ਹੈ ਜੋ ਆਮ ਕਰਕੇ ਉਹ ਬੋਲਿਆ ਕਰਦਾ ਸੀ, ਪਰ ਉਸ ਦਾ ਭਾਵ ਅੰਗਰੇਜ਼ੀ ਸ਼ਾਇਰ ਵੈਜ਼ਲੇ ਦੀਆਂ ਪੰਕਤੀਆਂ ਨਾਲ ਮਿਲਦਾ ਸੀ :

"ਜੇ ਮੈਂ ਮਰਾਂਗਾ ਤਾਂ ਦੂਲ੍ਹਣ ਵਾਂਗ ਮੌਤ ਦੇ ਹਨੇਰੇ ਦਾ ਟਾਕਰਾ ਕਰਾਂਗਾ ਤੇ ਇਸ ਨੂੰ ਗਲਵੱਕੜੀ ਵਿੱਚ ਲੈ ਲਵਾਂਗਾ। ਜਦੋਂ ਤੂੰ ਸਦੀਵੀ ਨੀਂਦਰ ਦੀ ਆਗੋਸ਼ ਵਿੱਚ ਸੌਂ ਜਾਵੇਂਗਾ, ਤੂੰ ਮੁਸਕਰਾਉਂਦਾ ਰਹੀਂ, ਜਦੋਂ ਤੇਰੇ ਉਦਾਲੇ ਦੇ ਸਭ ਲੋਕ ਰੋਣ ਕੁਰਲਾਉਣਗੇ।"

ਸਾਡੀ ਆਖਰੀ ਵਿਦਾਇਗੀ ਸਮੇਂ, ਮੇਰੀਆਂ ਅੱਖਾਂ ਵਿੱਚ ਤਾਂ ਹੰਝੂ ਸਨ, ਪ੍ਰੰਤੂ ਉਸ ਦੀਆਂ ਅੱਖਾਂ ਵਿੱਚ ਕੋਈ ਹੰਝੂ ਨਹੀਂ ਸੀ।

ਲੰਡਨ ਹਸਪਤਾਲ 'ਚੋਂ ਇਕ ਅੰਗਰੇਜ਼ ਮਿੱਤਰ ਉਸ ਦੀ ਵਿਗੜ ਰਹੀ ਸਿਹਤ ਬਾਰੇ ਜਾਣਕਾਰੀ ਦਿੰਦੀ ਰਹੀ। ਸਪੱਸ਼ਟ ਤੌਰ 'ਤੇ ਤਾਂ ਉਹ ਵੀ ਉਸ ਦੀ ਮੌਤ ਦੇ ਵੇਲੇ ਉੱਥੇ ਹਾਜ਼ਰ ਨਹੀਂ ਸੀ। ਮਨਜ਼ੂਰ ਜਿਹੇ ਵਿਅਕਤੀ ਨੂੰ ਦਿੱਤੀ ਜਾਣ ਵਾਲੀ ਸ਼ਰਧਾਂਜਲੀ ਕੇਵਲ ਹੰਝੂਆਂ ਨਾਲ ਹੀ ਲਿਖੀ ਜਾ ਸਕਦੀ ਹੈ ਕਿਉਂਕਿ ਇਸ ਤਰ੍ਹਾਂ ਕਾਗ਼ਜ਼ ਉੱਪਰ ਕੋਈ ਦਾਗ਼ ਵੀ ਨਹੀਂ ਪੈਂਦਾ। ਉਸ ਦਾ ਸਦਾ ਹੀ ਸਨਮਾਨ ਕੀਤਾ ਜਾਵੇਗਾ ਤੇ ਉਸ ਦਾ ਸੋਗ ਮਨਾਇਆ ਜਾਂਦਾ ਰਹੇਗਾ। ਰੋਬਰਟ ਬਰਾਊਨਿੰਗ ਦੀਆਂ ਇਹ ਕਾਵਿ-ਪੰਕਤੀਆਂ ਅਜਿਹੇ ਵਿਅਕਤੀ ਲਈ ਲਿਖੀਆਂ ਗਈਆਂ ਹੋਣਗੀਆਂ :

ਅਸੀਂ ਜੋ ਉਸ ਨੂੰ ਪਿਆਰ ਕਰਦੇ ਸੀ,
ਉਸ ਦੇ ਪੂਰਨਿਆਂ 'ਤੇ ਚੱਲੇ
ਤੇ ਉਸ ਦਾ ਸਨਮਾਨ ਕੀਤਾ
ਅਸੀਂ ਉਸ ਦੇ ਸ਼ਾਂਤ ਤੇ ਸ਼ਾਨਦਾਰ ਯੁੱਗ ਵਿੱਚ ਰਹੇ
ਅਸੀਂ ਉਸ ਦੀ ਮਹਾਨ ਭਾਸ਼ਾ ਸਿੱਖੀ
ਅਸੀਂ ਉਸ ਦੇ ਭਾਸ਼ਾਈ ਲਹਿਜੇ ਨੂੰ ਸਮਝਿਆ
ਅਸੀਂ ਉਸ ਨੂੰ ਪ੍ਰੇਮ ਦਾ ਆਦਰਸ਼ ਬਣਾਇਆ
ਤੇ ਉਸ ਦੀ ਮੌਤ ਵੀ ਸਾਡਾ ਆਦਰਸ਼ ਬਣੀ।

ਮਨਜ਼ੂਰ ਕਾਦਰ ਦੀ ਮੌਤ 12 ਅਕਤੂਬਰ 1974 ਨੂੰ ਹੋਈ।

ਕੁਝ ਸਾਲ ਪਿੱਛੋਂ, ਮੈਂ ਲਾਹੌਰ ਗਿਆ ਤੇ ਮਨਜ਼ੂਰ ਦੀ ਪਤਨੀ ਅਸਗਰੀ ਤੇ ਉਹਦੇ ਬੇਟੇ ਬਸ਼ਾਰਤ ਤੇ ਉਹਦੀ ਪਤਨੀ ਬੰਬੀ ਦੇ ਘਰ ਵਿੱਚ ਮਹਿਮਾਨ ਬਣ ਕੇ ਠਹਿਰਿਆ ਜੋ ਕਦੇ ਮੇਰਾ ਘਰ ਸੀ। ਮੇਰਾ ਸਭ ਤੋਂ ਮੁੱਖ ਕੰਮ ਆਪਣੇ ਦੋਸਤ ਦੀ ਕਬਰ 'ਤੇ ਜਾਣਾ ਸੀ। ਅਗਲੀ ਸਵੇਰ ਬਸ਼ਾਰਤ ਤੇ ਮਨਜ਼ੂਰ ਦੇ ਪੁਰਾਣੇ ਸਾਥੀ ਵਜ਼ੀਰਾਂ ਨਾਲ ਮੈਂ ਲਾਹੌਰ ਦੇ ਸਭ ਤੋਂ ਵੱਡੇ ਕਬਰਿਸਤਾਨ ਵਿੱਚ ਗਿਆ। ਸਾਨੂੰ ਉਹ ਕਬਰ ਲੱਭਣ ਵਿੱਚ ਕਾਫ਼ੀ ਮੁਸ਼ਕਲ ਆਈ ਜਿਸ ਨੂੰ ਵੇਖਣ ਅਸੀਂ ਗਏ ਸੀ ਕਿਉਂਕਿ ਉੱਥੇ ਕਿਸੇ ਨਿਸ਼ਾਨੀ ਤੋਂ ਬਿਨਾਂ ਹਜ਼ਾਰਾਂ ਹੀ ਕਬਰਾਂ ਸਨ। ਆਖ਼ਰ ਕਬਰਸਤਾਨ ਦਾ ਇਕ ਰਖਵਾਲਾ ਸਾਨੂੰ ਕਬਰਾਂ ਦੇ ਇਕ ਝੁੰਡ ਵਿੱਚ ਲੈ ਗਿਆ ਜਿੱਥੇ ਮਨਜ਼ੂਰ ਦੇ ਮਾਪਿਆਂ ਸਰ ਅਬਦੁਲ ਕਾਦਰ ਤੇ ਸ੍ਰੀਮਤੀ ਕਾਦਿਰ, ਮਨਜ਼ੂਰ ਦੇ ਚਾਚੇ ਸਲੀਮ ਜੋ ਭਾਰਤ ਦਾ 12 ਸਾਲ ਸਰਵੋਤਮ ਟੈਨਿਸ ਖਿਡਾਰੀ ਰਿਹਾ ਸੀ ਤੇ ਮਨਜ਼ੂਰ ਦੀ ਆਖ਼ਰੀ ਆਰਾਮਗਾਹ ਸੀ। ਬਸ਼ਾਰਤ ਨੇ ਅਲਾਮਾ ਇਕਬਾਲ ਦੀ ਬੜੀਆਂ ਢੁੱਕਵੀਆਂ ਕਾਵਿ-ਪੰਕਤੀਆਂ ਆਪਣੇ ਪਿਤਾ ਦੀ ਕਬਰ ਦੇ ਕੁਤਬੇ 'ਤੇ ਉਕਰਵਾਈਆਂ ਸਨ :

ਮੈਂ ਤੋ ਜਲਤਾ ਹੂੰ ਕਿ ਮੁਜ਼ਮਿਰ ਮੇਰੀ ਫ਼ਿਤਰਤ ਮੈਂ ਸੋਜ਼
ਤੂ ਫ਼ੈਰੋਜ਼ਾਂ ਹੈ ਕਿ ਪਰਵਾਨੇਂ ਸੇ ਹੋ ਸੌਦਾ ਤੇਰਾ।

(ਮੈਂ ਸੜਦਾ ਹਾਂ ਕਿਉਂਕਿ ਇਹ ਮੇਰਾ ਸੁਭਾਅ ਹੈ। ਭੰਬਟ ਤੇਰੇ ਵੱਲ ਖਿੱਚੇ ਆਉਂਦੇ ਹਨ ਕਿਉਂਕਿ ਤੂੰ ਬੜੀ ਗਰਮ ਜੋਸ਼ੀ ਨਾਲ ਜਲਦੀ ਹੈਂ।)

ਭੀਸ਼ਮ ਸਾਹਨੀ ਨਾਲ ਜਾਣ-ਪਛਾਣ

ਉਹ ਮੇਰੇ ਨਾਲੋਂ ਪੂਰੇ 7 ਦਿਨ ਵੱਡਾ ਸੀ। ਭਾਵੇਂ ਅਸੀਂ ਸਰਕਾਰੀ ਕਾਲਜ ਲਾਹੌਰ ਵਿੱਚ ਇਕੋ ਜਮਾਤ ਵਿੱਚ ਪੜ੍ਹਦੇ ਸੀ ਤੇ ਇਕੋ ਹੋਸਟਲ ਵਿੱਚ ਰਹਿੰਦੇ ਸੀ, ਪ੍ਰੰਤੂ ਉਹਦੇ ਬਾਰੇ ਮੈਨੂੰ ਕੋਈ ਪਤਾ ਨਹੀਂ ਸੀ। ਹਰ ਕੋਈ ਉਹਦੇ ਵੱਡੇ ਭਰਾ ਬਲਰਾਜ ਨੂੰ ਚੰਗੀ ਤਰ੍ਹਾਂ ਜਾਣਦਾ ਸੀ ਤੇ ਜੋ ਸੁਹਣਾ ਸੀ ਤੇ ਅੱਗੇ ਜਾ ਕੇ ਫ਼ਿਲਮੀ ਸਿਤਾਰਾ ਬਣਿਆ, ਪਰ ਭੀਸ਼ਮ ਦਾ ਕੋਈ ਪ੍ਰਸ਼ੰਸਕ ਨਹੀਂ ਸੀ। ਉਹ ਹਿੰਦੀ ਪੜ੍ਹਨ ਵਾਲੇ ਮੁੱਠੀ ਭਰ ਵਿਦਿਆਰਥੀਆਂ ਵਿੱਚੋਂ ਸੀ। ਅਸੀਂ ਉਰਦੂ ਪੜ੍ਹਨ ਵਾਲੇ ਉਹਨਾਂ ਨੂੰ ਨਫ਼ਰਤ ਕਰਦੇ ਸੀ ਤੇ ਉਹਨਾਂ ਨੂੰ 'ਕਿੰਤੂ ਪ੍ਰੰਤੂ' ਕਰਨ ਵਾਲੇ ਕਹਿੰਦੇ ਸੀ। ਕਾਲਜ ਦੀ ਪੜ੍ਹਾਈ ਖ਼ਤਮ ਕਰਨ ਪਿੱਛੋਂ ਮੈਂ ਭੀਸ਼ਮ ਬਾਰੇ ਘੱਟ ਹੀ ਕਦੇ ਸੁਣਿਆ ਸੀ, ਪ੍ਰੰਤੂ ਬਲਰਾਜ ਸਾਹਨੀ ਦਾ ਨਾਮ ਲੈ ਕੇ ਅਸੀਂ ਸਭ ਖ਼ੁਸ਼ ਹੁੰਦੇ। ਦੋਹਾਂ ਭਰਾਵਾਂ ਵਿੱਚ ਦੋ ਚੀਜ਼ਾਂ ਦੀ ਸਾਂਝ ਸੀ। ਦੋਵੇਂ ਭਰਾ ਸੰਪਰਦਾਇਕ ਪੱਖਪਾਤ ਤੋਂ ਉੱਪਰ ਸਨ ਤੇ ਦੋਵੇਂ ਕਮਿਊਨਿਸਟ ਵਿਚਾਰਾਂ ਦੇ ਸਨ।

ਕਿਉਂਕਿ ਮੈਂ ਹਿੰਦੀ ਪੜ੍ਹ ਨਹੀਂ ਸਕਦਾ ਸੀ ਇਸ ਲਈ ਮੈਨੂੰ ਭੀਸ਼ਮ ਦੇ ਸਾਹਿਤ ਅਕਾਦਮੀ ਦਾ ਪੁਰਸਕਾਰ ਜਿੱਤਣ ਤੱਕ ਇਹ ਵੀ ਜਾਣਕਾਰੀ ਨਹੀਂ ਸੀ ਕਿ ਉਹ ਹਿੰਦੀ ਦਾ ਕਿਤਨਾ ਵਧੀਆ ਲੇਖਕ ਸੀ। ਮੈਂ ਪਰਦੇ 'ਤੇ ਉਹਦੀ 'ਤਮਸ' ਦੇ ਕੁਝ ਅੰਸ਼ ਵੇਖੇ ਸਨ ਤੇ ਵੇਖ ਕੇ ਇਹ ਮਹਿਸੂਸ ਕੀਤਾ ਸੀ ਕਿ ਉਸ ਦੇ ਰਚਣਹਾਰੇ ਨੂੰ ਜਿਤਨਾ ਜਾਣਨਾ ਚਾਹੀਦਾ ਸੀ, ਨ ਜਾਣ ਕੇ ਮੈਂ ਬੜਾ ਘਾਟੇ ਵਿੱਚ ਰਿਹਾ।

ਜਦੋਂ ਮੈਂ ਉਸ ਨੂੰ 'ਮਿਸਟਰ ਤੇ ਮਿਸਿਜ਼ ਅੱਯਰ' ਵਿੱਚ ਅਦਾਕਾਰੀ ਕਰਦਿਆਂ ਵੇਖਿਆ ਤਾਂ ਮੈਨੂੰ ਉਸ ਦੀ ਅਦਾਕਾਰੀ ਉਹਦੇ ਪ੍ਰਸਿੱਧ ਭਰਾ ਦੀ ਅਦਾਕਾਰੀ ਨਾਲੋਂ ਜੇ ਵਧੀਆ ਨਹੀਂ ਤਾਂ ਉਸ ਵਰਗੀ ਤਾਂ ਜ਼ਰੂਰ ਹੀ ਜਾਪੀ। ਉਹਦਾ ਇਕੋ-ਇਕ ਨਾਵਲ ਜਿਹੜਾ ਮੈਂ ਪੜ੍ਹਿਆ ਤੇ ਜਿਸ ਦੀ ਮੈਂ ਸਮੀਖਿਆ ਕੀਤੀ, ਉਹ ਸੀ 'ਮਾਇਆ ਦਾਸ ਕੀ ਮੜ੍ਹੀ।' ਮੈਂ ਭਉਚੱਕਾ ਰਹਿ ਗਿਆ। ਮੈਨੂੰ ਇਹ ਵੀ ਪਤਾ ਲੱਗਾ ਕਿ ਉਸ ਦਾ ਘਰ ਮੇਰੇ ਘਰ ਤੋਂ ਸਿਰਫ਼ 50 ਗਜ਼ ਦੀ ਦੂਰੀ 'ਤੇ ਸੀ।

ਉਹ ਇਕਾਂਤਵਾਦੀ ਸੀ, ਲਗਭਗ ਸੰਨਿਆਸੀ। ਉਸ ਪਿੱਛੋਂ ਮੇਰੀ ਉਸ ਨਾਲ ਕਈ ਵਾਰ ਮੁਲਾਕਾਤ ਹੋਈ। ਮੇਰੇ ਲਈ ਇਹ ਰਹੱਸ ਉਦਘਾਟਨ ਸੀ ਕਿ ਉਹ ਪੂਰੀ ਤਰ੍ਹਾਂ ਈਰਖਾ ਰਹਿਤ ਸੀ। ਉਹ ਦੂਸਰੇ ਲੇਖਕਾਂ ਵਰਗਾ ਨਹੀਂ ਸੀ ਜੋ ਸਦਾ ਆਪਣੇ ਬਾਰੇ ਹੀ ਗੱਲ ਕਰਦੇ ਰਹਿੰਦੇ ਸਨ। ਭੀਸ਼ਮ ਨੇ ਕਦੇ ਆਪਣੇ ਬਾਰੇ ਤੇ ਆਪਣੀਆਂ ਰਚਨਾਵਾਂ ਬਾਰੇ ਕੋਈ ਗੱਲ ਨਹੀਂ ਸੀ ਕੀਤੀ।

ਭੀਸ਼ਮ ਮੇਰਾ ਜਮਾਤੀ ਸੀ। ਉਹਦੀ ਬੇਟੀ ਕਲਪਨਾ ਮੇਰੀ ਬੇਟੀ ਮਾਲਾ ਦੀ ਜਮਾਤਣ ਸੀ। ਉਹਦਾ ਪੋਤਰਾ ਮਾਰਤੰਡ ਸਕੂਲ ਵਿੱਚ ਉਸੇ ਜਮਾਤ ਵਿੱਚ ਪੜ੍ਹਦਾ ਸੀ ਜਿਸ ਵਿੱਚ ਮੇਰੀ ਪੋਤਰੀ ਨੈਨਾ ਪੜ੍ਹਦੀ ਸੀ। ਕਲਪਨਾ ਦਾ ਵਿਆਹ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਮੁੱਖ ਜੱਜ ਜੀ.ਡੀ. ਖੋਸਲਾ ਤੇ ਉਹਦੀ ਪਤਨੀ ਸ਼ਕੁੰਤਲਾ ਦੇ ਬੇਟੇ ਰੋਮੀ ਖੋਸਲਾ ਨਾਲ ਹੋਇਆ। ਇਸ ਤਰ੍ਹਾਂ ਸਾਡੇ ਸੰਬੰਧ ਤਿੰਨ ਪੀੜ੍ਹੀਆਂ ਤੋਂ ਚਲੇ ਆ ਰਹੇ ਸਨ। ਕਾਸ਼! ਭੀਸ਼ਮ ਸਾਹਨੀ ਨਾਲ ਮੇਰੀ ਜਾਣਕਾਰੀ ਹੋਰ ਵਧੇਰੇ ਚੰਗੀ ਤਰ੍ਹਾਂ ਹੋਈ ਹੁੰਦੀ। ਉਸ ਨੇ ਜ਼ਰੂਰ ਹੀ ਮੈਨੂੰ ਹੋਰ ਵਧੀਆ ਇਨਸਾਨ ਬਣਾ ਦੇਣਾ ਸੀ।

1973 ਦਾ ਪਾਲਮ ਹਵਾਈ ਹਾਦਸਾ

ਮੇਰੇ ਤਿੰਨ ਦੋਸਤ ਇਕ ਹੀ ਹਵਾਈ ਹਾਦਸੇ ਵਿੱਚ ਮਾਰੇ ਗਏ। ਸਤੀਸ਼ ਲੂੰਬਾ ਨੂੰ ਮੈਂ ਆਪਣੇ ਸਕੂਲ ਦੇ ਦਿਨਾਂ ਤੋਂ ਜਾਣਦਾ ਸੀ ਤੇ ਪਿੱਛੋਂ ਲਾਹੌਰ ਵਿੱਚ ਉਸ ਨੂੰ ਕਮਿਊਨਿਸਟ ਮਜ਼ਦੂਰ ਸੰਘ ਦੇ ਨੇਤਾ ਵਜੋਂ ਵੀ ਜਾਣਦਾ ਸੀ। ਮੋਹਨ ਕੁਮਾਰ ਮੰਗਲਮ ਨੂੰ ਇਨਰ ਟੈਂਪਲ ਦੇ ਸਮੇਂ ਤੋਂ ਜਾਣਦਾ ਸੀ ਜਿਥੇ ਅਸੀਂ ਬਾਰ ਵਿੱਚ ਖਾਣਾ ਇਕੱਠੇ ਖਾਇਆ ਕਰਦੇ ਸੀ। ਗੁਰਨਾਮ ਸਿੰਘ ਨੂੰ ਲਾਇਲਪੁਰ ਵਿੱਚ ਇਕ ਵਕੀਲ ਵਜੋਂ, ਮਗਰੋਂ ਪੰਜਾਬੀ ਸੂਬਾ ਲਹਿਰ ਦੇ ਨੇਤਾ ਤੇ ਦਾਰਸ਼ਨਿਕ ਵਜੋਂ ਤੇ ਫਿਰ ਪੰਜਾਬ ਦੇ ਮੁੱਖ ਮੰਤਰੀ ਵਜੋਂ ਜਾਣਦਾ ਸੀ। ਮੈਨੂੰ ਉਹਨਾਂ ਨਾਲ ਬਤੀਤ ਕੀਤੇ ਦਿਨ ਯਾਦ ਕਰਨ ਦੀ ਆਗਿਆ ਦਿਉ।

ਸਤੀਸ਼ ਤੇ ਉਹਦਾ ਭਰਾ ਦਿੱਲੀ ਵਿੱਚ ਮਾਡਰਨ ਸਕੂਲ ਵਿੱਚ ਦਾਖ਼ਲ ਹੋਏ। ਉਹ ਦੋਵੇਂ ਜੌੜੇ ਸਨ ਤੇ ਇਕੋ ਜਿਹੇ ਸਨ। ਮੈਂ ਤਾਂ ਪਿੱਛੋਂ ਵੀ ਉਹਨਾਂ ਬਾਰੇ ਭੁਲੇਖਾ ਖਾ ਜਾਂਦਾ ਸੀ, ਇਕ ਨੂੰ ਦੂਸਰਾ ਸਮਝ ਲੈਂਦਾ ਸੀ। ਉਹ ਉੱਥੇ ਬਹੁਤਾ ਚਿਰ ਨਹੀਂ ਪੜ੍ਹੇ ਸਨ ਕਿਉਂਕਿ ਸਪੱਸ਼ਟ ਤੌਰ 'ਤੇ ਉਹਨਾਂ ਦੀ ਵਿਧਵਾ ਮਾਂ ਅਮੀਰਾਂ ਦੇ ਮਹਿੰਗੇ ਸਕੂਲ ਵਿੱਚ ਦੋਹਾਂ ਬੇਟਿਆਂ ਦੀ ਪੜ੍ਹਾਈ ਦਾ ਖ਼ਰਚ ਦੇ ਸਕਣ ਦੇ ਸਮਰੱਥ ਨਹੀਂ ਸੀ। ਅਸੀਂ ਫਿਰ ਗੌਰਮਿੰਟ ਕਾਲਜ ਲਾਹੌਰ ਵਿੱਚ ਇਕੱਠੇ ਹੋ ਗਏ। ਉਸ ਸਮੇਂ ਸਤੀਸ਼ ਦੀ ਯੂਨੀਵਰਸਿਟੀ ਸਿਆਸਤ ਵਿੱਚ ਕੋਈ ਰੁਚੀ ਨਹੀਂ ਸੀ, ਪਰ ਪੰਜ ਸਾਲ ਮਗਰੋਂ ਜਦੋਂ ਮੈਂ 'ਨਾਗਰਿਕ ਸੁਤੰਤਰਤਾ ਤੇ ਸੋਵੀਅਤ ਯੂਨੀਅਨ ਦੇ ਮਿੱਤਰ' ਨਾਮ ਦੀ ਸਭਾ ਚਲਾ ਕੇ ਆਪਣੀ ਵਕਾਲਤ ਦਾ ਵਿਹਲਾ ਸਮਾਂ ਗੁਜ਼ਾਰ ਰਿਹਾ ਸੀ ਤਾਂ ਸਤੀਸ਼ ਮਜ਼ਦੂਰਾਂ ਨੂੰ ਜੱਥੇਬੰਦ ਕਰਨ ਵਿੱਚ ਪੂਰੀ ਤਰ੍ਹਾਂ ਰੁੱਝਾ ਹੋਇਆ ਸੀ। ਉਹਦੇ ਕਹਿਣ 'ਤੇ ਹੀ ਇਕ ਸਮੇਂ ਮਿਸਟਰ ਵੀ.ਵੀ. ਗਿਰੀ ਨੂੰ ਜੋ ਭਾਰਤੀ ਰੇਲ ਕਰਮਚਾਰੀ ਸੰਘ ਦੇ ਪ੍ਰਧਾਨ ਸਨ, ਮੇਰੇ ਘਰ ਵਿੱਚ ਠਹਿਰਾਇਆ ਗਿਆ ਸੀ। ਉਸ ਵਿਅਕਤੀ ਬਾਰੇ ਜੋ ਮਗਰੋਂ ਰਾਸ਼ਟਰਪਤੀ ਬਣਿਆ, ਉਹਦਾ ਭੁਲੇਖਾ ਮੈਥੋਂ 30 ਸਾਲ ਪਹਿਲਾਂ ਹੀ ਦੂਰ ਹੋ ਗਿਆ।

ਸਤੀਸ਼ ਕਦੇ ਵੀ ਮਿੱਠੀਆਂ-ਮਿੱਠੀਆਂ ਗੱਲਾਂ ਕਰਨ ਦਾ ਆਦੀ ਨਹੀਂ ਸੀ ਤੇ ਜਦੋਂ ਸੱਚਾਈ ਦਾ ਪਤਾ ਲੱਗਦਾ ਸੀ ਤਾਂ ਤੁਰੰਤ ਹੀ ਉਹ ਅਮਲ ਕਰਦਾ। ਬਹੁਤ ਸਾਲਾਂ ਲਈ ਇਕ ਮਜ਼ਦੂਰ ਸੰਘ ਦੇ ਨੇਤਾ ਵਜੋਂ ਉਹ ਕਮਿਊਨਿਸਟ ਪਾਰਟੀ ਤੋਂ ਦੂਰ ਹੀ ਰਿਹਾ।

ਜੰਗ ਦੇ ਪਿੱਛੋਂ ਹੀ ਜਦੋਂ ਗਾਂਧੀ ਜੀ, ਪੰਡਤ ਨਹਿਰੂ, ਸਰਦਾਰ ਪਟੇਲ ਤੇ ਹੋਰ ਕਾਂਗਰਸੀ ਨੇਤਾਵਾਂ ਨੇ ਜੇਲ੍ਹ ਤੋਂ ਰਿਹਾਅ ਹੋਣ ਪਿੱਛੋਂ ਕਮਿਊਨਿਸਟਾਂ ਦੀ ਜੰਗ ਸਮੇਂ ਗ਼ੱਦਾਰੀ ਕਾਰਨ ਨਿੰਦਿਆ ਕੀਤੀ ਤੇ ਜਦੋਂ ਹਰ ਕਿਸੇ ਨੂੰ ਪਤਾ ਸੀ ਕਿ ਕਮਿਊਨਿਸਟਾਂ ਵਿਰੁੱਧ ਦੇਸ਼-ਭਗਤੀ ਦੇ ਪ੍ਰਭਾਵ ਵਿੱਚ ਗੁੱਸੇ ਦਾ ਹੜ੍ਹ ਆ ਜਾਏਗਾ ਤਾਂ ਸਤੀਸ਼ ਨੇ ਕਮਿਊਨਿਸਟ ਪਾਰਟੀ ਵਿੱਚ ਸ਼ਾਮਲ ਹੋਣ ਦਾ ਫ਼ੈਸਲਾ ਕਰ ਲਿਆ। ਬਹੁਤ ਸਾਰੇ ਨੇਤਾਵਾਂ

ਵਾਂਗ ਉਸ ਨੇ ਡੁੱਬਦੇ ਸੂਰਜ ਵੱਲੋਂ ਮੂੰਹ ਨਾ ਮੋੜਿਆ ਤੇ ਨਾ ਹੀ ਚੜ੍ਹਦੇ ਸੂਰਜ ਨੂੰ ਸਲਾਮ ਕਰਕੇ ਆਪਣੀ ਕਿਸਮਤ ਉਸ ਨਾਲ ਜੋੜੀ। ਉਹ ਇਕ ਈਮਾਨਦਾਰ ਆਦਮੀ ਸੀ ਤੇ ਮੇਰੇ ਜਾਣੂਆਂ ਵਿੱਚੋਂ ਮਿਹਨਤੀ ਤੇ ਸ੍ਵੈ ਨੂੰ ਭੁਲਾ ਦੇਣ ਵਾਲਾ ਵਿਅਕਤੀ ਸੀ।

ਕੁਮਾਰ ਮੰਗਲਮ ਤੇ ਮੈਂ ਤਾਂ ਬਾਰ ਵਿੱਚ ਖਾਣਾ ਖਾਇਆ ਕਰਦੇ ਹੋਏ ਇਕ ਦੂਸਰੇ ਦੇ ਸੰਪਰਕ ਵਿੱਚ ਆਏ। ਚਾਰ ਜਣਿਆਂ ਦੀ ਟੋਲੀ ਨੂੰ ਸ਼ੈਰੀ, ਲਾਲ ਸ਼ਰਾਬ ਤੇ ਪੁਰਤਗੇਜ਼ੀ ਸ਼ਰਾਬ ਦੀ ਇਕ-ਇਕ ਬੋਤਲ ਵਰਤਾਈ ਜਾਂਦੀ ਸੀ। ਸੋਫ਼ੀ ਬਹੁਤ ਸਰਵ-ਪ੍ਰੀਆ ਸਨ ਕਿਉਂਕਿ ਉਹਨਾਂ ਦਾ ਹਿੱਸਾ ਪਿਅਕੜਾਂ ਨੂੰ ਮਿਲ ਜਾਂਦਾ ਸੀ। ਮੈਂ ਉਦੋਂ ਸੋਫ਼ੀ ਹੁੰਦਾ ਸੀ ਤੇ ਕੁਮਾਰ ਮੰਗਲਮ ਵਰਗੇ ਸਾਥੀਆਂ ਨੂੰ ਜੋ ਸੋਫ਼ੀ ਨਹੀਂ ਸਨ ਮੇਰੀ ਬੜੀ ਜ਼ਰੂਰਤ ਹੁੰਦੀ। ਉਹ ਮੇਰੀ ਉਡੀਕ ਲਾਂਘੇ ਦੇ ਨਾਲ ਲਗਵੇਂ ਕਮਰੇ ਕੋਲ ਖੜ ਕੇ ਕਰਦਾ ਰਹਿੰਦਾ ਜਿੱਥੋਂ ਅਸੀਂ ਆਪਣੇ ਕਾਲੇ ਚੋਗੇ ਪਹਿਨਣ ਲਈ ਲੈਂਦੇ ਸੀ। ਉਹ ਮੈਨੂੰ ਨਮਸਕਾਰ ਕਰਕੇ ਕਹਿੰਦਾ, "ਓ ਸਰਦਾਰਾ! ਤੂੰ ਆਪਣੇ ਕਾਲੇ ਭਾਈ ਨਾਲ ਹੀ ਰਹੀਂ" ਤੇ ਮੈਨੂੰ ਮੋਢੇ ਤੋਂ ਫੜ ਕੇ ਆਪਣੀ ਚੌਕੜੀ ਵਿੱਚ ਸ਼ਾਮਲ ਕਰਨ ਲਈ ਲੈ ਤੁਰਦਾ ਜਿਸ ਵਿੱਚ ਦੋ ਹੋਰ ਸੋਫ਼ੀ ਹੁੰਦੇ। ਹੈਰਾਨੀ ਦੀ ਗੱਲ ਨਹੀਂ ਸੀ ਕਿ ਉਹ ਬਹੁਤ ਵਾਰੀ ਉੱਚੀ-ਉੱਚੀ ਬੋਲਦਾ, ਨਸ਼ੇ ਵਿੱਚ ਖਿੜਿਆ ਹੋਇਆ ਵਿਅੰਗ-ਉਕਤੀਆਂ ਕਰਦਾ। ਅਸੀਂ ਆਪਣੀ ਗੱਡੀ ਲੈਣ ਲਈ ਇਕੱਠੇ ਕਿੰਗ ਕਰੌਸ ਸਟੇਸ਼ਨ 'ਤੇ ਵਾਪਸ ਜਾਂਦੇ। ਮੈਂ ਵੈਲਵਿਨ ਗਾਰਡਨ ਸਿਟੀ ਵਿੱਚ ਰਹਿੰਦਾ ਸੀ ਜੋ ਕੈਂਬਰਿਜ ਤੋਂ ਉਹਦੇ ਘਰ ਦੇ ਅੱਧ ਵਿੱਚ ਪੈਂਦਾ ਸੀ।

ਜਦੋਂ ਉਹ ਨਸ਼ੇ ਵਿੱਚ ਧੁੱਤ ਹੁੰਦਾ ਤਾਂ ਉਸ ਸਮੇਂ ਅਸੀਂ ਬਹੁਤ ਵਾਰੀ ਬਹਿਸ ਵਿੱਚ ਉਲਝ ਕੇ ਬਹੁਤ ਉੱਚੀ ਬੋਲਦੇ ਤੇ ਬਹੁਤ ਗੰਦੀਆਂ ਗਾਲ੍ਹਾਂ ਵੀ ਕੱਢਦੇ। ਮੈਨੂੰ ਯਾਦ ਹੈ ਕਿ ਇਕ ਦਿਨ ਮੇਰਾ ਦੋਹਾਂ ਨਾਲ ਮੁਕਾਬਲਾ ਹੋ ਗਿਆ। ਮੇਰਾ ਖ਼ਿਆਲ ਹੈ ਦੂਸਰਾ ਵਿਅਕਤੀ ਰਜਨੀ ਪਟੇਲ ਸੀ। ਉਹ ਮੈਨੂੰ ਹਰਾ ਨਾ ਸਕੇ। ਅਚਾਨਕ ਮੋਹਨ ਨੇ ਡੱਬੇ ਦਾ ਦਰਵਾਜ਼ਾ ਖੋਲ੍ਹਿਆ ਤੇ ਰਜਨੀ ਨੂੰ ਸਹਾਇਤਾ ਲਈ ਬੁਲਾਇਆ ਤੇ ਕਿਹਾ, "ਹਰਾਮੀ ਨੂੰ ਚਲਦੀ ਗੱਡੀ ਤੋਂ ਬਾਹਰ ਸੁੱਟ ਦੇਹ।"

ਕੁਮਾਰ ਮੰਗਲਮ ਦੇ ਭਾਰਤ ਆ ਜਾਣ ਪਿੱਛੋਂ ਮੈਂ ਉਸ ਨੂੰ ਨਾ ਮਿਲਿਆ ਤੇ ਨਾ ਹੀ ਵੇਖਿਆ, ਪਰ ਦੂਸਰਿਆਂ ਵਾਂਗ ਮੈਂ ਵੀ ਉਸ ਦੀਆਂ ਗਤੀਵਿਧੀਆਂ ਅਖ਼ਬਾਰਾਂ ਵਿੱਚ ਪੜ੍ਹਦਾ ਰਹਿੰਦਾ। ਜਦੋਂ ਉਸ ਨੇ ਕੁਲ-ਵਕਤੀ ਪਾਰਟੀ ਦੇ ਮੈਂਬਰ ਵਜੋਂ ਕੰਮ ਛੱਡ ਕੇ ਵਕਾਲਤ ਸ਼ੁਰੂ ਕਰ ਦਿੱਤੀ ਤਾਂ ਮੈਨੂੰ ਯਕੀਨ ਸੀ ਕਿ ਉਹ ਅਸਫਲ ਹੋਵੇਗਾ। ਮੈਂ ਕਿਹਾ, "ਵਕਾਲਤ 'ਚੋਂ ਚੰਗੀ ਆਮਦਨ ਲਈ ਬੜੇ ਸਾਲ ਗਲਦੇ ਹਨ।" ਮੈਂ ਪੰਜ ਸਾਲ ਵਕਾਲਤ ਕਰਕੇ ਆਪਣਾ ਗੁਜ਼ਾਰਾ ਕਰਨ ਦੇ ਯੋਗ ਨਹੀਂ ਹੋਇਆ ਸੀ, ਪ੍ਰੰਤੂ ਕੁਮਾਰ ਮੰਗਲਮ ਦੀ ਵਕਾਲਤ ਥੋੜ੍ਹੇ ਸਮੇਂ ਵਿੱਚ ਹੀ ਚੱਲ ਪਈ। ਉਸ ਨੇ ਪਾਰਟੀ ਵੀ ਛੱਡ ਦਿੱਤੀ ਤੇ ਐਡਵੋਕੇਟ ਜਨਰਲ ਬਣ ਗਿਆ ਤੇ ਮਗਰੋਂ ਮੰਤਰੀ-ਮੰਡਲ ਵਿੱਚ ਪੂਰਾ ਮੰਤਰੀ, ਪਰ ਫਿਰ ਸੰਭਵ ਹੈ ਕਿ ਉਸ ਵਿੱਚ ਮੇਰੇ ਜਾਂ ਹੋਰਨਾਂ ਲੋਕਾਂ ਨਾਲੋਂ ਅਕਲ ਜਾਂ ਦਿਮਾਗ਼ ਵੀ ਵਧੇਰੇ ਹੋਵੇ।

ਮੈਂ ਗੁਰਨਾਮ ਸਿੰਘ ਨੂੰ ਮਨਜ਼ੂਰ ਕਾਦਰ ਰਾਹੀਂ ਮਿਲਿਆ। ਦੋਹਾਂ ਦੀ ਲਾਇਲਪੁਰ

ਵਿੱਚ ਕਾਫ਼ੀ ਅੱਛੀ ਵਕਾਲਤ ਚਲਦੀ ਸੀ ਤੇ ਦੋਵੇਂ ਪੱਕੇ ਮਿੱਤਰ ਸਨ। ਜਦੋਂ ਮਨਜ਼ੂਰ ਲਾਹੌਰ ਚਲਾ ਗਿਆ, ਗੁਰਨਾਮ ਵੀ ਜਦੋਂ ਉਸ ਦਾ ਕੋਈ ਹਾਈ ਕੋਰਟ ਵਿੱਚ ਮੁਕੱਦਮਾ ਹੁੰਦਾ, ਉਸ ਕੋਲ ਜਾ ਕੇ ਠਹਿਰਦਾ। ਮੈਂ ਉਹਦੇ ਵਰਗਾ ਸੁਹਣਾ, ਸੱਭਿਅ ਤੇ ਮਿੱਠ-ਬੋਲੜਾ ਸਿੱਖ ਘੱਟ ਹੀ ਵੇਖਿਆ ਹੈ। ਫਿਰ ਜਿਵੇਂ ਆਮ ਉਕਤੀ ਵਜੋਂ ਕਿਹਾ ਜਾਂਦਾ ਹੈ, ਉਹ ਪਦ ਉੱਨਤ ਹੋ ਕੇ ਜੱਜ ਬਣ ਗਿਆ। ਰਿਟਾਇਰ ਹੋਣ ਪਿੱਛੋਂ ਉਹ ਹੋਰ ਉੱਨਤੀ ਕਰ ਗਿਆ ਤੇ ਪੰਜਾਬੀ ਸੂਬਾ ਅੰਦੋਲਨ ਵਿੱਚ ਉਹ ਸਫਲਤਾ ਦੀ ਪੌੜੀ ਦੇ ਉਤਲੇ ਡੰਡੇ 'ਤੇ ਪਹੁੰਚ ਗਿਆ। ਅੱਜ ਤੱਕ ਪੰਜਾਬੀ ਸੂਬੇ ਬਾਰੇ ਸਪੱਸ਼ਟ ਬਾ-ਦਲੀਲ ਤੇ ਪ੍ਰਮਾਣ ਯੁਕਤ ਸ: ਗੁਰਨਾਮ ਸਿੰਘ ਦਾ ਲਿਖਿਆ ਹੋਇਆ ਕਿਤਾਬਚਾ ਹੀ ਹੈ।

ਮੈਂ ਪਿਛਲੀ ਵਾਰ ਉਸ ਨੂੰ ਉਸ ਸਮੇਂ ਪਟਿਆਲੇ ਮਿਲਿਆ ਜਦੋਂ ਉਸ ਨੇ ਪੀ.ਈ. ਐੱਨ. ਕਾਨਫ਼ਰੰਸ ਦੇ ਇਕ ਸਮਾਗਮ ਦੀ ਪ੍ਰਧਾਨਗੀ ਕੀਤੀ। ਵਿਦਿਆਰਥੀਆਂ ਨੇ ਰੋਸ ਵਿਖਾਵਾ ਕੀਤਾ। ਜਦੋਂ ਸਮਾਗਮ ਸ਼ੁਰੂ ਹੋਇਆ ਤਾਂ ਉਹਨਾਂ ਨੇ ਨਾਅਰੇ ਮਾਰਨੇ ਸ਼ੁਰੂ ਕਰ ਦਿੱਤੇ ਤੇ ਕੁਰਸੀਆਂ ਚਲਾਉਣ ਲੱਗੇ। ਪੁਲੀਸ ਉਹਨਾਂ ਮਗਰ ਡੰਡੇ ਲੈ ਕੇ ਪੈ ਗਈ। ਗੁਰਨਾਮ ਸਿੰਘ ਤੋਂ ਬਿਨਾਂ ਹਰ ਕੋਈ ਭੜਕਾਹਟ ਵਿੱਚ ਸੀ। ਉਹ ਉੱਥੇ ਬਿਨਾਂ ਕਿਸੇ ਭਾਵ ਦਿਖਾਏ ਹੀ ਬੈਠਾ ਰਿਹਾ ਤੇ ਇਸ ਤਰ੍ਹਾਂ ਵਿਖਾਵਾਕਾਰੀਆਂ ਨੂੰ ਵੇਖਦਾ ਰਿਹਾ ਜਿਵੇਂ ਕੋਈ ਸਿਨਮੇ ਵਿੱਚ ਫ਼ਿਲਮ ਵੇਖਦਾ ਹੈ। ਪਿੱਛੋਂ ਉਸ ਨੇ ਗੁਰੂ ਨਾਨਕ ਸਾਹਿਬ ਦੀ ਬਾਣੀ ਦਾ ਅਨੁਵਾਦ ਸੁਣਿਆ :

ਮੋਰੀ ਰੁਣ-ਝੁਣ ਲਾਇਆ ਭੈਣੇ ਸਾਵਣੁ ਆਇਆ॥
ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ॥
ਤੇਰੇ ਦਰਸਨ ਵਿਟਹੁ ਖੰਨੀਐ ਵੰਞਾ ਤੇਰੇ ਨਾਮ ਵਿਟਹੁ ਕੁਰਬਾਣੋ॥
ਜਾ ਤੂੰ ਤਾ ਮੈਂ ਮਾਣੁ ਕੀਆ ਹੈ ਤੁਧੁ ਬਿਨੁ ਕੇਹਾ ਮੇਰਾ ਮਾਣੋ॥
ਚੂੜਾ ਭੰਨੁ ਪਲੰਘ ਸਿਉ ਮੁੰਧੇ ਸਣੁ ਬਾਹੀ ਸਣੁ ਬਾਹਾ॥
ਏਤੇ ਵੇਸ ਕਰੇਦੀਏ ਮੁੰਧੇ ਸਹੁ ਰਾਤੋ ਅਵਰਾਹਾ॥
ਨ ਮਨੀਆਰੁ ਨ ਚੂੜੀਆ ਨਾ ਸੇ ਵੰਗੁੜੀਆਹਾ॥
ਜੋ ਸਹ ਕੰਠਿ ਨ ਲਗੀਆ ਜਲਨੁ ਸਿ ਬਾਹੜੀਆਹਾ॥

(ਸਾਵਣ ਦੇ ਮੀਂਹ ਦੀ ਮਿੱਠੀ ਫੁਹਾਰ ਵਰ੍ਹ ਰਹੀ ਹੈ ਤੇ ਮੋਰ ਖ਼ੁਸ਼ੀਆਂ 'ਚ ਪੈਲਾਂ ਪਾ ਰਹੇ ਹਨ। ਹੇ ਪਿਆਰੜਿਆ! ਤੇਰੀਆਂ ਕਟਾਰ ਵਰਗੀਆਂ ਅੱਖਾਂ ਮੇਰੇ ਮਨ 'ਤੇ ਜਾਦੂ ਕਰ ਰਹੀਆਂ ਹਨ, ਮੇਰੇ ਮਨ ਵਿੱਚ ਤੈਨੂੰ ਮਿਲਣ ਦਾ ਲਾਲਚ ਭਰ ਆਇਆ ਹੈ। ਤੇਰੀ ਇਕ ਝਲਕ ਤੋਂ ਮੇਰਾ ਜੀਵਨ ਕੁਰਬਾਨ ਕਰ ਦੇਣ ਨੂੰ ਦਿਲ ਕਰਦਾ ਹੈ। ਤੇਰੇ 'ਤੇ ਮਾਣ ਕਰਕੇ ਹੀ ਮੇਰਾ ਮਨ ਮਾਣ ਨਾਲ ਭਰ ਜਾਂਦਾ ਹੈ। ਜੇ ਤੂੰ ਮੇਰੇ ਕੋਲ ਨਹੀਂ ਤਾਂ ਕਾਹਦਾ ਮਾਣ? ਹੇ ਇਸਤਰੀ! ਤੂੰ ਆਪਣੀਆਂ ਵੰਗਾਂ ਪਲੰਘ ਨਾਲ ਮਾਰ ਕੇ ਤੋੜ ਦੇ, ਆਪਣੀਆਂ ਬਾਹਾਂ ਤੋੜ ਦੇ, ਪਲੰਘ ਤੋੜ ਦੇ। ਜੇ ਪਤੀ ਪਰਮੇਸ਼ਰ ਦੂਸਰੇ ਦੀਆਂ ਬਾਹਾਂ ਵਿੱਚ ਹੈ, ਤਾਂ ਸਜ ਧਜ ਦਾ ਕੀ ਲਾਭ?)

ਮੈਨੂੰ ਨਹੀਂ ਪਤਾ ਕਿ ਗੁਰਨਾਮ ਦੀਆਂ ਅੱਖਾਂ 'ਚ ਕਿਉਂ ਹੰਝੂ ਆ ਗਏ, ਪਰ ਉਹ ਆਪਣਾ ਸਮਾਪਤੀ ਭਾਸ਼ਣ ਵੀ ਪੂਰਾ ਨਾ ਕਰ ਸਕਿਆ।

ਗੁਰਨਾਮ ਸਿੰਘ ਇੰਦਰਾ ਗਾਂਧੀ ਤੇ ਉਸ ਦੀ ਸਰਕਾਰ ਦਾ ਕੱਟੜ ਆਲੋਚਕ ਸੀ। ਉਸ ਨੂੰ ਕਿਵੇਂ ਹਾਈ ਕਮਿਸ਼ਨਰ ਦੇ ਅਹੁਦੇ ਦੀ ਪੇਸ਼ਕਸ਼ ਕੀਤੀ ਗਈ ਤੇ ਉਸ ਨੇ ਕਿਉਂ ਉਹ ਪ੍ਰਵਾਨ ਕੀਤੀ, ਸਦਾ ਹੀ ਇਹ ਇਕ ਰਹੱਸ ਬਣਿਆ ਰਹੇਗਾ।

ਇਹਨਾਂ ਤਿੰਨਾਂ ਮਿੱਤਰਾਂ ਦੀ ਮੌਤ ਨੇ ਮੈਨੂੰ ਥੋਰਨਟਨ ਵਿਲਡਰ ਦੇ ਨਾਵਲ 'ਦੀ ਬਰਿਜ ਆਫ਼ ਸਾਨ ਲੂਈ ਥੇਅ' ਦੀ ਯਾਦ ਤਾਜ਼ਾ ਕਰਾ ਦਿੱਤੀ। ਉਸ ਨੇ ਆਪਣਾ ਨਾਵਲ ਇਕ ਦੂਸਰੇ ਤੋਂ ਅਗਿਆਤ ਲੋਕਾਂ ਬਾਰੇ ਰਚਿਆ ਜੋ ਪੁਲ ਦੇ ਡਿੱਗਣ ਸਮੇਂ ਉੱਥੇ ਇਕੱਠੇ ਸਨ ਤੇ ਮੌਤ ਦੀ ਹਨੇਰੀ ਗੁਫ਼ਾ ਵਿੱਚ ਚਲੇ ਗਏ ਸਨ।

ਉਹ ਸਾਰੇ ਹੀ ਇਕੱਠੇ ਉਸ ਬੋਇੰਗ ਜਹਾਜ਼ 'ਤੇ ਕਿਉਂ ਸਵਾਰ ਸਨ?

ਕੰਜੂਸ ਜ਼ਿੰਕਨ

ਮੌਰਿਸ ਜ਼ਿੰਕਨ, ਆਈ.ਸੀ.ਐੱਸ. (I.C.S.), ਜੋ ਪਿਛਲੇ ਮਹੀਨੇ 87 ਸਾਲ ਦੀ ਉਮਰ ਵਿੱਚ ਚਲਾਣਾ ਕਰ ਗਿਆ, ਪਾਕਿਸਤਾਨ ਦੇ ਸਾਬਕਾ ਵਿਦੇਸ਼ ਮੰਤਰੀ ਤੇ ਪੰਜਾਬ ਦੇ ਚੀਫ਼ ਜਸਟਿਸ ਦਾ ਗੂੜ੍ਹਾ ਮਿੱਤਰ ਸੀ। ਉਹ ਇਕੋ ਸਮੇਂ ਕੈਂਬ੍ਰਿਜ ਯੂਨੀਵਰਸਿਟੀ ਵਿੱਚ ਰਹੇ।

ਹਰ ਸ਼ਨਿਚਰਵਾਰ ਉਹ ਸਿਨੇਮਾ ਜਾਂਦੇ ਤੇ ਫਿਰ ਇਕੱਠੇ ਖਾਣਾ ਖਾਂਦੇ। ਜਦੋਂ ਉਹ ਸਿਨਮੇ ਜਾਣ ਵਾਸਤੇ ਬੱਸ 'ਤੇ ਜਾਂਦੇ ਤਾਂ ਮੌਰਿਸ ਬਟੂਆ ਕੱਢਦਾ ਤੇ ਕਹਿੰਦਾ, "ਮੈਂ ਬੱਸ ਦਾ ਕਿਰਾਇਆ ਦਿਆਂਗਾ" ਤੇ ਫਿਰ ਟਿਕਟ ਲੈਣ ਲਈ ਕੁਝ ਪੈਸੇ ਕੱਢਦਾ। ਸਿਨਮੇ ਦੀਆਂ ਟਿਕਟਾਂ ਖ਼ਰੀਦਣ ਦੀ ਵਾਰੀ ਮਨਜ਼ੂਰ ਕਾਦਰ ਦੀ ਹੁੰਦੀ। ਸਿਨਮੇ ਦਾ ਖੇਲ ਸਮਾਪਤ ਹੋਣ 'ਤੇ ਮੌਰਿਸ ਫਿਰ ਬੱਸ ਦਾ ਕਿਰਾਇਆ ਦੇਣ ਦੀ ਅੜੀ ਕਰਦਾ। ਹੁਣ ਮਨਜ਼ੂਰ ਕਾਦਰ ਦੀ ਫਿਰ ਰਾਤ ਦੇ ਖਾਣੇ ਦੇ ਪੈਸੇ ਦੇਣ ਦੀ ਵਾਰੀ ਆ ਜਾਂਦੀ। ਜਦੋਂ ਇਸ ਤਰ੍ਹਾਂ ਕਈ ਵਾਰ ਹੋਇਆ ਤਾਂ ਮਨਜ਼ੂਰ ਨੇ ਸਿਆਣਪ ਵਰਤਦਿਆਂ ਕਿਹਾ, "ਮੌਰਿਸ ਹੁਣ ਅੱਗੇ ਤੋਂ ਮੈਂ ਬੱਸ ਦਾ ਕਿਰਾਇਆ ਦਿਆ ਕਰਾਂਗਾ ਤੇ ਤੂੰ ਸਿਨਮੇ ਦੀਆਂ ਟਿਕਟਾਂ ਅਤੇ ਖਾਣੇ ਦੇ ਪੈਸੇ ਖ਼ਰਚੀਂ।" ਇਸ ਪਿੱਛੋਂ ਅਸੀਂ ਮੌਰਿਸ ਨੂੰ 'ਬੱਸ ਦੇ ਕਿਰਾਏ ਵਾਲਾ' ਕਹਿ ਕੇ ਛੇੜਦੇ।

ਮੈਨੂੰ ਮੌਰਿਸ ਦਾ ਉਸ ਸਮੇਂ ਪਤਾ ਲੱਗਾ ਜਦੋਂ ਉਸ ਦੀ ਭਾਰਤ ਵਿੱਚ ਪਹਿਲੀ ਨਿਯੁਕਤੀ ਹੋਈ। ਸਾਲ ਮਗਰੋਂ ਉਸ ਨੇ 'ਤਾਯਾ' ਨਾਲ ਸ਼ਾਦੀ ਕਰ ਲਈ ਜੋ 'ਪਹਿਲੀ ਨਜ਼ਰ ਦੇ ਪਿਆਰ' ਨਾਲੋਂ ਜ਼ਿਆਦਾ ਮਿੱਤਰਾਂ ਤੇ ਰਿਸ਼ਤੇਦਾਰਾਂ ਦੀ ਵਿਉਂਤ ਕਰਕੇ ਸੀ। ਉਹ ਅੰਗਰੇਜ਼ ਯਹੂਦੀ ਸੀ, ਤਾਯਾ ਫ਼ਰਾਂਸ ਦੀ ਯਹੂਦਣ, ਪਰ ਉਸ ਨੂੰ ਅੰਗਰੇਜ਼ੀ 'ਤੇ ਅਬੂਰ ਹਾਸਿਲ ਸੀ।

ਉਹ 1939 ਵਿੱਚ ਮੇਰੇ ਵਿਆਹ ਦੇ ਸੁਆਗਤੀ ਸਮਾਰੋਹ ਵਿੱਚ ਆਏ, ਜਿੱਥੇ ਮੁੱਖ ਆਕਰਸ਼ਣ ਮੁਹੰਮਦ ਅਲੀ ਜਿਨਾਹ ਸੀ। ਤਾਯਾ ਨੇ ਪਹਿਲੀ ਵਾਰ ਸਾੜ੍ਹੀ ਪਹਿਨਣ ਦਾ ਫ਼ੈਸਲਾ ਕੀਤਾ।

ਉਸ ਨੇ ਸਾੜ੍ਹੀ ਤਾਂ ਪਹਿਨ ਲਈ ਪਰ ਉਸ ਨੇ ਅੰਗੀ ਨੂੰ ਢੱਕਣ ਲਈ ਚੋਲੀ ਨਾ ਪਾਈ ਤੇ ਨਾ ਹੀ ਸਾੜ੍ਹੀ ਹੇਠ ਪੇਟੀਕੋਟ ਪਾਇਆ, ਇਸ ਕਾਰਨ ਸਾੜ੍ਹੀ ਹਰ ਵੇਲੇ ਢਿਲਕ ਢਿਲਕ ਜਾਂਦੀ। ਉਹ ਸਭ ਨੂੰ ਧੱਕਦੀ ਹੋਈ ਅੱਗੇ ਵਧੀ ਤੇ ਬੜੇ ਜੋਸ਼ ਨਾਲ ਕਾਇਦ-ਇ-ਆਜ਼ਮ ਨੂੰ ਕਹਿਣ ਲੱਗੀ, "ਮਿਸਟਰ ਜਨਾਹ, ਮੈਂ ਜਿਨ੍ਹਾਂ ਵਿਅਕਤੀਆਂ ਨੂੰ ਮਿਲੀ ਹਾਂ ਤੁਸੀਂ ਉਹਨਾਂ ਵਿੱਚ ਸਭ ਤੋਂ ਸੁੰਦਰ ਹੋ।" ਜਿਨਾਹ ਨੇ ਆਪਣੀ ਐਨਕ 'ਚੋਂ ਕਠੋਰ

ਘ੍ਰਿਣਾ ਨਾਲ ਵੇਖਿਆ ਤੇ ਉਸ ਵੱਲ ਪਿੱਠ ਕਰ ਲਈ। ਉਸ ਨੇ ਮੈਨੂੰ ਬਾਅਦ ਵਿੱਚ ਕਿਹਾ, "ਜਿਨ੍ਹਾਂ ਆਦਮੀਆਂ ਨੂੰ ਮੈਂ ਮਿਲੀ ਹਾਂ, ਜਿਨਾਹ ਉਹਨਾਂ ਵਿੱਚੋਂ ਸਭ ਤੋਂ ਜ਼ਿਆਦਾ ਬਦਤਮੀਜ਼ ਤੇ ਅਸ਼ਿਸ਼ਟ ਸੀ।"

ਜ਼ਿਕਨ ਜੋੜਾ ਆਜ਼ਾਦੀ ਪਿੱਛੋਂ ਵੀ ਭਾਰਤ ਵਿੱਚ ਰਿਹਾ। ਉਹ ਭਾਰਤ ਵਿੱਚ 'ਮਾਨਚੈਸਟਰ ਗਾਰਡੀਅਨ' ਲਈ ਲਿਖਦੀ ਰਹੀ ਜਿਸ ਦਾ ਨਾਮ ਪਿੱਛੋਂ 'ਦੀ ਗਾਰਡੀਅਨ' ਰੱਖ ਦਿੱਤਾ ਗਿਆ ਤੇ ਉਹ ਹਰ ਉਸ ਵਿਅਕਤੀ ਦਾ ਵਿਰੋਧ ਕਰਦੀ ਜੋ ਉਸ ਅਖ਼ਬਾਰ ਲਈ ਲਿਖਦਾ। ਦੋਹਾਂ ਨੇ ਭਾਰਤ ਉੱਪਰ ਪੁਸਤਕਾਂ ਲਿਖੀਆਂ। ਜ਼ਿਕਨ ਨੂੰ ਆਰਥਿਕ ਮਾਮਲਿਆਂ ਦਾ ਪੂਰਾ ਅਨੁਭਵ ਸੀ, ਸ੍ਰੀਮਤੀ ਜ਼ਿਕਨ ਨੂੰ ਸਮਾਜਿਕ ਤੇ ਰਾਜਸੀ ਮਾਮਲਿਆਂ ਬਾਰੇ ਖੋਖਲੀ ਜਾਣਕਾਰੀ ਸੀ।

ਜਦੋਂ ਮੈਂ ਲੰਡਨ 'ਚ ਹੁੰਦਾ, ਮੈਂ ਜ਼ਿਕਨ ਜੋੜੇ ਨੂੰ ਮਿਲਦਾ ਰਹਿੰਦਾ। ਉਹ ਪੁਰਾਣੇ ਭਾਰਤੀਆਂ ਦੇ ਗੁੱਟ ਨਾਲ ਸੰਬੰਧਿਤ ਸਨ ਜੋ ਭਾਰਤ ਵਿੱਚ ਰਹਿੰਦਿਆਂ ਵੀ ਤੇ ਇੰਗਲੈਂਡ ਵਿੱਚ ਦੁਬਾਰਾ ਜਾ ਕੇ ਵੱਸਣ ਪਿੱਛੋਂ ਵੀ ਭਾਰਤੀਆਂ ਦੇ ਮਿੱਤਰ ਰਹੇ। ਕਿਸੇ ਕਾਰਨ ਦੋਹਾਂ ਨੇ ਲਿਖਣਾ ਛੱਡ ਦਿੱਤਾ ਤੇ ਗੁੰਮਨਾਮੀ ਵਿੱਚ ਚਲੇ ਗਏ।

ਤਾਯਾ ਆਪਣੇ ਪਤੀ ਤੋਂ ਕੁਝ ਮਹੀਨੇ ਪਿੱਛੋਂ ਮਰ ਗਈ। ਮੈਨੂੰ ਸਦਾ ਹੀ ਮੌਰਿਸ ਵੱਲੋਂ ਭਾਰਤੀ ਆਰਥਿਕਤਾ ਦੇ ਰੋਗਾਂ ਦੀ ਪ੍ਰਕਾਸ਼ਮਈ ਤਸ਼ਖ਼ੀਸ ਤੇ ਤਾਯਾ ਵੱਲੋਂ ਭਾਰਤੀ ਸਿਆਸਤਦਾਨਾਂ ਉੱਪਰ ਕੀਤੀਆਂ ਵਾਧਵੀਆਂ ਟਿੱਪਣੀਆਂ ਯਾਦ ਰਹਿਣਗੀਆਂ।

ਦਾਦੀ ਮਾਂ—ਇਕ ਇਸਤਰੀ ਦਾ ਚਿੱਤਰ

ਮੇਰੀ ਦਾਦੀ ਵੀ ਸਭਨਾਂ ਦੀਆਂ ਦਾਦੀਆਂ ਵਾਂਗ ਇਕ ਬਿਰਧ ਇਸਤਰੀ ਸੀ। ਉਹ ਪਿਛਲੇ 20 ਸਾਲ ਤੋਂ ਬਿਰਧ ਹੀ ਸੀ ਤੇ ਉਸ ਦੇ ਝੁਰੜੀਆਂ ਪੈ ਗਈਆਂ ਸਨ। ਲੋਕ ਕਹਿੰਦੇ ਸਨ ਕਿ ਉਹ ਕਦੇ ਬੜੀ ਸੁੰਦਰ ਤੇ ਜਵਾਨ ਹੁੰਦੀ ਸੀ ਤੇ ਉਸ ਦਾ ਪਤੀ ਵੀ ਹੁੰਦਾ ਸੀ, ਪਰ ਇਸ ਸਭ ਕੁਝ 'ਤੇ ਵਿਸ਼ਵਾਸ ਬੜੀ ਮੁਸ਼ਕਲ ਨਾਲ ਆਉਂਦਾ ਸੀ। ਮੇਰੇ ਦਾਦੇ ਦਾ ਚਿੱਤਰ ਬੈਠਕ ਵਿੱਚ ਅੰਗੀਠੀ ਉੱਪਰ ਲਟਕ ਰਿਹਾ ਸੀ। ਉਹ ਵੱਡੀ ਪਗੜੀ ਤੇ ਖੁੱਲ੍ਹੇ ਕੱਪੜੇ ਪਹਿਨਦਾ ਸੀ। ਉਸ ਦੀ ਲੰਬੀ ਚਿੱਟੀ ਦਾੜ੍ਹੀ ਉਹਦੀ ਛਾਤੀ ਦੇ ਬਹੁਤੇ ਭਾਗ ਨੂੰ ਢੱਕ ਲੈਂਦੀ ਸੀ ਤੇ ਉਹ ਘੱਟੋ ਘੱਟ ਸੌ ਸਾਲ ਦਾ ਦਿਖਾਈ ਦਿੰਦਾ ਸੀ। ਉਹ ਇਸ ਕਿਸਮ ਦਾ ਆਦਮੀ ਨਹੀਂ ਲੱਗਦਾ ਸੀ ਜਿਸ ਦੀ ਪਤਨੀ ਜਾਂ ਬੱਚੇ ਹੋਣ। ਉਹ ਇਸ ਤਰ੍ਹਾਂ ਲੱਗਦਾ ਸੀ ਜਿਵੇਂ ਉਸ ਦੇ ਬਹੁਤ ਸਾਰੇ ਪੋਤਰੇ ਹੀ ਹੋਣ ਤੇ ਜਿੱਥੋਂ ਤੱਕ ਇਹ ਖ਼ਿਆਲ ਸੀ ਕਿ ਮੇਰੀ ਦਾਦੀ ਕਦੇ ਜਵਾਨ ਤੇ ਬੜੀ ਸੁੰਦਰ ਸੀ ਤਾਂ ਇਹ ਉੱਕਾ ਹੀ ਘਿਨਾਉਣਾ ਤੇ ਅਟਪਟਾ ਲੱਗਦਾ ਸੀ। ਉਹ ਸਾਨੂੰ ਬਾਲਪਨ ਸਮੇਂ ਦੀਆਂ ਖੇਡਾਂ ਬਾਰੇ ਆਮ ਹੀ ਦੱਸਿਆ ਕਰਦੀ ਸੀ। ਉਹਦੇ ਵੱਲੋਂ ਇਹ ਦੱਸਣਾ ਵੀ ਫ਼ਜ਼ੂਲ ਤੇ ਘਟੀਆ ਲੱਗਦਾ ਸੀ ਤੇ ਅਸੀਂ ਇਹਨਾਂ ਨੂੰ ਗੁਰੂਆਂ ਦੀਆਂ ਕਹਾਣੀਆਂ ਵਾਂਗੂੰ ਹੀ ਸਮਝਦੇ ਸੀ ਜਿਹੜੀਆਂ ਉਹ ਸਾਨੂੰ ਸੁਣਾਇਆ ਕਰਦੀ ਸੀ।

ਉਹ ਸਦਾ ਹੀ ਮਧਰੀ, ਮੋਟੀ ਤੇ ਥੋੜ੍ਹੀ ਜਿਹੀ ਕੁੱਬੀ ਸੀ। ਉਹਦੇ ਚਿਹਰੇ 'ਤੇ ਝੁਰੜੀਆਂ ਦਾ ਜਾਲ ਜਿਹਾ ਸੀ ਜੋ ਇਕ ਪਾਸੇ ਤੋਂ ਦੂਸਰੇ ਪਾਸੇ ਨੂੰ ਜਾਂਦੀਆਂ ਸਨ। ਸਾਨੂੰ ਯਕੀਨ ਸੀ ਕਿ ਉਹ ਸਦਾ ਤੋਂ ਐਸੀ ਹੀ ਸੀ ਜੈਸੀ ਅਸੀਂ ਉਸ ਨੂੰ ਵੇਖਦੇ ਰਹੇ ਹਾਂ। ਉਹ ਬੁੱਢੀ ਸੀ, ਇਤਨੀ ਭਿਆਨਕ ਤੇ ਬਿਰਧ ਕਿ ਹੋਰ ਬੁੱਢੀ ਹੋ ਹੀ ਨਹੀਂ ਸਕਦੀ ਸੀ ਤੇ ਪਿਛਲੇ 20 ਸਾਲਾਂ ਤੋਂ ਜਿਵੇਂ ਉਸੇ ਹੀ ਉਮਰ ਦੀ ਰਹੀ ਹੋਵੇ। ਉਹ ਕਦੇ ਆਕਰਸ਼ਕ ਤੇ ਅਲਬੇਲੀ ਨਹੀਂ ਹੋਣੀ, ਹਾਂ ਸੁਹਣੀ ਜ਼ਰੂਰ ਹੋਵੇਗੀ। ਉਹ ਘਰ ਵਿੱਚ ਦੁੱਧ ਚਿੱਟੇ ਵਸਤਰਾਂ ਵਿੱਚ ਕੁੱਬ ਨੂੰ ਆਸਰਾ ਦੇਣ ਲਈ ਢਾਕ 'ਤੇ ਇਕ ਹੱਥ ਰੱਖ ਕੇ ਹੌਲੀ-ਹੌਲੀ ਤੁਰਦੀ ਤੇ ਦੂਸਰੇ ਹੱਥ ਨਾਲ ਮਾਲਾ ਫੇਰਦੀ ਰਹਿੰਦੀ। ਉਸ ਦੀਆਂ ਚਾਂਦੀ ਵਰਗੀਆਂ ਲਿਟਾਂ ਬੇਤਰਤੀਬੀ ਨਾਲ ਉਹਦੇ ਪੀਲੇ ਵੱਟੋ-ਵੱਟ ਚਿਹਰੇ 'ਤੇ ਖਿੱਲਰੀਆਂ ਹੁੰਦੀਆਂ ਤੇ ਉਹਦੇ ਬੁੱਲ੍ਹ ਨਿਰੰਤਰ ਅਸਪੱਸ਼ਟ ਪਾਠ ਕਰਦੇ ਹਿਲਦੇ ਰਹਿੰਦੇ। ਹਾਂ, ਉਹ ਸੁੰਦਰ ਸੀ। ਉਹ ਸਿਆਲ ਦੀ ਰੁੱਤ ਵਿੱਚ ਪਹਾੜਾਂ ਵਿਚਲੀ ਧਰਤੀ ਦੇ ਦ੍ਰਿਸ਼ ਚਿੱਤਰ ਵਾਂਗ ਨਿਰਮਲ ਤੇ ਉੱਜਲ ਸੀ ਤੇ ਸ਼ਾਂਤੀ ਤੇ ਸੰਤੋਖ ਦੀ ਮੂਰਤੀ ਸੀ।

ਮੈਂ ਤੇ ਮੇਰੇ ਦਾਦੀ ਜੀ ਗੂੜ੍ਹੇ ਮਿੱਤਰ ਸੀ। ਮੇਰੇ ਮਾਤਾ-ਪਿਤਾ ਨੇ ਮੈਨੂੰ ਉਸ ਸਮੇਂ ਦਾਦੀ ਕੋਲ ਛੱਡ ਦਿੱਤਾ ਸੀ ਜਦੋਂ ਉਹ ਆਪ ਸ਼ਹਿਰ ਚਲੇ ਗਏ ਤੇ ਅਸੀਂ ਲਗਾਤਾਰ

ਇਕੱਠੇ ਰਹੇ। ਉਹ ਮੈਨੂੰ ਸਵੇਰੇ ਸਵੱਖਤੇ ਉਠਾ ਕੇ ਸਕੂਲ ਲਈ ਤਿਆਰ ਕਰਦੀ। ਉਹ ਸਵੇਰ ਵੇਲੇ ਮੈਨੂੰ ਨੁਹਾਉਂਦਿਆਂ ਤੇ ਕੱਪੜੇ ਪਾਉਂਦਿਆਂ ਗਾ-ਗਾ ਕੇ ਹੀ ਨੀਰਸ ਜਿਹੇ ਢੰਗ ਨਾਲ ਪਾਠ ਇਸ ਉਮੀਦ ਨਾਲ ਕਰਦੀ ਕਿ ਮੈਂ ਵੀ ਸੁਣ ਲਵਾਂਗਾ ਤੇ ਮੈਨੂੰ ਵੀ ਇਹ ਜ਼ਬਾਨੀ ਯਾਦ ਹੋ ਜਾਵੇਗਾ। ਮੈਂ ਸੁਣਦਾ ਰਹਿੰਦਾ ਕਿਉਂਕਿ ਮੈਨੂੰ ਉਹਦੀ ਆਵਾਜ਼ ਚੰਗੀ ਲੱਗਦੀ ਸੀ, ਪਰ ਮੈਂ ਇਸ ਨੂੰ ਯਾਦ ਕਰਨ ਦੀ ਪ੍ਰਵਾਹ ਕਦੇ ਨਾ ਕੀਤੀ। ਫਿਰ ਉਹ ਮੇਰੀ ਲੱਕੜੀ ਦੀ ਫੱਟੀ ਜਿਹੜੀ ਉਸ ਨੇ ਪਹਿਲਾਂ ਹੀ ਧੋ ਕੇ ਸਾਫ਼ ਕਰਕੇ ਗਾਚੀ ਲਾ ਕੇ ਸੁਕਾ ਕੇ ਰੱਖੀ ਹੁੰਦੀ ਤੇ ਨਾਲ ਹੀ ਉਹ ਛੋਟੀ ਜਿਹੀ ਮਿੱਟੀ ਦੀ ਦੁਆਤ, ਕਾਨੇ ਦੀ ਕਲਮ ਲਿਆ ਕੇ ਬਸਤੇ ਵਿੱਚ ਪਾ ਕੇ ਮੈਨੂੰ ਫੜਾ ਦਿੰਦੀ। ਫਿਰ ਉਹ ਰਾਤ ਦੀ ਬੇਹੀ ਚਪਾਤੀ ਤੇ ਮੱਖਣ ਤੇ ਖੰਡ ਲਾ ਕੇ ਛਾਹ ਵੇਲਾ ਖੁਆ ਦਿੰਦੀ ਤੇ ਅਸੀਂ ਸਕੂਲ ਚਲੇ ਜਾਂਦੇ। ਉਹ ਆਪਣੇ ਨਾਲ ਕਈ ਬੇਹੀਆਂ ਰੋਟੀਆਂ ਪਿੰਡ ਦੇ ਕੁੱਤਿਆਂ ਨੂੰ ਪਾਉਣ ਲਈ ਲੈ ਜਾਂਦੀ।

ਮੇਰੀ ਦਾਦੀ ਹਰ ਰੋਜ਼ ਮੇਰੇ ਨਾਲ ਸਕੂਲ ਜਾਂਦੀ ਕਿਉਂਕਿ ਸਕੂਲ ਗੁਰਦੁਆਰੇ ਵਿੱਚ ਹੀ ਸੀ। ਭਾਈ ਸਾਨੂੰ ਵਰਣਮਾਲਾ ਪੜ੍ਹਾਉਂਦਾ ਤੇ ਸਵੇਰ ਵੇਲੇ ਦਾ ਪਾਠ ਤੇ ਅਰਦਾਸ ਵੀ। ਜਦੋਂ ਬੱਚੇ ਵਰਾਂਡੇ ਵਿੱਚ ਦੋਹੀਂ ਪਾਸੀਂ ਕਤਾਰਾਂ ਵਿੱਚ ਵਰਣਮਾਲਾ ਜਾਂ ਪੈਂਤੀ ਇਕੱਠੇ ਗਾ ਰਹੇ ਹੁੰਦੇ ਤਾਂ ਮੇਰੀ ਦਾਦੀ ਅੰਦਰ ਬੈਠ ਕੇ ਪਾਠ ਕਰਦੀ ਰਹਿੰਦੀ। ਜਦੋਂ ਅਸੀਂ ਦੋਵੇਂ ਕੰਮ ਮੁਕਾ ਲੈਂਦੇ ਤਾਂ ਅਸੀਂ ਘਰ ਮੁੜ ਆਉਂਦੇ। ਇਸ ਸਮੇਂ ਸਾਨੂੰ ਪਿੰਡ ਦੇ ਕੁੱਤੇ ਗੁਰਦੁਆਰੇ ਦੇ ਦਰਵਾਜ਼ੇ ਵਿੱਚ ਮਿਲਦੇ। ਉਹ ਸਾਡੇ ਮਗਰ-ਮਗਰ ਹੀ ਘਰ ਤੱਕ ਉਹਨਾਂ ਰੋਟੀਆਂ ਖ਼ਾਤਰ ਲੜਦੇ ਘੁਰਕਦੇ ਆਉਂਦੇ, ਜੋ ਅਸੀਂ ਉਹਨਾਂ ਵੱਲ ਸੁੱਟਦੇ।

ਜਦੋਂ ਸਾਡੇ ਮਾਤਾ-ਪਿਤਾ ਸ਼ਹਿਰ ਵਿੱਚ ਆਰਾਮ ਨਾਲ ਵੱਸ ਗਏ, ਉਹਨਾਂ ਨੇ ਸਾਨੂੰ ਆਪਣੇ ਕੋਲ ਬੁਲਾ ਲਿਆ। ਉਸ ਸਮੇਂ ਸਾਡੀ ਦੋਸਤੀ ਵਿੱਚ ਨਵਾਂ ਮੋੜ ਆ ਗਿਆ। ਭਾਵੇਂ ਸਾਡਾ ਦੋਹਾਂ ਦਾ ਇਕੋ ਕਮਰਾ ਹੁੰਦਾ ਸੀ ਪਰ ਮੇਰੀ ਦਾਦੀ ਹੁਣ ਮੇਰੇ ਨਾਲ ਸਕੂਲ ਨਹੀਂ ਜਾਂਦੀ ਹੁੰਦੀ ਸੀ। ਮੈਂ ਹੁਣ ਅੰਗਰੇਜ਼ੀ ਸਕੂਲ ਵਿੱਚ ਮੋਟਰ ਗੱਡੀ 'ਤੇ ਜਾਇਆ ਕਰਦਾ ਸੀ। ਗਲੀਆਂ ਵਿੱਚ ਕੋਈ ਕੁੱਤੇ ਨਹੀਂ ਹੁੰਦੇ ਸੀ। ਉਹ ਸਾਡੇ ਸ਼ਹਿਰੀ ਘਰ ਦੇ ਵਿਹੜੇ ਵਿੱਚ ਚਿੜੀਆਂ ਨੂੰ ਚੋਗਾ ਪਾਉਂਦੀ ਰਹਿੰਦੀ।

ਜਿਉਂ-ਜਿਉਂ ਸਾਲ ਲੰਘਦੇ ਗਏ, ਸਾਡਾ ਇਕ ਦੂਸਰੇ ਨੂੰ ਮਿਲਣਾ ਘਟਦਾ ਗਿਆ। ਕੁਝ ਸਮੇਂ ਲਈ ਤਾਂ ਉਹ ਮੈਨੂੰ ਸਵੇਰ ਵੇਲੇ ਜਗਾ ਕੇ ਸਕੂਲ ਲਈ ਤਿਆਰ ਕਰਦੀ ਰਹੀ। ਜਦੋਂ ਮੈਂ ਸਕੂਲ ਤੋਂ ਆਉਂਦਾ ਤਾਂ ਉਹ ਇਹ ਵੀ ਪੁੱਛਦੀ ਕਿ ਮਾਸਟਰ ਨੇ ਕੀ ਪੜ੍ਹਾਇਆ ਹੈ ? ਮੈਂ ਉਸ ਨੂੰ ਅੰਗਰੇਜ਼ੀ ਦੇ ਸ਼ਬਦਾਂ, ਪੱਛਮੀ ਗਿਆਨ ਵਿਗਿਆਨ ਦੀਆਂ ਨਿੱਕੀਆਂ-ਨਿੱਕੀਆਂ ਗੱਲਾਂ, ਧਰਤੀ ਦੀ ਗੁਰੂਤਾ ਦਾ ਸਿਧਾਂਤ, ਆਰਕੀਮੀਡੀਜ਼ ਦਾ ਨਿਯਮ ਤੇ ਧਰਤੀ ਗੋਲ ਹੈ, ਆਦਿ ਬਾਰੇ ਦੱਸਦਾ। ਇਸ ਨਾਲ ਉਹ ਉਦਾਸ ਹੋ ਜਾਂਦੀ। ਉਹ ਹੁਣ ਮੇਰੀ ਪੜ੍ਹਾਈ ਵਿੱਚ ਮੇਰੀ ਸਹਾਇਤਾ ਨਹੀਂ ਕਰ ਸਕਦੀ ਸੀ। ਉਸ ਨੂੰ ਸਕੂਲ ਵਿੱਚ ਪੜ੍ਹਾਈਆਂ ਜਾਂਦੀਆਂ ਚੀਜ਼ਾਂ ਬਾਰੇ ਵਿਸ਼ਵਾਸ ਨਹੀਂ ਸੀ ਤੇ ਇਸ ਗੱਲੋਂ ਦੁਖੀ ਹੁੰਦੀ ਸੀ ਕਿ ਉਥੇ ਪਰਮਾਤਮਾ ਬਾਰੇ ਦੱਸਿਆ ਨਹੀਂ ਜਾਂਦਾ ਅਤੇ ਬਾਣੀ ਨਹੀਂ ਪੜ੍ਹਾਈ ਜਾਂਦੀ। ਇਕ ਦਿਨ ਮੈਂ ਆ ਕੇ ਇਹ ਦੱਸਿਆ ਕਿ ਸਾਨੂੰ ਸੰਗੀਤ ਸਿਖਾਇਆ ਜਾਂਦਾ ਹੈ ਤਾਂ ਉਹ

ਬਹੁਤ ਦੁਖੀ ਹੋਈ। ਉਸ ਲਈ ਸੰਗੀਤ ਨਾਲ ਤਾਂ ਗੰਦੀਆਂ ਗੱਲਾਂ ਜੁੜੀਆਂ ਹੋਈਆਂ ਸਨ। ਉਸ ਸਮੇਂ ਤੱਕ ਸਿਰਫ਼ ਕੰਜਰੀਆਂ ਤੇ ਮੰਗਤੇ ਹੀ ਗਾਉਂਦੇ ਸਨ ਤੇ ਇਹ ਸਾਊ ਲੋਕਾਂ ਲਈ ਨਹੀਂ ਸੀ। ਉਸ ਮਗਰੋਂ ਮੇਰੇ ਨਾਲ ਉਸ ਨੇ ਘੱਟ ਹੀ ਕਦੇ ਕੋਈ ਗੱਲਬਾਤ ਕੀਤੀ।

ਜਦੋਂ ਮੈਂ ਯੂਨੀਵਰਸਿਟੀ ਵਿੱਚ ਪੜ੍ਹਨ ਚਲਾ ਗਿਆ ਤਾਂ ਮੈਨੂੰ ਆਪਣਾ ਕਮਰਾ ਮਿਲਿਆ। ਦੋਸਤੀ ਦੀ ਕੜੀ ਖ਼ਤਮ ਹੋ ਗਈ। ਮੇਰੀ ਦਾਦੀ ਨੇ ਆਪਣੀ ਇਕੱਲ ਨੂੰ ਸਬਰ ਨਾਲ ਪ੍ਰਵਾਨ ਕਰ ਲਿਆ। ਉਹ ਘੱਟ ਹੀ ਕਿਸੇ ਨਾਲ ਗੱਲਾਂ ਕਰਨ ਲਈ ਚਰਖੇ 'ਤੇ ਕੱਤਣਾ ਛੱਡਦੀ। ਸਵੇਰ ਤੋਂ ਸ਼ਾਮ ਤੱਕ ਉਹ ਚਰਖਾ ਕੱਤਦੀ ਰਹਿੰਦੀ ਤੇ ਬਾਣੀ ਪੜ੍ਹਦੀ ਰਹਿੰਦੀ। ਢਲੀ ਦੁਪਹਿਰ ਵੇਲੇ ਹੀ ਉਹ ਚਿੜੀਆਂ ਨੂੰ ਚੋਗਾ ਪਾਉਣ ਸਮੇਂ ਆਰਾਮ ਕਰਦੀ। ਜਦੋਂ ਉਹ ਵਰਾਂਡੇ ਵਿੱਚ ਬੈਠ ਕੇ ਰੋਟੀ ਦੇ ਛੋਟੇ-ਛੋਟੇ ਟੁਕੜੇ ਕਰਦੀ ਤਾਂ ਹਜ਼ਾਰਾਂ ਹੀ ਛੋਟੇ-ਛੋਟੇ ਪੰਛੀ ਇਕੱਠੇ ਹੋ ਕੇ ਚਹਿਚਹਾਉਂਦੇ ਤੇ ਰੌਲਾ-ਰੱਪਾ ਪਾਉਂਦੇ।

ਕੁਝ ਆ ਕੇ ਉਹਦੀਆਂ ਲੱਤਾਂ 'ਤੇ ਬੈਠ ਜਾਂਦੇ ਤੇ ਕੁਝ ਮੋਢਿਆਂ 'ਤੇ, ਕੁਝ ਉਹਦੇ ਸਿਰ 'ਤੇ ਹੀ ਬੈਠ ਜਾਂਦੇ। ਉਹ ਹੱਸਦੀ ਰਹਿੰਦੀ ਤੇ ਕਦੇ ਵੀ ਉਹਨਾਂ ਨੂੰ ਨਾ ਉਡਾਉਂਦੀ। ਉਹਦੇ ਲਈ ਦਿਨ ਦਾ ਇਹ ਅੱਧਾ ਘੰਟਾ ਸਭ ਤੋਂ ਵੱਧ ਖ਼ੁਸ਼ੀਆਂ ਵਾਲਾ ਹੁੰਦਾ।

ਜਦੋਂ ਮੈਂ ਉਚੇਰੀ ਪੜ੍ਹਾਈ ਲਈ ਵਿਦੇਸ਼ ਜਾਣ ਦਾ ਫ਼ੈਸਲਾ ਕੀਤਾ ਤਾਂ ਮੈਨੂੰ ਯਕੀਨ ਸੀ ਕਿ ਮੇਰੀ ਦਾਦੀ ਦੁਖੀ ਹੋਵੇਗੀ। ਮੈਂ ਪੰਜ ਸਾਲ ਲਈ ਬਾਹਰ ਜਾਣਾ ਸੀ ਤੇ ਮੇਰੀ ਦਾਦੀ ਦੀ ਉਮਰ ਵਿੱਚ ਇਹ ਬਰਦਾਸ਼ਤ ਕਰਨਾ ਸੌਖਾ ਨਹੀਂ ਸੀ, ਪਰ ਉਹ ਸਹਾਰ ਗਈ। ਉਹ ਤਾਂ ਜਜ਼ਬਾਤੀ ਵੀ ਨਾ ਹੋਈ। ਉਹ ਮੈਨੂੰ ਰੇਲਵੇ ਸਟੇਸ਼ਨ 'ਤੇ ਵਿਦਾ ਕਰਨ ਆਈ, ਉੱਥੇ ਵੀ ਉਹ ਭਾਵੁਕ ਨਾ ਹੋਈ। ਉਸ ਦੇ ਬੁੱਲ੍ਹ ਅਰਦਾਸ ਵਿੱਚ ਹਿੱਲੇ, ਉਸ ਦਾ ਮਨ ਅਰਦਾਸ ਵਿੱਚ ਇਕਮਿਕ ਹੋ ਗਿਆ। ਉਸ ਦੀਆਂ ਉਂਗਲਾਂ ਮਾਲਾ ਫੇਰਨ ਵਿੱਚ ਰੁੱਝੀਆਂ ਹੋਈਆਂ ਸਨ। ਉਸ ਨੇ ਚੁਪਚੁਪੀਤੇ ਮੇਰਾ ਮੱਥਾ ਚੁੰਮਿਆ ਤੇ ਜਦੋਂ ਮੈਂ ਉਸ ਤੋਂ ਅੱਡ ਹੋਇਆ ਤਾਂ ਮੈਂ ਉਹਦੀ ਆਖ਼ਰੀ ਸਰੀਰਕ ਸੰਪਰਕ ਦੀ ਨਿਸ਼ਾਨੀ, ਉਹਦੇ ਵੱਲੋਂ ਚੁੰਮਣ ਦੀ ਨਮੀ ਨੂੰ ਪਿਆਰ ਨਾਲ ਯਾਦ ਕਰਦਾ ਰਿਹਾ।

ਪਰ ਇਸ ਤਰ੍ਹਾਂ ਦਾ ਕੁਝ ਵੀ ਨ ਰਿਹਾ। ਪੰਜਾਂ ਸਾਲਾਂ ਪਿੱਛੋਂ ਜਦੋਂ ਮੈਂ ਦੇਸ਼ ਪਰਤਿਆ, ਉਹ ਮੈਨੂੰ ਸਟੇਸ਼ਨ 'ਤੇ ਲੈਣ ਆਈ। ਉਹ ਇਕ ਦਿਨ ਵੀ ਪਹਿਲਾਂ ਨਾਲੋਂ ਬੁੱਢੀ ਨਹੀਂ ਲੱਗਦੀ ਸੀ। ਉਹ ਹੁਣ ਵੀ ਘੱਟ ਹੀ ਗੱਲਾਂ ਕਰਦੀ ਸੀ ਤੇ ਜਦੋਂ ਉਸ ਨੇ ਮੈਨੂੰ ਆਪਣੀ ਜੱਫੀ ਵਿੱਚ ਲਿਆ, ਮੈਨੂੰ ਉਹਦੇ ਪਾਠ ਕਰਨ ਦੀ ਆਵਾਜ਼ ਸੁਣਾਈ ਦੇ ਰਹੀ ਸੀ। ਮੇਰੇ ਪਹੁੰਚਣ ਦੇ ਪਹਿਲੇ ਦਿਨ ਵੀ ਉਹਦਾ ਸਭ ਤੋਂ ਵੱਧ ਖ਼ੁਸ਼ੀ ਦਾ ਪਲ ਉਹਨਾਂ ਚਿੜੀਆਂ ਨਾਲ ਹੀ ਸੀ ਜਦੋਂ ਉਹ ਉਹਨਾਂ ਨੂੰ ਲੰਮਾ-ਲੰਮਾ ਸਮਾਂ ਦਾਣਾ ਪਾਉਂਦੀ ਸੀ ਤੇ ਉਹਨਾਂ ਨੂੰ ਨਿਰਾਰਥਕ ਝਿੜਕਾਂ ਤੇ ਗਾਲ੍ਹਾਂ ਕੱਢਦੀ ਸੀ।

ਸ਼ਾਮ ਨੂੰ ਉਹਦੇ ਵਿੱਚ ਤਬਦੀਲੀ ਆ ਗਈ। ਉਸ ਸਮੇਂ ਉਸ ਨੇ ਪਾਠ ਨਾ ਕੀਤਾ। ਉਸ ਨੇ ਗੁਆਂਢਣਾਂ ਨੂੰ ਇਕੱਠੀਆਂ ਕਰਕੇ ਢੋਲਕੀ ਲੈ ਕੇ ਗਾਉਣਾ ਸ਼ੁਰੂ ਕਰ ਦਿੱਤਾ। ਕਈ ਘੰਟਿਆਂ ਤੱਕ ਉਹ ਖ਼ਸਤਾ ਹਾਲਤ ਢੋਲਕੀ ਦੀ ਢਿਲਕੀ ਖੱਲ ਨੂੰ ਤਲੀਆਂ ਨਾਲ

ਵਜਾ ਕੇ ਮੇਰੇ ਘਰ ਪਰਤਣ ਦੀ ਖ਼ੁਸ਼ੀ ਵਿੱਚ ਜੋਧਿਆਂ ਦੀਆਂ ਵਾਰਾਂ ਗਾਉਂਦੀ ਰਹੀ। ਅਸੀਂ ਉਸ ਨੂੰ ਬੱਸ ਕਰਨ ਲਈ ਤੇ ਆਪਣੇ ਆਪ ਨੂੰ ਔਖਿਆਂ ਕਰਨ ਤੋਂ ਮਸਾਂ ਹਟਾਇਆ। ਜਦ ਤੋਂ ਮੈਂ ਉਸ ਨੂੰ ਵੇਖਦਾ ਆਇਆ ਸੀ ਇਹ ਪਹਿਲਾ ਮੌਕਾ ਸੀ, ਜਦੋਂ ਉਸ ਨੇ ਪਾਠ ਨਾ ਕੀਤਾ।

ਅਗਲੀ ਸਵੇਰ ਉਹ ਬਿਮਾਰ ਹੋ ਗਈ। ਬੁਖ਼ਾਰ ਥੋੜ੍ਹਾ ਹੀ ਸੀ ਤੇ ਡਾਕਟਰ ਨੇ ਕਿਹਾ ਕਿ ਛੇਤੀ ਹੀ ਲੱਥ ਜਾਵੇਗਾ, ਪ੍ਰੰਤੂ ਮੇਰੀ ਦਾਦੀ ਹੋਰ ਤਰ੍ਹਾਂ ਸੋਚ ਰਹੀ ਸੀ। ਉਸ ਨੇ ਕਿਹਾ ਕਿ ਉਸ ਦਾ ਅੰਤ ਸਮਾਂ ਆ ਗਿਆ ਹੈ। ਇਹ ਸ਼ਬਦ ਉਸ ਨੇ ਆਪਣੀ ਜ਼ਿੰਦਗੀ ਦੇ ਅੰਤ ਤੋਂ ਕੁਝ ਘੰਟੇ ਪਹਿਲਾਂ ਉਸ ਸਮੇਂ ਕਹੇ ਜਦੋਂ ਉਹ ਪਾਠ ਕਰਨਾ ਭੁੱਲ ਗਈ ਸੀ। ਉਹ ਹੁਣ ਸਾਡੇ ਨਾਲ ਗੱਲਾਂ ਕਰਕੇ ਸਮਾਂ ਨਸ਼ਟ ਨਹੀਂ ਕਰਨਾ ਚਾਹੁੰਦੀ ਸੀ।

ਅਸੀਂ ਰੋਸ ਪ੍ਰਗਟ ਕੀਤਾ, ਪਰ ਉਸ ਨੇ ਸਾਡੇ ਰੋਸ ਦੀ ਪ੍ਰਵਾਹ ਨਾ ਕੀਤੀ। ਉਹ ਬੜੇ ਚੈਨ ਨਾਲ ਬਿਸਤਰੇ 'ਤੇ ਪਈ ਪਾਠ ਕਰਦੀ ਰਹੀ ਤੇ ਮਾਲਾ ਫੇਰਦੀ ਰਹੀ। ਸਾਨੂੰ ਪਤਾ ਲੱਗਣ ਤੋਂ ਪਹਿਲਾਂ ਹੀ ਉਸ ਦੇ ਬੁਲ੍ਹ ਹਿਲਣੇ ਬੰਦ ਹੋ ਗਏ ਤੇ ਉਹਦੀਆਂ ਬੇਜਾਨ ਉਂਗਲਾਂ 'ਚੋਂ ਮਾਲਾ ਡਿੱਗ ਪਈ। ਉਹਦੇ ਚਿਹਰੇ 'ਤੇ ਪੀਲੱਤਣ ਫਿਰ ਗਈ। ਅਸੀਂ ਸਮਝ ਗਏ ਕਿ ਉਹ ਮਰ ਗਈ ਹੈ।

ਇਹ 1939 ਦੀਆਂ ਗਰਮੀਆਂ ਦੀ ਘਟਨਾ ਹੈ।

ਰਿਵਾਜ ਅਨੁਸਾਰ ਅਸੀਂ ਉਸ ਨੂੰ ਮੰਜੇ ਤੋਂ ਉਠਾ ਕੇ ਭੁੰਜੇ ਲਿਟਾ ਦਿੱਤਾ ਤੇ ਉਸ 'ਤੇ ਲਾਲ ਕੱਫਣ ਪਾ ਦਿੱਤਾ। ਕੁਝ ਘੰਟੇ ਅਫ਼ਸੋਸ ਕਰਨ ਪਿੱਛੋਂ ਅਸੀਂ ਉਸ ਨੂੰ ਇਕੱਲਿਆਂ ਛੱਡ ਕੇ ਉਹਦੇ ਸਸਕਾਰ ਦੀ ਤਿਆਰੀ ਕਰਨ ਲੱਗੇ।

ਸ਼ਾਮ ਨੂੰ ਅਸੀਂ ਉਹਦੇ ਕਮਰੇ ਵਿੱਚ ਸਸਕਾਰ ਕਰਨ ਲਈ ਲਿਜਾਣ ਵਾਸਤੇ ਅਣਘੜ ਫੂਹੜੀ ਲੈ ਕੇ ਗਏ। ਡੁੱਬਦੇ ਸੂਰਜ ਦੀ ਉਸ ਦੇ ਕਮਰੇ 'ਤੇ ਵਰਾਂਡੇ ਵਿੱਚ ਸੁਨਹਿਰੀ ਰੋਸ਼ਨੀ ਦੀ ਚਮਕ ਪੈ ਰਹੀ ਸੀ। ਅਸੀਂ ਵਿਹੜੇ ਦੇ ਵਿਚਕਾਰ ਰੁਕ ਗਏ। ਸਾਰੇ ਵਰਾਂਡੇ ਤੇ ਕਮਰੇ ਵਿੱਚ ਉਹਦੀ ਲੋਥ ਤੱਕ ਜਿੱਥੇ ਉਹ ਲਾਲ ਕੱਫਣ ਵਿੱਚ ਵਲ੍ਹੇਟੀ ਪਈ ਸੀ, ਹਜ਼ਾਰਾਂ ਚਿੜੀਆਂ ਫ਼ਰਸ਼ 'ਤੇ ਬੈਠੀਆਂ ਸਨ। ਚਿੜੀਆਂ ਦੀ ਚਹਿਚਹਾਟ ਬੰਦ ਸੀ। ਸਾਨੂੰ ਚਿੜੀਆਂ 'ਤੇ ਤਰਸ ਆਇਆ ਤੇ ਮੇਰੀ ਮਾਂ ਉਹਨਾਂ ਲਈ ਰੋਟੀ ਲੈ ਕੇ ਆਈ। ਉਸ ਨੇ ਉਸ ਦੇ ਉਸ ਤਰ੍ਹਾਂ ਹੀ ਛੋਟੇ-ਛੋਟੇ ਟੁਕੜੇ ਕੀਤੇ ਜਿਸ ਤਰ੍ਹਾਂ ਮੇਰੀ ਦਾਦੀ ਕਰਿਆ ਕਰਦੀ ਸੀ ਤੇ ਉਹਨਾਂ ਵੱਲ ਸੁੱਟ ਦਿੱਤੇ। ਚਿੜੀਆਂ ਨੇ ਰੋਟੀ ਦੀ ਕੋਈ ਪ੍ਰਵਾਹ ਨਾ ਕੀਤੀ। ਜਦੋਂ ਅਸੀਂ ਦਾਦੀ ਦਾ ਨੜੋਆ ਉਠਾਇਆ, ਚਿੜੀਆਂ ਚੁੱਪਚਾਪ ਉੱਡ ਗਈਆਂ। ਅਗਲੀ ਸਵੇਰ ਸਫ਼ਾਈ ਕਰਨ ਵਾਲੇ ਨੇ ਰੋਟੀ ਦੇ ਟੁਕੜੇ ਕੂੜਾਦਾਨ ਵਿੱਚ ਪਾ ਦਿੱਤੇ।

ਰਾਜ-ਬੰਗਲੇ ਦਾ ਛੱਜੂ ਰਾਮ

ਗਰਮੀ ਦੀ ਰੁੱਤ ਵਿੱਚ ਮੈਂ ਘੱਟ-ਘੱਟ ਤਿੰਨ ਵਾਰ ਕਸੌਲੀ ਜਾਂਦਾ ਹਾਂ ਤਾਂ ਹਰ ਵਾਰ ਮੈਨੂੰ ਇਸ ਦੇ ਬਿਰਧ ਵਸਨੀਕਾਂ 'ਚੋਂ ਇਕ ਜਾਂ ਵੱਧ ਦੀ ਮੌਤ ਬਾਰੇ ਪਤਾ ਲੱਗਦਾ ਹੈ। ਇਹ ਕੋਈ ਹੈਰਾਨੀ ਵਾਲੀ ਗੱਲ ਵੀ ਨਹੀਂ ਕਿਉਂਕਿ ਕਸੌਲੀ ਦੇ ਸ਼ਹਿਰੀਆਂ ਦੀ ਵਧੇਰੇ ਵੱਸੋਂ ਰਿਟਾਇਰ ਹੋਏ ਲੋਕਾਂ ਦੀ ਹੀ ਹੈ। ਅਤੇ ਉਂਝ ਵੀ ਇਹ ਸਾਂਝ ਜਾਂ ਦੋਸਤੀ ਗਰਮੀ ਦੇ ਮੌਸਮ ਲਈ ਹੀ ਹੁੰਦੀ ਹੈ ਤੇ ਬਾਕੀ ਦਾ ਸਾਰਾ ਸਾਲ ਉਹਨਾਂ ਬਾਰੇ ਕੋਈ ਜਾਣਕਾਰੀ ਵੀ ਨਹੀਂ ਹੁੰਦੀ। ਸਮੇਂ ਤੇ ਦੂਰੀ ਨਾਲ ਮੌਤ ਦਾ ਪ੍ਰਭਾਵ ਵੀ ਘਟ ਜਾਂਦਾ ਹੈ, ਪਰ ਛੱਜੂ ਰਾਮ ਬਾਰੇ ਇਹ ਗੱਲ ਨਹੀਂ ਕਹੀ ਜਾ ਸਕਦੀ, ਜਿਸ ਨੂੰ ਮੈਂ 50 ਸਾਲਾਂ ਤੋਂ ਜਾਣਦਾ ਹਾਂ। ਜਦੋਂ ਮੈਂ ਕਸੌਲੀ ਵਿੱਚ ਵੀ ਨਹੀਂ ਹੁੰਦਾ ਸੀ, ਮੈਂ ਟੈਲੀਫ਼ੋਨ ਰਾਹੀਂ ਤੇ ਖ਼ਤ-ਪੱਤਰਾਂ ਰਾਹੀਂ ਉਸ ਦੇ ਦੋ ਪੁੱਤਰਾਂ—ਠਾਕਰ ਦਾਸ ਅਤੇ ਪਰੇਮ ਤੇ ਉਹਨਾਂ ਦੇ ਪੁੱਤਰਾਂ ਧੀਆਂ ਨਾਲ ਸੰਪਰਕ ਬਣਾਈ ਰੱਖਦਾ। ਅੱਧੀ ਸਦੀ ਤੋਂ ਛੱਜੂ ਰਾਮ ਵੱਲੋਂ ਮੈਨੂੰ ਪਿਆਰ ਤੇ ਇੱਜ਼ਤ ਮਿਲਦੀ ਰਹੀ ਹੈ। ਉਸ ਦੀ ਮੌਤ ਨਾਲ ਮੇਰੇ ਜੀਵਨ ਵਿੱਚ ਇਕ ਖ਼ਲਾਅ ਪੈਦਾ ਹੋ ਗਿਆ ਹੈ।

ਛੱਜੂ ਰਾਮ ਦਾ ਜਨਮ ਨਾਲਾਗੜ੍ਹ ਜ਼ਿਲ੍ਹੇ ਦੇ ਪਿੰਡ ਗੋਇਲ ਵਿੱਚ ਹੋਇਆ। ਉਹ ਕਬੀਰ ਪੰਥੀ ਸੀ। ਮੈਨੂੰ ਪੱਕਾ ਪਤਾ ਨਹੀਂ ਕਿ ਉਹ ਕਸੌਲੀ ਕਦੋਂ ਆਇਆ। ਉਹ ਮੇਰੇ ਸਹੁਰੇ ਕੋਲ ਚੌਕੀਦਾਰ ਰਹਿਣ ਤੋਂ ਪਹਿਲਾਂ ਕਿਸੇ ਸਾਹਿਬ ਦਾ ਨੌਕਰ ਸੀ। ਮੇਰੇ ਸਹੁਰੇ ਸਰਦਾਰ ਤੇਜਾ ਸਿੰਘ ਮਲਿਕ ਨੇ ਉਸ ਨੂੰ ਸਪੈਰਿਨ ਬੰਗਲੇ ਦੀ ਰਾਖੀ ਲਈ ਰਖਿਆ ਸੀ ਜਿਹੜਾ ਉਸ ਨੇ ਇਕ ਕੁਆਰੀ ਬਿਰਧ ਅੰਗਰੇਜ਼ ਇਸਤਰੀ ਪਾਸੋਂ ਖ਼ਰੀਦ ਕੇ ਇਸ ਦਾ ਨਾਮ ਆਪਣੀ ਪਤਨੀ ਦੇ ਨਾਮ 'ਤੇ 'ਰਾਜ-ਬੰਗਲਾ' ਰੱਖਿਆ ਸੀ। ਹਰ ਪੱਖੋਂ ਰਾਜ-ਬੰਗਲਾ ਛੱਜੂ ਰਾਮ ਲਈ ਸਾਲ ਦਾ ਬਹੁਤਾ ਸਮਾਂ ਉਹਦੀ ਰਿਹਾਇਸ਼ਗਾਹ ਹੀ ਹੁੰਦਾ। ਜਦੋਂ ਬੰਗਲੇ ਦੇ ਮਾਲਕ ਸਰਦੀਆਂ ਦੇ ਮਹੀਨੇ ਮੈਦਾਨੀ ਇਲਾਕੇ ਵਿੱਚ ਚਲੇ ਜਾਂਦੇ, ਛੱਜੂ ਰਾਮ ਤੇ ਉਸ ਦੀ ਪਤਨੀ ਗੁਮੀਰੋ ਦੇਵੀ ਮੁੱਖ ਗ੍ਰਹਿ ਵਿੱਚ ਨਿਵਾਸ ਕਰ ਲੈਂਦੇ। ਉਹ ਇਸ ਦੀ ਇਸ ਤਰ੍ਹਾਂ ਸਾਂਭ-ਸੰਭਾਲ ਕਰਦੇ ਜਿਵੇਂ ਇਹ ਉਹਨਾਂ ਦਾ ਆਪਣਾ ਬੱਚਾ ਹੋਵੇ। ਇਕ ਸਿਆਲ ਦੀ ਰਾਤ ਵਿੱਚ ਚੋਰਾਂ ਡਕੈਤਾਂ ਨੇ ਕਸੌਲੀ ਦੇ ਕਈ ਘਰ ਲੁੱਟ ਲਏ, ਕਿਉਂਕਿ ਉਹਨਾਂ ਦੇ ਚੌਕੀਦਾਰਾਂ ਨੂੰ ਨੌਕਰਾਂ ਵਾਲੇ ਕੁਆਰਟਰਾਂ ਵਿੱਚ ਹੀ ਰਹਿਣ ਦਾ ਹੁਕਮ ਸੀ। ਉਹਨਾਂ ਨੇ ਰਾਜ-ਬੰਗਲੇ ਵਿੱਚ ਵੜਨ ਦੀ ਕੋਸ਼ਿਸ਼ ਵੀ ਕੀਤੀ; ਪਰ ਛੱਜੂ ਰਾਮ ਨੂੰ ਅਹੁੜ ਗਈ ਤੇ ਉਸ ਨੇ ਆਪਣੇ ਲੜਕੇ ਨੂੰ 'ਵਾਜ ਮਾਰ ਕੇ ਕਿਹਾ, "ਮੇਰੀ ਬੰਦੂਕ ਲਿਆਈਂ।" ਉਸ ਦੇ ਕੋਲ ਕੋਈ ਬੰਦੂਕ ਨਹੀਂ ਸੀ, ਪਰ ਬਦਮਾਸ਼ ਕੋਈ ਖ਼ਤਰਾ ਮੁੱਲ ਨਹੀਂ ਲੈਣਾ ਚਾਹੁੰਦੇ ਸਨ ਤੇ ਇਸ ਲਈ ਉਹ ਰਫ਼ੂ ਚੱਕਰ ਹੋ ਗਏ।

ਇਕ ਵਾਰ ਜੰਗਲ ਦੀ ਅੱਗ ਵਿੱਚ ਕਈ ਘਰ ਘਿਰ ਗਏ ਤੇ ਅੱਗ 'ਰਾਜ-ਬੰਗਲੇ' ਦੇ ਨੇੜੇ ਵੀ ਪਹੁੰਚ ਗਈ। ਛੱਜੂ ਰਾਮ ਨੇ ਮੇਰੀ ਪਤਨੀ ਤੇ ਪੋਤਰੀ ਨੂੰ ਸੁਰੱਖਿਅਤ ਸਥਾਨ 'ਤੇ ਭੇਜ ਦਿੱਤਾ; ਉਹ ਆਪ, ਉਸ ਦੀ ਪਤਨੀ, ਲੜਕੇ ਤੇ ਪੋਤਰੇ-ਪੋਤਰੀਆਂ ਵਧ ਰਹੀ ਅੱਗ ਸਾਹਮਣੇ ਪਾਣੀ ਦੀਆਂ ਬਾਲਟੀਆਂ ਤੇ ਹਾਕੀਆਂ ਲੈ ਕੇ ਰੋਕਣ ਤੇ ਬੁਝਾਉਣ ਲਈ ਖੜ੍ਹੇ ਹੋ ਗਏ। ਅਗਲੀ ਵਾਰ 1984 ਵਿੱਚ ਇੰਦਰਾ ਗਾਂਧੀ ਦੀ ਹੱਤਿਆ ਪਿੱਛੋਂ ਇਕ ਹਥਿਆਰ-ਬੰਦ ਹਜੂਮ ਨੇੜੇ ਦੇ ਪਿੰਡ ਗਰਖਲ ਤੋਂ ਹੁੱਲੜਬਾਜ਼ੀ ਕਰਦਾ, ਸਿੱਖਾਂ ਦੀ ਜਾਇਦਾਦ ਨੂੰ ਲੁੱਟਦਾ, ਮਾਰ-ਧਾੜ ਕਰਦਾ ਤੇ ਅੱਗਾਂ ਲਾਉਂਦਾ ਆ ਗਿਆ। ਕਸੌਲੀ ਤੋਂ ਕੁਝ ਗੁੰਡੇ ਵੀ ਉਹਨਾਂ ਨਾਲ ਰਲ ਗਏ। ਕਸੌਲੀ ਦੇ ਦੁਕਾਨਦਾਰਾਂ ਨੇ, ਜੋ ਸਭ ਹਿੰਦੂ ਸਨ, ਰਾਹ ਰੋਕਣ ਲਈ ਮੋਰਚਾਬੰਦੀ ਕਰ ਲਈ। ਰਾਜ-ਬੰਗਲਾ ਉਹਨਾਂ ਦਾ ਮੁੱਖ ਨਿਸ਼ਾਨਾ ਸੀ। ਛੱਜੂ ਰਾਮ ਤੇ ਉਹਦੇ ਪੁੱਤਰ ਦਰਵਾਜ਼ੇ 'ਤੇ ਪਹਿਰੇਦਾਰ ਬਣ ਕੇ ਖਲੋ ਗਏ। ਉਹਨਾਂ ਨੇ ਹੁੱਲੜਬਾਜ਼ਾਂ ਨੂੰ ਲਲਕਾਰਦਿਆਂ ਕਿਹਾ, "ਤੁਸੀਂ ਇਸ ਘਰ ਵਿੱਚ ਸਾਨੂੰ ਮਾਰੇ ਬਗ਼ੈਰ ਦਾਖ਼ਲ ਨਹੀਂ ਹੋ ਸਕੋਗੇ।"

ਛੱਜੂ ਰਾਮ ਨੇ ਰਾਜ-ਬੰਗਲੇ ਵਿੱਚ ਰਹਿੰਦਿਆਂ 50 ਸਾਲਾਂ ਵਿੱਚ ਭਾਈ ਵੀਰ ਸਿੰਘ, ਬਲਰਾਜ ਸਾਹਨੀ, ਨਰਗਿਸ, ਸੁਨੀਲ ਦੱਤ ਤੇ ਸੰਜੇ ਦੱਤ, ਸਲਮਾਨ ਹੈਦਰ ਤੇ ਉਸ ਦਾ ਪਰਿਵਾਰ, ਮਿਆਂਮਾਰ (ਬਰਮਾ) ਦੀ ਅੰਗਸਾਨ ਸੂਕੀ ਤੇ ਸਭ ਤੋਂ ਆਖ਼ਿਰ ਵਿੱਚ ਪ੍ਰੋਤਿਮਾ ਬੇਦੀ ਨੂੰ ਆਉਂਦਿਆਂ ਤੇ ਜਾਂਦਿਆਂ ਵੇਖਿਆ। ਉਹ ਉਹਨਾਂ ਨੂੰ ਠਹਿਰਾਉਂਦਾ ਤੇ ਦੇਖ-ਭਾਲ ਵੀ ਕਰਦਾ, ਕਿਉਂਕਿ ਉਹ ਮੇਰੇ ਵੱਲੋਂ ਜਾਂ ਮੇਰੀ ਪਤਨੀ ਕੋਲੋਂ ਚਿੱਠੀ ਲੈ ਕੇ ਆਉਂਦੇ। ਦੂਸਰਿਆਂ ਨੂੰ, ਭਾਵੇਂ ਉਹ ਬੜੀ ਨਜ਼ਦੀਕੀ ਰਿਸ਼ਤੇਦਾਰ ਵੀ ਹੁੰਦੇ, ਉਹ ਠਹਿਰਨ ਨਾ ਦਿੰਦਾ। ਜੇ ਕੋਈ ਰਹਿਣ ਲਈ ਚਿੱਠੀ ਨ ਲਿਆਉਂਦਾ, ਉਸ ਨੂੰ ਰਹਿਣ ਦੀ ਆਗਿਆ ਨਾ ਮਿਲਦੀ। ਇਸ ਦਾ ਫ਼ਾਇਦਾ ਇਹ ਹੋਇਆ ਕਿ ਮੇਰੀਆਂ ਸੰਗ੍ਰਹਿ ਕੀਤੀਆਂ ਹਜ਼ਾਰਾਂ ਪੁਸਤਕਾਂ, ਚਿੱਤਰਾਂ, ਮੂਰਤੀਆਂ ਤੇ ਕੀਮਤੀ ਕਲਾ-ਕਿਰਤਾਂ ਨੂੰ ਕਿਸੇ ਨੇ ਕਦੇ ਵੀ ਨਾ ਛੇੜਿਆ।

ਅਸੀਂ ਛੱਜੂ ਰਾਮ ਨੂੰ 'ਮਾਲੀ ਜੀ' ਕਹਿ ਕੇ ਬੁਲਾਉਂਦੇ। ਉਸ ਦੀ ਵੱਡੀ ਜ਼ਿੰਮੇਵਾਰੀ, ਬਾਗ ਦੀ ਸੀ। ਜਦ ਤਕ ਉਹ ਜਿਉਂਦਾ ਰਿਹਾ ਤਾਂ ਉਸ ਬੰਗਲੇ ਉਦਾਲੇ ਗੁਲਦਾਊਦੀ, ਸੂਰਜਮੁਖੀ, ਸੁੰਦਰ ਫੁੱਲਾਂ ਵਾਲੇ ਗਲੇਡਿਓਲੀ ਤੇ ਹੋਰ ਦਰਜਨਾਂ ਕਿਸਮ ਦੇ ਫੁੱਲ ਖਿੜੇ ਰਹਿੰਦੇ। ਉਹ ਤੇ ਉਹਦੇ ਕੁੱਤੇ ਬੜੀ ਬਹਾਦਰੀ ਨਾਲ ਬੰਦਰਾਂ ਦੀ ਧਾੜ ਤੋਂ ਆਪਣੇ ਉਗਾਏ ਹੋਏ ਫੁੱਲਾਂ ਤੇ ਸਬਜ਼ੀਆਂ ਨੂੰ ਬਚਾਉਣ ਲਈ ਮੁਕਾਬਲਾ ਕਰਦੇ।

ਜਦ ਉਹ ਬਿਰਧ ਹੋ ਗਿਆ ਤਾਂ ਉਸ ਨੇ ਇਹ ਜੰਗ ਤਿਆਗ ਦਿੱਤੀ ਤੇ ਚੁੱਪਚਾਪ ਹੁੱਕਾ ਪੀਂਦਾ, ਸ਼ਾਂਤੀ ਨਾਲ ਬੈਠਾ ਰਹਿੰਦਾ। ਉਹਦਾ ਭਾਰ ਘਟਣਾ ਸ਼ੁਰੂ ਹੋ ਗਿਆ ਤੇ ਉਸ ਵਿੱਚ ਸਵੇਰ ਨੂੰ ਕੁਰਸੀਆਂ ਮੇਜ਼ ਬਾਹਰ ਕੱਢਣ 'ਤੇ ਖਿੜਕੀਆਂ ਖੋਲ੍ਹਣ ਤੋਂ ਬਿਨਾਂ ਹੋਰ ਕੁਝ ਕਰਨ ਦੀ ਤਾਕਤ ਨਾ ਰਹਿੰਦੀ। ਪਿਛਲੇ ਅਪ੍ਰੈਲ ਵਿੱਚ ਮੈਂ ਉਸ ਦੀ ਧੌਣ ਦੇ ਨੇੜੇ ਗਿਲ੍ਹਟੀ ਵੇਖੀ। ਬਹੁਤ ਵਾਰ ਕਹਿਣ 'ਤੇ ਉਹ ਡਾਕਟਰ ਕੋਲ ਜਾਣ ਤੋਂ ਝਿਜਕਦਾ ਰਿਹਾ। "ਇਹਦੀ ਕੋਈ ਪੀੜ ਨਹੀਂ ਹੁੰਦੀ। ਇਹ ਹੱਟ ਜਾਏਗੀ।" ਉਸ ਨੇ ਮੈਨੂੰ ਯਕੀਨ ਦੁਆਇਆ।

ਪਰ ਇਹ ਗਿਲ੍ਹਟੀ ਆਪ ਖ਼ਤਮ ਨਾ ਹੋਈ। ਕਸੌਲੀ ਦੇ ਡਾਕਟਰ ਨੇ ਉਸ ਨੂੰ ਸ਼ਿਮਲੇ ਜਾ ਕੇ ਪਰਖ ਕਰਵਾਉਣ ਲਈ ਕਿਹਾ। ਉਸ ਦਾ ਪੁੱਤਰ ਪਰੇਮ ਵੀ ਉਸ ਨਾਲ ਗਿਆ। ਡਾਕਟਰ ਦੀ ਰਿਪੋਰਟ ਤੋਂ 'ਬਲੱਡ ਕੈਂਸਰ' ਦਾ ਪਤਾ ਲੱਗਾ। ਹਰ ਹਫ਼ਤੇ ਪਿਉ ਪੁੱਤ ਸ਼ਿਮਲੇ ਖ਼ੂਨ ਬਦਲਾਉਣ ਲਈ ਜਾਂਦੇ। ਪਿਛਲੇ ਮਹੀਨੇ ਜਦੋਂ ਮੈਂ ਕਸੌਲੀ ਤੋਂ ਦਿੱਲੀ ਜਾ ਰਿਹਾ ਸੀ, ਉਹ ਸੋਟੀ ਦੇ ਸਹਾਰੇ ਹੌਲੀ-ਹੌਲੀ ਤੁਰਦਾ ਮੈਨੂੰ ਅਲਵਿਦਾ ਕਹਿਣ ਲਈ ਰਾਹ 'ਤੇ ਆ ਗਿਆ। ਮੈਨੂੰ ਪਤਾ ਸੀ ਕਿ ਮੈਂ ਉਸ ਨੂੰ ਫੇਰ ਕਦੇ ਨਹੀਂ ਮਿਲ ਸਕਾਂਗਾ। ਮੈਂ ਸੱਚੀ ਹੀ ਉਸ ਨੂੰ ਫਿਰ ਨ ਮਿਲ ਸਕਿਆ। 1998, 15 ਸਤੰਬਰ ਮੰਗਲਵਾਰ ਦੀ ਸਵੇਰ ਨੂੰ ਉਹ ਆਪਣੀਆਂ ਭੈਣਾਂ, ਪੁੱਤਰਾਂ ਤੇ ਉਹਨਾਂ ਦੇ ਪਰਿਵਾਰ ਵਿੱਚੋਂ ਰਾਜ-ਬੰਗਲੇ ਤੋਂ ਸਦਾ ਲਈ ਵਿਦਾ ਹੋ ਗਿਆ।

ਪਰਿਵਾਰ ਦਾ ਲਾਡਲਾ ਸਿੰਬਾ

ਮੈਂ ਦਿੱਲੀ ਆਪਣੇ ਘਰ ਮੁੜ ਗਿਆ। ਇਕ ਵਾਰ ਫਿਰ ਮੈਂ ਬੇਰੁਜ਼ਗਾਰ ਸੀ। ਮੇਰੀ ਜੇਬ ਵਿੱਚ ਕੋਈ ਪੈਸਾ ਨਹੀਂ ਸੀ ਤੇ ਬੈਂਕ ਖਾਤੇ ਵਿੱਚ ਵੀ ਕੁਝ ਨਹੀਂ ਸੀ। ਲੈਣਦਾਰੀ ਦੇ ਖਾਤੇ ਵਿੱਚ ਕੁਝ ਕਹਾਣੀਆਂ ਦਾ ਸੰਗ੍ਰਹਿ ਸੀ ਜਿਸ ਬਾਰੇ ਕੁਝ ਸੂਚਨਾਵਾਂ ਸਨ, ਪਰ ਰੁਪਿਆ ਪੈਸਾ ਕੋਈ ਨਹੀਂ ਸੀ, ਇਕ ਸੰਖੇਪ ਤੇ ਸੰਤੁਸ਼ਟਤਾ ਰਹਿਤ 'ਸਿੱਖਾਂ ਦਾ ਸੰਖੇਪ ਇਤਿਹਾਸ' ਸੀ, ਜਿਸ ਦੀ ਕੱਟੜ ਸਿੱਖਾਂ ਵੱਲੋਂ ਨਿਖੇਧੀ ਕੀਤੀ ਗਈ ਸੀ, ਇਕ ਨਾਵਲ ਸੀ ਜਿਸ ਤੋਂ ਕੁਝ ਰੁਪਿਆ ਮਿਲਿਆ ਜੋ ਮੈਂ ਖ਼ਰਚ ਕਰ ਚੁੱਕਾ ਸੀ; ਦੂਸਰੇ ਨਾਵਲ ਦਾ ਖਰੜਾ ਸੀ ਜਿਸ ਨੂੰ ਅਜੇ ਪ੍ਰਕਾਸ਼ਕ ਨੇ ਪ੍ਰਵਾਨ ਨਹੀਂ ਕੀਤਾ ਸੀ।

ਘਰ ਵਿੱਚ ਮੇਰਾ ਸੁਆਗਤ ਕਰਨ ਵਾਲਿਆਂ ਵਿੱਚ ਇਕ ਮਹੀਨੇ ਦਾ ਅਲਸੇਸ਼ੀਅਨ ਕਤੂਰਾ ਸੀ, ਜਿਹੜਾ ਮੇਰੇ ਪਿਤਾ ਦੇ ਇਕ ਦੋਸਤ ਨੇ ਮੇਰੀ ਬੇਟੀ ਮਾਲਾ ਨੂੰ ਦਿੱਤਾ ਸੀ। ਸ਼ੁਰੂ ਵਿੱਚ ਤਾਂ ਉਸ ਨੇ ਮੈਨੂੰ ਆਪਣੇ ਛੋਟੇ ਜਿਹੇ ਇਕ ਜੁੱਟ ਪਰਿਵਾਰ ਜੋ ਮੇਰੀ ਪਤਨੀ ਅਤੇ ਦੋ ਬੱਚਿਆਂ 'ਤੇ ਆਧਾਰਿਤ ਸੀ, ਵਿੱਚ ਇਕ ਅਯੋਗ ਘੁਸਪੈਠੀਆ ਸਮਝ ਕੇ ਵਿਰੋਧ ਕੀਤਾ। ਉਹ ਮੇਰੇ ਪਿਤਾ ਦੇ ਘਰ ਵਿੱਚ ਉਪਰਲੀ ਮੰਜ਼ਿਲ ਦੀ ਖ਼ਵਾਬਗਾਹ ਵਿੱਚ ਸੌਂਦਾ ਤੇ ਛੱਜੇ ਦੀ ਛੱਤ ਨੂੰ ਪਾਖ਼ਾਨੇ ਵਜੋਂ ਵਰਤਦਾ। ਉਦੋਂ ਤੱਕ ਉਸ ਦਾ ਕੋਈ ਨਾਮ ਨਹੀਂ ਰਖਿਆ ਗਿਆ ਸੀ। ਮੈਂ ਉਸ ਦਾ ਨਾਮ ਪੈਰਿਸ ਵਿੱਚ ਛੱਡੀ ਡੱਬੀ ਬਿੱਲੀ ਦੇ ਨਾਮ 'ਤੇ ਸਿੰਬਾ ਰੱਖਣ ਦਾ ਫ਼ੈਸਲਾ ਕੀਤਾ। ਜਿਵੇਂ ਬਹੁਤੇ ਅਲਸੇਸ਼ੀਅਨ ਕੁੱਤਿਆਂ ਦਾ ਸੁਭਾਅ ਹੁੰਦਾ ਹੈ, ਉਹ ਇਕ ਵਿਅਕਤੀ ਦੀ ਹੀ ਜ਼ਿੰਮੇਵਾਰੀ ਹੁੰਦਾ ਸੀ। ਉਹ ਮੇਰੀ ਬੇਟੀ ਦਾ ਸੀ, ਮੇਰੀ ਪਤਨੀ ਉਸ ਨੂੰ ਖਾਣਾ ਦਿੰਦੀ ਤੇ ਬਿਮਾਰ ਹੋਣ ਦੀ ਹਾਲਤ ਵਿੱਚ ਟੀਕੇ ਲੁਆਉਣ ਲਈ ਸਲੋਤਰੀ ਕੋਲ ਲੈ ਕੇ ਜਾਂਦੀ, ਪ੍ਰੰਤੂ ਉਹ ਮੈਨੂੰ ਹੀ ਆਪਣਾ ਮਾਲਕ ਸਮਝਦਾ ਸੀ। ਉਹ ਮੇਰੇ ਗਿਆਨ ਵਿੱਚ ਆਦਮੀਆਂ ਵਰਗਾ ਕੁੱਤਾ ਸੀ ਤੇ ਉਹ ਸਾਡੇ ਦੁੱਖ ਸੁੱਖ ਦਾ ਭਾਈਵਾਲ ਸੀ। ਜਿਸ ਵੇਲੇ ਤੱਕ ਅਸੀਂ ਸੁਜਾਨ ਸਿੰਘ ਪਾਰਕ ਵਿੱਚ ਪਹਿਲੀ ਮੰਜ਼ਿਲ ਵਾਲੇ ਮਕਾਨ ਵਿੱਚ ਗਏ, ਉਹ ਕਤੂਰੇ ਵਾਲੀ ਚਪਲਤਾ ਛੱਡ ਕੇ ਵੱਡ-ਆਕਾਰੀ ਤਾਕਤਵਰ ਜਰਮਨ ਸੇਪਹਰਡ ਬਣ ਚੁੱਕਾ ਸੀ। ਉਹ ਅਜੇ ਵੀ ਸਾਡੇ ਸੌਣ ਵਾਲੇ ਕਮਰੇ ਵਿੱਚ ਆਪਣੀ ਮੰਜੀ 'ਤੇ ਸੌਂਦਾ। ਅਸੀਂ ਕਮਰੇ ਵਿੱਚ ਆਪਣੇ ਨਾਲੋਂ ਵਧੇਰੇ ਉਹਦੀ ਖ਼ਾਤਰ ਹੀ ਵਾਤਾਨੁਕੂਲ ਲੁਆਇਆ ਹੋਇਆ ਸੀ। ਰਾਤ ਵੇਲੇ ਉਹ ਮੇਰੇ ਕੰਨ ਵਿੱਚ ਸੁਰੜ ਸੁਰੜ ਕਰਕੇ ਬਿਸਤਰੇ ਵਿੱਚ ਆਪਣੇ ਲਈ ਜਗ੍ਹਾ ਲੈਣ ਲਈ ਕਹਿੰਦਾ। ਮੈਂ ਉਸ ਨੂੰ ਨਾਲ ਪਾ ਲੈਂਦਾ। ਉਹ ਬੜੇ ਧੰਨਵਾਦ ਨਾਲ ਬਿਸਤਰੇ ਵਿੱਚ ਹੌਕਾ ਲੈਂਦਾ ਤੇ ਮੇਰੇ ਬਿਸਤਰੇ ਵਿੱਚ ਅੱਧੀ ਤੋਂ ਵੱਧ ਥਾਂ ਮੱਲ ਲੈਂਦਾ।

ਅਸੀਂ ਉਸ ਨਾਲ ਗੱਲਾਂ ਕਰਦੇ। ਜੇ ਅਸੀਂ ਝੂਠੀ ਮੂਠੀ ਰੋਂਦੇ ਤਾਂ ਉਹ ਵੀ ਸਾਡੇ ਕੰਨਾਂ ਨੂੰ ਸੁੰਘਦਾ ਤੇ ਸਾਡੇ ਵਾਂਗ ਹੀ ਰੋਣੀ ਸੂਰਤ ਨਾਲ ਬੂਊ....ਊ ਕਰਦਾ। ਜੇ ਉਹ ਕੋਈ ਸ਼ਰਾਰਤ ਕਰਦਾ ਤਾਂ ਅਸੀਂ ਉਸ ਨੂੰ ਨੁੱਕਰ ਵਿੱਚ ਖਲੋਣ ਦਾ ਹੁਕਮ ਦੇ ਦਿੰਦੇ। ਉਹ ਉਦੋਂ ਤੱਕ ਪਛਤਾਵੇ ਵਜੋਂ ਸਿਰ ਥੱਲੇ ਲਮਕਾਈ ਖੜ੍ਹਾ ਰਹਿੰਦਾ ਜਦ ਤੱਕ ਅਸੀਂ ਇਹ ਨ ਕਹਿੰਦੇ, "ਅੱਛਾ! ਹੁਣ ਤੂੰ ਪਹਿਲਾਂ ਵਾਲੀ ਥਾਂ 'ਤੇ ਆ ਜਾ।"

ਸਿਬਾ ਦਾ ਮਾਲਾਂ ਦੀ ਆਯਾ 75 ਸਾਲਾ ਬੁੱਢੀ ਮਾਈ ਨਾਲ ਖ਼ਾਸ ਸੰਬੰਧ ਬਣ ਗਿਆ। ਜਦੋਂ ਉਹ ਸਿਬਾ ਨੂੰ ਬਾਗ਼ ਵਿੱਚ ਘੁੰਮਣ ਲਈ ਦਰਵਾਜ਼ਾ ਖੋਲ੍ਹਦੀ ਤਾਂ ਉਹ ਉਸ ਨੂੰ 'ਵੇ ਸਿਬਿਆ' ਕਹਿ ਕੇ ਬੁਲਾਉਂਦੀ। ਉਹ ਗੁਆਂਢ ਦੇ ਗੁਰਦਵਾਰੇ ਵਿੱਚ ਭਜਨ ਬੰਦਗੀ ਕਰਨ ਲਈ ਜਾਣ ਤੋਂ ਪਹਿਲਾਂ ਸਿਬਿਆ ਨੂੰ ਆਪਣਾ ਕੰਮ ਬਾਗ਼ ਵਿੱਚ ਨਿਪਟਾਉਣ ਤੱਕ ਉਡੀਕਦੀ ਰਹਿੰਦੀ। ਉਹ ਜਾਣਦਾ ਸੀ ਕਿ ਉਸ ਨੂੰ ਗੁਰਦਵਾਰੇ ਦੇ ਅੰਦਰ ਨਹੀਂ ਜਾਣ ਦਿੱਤਾ ਜਾਵੇਗਾ, ਉਹ ਆਯਾ ਦੇ ਸਲੀਪਰਾਂ ਦੀ ਰਾਖੀ ਕਰਨ ਲਈ ਬਾਹਰ ਹੀ ਬੈਠਾ ਰਹਿੰਦਾ। ਜਿਉਂ ਹੀ ਸਵੇਰ ਦੀ ਅਰਦਾਸ ਖ਼ਤਮ ਹੋਣ ਵਾਲੀ ਹੁੰਦੀ ਉਹ ਆਯਾ ਦਾ ਇਕ ਸਲੀਪਰ ਮੂੰਹ 'ਚ ਲੈ ਕੇ ਘਰ ਨੂੰ ਦੁੜਕੀ ਲਾਉਂਦਾ ਤੁਰ ਜਾਂਦਾ ਤੇ ਜਾ ਕੇ ਮੰਜੇ ਹੇਠ ਛੁਪਾ ਦਿੰਦਾ। ਮਾਯਾ ਉਹਦੇ ਮਗਰ-ਮਗਰ ਤਰਲੇ ਕਰਦੀ ਆਉਂਦੀ ਤੇ ਕਹਿੰਦੀ, "ਵੇ ਸੰਬੀਆ! ਤੂੰ ਮੇਰਾ ਸਲੀਪਰ ਕਿੱਥੇ ਲੁਕਾਇਆ ਹੈ?"

ਸਿਬਾ ਸ਼ਾਮ ਦੀ ਸੈਰ ਲਈ ਬਹੁਤ ਕਾਹਲਾ ਪੈ ਜਾਂਦਾ। ਉਹ ਆਪਣਾ ਸਿਰ ਮੇਰੀ ਗੋਦੀ ਵਿੱਚ ਤੁੰਨ ਲੈਂਦਾ ਤੇ ਮੇਰੇ ਵੱਲ ਤਰਲੇ ਭਰੀਆਂ ਅੱਖਾਂ ਨਾਲ ਵੇਖਦਾ। ਉਹਦੀਆਂ ਅੱਖਾਂ ਆਖਦੀਆਂ, "ਕੀ ਜਾਣ ਦਾ ਵਕਤ ਨਹੀਂ ਹੋਇਆ?" ਮੈਂ ਉੱਤਰ ਦਿੰਦਾ, "ਅਜੇ ਨਹੀਂ।" ਫਿਰ ਉਹ ਆਪਣੀ ਸੰਗਲੀ ਲਿਆਉਂਦਾ ਤੇ ਮੇਰੇ ਪੈਰਾਂ 'ਤੇ ਰੱਖ ਦਿੰਦਾ। "ਹੁਣ?" ਮੈਂ ਉਸ ਨੂੰ ਬਹੁਤ ਕਾਹਲਾ ਨਾ ਪੈਣ ਲਈ ਆਖਦਾ। ਫਿਰ ਉਹ ਮੇਰੀ ਸੈਰ ਵਾਲੀ ਛੜੀ ਲੈ ਆਉਂਦਾ ਤੇ ਜਿਹੜੀ ਮੈਂ ਕਿਤਾਬ ਪੜ੍ਹ ਰਿਹਾ ਹੁੰਦਾ ਉਸ ਉੱਪਰ ਰੱਖ ਦਿੰਦਾ। "ਅੱਛਾ ਹੁਣ ਚੱਲੀਏ?" ਕੋਈ ਚਾਰਾ ਨਹੀਂ ਸੀ ਹੁਣ। ਜਦੋਂ ਅਸੀਂ ਘਰੋਂ ਤੁਰਦੇ ਤਾਂ ਉਹ ਜੋਸ਼ ਨਾਲ ਕੰਬਦਾ ਤੇ ਕਿਲਕਾਰੀ ਮਾਰਦਾ। ਜਿਉਂ ਹੀ ਉਹ ਕਾਰ ਦੀ ਪਿਛਲੀ ਸੀਟ 'ਤੇ ਛਲਾਂਗ ਲਾ ਕੇ ਬੈਠਦਾ ਉਸ ਦੀ ਕਿਲਕਾਰੀ ਹੋਰ ਉੱਚੀ ਹੋ ਜਾਂਦੀ। ਜਦੋਂ ਅਸੀਂ ਸੜਕ 'ਤੇ ਜਾਂਦੇ ਉਹ ਆਪਣਾ ਸਿਰ ਤਾਕੀ 'ਚੋਂ ਬਾਹਰ ਕੱਢ ਕੇ ਹਰ ਕੁੱਤੇ, ਗਊ ਜਾਂ ਬੈਲ ਨੂੰ ਭੌਂਕਦਾ ਤੇ ਵੰਗਾਰਦਾ। ਉਸ ਨੂੰ ਲੋਧੀ ਬਾਗ਼ ਦੇ ਬਾਹਰ ਹੀ ਖੁੱਲ੍ਹਾ ਛੱਡਣਾ ਪੈਂਦਾ, ਉਹ ਕਾਰ ਮਗਰ ਦੌੜ ਲਾਉਂਦਾ ਤੇ ਕਾਰ ਖੜ੍ਹੀ ਕਰਨ ਵਾਲੀ ਥਾਂ ਤੱਕ ਪਹੁੰਚ ਜਾਂਦਾ। ਉਸ ਵੇਲੇ ਪਾਰਕ ਵਿੱਚ ਕੁਝ ਖ਼ਰਗੋਸ਼ ਹੁੰਦੇ ਸਨ। ਉਹ ਉਹਨਾਂ ਨੂੰ ਸੁੰਘ-ਸੁੰਘ ਕੇ ਝਾੜੀਆਂ 'ਚੋਂ ਬਾਹਰ ਕੱਢਦਾ ਤੇ ਉਹਨਾਂ ਦੇ ਮਗਰ ਦੌੜਦਾ ਤੇ ਫੜਨ ਦੀ ਕੋਸ਼ਿਸ਼ ਕਰਦਾ ਤੇ ਭੌਂਕਦਾ। ਉਹ ਬਹੁਤ ਤੇਜ਼ ਦੌੜਦੇ ਤੇ ਉਸ ਨੂੰ ਝਕਾਨੀ ਦੇ ਜਾਂਦੇ, ਪ੍ਰੰਤੂ ਉਹ ਗਲਹਿਰੀਆਂ ਦੇ ਸ਼ਿਕਾਰ ਵਿੱਚ ਬੜਾ ਮਾਹਰ ਹੋ ਗਿਆ। ਉਸ ਨੂੰ ਪਤਾ ਸੀ ਕਿ ਉਹ ਸਭ ਤੋਂ ਨੇੜਲੇ ਦਰੱਖ਼ਤ ਵੱਲ ਦੌੜਦੀਆਂ ਸਨ ਤੇ ਫੜੇ ਜਾਣ ਤੋਂ ਬਚਣ ਲਈ ਤਣੇ ਦੇ

ਉਦਾਲੇ ਦੌੜ ਲਾਉਂਦੀਆਂ। ਉਹ ਦਰੱਖ਼ਤ ਉਹਲੇ ਲੁਕ ਜਾਂਦਾ ਤੇ ਫਿਰ ਉਹਨਾਂ ਮਗਰ ਲੱਗ ਜਾਂਦਾ। ਖੁੱਲ੍ਹੇ ਮੈਦਾਨ ਵਿੱਚ ਉਹਨਾਂ ਦਾ ਬਚਾਅ ਔਖਾ ਸੀ। ਭਾਵੇਂ ਮੈਂ ਉਸ ਨੂੰ ਕਿਤਨਾ ਵੀ ਝਾੜਦਾ ਤੇ ਕਈ ਵਾਰ ਮਾਰਿਆ ਵੀ, ਉਹ ਨਿਰਦੋਸ਼ ਗਲਹਿਰੀਆਂ ਨੂੰ ਮਾਰਨ ਤੋਂ ਕਦੇ ਨ ਰੁਕ ਸਕਦਾ।

ਸ਼ਨਿਚਰਵਾਰ ਸ਼ਾਮ ਨੂੰ ਪਿਕਨਿਕ 'ਤੇ ਜਾਣ ਲਈ ਟੋਕਰੀ ਵਿੱਚ ਪੋਟਲੀਆਂ ਰੱਖਣ ਤੋਂ ਉਹ ਸਮਝ ਲੈਂਦਾ ਕਿ ਅਗਲਾ ਦਿਨ ਉਹਦੇ ਲੇਖੇ ਹੀ ਲੱਗੇਗਾ। ਸਵੇਰ ਹੋਣ ਤੋਂ ਪਹਿਲਾਂ ਹੀ ਉਹ ਜੋਸ਼ ਵਿੱਚ ਚੂੰ-ਚੂੰ ਕਰਦਾ ਫਿਰਦਾ ਤੇ ਹਰ ਇਕ ਨੂੰ ਜਗਾ ਦਿੰਦਾ। ਉਸ ਨੂੰ ਕਾਰ ਵਿੱਚ ਕਾਬੂ ਰੱਖਣਾ ਔਖਾ ਹੁੰਦਾ। ਜਦੋਂ ਅਸੀਂ ਸੂਰਜ ਕੁੰਡ ਜਾਂ ਤਿਲਪਟ ਦੇ ਖੁੱਲ੍ਹੇ ਖੇਤਾਂ ਕੋਲ ਪਹੁੰਚਦੇ ਤਾਂ ਸਾਡੇ ਲਈ ਉਸ ਨੂੰ ਕਾਰ 'ਚੋਂ ਛਲਾਂਗ ਲਾਉਣ ਤੋਂ ਰੋਕਣ ਵਿੱਚ ਬੜੀ ਮੁਸ਼ਕਲ ਪੇਸ਼ ਆਉਂਦੀ। ਉਹ ਗਊਆਂ ਦੇ ਵੱਗਾਂ ਮਗਰ ਦੌੜਦਾ ਤੇ ਖੇਤਾਂ ਵਿੱਚ ਉਹਨਾਂ ਨੂੰ ਭਜਾ ਕੇ ਅੱਡ-ਅੱਡ ਕਰ ਦਿੰਦਾ। ਇਕ ਵਾਰ ਉਹ ਆਪਣੇ ਚਿਹਰੇ 'ਤੇ ਗਊ ਦੀ ਛੜ ਹੀ ਖਾ ਲੈਣ ਲੱਗਾ ਸੀ ਤੇ ਇਕ ਵਾਰ ਉਸ ਨੇ ਇਕ ਬੱਕਰੀ ਹੀ ਮਾਰ ਦਿੱਤੀ ਸੀ।

ਤਿੰਨ ਚਾਰ ਘੰਟੇ ਖੁੱਲ੍ਹੇ ਖੇਤਾਂ ਵਿੱਚ ਖ਼ਰਗੋਸ਼ਾਂ, ਹਰਨਾਂ ਤੇ ਮੋਰਾਂ-ਮੋਰਨੀਆਂ ਮਗਰ ਭੱਜ-ਭੱਜ ਕੇ ਉਹ ਥੱਕ ਜਾਂਦਾ। ਅਸੀਂ ਸਵੇਰ ਦੀ ਪਿਕਨਿਕ ਤੋਂ ਨਿੰਦਰਾਏ ਤੇ ਉਂਘਲਾਂਦੇ ਹੋਈ ਸ਼ਿਬਾ ਨੂੰ ਵਾਪਸ ਲੈ ਆਉਂਦੇ। ਹੁਣ ਸ਼ਾਮ ਦੀ ਸੈਰ ਲਈ ਉਹ ਬਹੁਤਾ ਉਤਾਵਲਾ ਨਹੀਂ ਹੁੰਦਾ ਸੀ। ਉਹ ਫਿਰ ਰਾਤ ਦੇ ਖਾਣੇ ਪਿੱਛੋਂ ਖ਼ਾਨ ਮਾਰਕੀਟ ਜਾਣ ਲਈ ਕਾਹਲਾ ਪੈ ਜਾਂਦਾ, ਜਿੱਥੇ ਅਸੀਂ ਪਾਨ ਲੈਣ ਲਈ ਜਾਂਦੇ। ਉਹ ਆਈਸ-ਕਰੀਮ ਵਾਲੇ ਆਦਮੀ ਕੋਲ ਖਲੋ ਜਾਂਦਾ ਤੇ ਸਾਨੂੰ ਜਿਵੇਂ ਖ਼ਰੀਦ ਕੇ ਦੇਣ ਲਈ ਬੇਨਤੀ ਕਰਦਾ। ਉਹ ਆਈਸ ਕਰੀਮ ਦਾ ਬਹੁਤ ਸ਼ੌਕੀਨ ਸੀ। ਉਹ ਆਪਣੇ ਅਧਿਕਾਰ ਪ੍ਰਤੀ ਵੀ ਸੁਚੇਤ ਸੀ। ਇਕ ਵਾਰ ਕੋਈ ਵਿਅਕਤੀ ਦੋ ਕਤੂਰੇ ਲੈ ਕੇ ਮੰਡੀ ਵਿੱਚ ਵੇਚਣ ਲਈ ਆਇਆ।

ਸਾਡਾ ਉਹਨਾਂ ਵੱਲ ਧਿਆਨ ਦੇਣਾ ਤੇ ਦਿਲਚਸਪੀ ਲੈਣੀ ਉਸ ਨੂੰ ਚੰਗੀ ਨਾ ਲੱਗੀ। ਜਦੋਂ ਵੀ ਅਸੀਂ ਦਰੱਖ਼ਤ ਕੋਲ ਖਲੋਂਦੇ ਉਹ ਬੜੀ ਦਰਿੰਦਗੀ ਨਾਲ ਤਣੇ ਨੂੰ ਦੰਦੀਆਂ ਵੱਢਦਾ। ਸੁਜਾਨ ਸਿੰਘ ਪਾਰਕ ਦੇ ਨੇੜੇ-ਤੇੜੇ ਹਰ ਕੋਈ ਸ਼ਿਬਾ ਨੂੰ ਜਾਣਦਾ ਸੀ। ਸਾਨੂੰ ਉਸ ਥਾਂ ਦੇ ਬੱਚੇ ਸ਼ਿਬਾ ਦੇ ਮਾਂ-ਪਿਉ ਕਹਿ ਕੇ ਬੁਲਾਉਂਦੇ।

ਸ਼ਿਬਾ ਤੋਂ ਸਭ ਡਰਦੇ ਸਨ। ਇਕ ਦਿਨ ਸ਼ਿਬਾ ਮੇਰੀ ਬੇਟੀ ਤੇ ਪਤਨੀ ਨਾਲ ਲੋਧੀ ਬਾਗ਼ ਵਿੱਚ ਜਾ ਰਿਹਾ ਸੀ। ਇਕ ਸਾਈਕਲ ਸਵਾਰ ਨੇ ਮੇਰੀ ਬੇਟੀ ਦੀ ਪਿੱਠ 'ਤੇ ਧੱਫਾ ਮਾਰਿਆ ਤੇ ਸਾਈਕਲ ਭਜਾ ਕੇ ਦੌੜ ਗਿਆ। ਮੇਰੀ ਪਤਨੀ ਚਿੱਲਾ ਕੇ ਕਹਿਣ ਲੱਗੀ, "ਸ਼ਿਬਾ ਉਸ ਨੂੰ ਫੜ ਲੈ!" ਸ਼ਿਬਾ ਉਹਦੇ ਮਗਰ ਦੌੜਿਆ, ਉਸ ਨੂੰ ਸਾਈਕਲ ਤੋਂ ਡੇਗ ਦਿੱਤਾ ਤੇ ਆਪਣੇ ਦੰਦ ਕੱਢ ਕੇ ਉਸ ਉੱਪਰ ਚੜ੍ਹ ਗਿਆ। ਵਿਚਾਰਾ ਹੱਥ ਜੋੜ ਕੇ ਮਾਫ਼ੀ ਮੰਗਣ ਲੱਗਾ। ਇਕ ਹੋਰ ਸਮੇਂ ਜਦੋਂ ਮੈਂ ਆਪਣੇ ਘਰ 'ਚੋਂ ਰਾਤ ਦਾ ਖਾਣਾ ਖਾ ਕੇ ਹੇਠਾਂ ਆ ਰਿਹਾ ਸੀ ਤਾਂ ਮੈਂ ਇਕ ਲੜਕੀ ਦੀ ਸਹਾਇਤਾ ਵਾਸਤੇ ਪੁਕਾਰ ਸੁਣੀ। ਦੋ ਜੁਆਨ

ਲੜਕੇ ਉਸ ਨੂੰ ਛੇੜਨ ਦੀ ਕੋਸ਼ਿਸ਼ ਕਰ ਰਹੇ ਸਨ। ਮੈਂ ਉਸ ਵੱਲ ਦੌੜਿਆ, ਮੇਰੇ ਮਗਰ ਹੀ ਸ਼ਿਬਾ ਵੀ ਦੌੜਿਆ। ਲੜਕਿਆਂ ਨੇ ਭੱਜਣ ਦੀ ਕੋਸ਼ਿਸ਼ ਕੀਤੀ। ਉਹ ਵੀ ਮਗਰ ਦੌੜਿਆ ਤੇ ਇਕ ਲੜਕੇ ਨੂੰ ਢਾਹ ਲਿਆ। ਉਹ ਲੜਕਾ ਕਾਫ਼ੀ ਵੱਡਾ ਸੀ ਤੇ ਮੇਰੇ ਨਾਲੋਂ ਤਗੜਾ, ਪਰ ਸ਼ਿਬਾ ਮੇਰੇ ਨਾਲ ਹੋਣ ਕਰਕੇ ਮੈਨੂੰ ਉਹਦੇ ਮੂੰਹ 'ਤੇ ਕਈ ਥੱਪੜ ਮਾਰਨ ਤੇ ਗਾਲ੍ਹਾਂ ਕੱਢਣ 'ਚ ਕੋਈ ਝਿਜਕ ਨਾ ਆਈ, ਮੈਂ ਉਸ ਨੂੰ ਗੁੰਡਾ ਤੇ ਬਦਮਾਸ਼ ਵੀ ਆਖਿਆ। ਉਸ ਨੇ ਮਾਫ਼ੀ ਮੰਗੀ ਤੇ ਕਸਮ ਖਾਧੀ ਕਿ ਉਹ ਇਸਤਰੀਆਂ ਨੂੰ ਕਦੇ ਵੀ ਨਹੀਂ ਛੇੜੇਗਾ।

ਅਸੀਂ ਸਦਾ ਹੀ ਸ਼ਿਬਾ ਨੂੰ ਮਸ਼ੋਬਰਾ ਜਾਂ ਕਸੌਲੀ ਲੈ ਕੇ ਜਾਂਦੇ। ਉਹ ਪਹਾੜਾਂ ਵਿੱਚ ਜਾ ਕੇ ਬਹੁਤ ਖ਼ੁਸ਼ ਹੁੰਦਾ। ਮੈਂ ਬਹੁਤੀ ਵਾਰ ਉਹਦੇ ਗਲ੍ਹ ਵਿੱਚ ਸੰਗਲੀ ਪਾ ਲੈਂਦਾ ਤਾਂ ਜੋ ਉਹ ਚੜ੍ਹਾਈ ਸਮੇਂ ਸਾਨੂੰ ਉੱਪਰ ਵੱਲ ਖਿੱਚੇ। ਉਸ ਨੂੰ ਸ਼ਿਮਲੇ ਨਾਲੋਂ ਕਸੌਲੀ, ਭਾਰਤੀ ਬੰਦਰਾਂ ਤੇ ਲੰਗੂਰਾਂ ਦੀਆਂ ਟੋਲੀਆਂ ਕਾਰਨ, ਵਧੇਰੇ ਪਸੰਦ ਸੀ। ਉਹ ਉਹਨਾਂ 'ਤੇ ਪਹਾੜੀ ਕਾਵਾਂ ਵਿਰੁੱਧ ਨਾ ਖ਼ਤਮ ਹੋਣ ਵਾਲੀ ਜੰਗ ਛੇੜ ਦਿੰਦਾ। ਜਿਹੜੇ ਉਸ ਸਮੇਂ ਝੁੰਡਾਂ ਵਿੱਚ ਆ ਜਾਂਦੇ ਜਦੋਂ ਉਹ ਸ਼ਾਮ ਵੇਲੇ ਦਾ ਖਾਣਾ ਖਾ ਰਿਹਾ ਹੁੰਦਾ।

ਬਹੁਤੇ ਕੁੱਤਿਆਂ ਦੀ ਛੇਵੀਂ ਗਿਆਨ-ਇੰਦਰੀ ਹੁੰਦੀ ਹੈ। ਸਾਡੇ ਸ਼ਿਬਾ ਦੀ ਸੱਤਵੀਂ ਤੇ ਅੱਠਵੀਂ ਗਿਆਨ-ਇੰਦਰੀ ਵੀ ਸੀ। ਮੈਂ ਇਸ ਨੂੰ ਪ੍ਰਮਾਣਿਤ ਕਰਨ ਲਈ ਇਕ ਉਦਾਹਰਨ ਦਿਆਂਗਾ। ਮੈਂ ਤੇ ਮੇਰੀ ਪਤਨੀ ਨੇ ਦੋ ਕੁ ਮਹੀਨਿਆਂ ਲਈ ਵਿਦੇਸ਼ ਜਾਣਾ ਸੀ। ਸਾਡੇ ਬੱਚੇ ਸਕੂਲ ਹੋਸਟਲਾਂ ਵਿੱਚ ਸਨ। ਅਸੀਂ ਆਪਣੇ ਨੌਕਰਾਂ ਨੂੰ ਛੁੱਟੀ ਦੇ ਕੇ ਘਰ ਨੂੰ ਤਾਲਾ ਲਾਉਣ ਦਾ ਫ਼ੈਸਲਾ ਕੀਤਾ। ਸ਼ਿਬਾ ਨੂੰ ਪ੍ਰੇਮ ਕਿਰਪਾਲ ਦੇ ਘਰ ਠਹਿਰਾਇਆ ਜਾਣਾ ਸੀ ਕਿਉਂਕਿ ਦੋਵਾਂ ਦੀ ਕਾਫ਼ੀ ਦੋਸਤੀ ਸੀ ਤੇ ਪ੍ਰੇਮ ਹਰ ਐਤਵਾਰ ਨੂੰ ਸਾਡੇ ਨਾਲ ਬਾਹਰ ਸੈਰ 'ਤੇ ਜਾਂਦਾ ਸੀ ਤੇ ਸਾਡੇ ਘਰ ਨਿਯਮ ਅਨੁਸਾਰ ਆਉਂਦਾ ਰਹਿੰਦਾ ਸੀ। ਉਸ ਨੇ ਖ਼ੁਸ਼ੀ-ਖ਼ੁਸ਼ੀ ਸ਼ਿਬਾ ਨੂੰ ਰੱਖ ਲੈਣ ਲਈ ਸਹਿਮਤੀ ਦੇ ਦਿੱਤੀ। ਉੱਚ ਸਰਕਾਰੀ ਅਧਿਕਾਰੀ ਹੋਣ ਕਾਰਨ ਉਸ ਦੀ ਰਿਹਾਇਸ਼ ਕੇਨਿੰਗ ਲੇਨ ਦੇ ਵੱਡੇ ਬਾਗ਼ ਕੋਲ ਸੀ। ਸ਼ਿਬਾ ਉੱਥੇ ਪਹਿਲਾਂ ਵੀ ਕਈ ਵਾਰ ਗਿਆ ਸੀ ਤੇ ਸਮਝ ਗਿਆ ਕਿ ਅਸੀਂ ਉਸ ਨੂੰ ਉੱਥੇ ਛੱਡ ਕੇ ਜਾਣ ਵਾਲੇ ਹਾਂ। ਉਸ ਨੇ ਇਸ ਦੀ ਬਹੁਤੀ ਪ੍ਰਵਾਹ ਨਾ ਕੀਤੀ।

ਮੇਰੀ ਪਤਨੀ ਮੈਥੋਂ ਥੋੜ੍ਹਾ ਚਿਰ ਪਹਿਲਾਂ ਦਿੱਲੀ ਮੁੜ ਆਈ। ਉਹ ਸ਼ਿਬਾ ਨੂੰ ਲੈਣ ਕੇਨਿੰਗ ਲੇਨ ਗਈ। ਉਸ ਨੇ ਖ਼ੁਸ਼ੀ-ਖ਼ੁਸ਼ੀ ਉਸ ਦਾ ਸੁਆਗਤ ਕੀਤਾ ਪਰ ਉਸ ਨਾਲ ਕਾਰ 'ਚ ਜਾਣ ਤੋਂ ਨਾਂਹ ਕਰ ਦਿੱਤੀ। ਪ੍ਰੇਮ ਬਹੁਤ ਖ਼ੁਸ਼ ਸੀ ਕਿ ਉਸ ਨੇ ਸ਼ਿਬਾ ਦੀ ਮੁਹੱਬਤ ਜਿੱਤ ਲਈ ਹੈ। ਮੇਰੀ ਪਤਨੀ ਨਾ ਚਾਹੁੰਦੀ ਹੋਈ ਵੀ ਮੰਨ ਗਈ ਤੇ ਕਹਿਣ ਲੱਗੀ, "ਜੇ ਉਹ ਤੁਹਾਡੇ ਨਾਲ ਖ਼ੁਸ਼ ਹੈ ਤਾਂ ਉਹ ਇੱਥੇ ਰਹੇ।" ਉਹਨਾਂ ਨੇ ਸ਼ਾਇਦ ਮੇਰੀ ਵਾਪਸੀ ਦੀ ਤਾਰੀਖ਼ ਦਾ ਜ਼ਿਕਰ ਕਰ ਦਿੱਤਾ ਤੇ ਸ਼ਿਬਾ ਨੇ ਉਹਨਾਂ ਨੂੰ ਗੱਲਾਂ ਕਰਦਿਆਂ ਸੁਣ ਲਿਆ। ਜਿਸ ਸਮੇਂ ਮੈਂ ਦਿੱਲੀ ਮੁੜ ਕੇ ਆਇਆ ਉਸ ਤੋਂ ਪਹਿਲੀ ਸ਼ਾਮ ਸ਼ਿਬਾ ਕੇਨਿੰਗ ਲੇਨ ਤੋਂ ਸੁਜਾਨ ਸਿੰਘ ਪਾਰਕ ਆ ਗਿਆ ਤੇ ਆਪਣੇ ਪਹੁੰਚਣ ਦੀ ਖ਼ਬਰ ਦੇਣ

ਲਈ ਦਰਵਾਜ਼ੇ ਨੂੰ ਪੰਜਿਆਂ ਨਾਲ ਖੁਰਚਣ ਲੱਗਾ। ਉਹ ਜਾਣਦਾ ਸੀ ਕਿ ਮੈਂ ਅਗਲੀ ਸਵੇਰ ਆ ਰਿਹਾ ਹਾਂ। ਪ੍ਰੇਮ ਨੂੰ ਸਿਬਾ ਵੱਲੋਂ ਛੱਡ ਕੇ ਜਾਣ ਦਾ ਇਤਨਾ ਅਫ਼ਸੋਸ ਹੋਇਆ ਕਿ ਸ਼ਾਇਦ ਮੇਰੇ ਵੱਲੋਂ ਉਸ ਦੀ ਮਾਸ਼ੂਕਾ ਜਾਂ ਰਖੇਲ ਲੈ ਜਾਣ ਦਾ ਉਸ ਨੂੰ ਇਤਨਾ ਦੁੱਖ ਨਾ ਹੁੰਦਾ।

ਸਿਬਾ ਬੜੀ ਸ਼ਾਨ ਨਾਲ ਬੁੱਢਾ ਹੋਇਆ। ਉਸ ਦੇ ਮੂੰਹ ਦੇ ਵਾਲ ਸਫ਼ੈਦ ਹੋ ਗਏ। ਉਸ ਨੂੰ ਮੋਤੀਆ ਬਿੰਦ ਹੋ ਗਿਆ। ਕਈ ਵਾਰ ਉਸ ਨੂੰ ਬੁਖ਼ਾਰ ਹੋ ਜਾਂਦਾ। ਕਈ ਵਾਰ ਮੇਰੀ ਪਤਨੀ ਸਾਰੀ ਰਾਤ ਉਸ ਨੂੰ ਗੋਦੀ 'ਚ ਲਿਟਾ ਕੇ, ਉਹਦਾ ਸਿਰ ਪਲੋਸਦੀ ਰਹਿੰਦੀ। ਉਹ ਉਸ ਸਮੇਂ ਤੇਰ੍ਹਾਂ ਸਾਲਾਂ ਤੋਂ ਉੱਪਰ ਦਾ ਸੀ। ਜਦੋਂ ਮੈਨੂੰ ਤਿੰਨ ਮਹੀਨੇ ਪੜ੍ਹਾਉਣ ਲਈ ਸਵਾਰਥਮੋਰ ਕਾਲਜ ਜਾਣਾ ਪਿਆ ਤਾਂ ਅਸੀਂ ਉਸ ਨੂੰ ਉਸ ਦੀ ਅਸਲੀ ਮਾਲਕਣ ਤੇ ਮੇਰੀ ਬੇਟੀ ਮਾਲਾ ਕੋਲ ਛੱਡ ਕੇ ਗਏ। ਉਹ ਉਸ ਨੂੰ ਲਗਭਗ ਹਰ ਰੋਜ਼ ਸਲੋਤਰੀ ਕੋਲ ਲੈ ਕੇ ਜਾਂਦੀ ਰਹੀ। ਉਹ ਰਾਜ਼ੀ ਨ ਹੋਇਆ। ਉਹਦੀਆਂ ਲੱਤਾਂ ਮਾਰੀਆਂ ਗਈਆਂ। ਉਸ ਨੇ ਸਾਨੂੰ ਤਾਰ ਭੇਜੀ, "ਛੇਤੀ ਮੁੜ ਆਓ। ਸਿਬਾ ਸਖ਼ਤ ਬਿਮਾਰ ਹੈ।" ਜਾਪਦਾ ਸੀ ਕਿ ਸਲੋਤਰੀ ਨੇ ਮਾਲਾ ਨੂੰ ਦੱਸ ਦਿੱਤਾ ਸੀ ਕਿ ਸਿਬਾ ਨੂੰ ਬਹੁਤ ਕਸ਼ਟ ਸੀ, ਉਸ ਦੀਆਂ ਲੱਤਾਂ ਨੂੰ ਅਧਰੰਗ ਹੋ ਗਿਆ ਸੀ, ਉਹ ਬਹੁਤਾ ਚਿਰ ਜਿਊਂਦਾ ਨਹੀਂ ਰਹਿ ਸਕੇਗਾ। ਉਹਦੀ ਇਜਾਜ਼ਤ ਨਾਲ ਉਸ ਨੇ ਸਿਬਾ ਨੂੰ ਘਾਤਕ ਦੁਆਈ ਦਿੱਤੀ, ਜਿਸ ਨਾਲ ਉਹ ਮਰ ਗਿਆ।

ਜੇ ਆਪਣੇ ਖ਼ਾਸ ਮਿੱਤਰਾਂ ਦੀ ਗੱਲ ਕਰਨੀ ਹੋਵੇ ਤਾਂ ਸਿਬਾ ਦਾ ਨੰਬਰ ਸੂਚੀ ਵਿੱਚ ਸਭ ਤੋਂ ਉੱਪਰ ਸੀ। ਅਸੀ ਫਿਰ ਹੋਰ ਕੋਈ ਕੁੱਤਾ ਨਾ ਰਖਿਆ। ਸ਼ਾਇਦ ਅਸੀਂ ਮਿੱਤਰਾਂ ਦੀ ਥਾਂ ਕਿਸੇ ਹੋਰ ਨੂੰ ਨਹੀਂ ਦੇ ਸਕਦੇ।

ਲਾਹੌਰ ਬੁੱਕ ਸ਼ਾਪ
ਲੁਧਿਆਣਾ

ISBN-81-7647-185-2